ਕਲ ਸਸਾਰ ਇਕ ਪਰਿਵਾਰ....

# ਨਵੀਂ ਦੁਨੀਆ

# Nawi Dunia

Free



11 ਜੁਲਾਈ, ਸੰਸਾਰ ਆਬਾਦੀ ਦਿਵਸ

ਸਾਲ : 3 ਅੰਕ : 7 Phone : 780 465 9118, 403 830 7007, 204 218 6284 Fax: 780 465 0661, e-mail: info@nawidunia.com ਜੁਲਾਈ 2012



ਕਮਿਊਨਿਸਟ ਲਹਿਰ ਦਾ ਇਨਸਾਈਕਲੋਪੀਡੀਆ ਸੁਰਜੀਤ ਸਿੰਘ ਗਿੱਲ

ਪੰਨਾ-19

ਅਪਾਹਜਾਂ ਪ੍ਰਤੀ ਮਾਨਵੀ ਪਹੁੰਚ ਲਾਜ਼ਮੀ

ਪੰਨਾ-46





# ਸਪੇਨ ਨੇ ਇਟਲੀ ਨੂੰ 4-0 ਨਾਲ ਹਰਾ ਕੇ ਸਿਰਜਿਆ ਇਤਿਹਾਸ

ਕੀਵ : ਵਿਸ਼ਵ ਅਤੇ ਯੂਰੋਪੀ ਚੈਂਪੀਅਨ ਸਪੇਨ 'ਯੂਰੋ 2012 ਫੁਟਬਾਲ ਚੈਂਪੀਅਨਸ਼ਿਪ' ਦੇ ਇਕਤਰਫਾ ਫਾਈਨਲ ਵਿਚ ਅੱਜ ਇੱਥੇ ਇਟਲੀ ਨੂੰ 4-0 ਨਾਲ ਹਰਾ ਕੇ ਇਤਹਾਸ ਸਿਰਜਦੇ ਹੋਏ ਲਗਾਤਾਰ ਤਿੰਨ ਵੱਡੇ ਖ਼ਿਤਾਬ ਜਿੱਤਣ ਵਾਲੀ ਦੁਨੀਆ ਦੀ ਪਹਿਲੀ ਟੀਮ ਬਣੀ ਵਿੰਸੇਂਟ ਡੇਲ ਬੋਸਕ ਦੀ ਟੀਮ ਇਸ ਦੇ ਨਾਲ ਹੀ ਯੂਰੋਪੀ ਖ਼ਿਤਾਬ ਦੀ ਰੱਖਿਆ ਕਰਨ ਵਾਲੀ ਪਹਿਲੀ ਟੀਮ ਤੋਂ ਇਲਾਵਾ ਲਗਾਤਾਰ ਤਿੰਨ ਵੱਡੇ ਖ਼ਿਤਾਬ ਜਿੱਤਣ ਵਾਲੀ ਪਹਿਲੀ ਟੀਮ ਵੀ ਬਣੀ ਸਪੇਨ ਨੇ ਇਸ ਤੋਂ ਪਹਿਲਾਂ 2008 ਵਿਚ ਯੂਰੋ ਕੱਪ ਅਤੇ 2010 ਵਿਚ ਵਿਸ਼ਵ ਕੱਪ ਜਿੱਤਿਆ ਸੀ। ਲੀਗ ਅਤੇ ਨਾਕਆਊਟ ਪੜਾਅ ਦੇ ਮੈਚਾਂ ਵਿਚ ਆਕਰਮਣ ਸਮਰੱਥਾ ਗੁਆਚਣ ਵਰਗੀਆਂ ਗੱਲਾਂ ਦਾ ਸਾਹਮਣਾ ਕਰ ਰਹੀ ਸਪੇਨ ਦੀ ਟੀਮ ਨੇ ਇੱਥੇ ਫਾਈਨਲ ਵਿਚ ਸ਼ਾਨਦਾਰ ਪ੍ਰਦਰਸ਼ਨ ਨਾਲ ਸਾਬਤ ਕਰ ਦਿੱਤਾ ਹੈ ਕਿ ਸਪੇਨ ਫੁਟਬਾਲ ਦਾ ਸੁਨਹਿਰਾ ਯੁੱਗ ਹਾਲੇ ਅੱਗੇ ਵੀ ਜਾਰੀ ਰਹੇਗਾ। ਸਪੇਨ ਦੀ ਜਿੱਤ ਵਿਚ ਆਂਦਰੇਸ ਇਨਏਸਟਾ ਅਤੇ ਜਾਵੀ ਦੀ ਭੂਮਿਕਾ ਅਹਿਮ ਰਹੀ ਜਿਨ੍ਹਾਂ ਨੇ ਡੇਵਿਡ ਸਿਲਵਾ (14ਵੇਂ ਮਿੰਟ), ਜੋਰਡੀ ਅਲਬਾ (41ਵੇਂ ਮਿੰਟ) ਅਤੇ ਫਰਨਾਂਡੋ ਟੋਰੇਸ (84ਵੇਂ ਮਿੰਟ) ਦੇ ਗੋਲ ਵਿਚ ਅਹਿਮ ਭੂਮਿਕਾ ਨਿਭਾਈ ਜੁਆਨ ਮਾਰਟਾ (88ਵੇਂ ਮਿੰਟ) ਨੇ ਟੀਮ ਵਲੋਂ ਚੌਥਾ ਗੋਲ ਕੀਤਾ ਯੂਰੋ 2008 ਵਿਚ ਜਰਮਨੀ ਵਿਰੁੱਧ ਫੈਸਲਾਕੁਨ ਗੋਲ ਕਰਨ ਵਾਲੇ ਟੋਰੇਸ ਵੀ ਇਸ ਦੌਰਾਨ ਦੋ ਯੂਰੋਪੀ ਚੈਂਪੀਅਨਸ਼ਿਪ ਦੇ ਫਾਈਨਲ ਵਿਚ ਗੋਲ ਕਰਨ ਵਾਲੇ ਪਹਿਲੇ ਖਿਡਾਰੀ ਬਣੇ।

☛ ਬਾਕੀ ਸਫ਼ਾ 35 'ਤੇ

## ਏਅਰ ਇੰਡੀਆ ਦੇ ਪਾਇਲਟਾਂ ਦੀ ਹੜਤਾਲ ਖ਼ਤਮ!

ਨਵੀਂ ਦਿੱਲੀ, (ਨਦਬ) : ਪਿਛਲੇ 58 ਦਿਨਾਂ ਤੋਂ ਹੜਤਾਲ ਕਰ ਰਹੇ ਏਅਰ ਇੰਡੀਆ ਦੇ 434 ਪਾਇਲਟਾਂ ਨੇ ਦਿੱਲੀ ਹਾਈਕੋਰਟ ਨੂੰ ਭਰੋਸਾ ਦਿੱਤਾ ਹੀ ਕਿ ਉਹ ਆਪਣੀ ਹੜਤਾਲ ਅਗਲੇ 48 ਘੰਟਿਆਂ ਦੌਰਾਨ ਖ਼ਤਮ ਕਰ ਦੇਣਗੇ ਅਤੇ ਡਿਊਟੀ 'ਤੇ ਹਾਜ਼ਰ ਹੋ ਜਾਣਗੇ।

ਪਾਇਲਟ ਜਦੋਂ ਹੜਤਾਲ 'ਤੇ ਗਏ ਸਨ ਤਾਂ ਉਦੋਂ ਉਨ੍ਹਾਂ ਦੀ ਮੰਗ ਸੀ ਕਿ ਮੈਨੇਜਮੈਂਟ ਉਨ੍ਹਾਂ ਦੀ ਸੀਨੀਅਰਤਾ ਅਤੇ ਸਿਖਲਾਈ ਨੂੰ ਮਹੱਤਵ ਨਹੀਂ ਦੇ ਰਿਹਾ। ਅਸਲ 'ਚ ਸਾਲ 2007 ਦੌਰਾਨ ਘਰੇਲੂ ਏਅਰਲਾਈਨ 'ਇੰਡੀਅਨ ਏਅਰਲਾਈਨਜ਼' ਨਾਲ ਰਲੇਵੇਂ ਤੋਂ ਏਅਰ ਇੰਡੀਆ ਦੇ ਪਾਇਲਟਾਂ ਦਾ ਦਾਅਵਾ ਰਿਹਾ ਕਿ ਉਹ ਇੰਡੀਅਨ ਏਅਰਲਾਈਨਜ਼ ਦੇ ਪਾਇਲਟਾਂ ਦੇ ਮੁਕਾਬਲੇ ਸੀਨੀਅਰ ਹਨ। ਹੁਣ ਪਾਇਲਟਾਂ ਦੀ ਬਰਖ਼ਾਸਤਗੀ ਦਾ ਮਾਮਲਾ ਵੀ ਇਸ ਮੰਗ ਵਿਚ ਜੁੜ ਗਿਆ ਹੈ। ਦਿੱਲੀ ਹਾਈਕੋਰਟ ਦੀ ਜੱਜ ਰੇਵਾ ਖੇਤਰਪਾਲ ਨੇ ਕਿਹਾ, "ਕਿਸੇ ਦਾ ਵੀ ਨੁਕਸਾਨ ਨਹੀਂ ਹੋਣਾ ਚਾਹੀਦਾ। ਨਾ ਪਾਇਲਟਾਂ ਦਾ ਅਤੇ ਨਾ ਹੀ ਏਅਰਲਾਈਨ ਦਾ। ਪਾਇਲਟ ਗੁੰਡੇ ਜਾਂ ਅਪਰਾਧੀ ਤੱਤ ਨਹੀਂ ਹਨ। ਤੁਸੀਂ ਇਨ੍ਹਾਂ ਨਾਲ ਗੱਲਬਾਤ ਕਰੋ ਅਤੇ ਇਨ੍ਹਾਂ ਦੀ ਸ਼ਿਕਾਇਤਾਂ 'ਤੇ ਵਿਚਾਰ ਕਰੋ।

ਦੂਜੇ ਪਾਸੇ ਪਾਇਲਟਾਂ ਦੀ ਵਕੀਲ ਗੀਤਾ ਲੂਥਰਾ ਨੇ ਦੱਸਿਆ ਕਿ ਅਦਾਲਤ ਨੇ ਉਨ੍ਹਾਂ ਤੋਂ ਹੜਤਾਲ ਖ਼ਤਮ ਕਰਨ ਬਾਰੇ ਭਰੋਸਾ ਮੰਗਿਆ ਸੀ, ਜੋ ਦੇ ਦਿੱਤਾ ਗਿਆ ਹੈ। ਇਸੇ ਤਰ੍ਹਾਂ ਏਅਰ ਇੰਡੀਆ ਦੇ ਪ੍ਰਬੰਧਕਾਂ ਨੇ ਵੀ ਅਦਾਲਤ ਨੂੰ ਵਿਸ਼ਵਾਸ ਦਿਵਾਇਆ ਹੈ ਕਿ ਉਹ ਬਰਖ਼ਾਸਤ ਪਾਇਲਟਾਂ ਦੀ ਬਹਾਲੀ ਕਰਨ ਦੇ ਨਾਲ-ਨਾਲ ਬਾਕੀ ਸ਼ਿਕਾਇਤਾਂ ਵੀ ਪੂਰੀ ਸੁਹਿਰਦਤਾ ਨਾਲ ਵਿਚਾਰਨਗੇ।

## ਹਾਈਕੋਰਟ ਵੱਲੋਂ ਸੱਜਣ ਕੁਮਾਰ ਨੂੰ ਝਟਕਾ

### ਟਰਾਇਲ ਕੋਰਟ ਦੀ ਕਾਰਵਾਈ 'ਤੇ ਰੋਕ ਲਾਉਣ ਤੋਂ ਨਾਂਹ

ਨਵੀਂ ਦਿੱਲੀ, (ਨਦਬ) : ਸੰਨ 1984 ਦੇ ਦਿੱਲੀ ਦੰਗਿਆਂ ਦੇ ਕੇਸ ਦਾ ਸਾਹਮਣਾ ਕਰ ਰਹੇ ਸੀਨੀਅਰ ਕਾਂਗਰਸੀ ਆਗੂ ਸੱਜਣ ਕੁਮਾਰ ਨੂੰ ਅੱਜ ਦਿੱਲੀ ਹਾਈਕੋਰਟ ਨੇ ਝਟਕਾ ਦਿੰਦਿਆਂ ਟਰਾਇਲ ਕੋਰਟ ਦੀ ਕਾਰਵਾਈ 'ਤੇ ਰੋਕ ਲਾਉਣ ਤੋਂ ਨਾਂਹ ਕਰ ਦਿੱਤੀ। ਸੱਜਣ ਨੇ ਟਰਾਇਲ ਕੋਰਟ ਦੇ ਹੁਕਮਾਂ ਨੂੰ ਚੁਣੌਤੀ ਦਿੱਤੀ ਸੀ, ਜਿਸ ਨੇ ਸੱਜਣ ਕੁਮਾਰ ਪੀੜਤਾਂ ਦੇ ਬਿਆਨ ਵਿਚਲੇ ਵਿਰੋਧਾਭਾਸ ਨੂੰ ਆਪਣੇ ਬਚਾਅ ਲਈ ਵਰਤਣ ਦੀ ਆਗਿਆ ਨਹੀਂ ਦਿੱਤੀ ਸੀ। ਸੱਜਣ ਚਾਹੁੰਦੇ ਸਨ ਕਿ ਪੀੜਤਾਂ ਨੇ ਵੱਖ-ਵੱਖ ਕਮਿਸ਼ਨਾਂ ਨੂੰ ਜੋ ਵੱਖ-ਵੱਖ ਬਿਆਨ ਦਿੱਤੇ ਸਨ, ਉਨ੍ਹਾਂ ਬਿਆਨਾਂ ਨੂੰ ਮੁੜ ਵਿਚਾਰਿਆ ਜਾਣਾ ਚਾਹੀਦਾ ਹੈ। ਜਿਸ ਰਾਹੀਂ ਉਸ ਦੇ ਬਚ ਨਿਕਲਣ ਦੀ ਸੰਭਾਵਨਾਵਾਂ ਹਨ।ਜਸਟਿਸ ਪ੍ਰਤਿਭਾ ਰਾਣੀ ਨੇ ਕੇਸ ਨੂੰ ਅੱਗੇ ਤੋਰਨ ਦੀ ਆਗਿਆ ਦਿੰਦਿਆਂ ਕਿਹਾ ਕਿ 27 ਜੁਲਾਈ ਤੱਕ ਹੇਠਲੀ ਅਦਾਲਤ ਕੋਈ ਫ਼ੈਸਲਾ ਨਹੀਂ ਦੇ ਸਕਦੀ ਕਿਉਂਕਿ ਉਦੋਂ ਤੱਕ ਕੇਸ ਦੀ ਦੁਬਾਰਾ ਸੁਣਵਾਈ ਹੋ ਜਾਵੇਗੀ। ਟਰਾਇਲ ਜੱਜ ਨੇ ਆਖ਼ਰੀ ਬਹਿਸ ਦੀ ਸੁਣਵਾਈ ਲਈ 12 ਜੁਲਾਈ ਦੀ ਤਾਰੀਖ਼ ਤੈਅ ਕੀਤੀ ਸੀ।

## ਉਪ ਰਾਸ਼ਟਰਪਤੀ ਦੀ ਚੋਣ 7 ਅਗਸਤ ਨੂੰ

ਨਵੀਂ ਦਿੱਲੀ, (ਨਦਬ) : ਚੋਣ ਕਮਿਸ਼ਨ ਨੇ ਅੱਜ ਐਲਾਨ ਕਰ ਦਿੱਤਾ ਕਿ ਭਾਰਤ ਦੇ ਉਪ ਰਾਸ਼ਟਰਪਤੀ ਦੇ ਅਹੁਦੇ ਲਈ ਜੇਕਰ ਚੋਣ ਲੋੜ ਪਈ ਤਾਂ ਇਹ 7 ਅਗਸਤ ਨੂੰ ਹੋਵੇਗੀ ਅਤੇ ਵੋਟਾਂ ਦੀ ਗਿਣਤੀ ਵੀ ਉਸੇ ਦਿਨ ਹੋ ਜਾਵੇਗੀ।ਕਮਿਸ਼ਨ ਦੇ ਇਕ ਸੀਨੀਅਰ ਅਧਿਕਾਰੀ ਨੇ ਦੱਸਿਆ ਕਿ ਇਸ ਸਬੰਧ ਵਿਚ ਨੋਟੀਫ਼ਿਕੇਸ਼ਨ 6 ਜੁਲਾਈ ਨੂੰ ਹੋਵੇਗਾ ਅਤੇ ਨਾਮਜ਼ਦਗੀਆਂ ਭਰਨ ਦੀ ਆਖ਼ਰੀ ਤਰੀਕ 20 ਜੁਲਾਈ ਹੋਵੇਗੀ। 21 ਜੁਲਾਈ ਨੂੰ ਨਾਮਜ਼ਦਗੀ ਪਰਚਿਆਂ ਦੀ ਜਾਂਚ-ਪੜਤਾਲ ਹੋਵੇਗੀ, ਜਦ ਕਿ ਨਾਮਜ਼ਦਗੀਆਂ ਵਾਪਸ ਲੈਣ ਦੀ ਆਖ਼ਰੀ ਤਰੀਕ 23 ਜੁਲਾਈ ਨੂੰ ਹੋਵੇਗੀ।ਉਪ ਰਾਸ਼ਟਰਪਤੀ ਹਾਮਿਦ ਅੰਸਾਰੀ ਦੇ ਅਹੁਦੇ ਦੀ ਮਿਆਦ 10 ਅਗਸਤ ਨੂੰ ਮੁੱਕ ਰਹੀ ਹੈ।

ਸਮੂਹ ਐਡਮਿੰਟਨ ਵਾਸੀਆਂ ਨੂੰ
'ਕਨੇਡਾ ਦਿਵਸ'
ਦੀਆਂ ਲੱਖ-ਲੱਖ ਵਧਾਈਆਂ



Sohail Quadri
MLA
Edmonton Millwoods
To share your views and concerns please call me at 780.850.4080
edmonton.millwoods@assembly.ab.ca

Roof Trusses
Floor Systems
Lumber - Stairs
ZyTech
BUILDING SYSTEMS INC.
ਵਰਕਰਾਂ ਲਈ ਮੁਫਤ ਰਾਈਡ ਦਾ ਪ੍ਰਬੰਧ ਹੈ।
High Quality Materials, On Time Delivery, Complete Framing Package, Effective On Site, I Joists & Roof Truss Manufacturing Facility, One Call - Award Winning Service, Engineering & Design Friendly, Multi-Cultural, Solution Oriented Staff, Community Supporter
ਰਘੁਬੀਰ ਸਿੰਘ ਭੰਡਾਲ 780 554 9192
ਜਸਪਾਲ ਸਿੰਘ ਭੰਡਾਲ 403 226 7136

ALL INDIA
RESTAURANT & SWEETS



Full service customized catering for Event Planning/Weddings/ Birthdays/ Anniversaries for upto 800 persons.
Special rates for temples or churches Reunions
4249-23 Ave. Edmonton, AB. Canada
Tel: 780-463-7770 www.allindiarestaurant.ca

3rd in CANADA FOR CENTURY 21-2005
Century 21 Canada Masters Hall of Fame Inductee
Sweg Deol "Your Key Connection To Real Estate"



Please call for all your Commercial Real Estate Needs in Hotel, Motel, Apartments & Shopping Centers
TOP 1%
Land Parcels Available in throughout Alberta
A.L.L. Stars Realty Ltd., 312 Saddleback Road, T6J 4R7
Cell: (780) 951-9873 Bus: (780) 434-4700



BHUVINDER (BETTY) GILL
MORTGAGE ASSOCIATE
DOMINION LENDING CENTRES
MORTGAGE MENTORS
CANADA'S NATIONAL MORTGAGE COMPANY
INDEPENDENTLY OWNED & OPERATED
ਮੌਰਟਗੇਜ਼ ਸਬੰਧੀ ਸਭ ਮੁਸ਼ਕਲਾਂ ਦਾ ਹੱਲ ਨਵੇਂ, ਪੁਰਾਣੇ ਘਰ ਜਾਂ ਕੰਨਸਟਰਕਸ਼ਨ ਲਈ ਮੌਰਟਗੇਜ਼ ਜਾਂ ਲਾਈਨ ਆਫ ਕਰੈਡਿਟ ਲੈ ਕੇ ਦਿੰਦੇ ਹਨ। ਇੰਮੀਗਰਾਂਟ ਪਰਿਵਾਰਾਂ ਲਈ ਖਾਸ ਸਹੂਲਤਾਂ ਤੇ ਵਾਜਬ ਰੇਟਾਂ ਤੇ ਮੌਰਟਗੇਜ਼ ਕਰਵਾ ਕੇ ਦਿੰਦੇ ਹਨ
CELL: 780.905.7274
FAX: 780.436.2510
BETTYGILL@DOMINIONLENDING.CA
WWW.BETTYGILL.CA



Sarjan Luthra
B.Sc, L.LB
LUTHRA LAW GROUP
FREE CASE EVALUTION
- Personal Injuries Representation
- Real Estate Transactions
- Immigration Law
- Residential Real Estate Transactions
- Criminal Case
- Family Law Dispute & Mediation Service
- Commercial Litigation
SARJAN LUTHRA TEAM
Barrister, Solicitor & Notary Public
ਪੰਜਾਬੀ, ਹਿੰਦੀ, ਉਰਦੂ ਅਤੇ ਅਰਬੀ ਵਿੱਚ ਸੇਵਾਵਾਂ ਲਈ ਮਿਲੋ
Services in Hindi, Punjabi, Urdu & Arabic
780 466 4660 Fax: 780 463 4205

Super Visa Medical Insurance
- ਸੁਪਰਵੀਜ਼ਾ ਐਪਲੀਕੇਸ਼ਨ ਲਈ ਮੈਡੀਕੈਲ ਇੰਸ਼ੋਰੈਂਸ ਲੈਣਾ ਜਰੂਰੀ।
- ਅਸੀਂ ਤੁਹਾਡੀ ਜਰੂਰਤ ਮੁਤਾਬਕ ਵਧੀਆ ਅਤੇ ਸਸਤੀ ਇਸ਼ੋਰੈਂਸ ਲੈ ਕੇ ਦਿੰਦੇ ਹਾਂ।
For more information please call
780-465-6900 Jasvir Deol
403-830-7007 Jessie Singh



# Supreme Pizza
## ਸੁਪਰੀਮ ਪੀਜ਼ਾ

Chicken Wings Hot, Honey Garlic

Try Us Tonight For Best Deal
In Town
**3 For 1**
Any 3 Toppings
12" Medium - 14" Large

Menisa Plaza (on Millwood Road) 1079 Knottwood Road East NW Edmonton
**780 485 1213 or 780 485 1231**

ਅਧਰਕ, ਧਨੀਆ, ਲਾਲ ਪਿਆਜ਼ ਅਤੇ ਹਰੀਆਂ ਮਿਰਚਾਂ ਵਾਲਾ ਕਰਾਰਾ ਤੇ ਸਵਾਦੀ ਪੀਜ਼ਾ

ਅੰਮ੍ਰਿਤਧਾਰੀ ਵੀਰਾਂ ਤੇ ਭੈਣਾਂ ਲਈ ਖਾਸ ਸੁੱਚਮ ਨਾਲ ਪੀਜ਼ਾ ਤਿਆਰ ਕੀਤਾ ਜਾਂਦਾ ਹੈ

Paneer Pizza · Vegetarian · Supreme Special · Chicken Special · The Pasta Niche



Kuldip S. Powar

# POWAR HOMES LTD.
Quality Custom Home Builder

ਪਾਵਰ ਹੋਮਜ਼ ਕੋਲ ਸ਼ਹਿਰ ਦੇ ਹਰ ਖੇਤਰ ਵਿੱਚ ਲਾਟਾਂ ਉਪਲਬਧ, ਰਹਿਣ ਲਈ ਘਰ ਬਣਾਉਣਾ ਚਾਹੁੰਦੇ ਹੋ ਜਾਂ ਘਰ ਬਣਵਾ ਕੇ ਵੇਚਣਾ ਚਾਹੁੰਦੇ ਹੋ, ਚੋਖਾ ਫਾਇਦਾ ਦਿਵਾਉਣ ਦਾ ਵਾਅਦਾ, ਬੋਮਾਊਂਟ ਵਿਚ ਛੋਟੇ ਅਤੇ ਵੱਡੇ ਘਰ ਬਣਾਉਣ ਲਈ ਲਾਟਾਂ ਤਿਆਰ ਬਰ ਤਿਆਰ ਹਨ.

ਘਰ ਬਣਾ ਕੇ ਵੇਚਣ ਤੱਕ ਦੀਆਂ ਸੇਵਾਵਾਂ ਦਿੰਦੇ ਹਾਂ, ਵਾਜਬ ਕੀਮਤਾਂ, ਤਸੱਲੀ ਬਖਸ਼ ਕੰਮ ਅਤੇ ਭਰੋਸੇਯੋਗ ਸੇਵਾਵਾਂ ਲਈ
ਰਣਜੀਤ ਸਿੰਘ ਪਵਾਰ ਅਤੇ
ਕੁਲਦੀਪ ਸਿੰਘ ਪਵਾਰ ਨਾਲ ਸੰਪਰਕ ਕਰੋ.



Ranjit S. Powar

Fax: 780-406-6797
Email: ranjit_pawar@hotmail.com

Contact At:
Ph: 780-695-6595

# A & K INSULATION & DRYWALL LTD.

Best Quailty at Reasonable Rates





ਹੋਟਲ, ਮੋਟਲ, ਬਿਜ਼ਨਿਸ, ਰਿਹਾਇਸ਼ੀ ਜਾਂ ਕਿਸੇ ਵੀ ਤਰ੍ਹਾਂ ਦੀ ਬਿੱਲਡਿੰਗ ਲਈ ਡਰਾਈਵਾਲ, ਇੰਸੁਲੇਸ਼ਨ, ਟੇਪਿੰਗ ਜਾਂ ਟੈਕਸਚਰ ਦੇ ਕੰਮ ਲਈ ਸੰਪਰਕ ਕਰੋ

**Rana : 780-245-5191 Joga : 780-245-5192**

# EXCEL TAX & BUSINESS SOLUTIONS

Our Goal : Client Satisfaction | Net Filling, Quick Refund

Specializing:
Trucking, Real Estate, Gas Station, Hotel, Motel & Franchise Business Accounting



- Corporate Tax Returns
- Personal & Self Employed Tax Returns
- GST Returns - WCB Returns - T4 Returns - ROE
- Small Business Set Up & Tax Planning
- Year End Processing
- Canada Revenue Agency (CRA) Audit Representation
- Computerized Bookkeeping & Payroll Services
- Financial Statement Preparation (Notice to Readers)

**Call: Pritpal Kooner**

Ph: 780-469-4985 Fax: 780-469-4926 Cell: 780-952-2860
exceltax@yahoo.ca
Unit# 207 9254 - 34A Ave, Edmonton AB T6E 5P4
(Above Sabji Mandi)
Evening & Weekend with Appointments only

# EAGLEROCK GOLF COURSE
50549, RANGE ROAD 234 EDMONTON, AB

eaglerock GOLF COURSE

ਜਨਮ ਦਿਨ , ਲੇਡੀਜ਼ ਸੰਗੀਤ
ਵਿਆਹ-ਸ਼ਾਦੀਆਂ ਪਾਰਟੀਆਂ
50 ਤੋਂ ਲੈ ਕੇ 200 ਆਦਮੀਆਂ ਤੱਕ
ਦਾ ਪੰਜਾਬੀ ਖਾਣੇ ਦਾ ਖਾਸ ਪ੍ਰਬੰਧ
Birthday Parties,
Ladies Sangeet,
Golf Tournaments,
Catering,Wedding
Banquet





ਵਧੇਰੇ ਜਾਣਕਾਰੀ ਲਈ ਫੋਨ ਕਰੋ:

Linda :
780-464-4653 Ext: 2
Cell: 780-720-6895

# ADVANCE DRIVING SCHOOL LTD.
www.advancedrivingschool.ca



2 Locations to Serve You!

- Lady Instructor Available
- Defensive Classes to Restore Demerits
- Free Pick up & Drop off
- Government Approved Courses For Insurance Discount
- 10 Hours on road & 15 Hours in classroom
- Training for Driving Instructor

9253-34A Ave
Edmonton, AB

10211-100 Ave
Fort Saskatchewan, AB

**780 660 4090**

# ALPHA
Tent Rentals
All Events Big or Small

We are in this Business Since 2001



**Tents** All Size and Different Colours
**Tables** Rectangular & Round **Chairs** All Colours
**Lights**, Dance Floor, Heaters, Fans,
**Catering Equipment**, Coffee Brewers,
Big Burners, Big Pots (Patila), Cutlery and Plates,
**Portable Bars** Beer Tubs Ice Boxes
**Carpet, Stantions, Linens and Clips.**

Ladies Sangeet Jago Equipment

ਧਾਰਮਿਕ ਅਤੇ ਸਮਾਜਿਕ ਸਮਾਗਮਾਂ ਲਈ ਵਿਸ਼ੇਸ਼ ਛੋਟ

Guaranteed Low Prices Open Seven Days a Week

**Umrao Ghinger: 780 237 5556**
www.alphatentrentals.com
**Office: 780 490 5354**





# ਮਾਰਗੇਜ ਲੈਣ ਲਈ ਸ਼ਰਤਾਂ ਵਿੱਚ ਸਖਤਾਈ

## ਮਾਰਗੇਜ ਦੀ ਮਿਆਦ 30 ਸਾਲ ਤੋਂ ਘਟਾ ਕੇ 25 ਸਾਲ ਕੀਤੀ

ਟੋਰਾਂਟੋ (ਨਦਬ)ਵਿੱਤ ਮੰਤਰੀ ਜਿੰਮ ਫਲੈਹਰਟੀ ਨੇ ਵੀਰਵਾਰ ਨੂੰ ਨਵੇਂ ਮਾਰਗੇਜ ਨਿਯਮਾਂ ਦਾ ਐਲਾਨ ਕੀਤਾ, ਜਿਸ ਨਾਲ ਕੈਨੇਡੀਅਨਾਂ ਲਈ ਹੁਣ ਘਰ ਖਰੀਦਣਾ ਮਹਿੰਗਾ ਹੋ ਜਾਵੇਗਾ। ਇਸ ਐਲਾਨ ਨਾਲ ਚਾਰ ਸਾਲਾਂ ਵਿੱਚ ਅਜਿਹਾ ਚੌਥੀ ਵਾਰੀ ਹੋਇਆ ਹੈ ਕਿ ਕੰਜ਼ਰਵੇਟਿਵਾਂ ਨੇ ਕਨੇਡਾ ਵਿੱਚ ਮਾਰਗੇਜ ਸਬੰਧੀ ਨਿਯਮਾਂ ਵਿੱਚ ਤਬਦੀਲੀ ਕੀਤੀ ਹੋਵੇ। ਕਨੇਡਾ ਮਾਰਗੇਜ ਐਂਡ ਹਾਊਸਿੰਗ ਕਾਰਪੋਰੇਸ਼ਨ ਦੇ ਸਬੰਧ ਵਿੱਚ ਵੀਰਵਾਰ ਨੂੰ ਤਬਦੀਲੀਆਂ ਸਬੰਧੀ ਕੀਤੇ ਗਏ ਐਲਾਨ ਤਹਿਤ ਮਾਰਗੇਜ ਲਈ ਰਿਣ ਮੁਕਤੀ ਸਬੰਧੀ ਸਮਾਂ ਸੀਮਾਂ 30 ਸਾਲਾਂ ਤੋਂ ਘਟਾ ਕੇ 25 ਸਾਲ ਕਰ ਦਿੱਤੀ ਗਈ ਹੈ। ਫਲੈਹਰਟੀ ਨੇ ਆਖਿਆ ਕਿ ਇਸ ਦੌਰਾਨ ਮਾਰਗੇਜ ਲਈ ਕੈਨੇਡੀਅਨ ਪਰਿਵਾਰਾਂ ਵੱਲੋਂ ਕੀਤੀਆਂ ਜਾਣ ਵਾਲੀਆਂ ਵਿਆਜ਼ ਅਦਾਇਗੀਆਂ ਨੂੰ ਵੀ ਘਟਾਇਆ ਜਾਵੇਗਾ। ਇਸ ਨਾਲ ਉਨ੍ਹਾਂ ਉਤੇ ਆਪਣੇ ਘਰ ਸਬੰਧੀ ਕਰਜ਼ਾ ਛੇਤੀ ਲਾਹੁਣ ਦਾ ਦਬਾਅ ਵਧੇਗਾ ਤੇ ਉਹ ਜਲਦੀ ਕਰਜ਼ਾ ਮੁਕਤ ਹੋ ਸਕਣਗੇ। ਆਪਣੇ ਘਰਾਂ ਦੀ ਇਕੁਇਟੀ ਦੇ ਖਿਲਾਫ ਕਰਜ਼ਾ ਲੈਣ ਦੀ ਝਾਕ ਰੱਖਣ ਵਾਲੇ ਕੈਨੇਡੀਅਨਾਂ ਨੂੰ ਘਰ ਦੀ ਕੀਮਤ ਦਾ 80 ਫੀ ਸਦੀ ਤੱਕ ਮਿਲ ਸਕੇਗਾ, ਜੋ ਕਿ ਇਸ ਸਮੇਂ 85 ਫੀ ਸਦੀ ਹੈ। ਫਲੈਹਰਟੀ ਨੇ ਆਖਿਆ ਕਿ ਮੁੜ ਤੋਂ ਕਿਸੇ ਘਰ ਉਤੇ ਕਰਜ਼ਾ ਦੇਣ ਨੂੰ ਸੀਮਤ ਕੀਤੇ ਜਾਣ ਨਾਲ ਘਰਾਂ ਦੇ ਮਾਲਕਾਂ ਨੂੰ ਇਕੁਇਟੀ ਘਰਾਂ ਵਿੱਚ ਹੀ ਰੱਖਣ ਦਾ ਮੌਕਾ ਮਿਲੇਗਾ। ਇਹ ਤਬਦੀਲੀਆਂ ਫਲੈਹਰਟੀ ਤੇ ਬੈਂਕ ਆਫ ਕਨੇਡਾ ਦੇ ਗਵਰਨਰ ਮਾਰਕ ਕਾਰਨੇ ਵੱਲੋਂ ਕੈਨੇਡੀਅਨਾਂ ਦੇ ਸਿਰ ਕਰਜੇ ਦੀ ਭਾਰੀ ਹੁੰਦੀ ਜਾ ਰਹੀ ਪੰਡ ਨੂੰ ਧਿਆਨ ਵਿੱਚ ਰੱਖਕੇ ਕੀਤੀਆਂ ਗਈਆਂ ਹਨ। ਮਾਹਿਰਾਂ ਦਾ ਮੰਨਣਾ ਹੈ ਕਿ ਇਨ੍ਹਾਂ ਤਬਦੀਲੀਆਂ ਦਾ ਪ੍ਰਭਾਵ ਯਕੀਨਨ ਪਵੇਗਾ ਤੇ ਰੀਅਲ ਅਸਟੇਟ ਮਾਰਕਟਿ ਵਿੱਚ ਆਈ ਤੇਜ਼ੀ ਨੂੰ ਵੀ ਨੱਥ ਪਾਉਣ ਵਿੱਚ ਸਫਲਤਾ ਮਿਲੇਗੀ। ਕੁਈਨਜ਼ ਰੀਅਲ ਅਸਟੇਟ ਰਾਊਂਡਟੇਬਲ ਡਾਇਰੈਕਟਰ ਜੌਹਨ ਐਂਡਰੀਊ ਦਾ ਕਹਿਣਾ ਹੈ ਕਿ ਇਹ ਤਬਦੀਲੀਆਂ ਮੁੱਖ ਤੌਰ ਉਤੇ ਕੌਂਡੋ ਮਾਰਕੀਟ ਨੂੰ ਸਮਰਪਿਤ ਹਨ ਜਿੱਥੇ ਟੋਰਾਂਟੋ ਵਿੱਚ ਕੀਮਤਾਂ ਪਿਛਲੇ ਕੁੱਝ ਮਹੀਨਿਆਂ ਵਿੱਚ ਪੰਜ ਫੀ ਸਦੀ ਤੱਕ ਵੱਧ ਗਈਆਂ ਹਨ ਉਥੇ ਹੀ ਵੈਨਕੂਵਰ ਵਿੱਚ ਇਨ੍ਹਾਂ ਕੀਮਤਾਂ ਵਿੱਚ ਖੜੋਤ ਆਈ ਹੈ। ਇਸੇ ਦੌਰਾਨ ਕੈਨੇਡੀਅਨ ਰੀਅਲ ਅਸਟੇਟ ਐਸੋਸੀਏਸ਼ਨ ਨੇ ਸਰਕਾਰ ਨੂੰ ਬੇਨਤੀ ਕੀਤੀ ਹੈ ਕਿ ਉਹ ਮਾਰਕੀਟ ਵਿੱਚ ਭਵਿੱਖ ਵਿੱਚ ਦਿੱਤੇ ਜਾਣ ਵਾਲੇ ਦਖਲ ਦੇ ਆਰਥਿਕ ਪ੍ਰਭਾਵ ਨੂੰ ਵੀ ਵਿਚਾਰ ਲਵੇ।

# ਅਲਬਰਟਾ ਲਿਬਰਲ ਪਾਰਟੀ ਦੇ ਆਗੂ ਡਾ. ਰਾਜ ਸ਼ਰਮਨ ਹੀ ਰਹਿਣਗੇ



ਕੈਲਗਰੀ, (ਨਦਬ) : ਅਲਬਰਟਾ ਲਿਬਰਲ ਪਾਰਟੀ ਨੇ ਇੱਕ ਵਾਰ ਫਿਰ ਡਾ. ਰਾਜ ਸ਼ਰਮਨ ਵਿੱਚ ਭਰੋਸਾ ਪ੍ਰਗਟਾਉਂਦਿਆਂ ਉਹਨਾਂ ਨੂੰ ਆਗੂ ਦੀ ਜ਼ਿੰਮੇਵਾਰੀ ਸੌਂਪੀ ਹੈ। ਉਹਨਾਂ ਨੂੰ 34 ਫੀਸਦੀ ਤੋਂ ਵੱਧ ਵੋਟਾਂ ਨਾਲ ਆਪਣਾ ਆਗੂ ਚੁਣ ਲਿਆ ਗਿਆ। ਵਰਨਣਯੋਗ ਹੈ ਕਿ ਹਰ ਚੋਣ ਮਗਰੋਂ ਪਾਰਟੀ ਲੀਡਰਸ਼ਿਪ ਲਈ ਚੋਣ ਕਰਵਾਈ ਜਾਂਦੀ ਹੈ। ਵੋਟਿੰਗ ਤੋਂ ਬਾਦ ਪਾਰਟੀ ਮੈਂਬਰਾਂ ਨੂੰ ਆਪਣੇ ਹੱਕ ਵਿੱਚ ਭੁਗਤਣ ਲਈ ਧੰਨਵਾਦ ਕਰਦਿਆ ਡਾ. ਸ਼ਰਮਨ ਨੇ ਕਿਹਾ ਕਿ ਜਿਸ ਉਮੀਦ ਨਾਲ ਮੈਂਬਰਾਂ ਨੇ ਮੈਨੂੰ ਜ਼ਿੰਮੇਵਾਰੀ ਸੌਂਪੀ ਹੈ, ਮੈਂ ਤਨਦੇਹੀ ਨਾਲ ਨਿਭਾਵਾਂਗਾ। ਡਾ. ਸ਼ਰਮਨ ਨੇ ਕਿਹਾ ਕਿ ਪਾਰਟੀ ਨੇ ਉਹਨਾਂ ਨੂੰ ਆਗੂ ਬਣਾ ਕੇ ਸਨਮਾਨਿਤ ਕੀਤਾ ਹੈ। ਉਹਨਾਂ ਕਿਹਾ ਕਿ ਪਿਛਲੀ ਚੋਣ ਵਿੱਚ ਸਾਡੀ ਕਾਰਗੁਜਾਰੀ ਕਾਫੀ ਵਧੀਆ ਰਹੀ, ਪਰੰਤੂ ਭਵਿੱਖ ਵਿੱਚ ਇਸਨੂੰ ਹੋਰ ਵਧੀਆ ਬਣਾਇਆ ਜਾਵੇਗਾ।

# ਐਡਮਿੰਟਨ 'ਚ ਜਾਇਦਾਦ ਟੈਕਸ 'ਚ 9 ਫੀਸਦੀ ਵਾਧੇ ਦੀ ਤਜਵੀਜ਼

ਐਡਮਿੰਟਨ (ਨਦਬ): ਸ਼ਹਿਰ ਦੇ ਅਧਿਕਾਰੀਆਂ ਵਲੋਂ ਦਿੱਤੀ ਜਾਣਕਾਰੀ ਮੁਤਾਬਕ ਅਗਲੇ ਸਾਲ ਐਡਮਿੰਟਨ 'ਚ ਜਾਇਦਾਦ ਸਬੰਧੀ ਟੈਕਸਾਂ 'ਚ 8.6 ਫ਼ੀਸਦੀ ਦੇ ਵਾਧੇ ਦੀ ਤਜਵੀਜ਼ ਹੈ। 2013 ਦੇ ਬਜਟ ਦੀਆਂ ਤਿਆਰੀਆਂ ਦੇ ਤਹਿਤ ਇਕ ਰਿਪੋਰਟ 'ਚ ਖਰਚਿਆਂ ਅਤੇ ਆਮਦਨ ਸਬੰਧੀ ਇਹ ਇਸ਼ਾਰੇ ਮਿਲ ਰਹੇ ਹਨ ਕਿ ਸ਼ਹਿਰ ਨੂੰ ਮੌਜੂਦਾ ਸੇਵਾਵਾਂ ਦੇ ਲਾਭ ਲੈਣ ਲਈ ਅਤੇ ਗੁਆਂਢ ਦੀ ਸਾਂਭ-ਸੰਭਾਲ ਲਈ ਔਸਤਨ 7 ਫ਼ੀਸਦੀ ਟੈਕਸ ਦੇ ਵਾਧੇ ਦੀ ਉਮੀਦ ਹੈ। ਰਿਪੋਰਟ ਮੁਤਾਬਕ ਇਸ ਪ੍ਰਸਤਾਵਤ ਨਵੀਆਂ ਸੇਵਾਵਾਂ, ਜੋ ਕੌਂਸਲਰਾਂ ਵਲੋਂ ਮੁਲਾਂਕਣ ਲਈ ਵਿਚਾਰ ਅਧੀਨ ਹਨ, 'ਤੇ 1.6 ਫ਼ੀਸਦੀ ਦਾ ਹੋਰ ਵਾਧੂ ਭਾਰ ਪੈ ਜਾਵੇਗਾ। "ਕੌਂਸਲ ਦੇ ਨਿਰਧਾਰਤ ਕੀਤੇ ਮਕਸਦਾਂ ਨੂੰ ਪੂਰਾ ਕਰਨ ਦਾ ਮਤਲਬ ਹੈ ਕਿ ਮੌਜੂਦਾ ਵਸੀਲਿਆਂ ਦੀ ਸੀਮਾ ਬੱਧਤਾ ਅਤੇ ਨਾਗਰਿਕਾਂ ਦੀਆਂ ਜ਼ਰੂਰਤਾਂ ਵਿਚਾਲੇ ਪਹਿਲ ਦੇ ਅਧਾਰ 'ਤੇ ਬਰਾਬਰ ਤਾਲਮੇਲ ਰੱਖਣਾ ਹੈ।" ਇਸ ਸਾਲ ਅਪ੍ਰੈਲ 'ਚ ਅੰਤਮ ਔਸਤਨ ਜਨਤਾ ਕਰ 5.2 ਫ਼ੀਸਦੀ ਨਿਰਧਾਰਤ ਕੀਤੇ ਗਏ ਸਨ। ਜਦੋਂ ਕਿ ਇਸ ਰਿਪੋਰਟ 'ਚ ਇਹ ਤਸਵੀਰ ਉਭਰ ਕ ਸਾਹਮਣੇ ਆ ਰਹੀ ਹੈ ਕਿ ਸਾਲ 2013 'ਚ ਸ਼ਹਿਰ ਦੀ ਆਮਦਨ 26 ਮਿਲੀਅਨ ਡਾਲਰ ਤੱਕ ਹੋਣ ਦੀ ਉਮੀਦ ਹੈ। ਇਸ ਆਮਦਨ 'ਚ ਟਰਾਂਸਪੋਰਟ ਦੇ ਕਿਰਾਇਆਂ 'ਚ ਵਾਧੇ ਨਾਲ 5.6 ਮਿਲੀਅਨ ਡਾਲਰ ਨਾਲ ਵਾਧੂ ਮਦਦ ਪ੍ਰਾਪਤ ਹੋਵੇਗੀ। ਇਸ ਤੋਂ ਇਲਾਵਾ ਇਸ ਆਮਦਨ ਤੋਂ ਦੁਗਣੇ ਖਰਚੇ ਵਿਖਾਏ ਗਏ ਹਨ। ਇਸ 'ਚੋਂ ਜ਼ਿਆਦਾਤਰ ਪੈਸਾ ਕਿਰਤ ਦੇ ਠੇਕੇ ਸਬੰਧੀ ਦੇਣਦਾਰੀਆਂ ਦੇ ਭੁਗਤਾਨ 'ਚ ਖਰਚ ਕੀਤਾ ਜਾਵੇਗਾ। ਪ੍ਰਸ਼ਾਸਨ ਕੌਂਸਲ ਨੂੰ ਹਰ ਤਰ੍ਹਾਂ ਦੀ ਜਾਣਕਾਰੀ ਮੁਹੱਈਆ ਕਰਵਾ ਰਹੀ ਹੈ ਤਾਂ ਜੋ ਉਹ ਨਵੰਬਰ 'ਚ ਹੋਣ ਵਾਲੇ ਬਜਟ ਦੇ ਦਿਸ਼ਾ ਨਿਰਦੇਸ਼ਾਂ ਨੂੰ ਨਿਰਧਾਰਤ ਕਰ ਸਕਣ। ਪਰ ਕੌਂਸਲਰ ਡੇਵ ਲੋਕਨ ਦਾ ਕਹਿਣਾ ਹੈ ਕਿ ਅਸਲੀਅਤ ਟੈਕਸ 'ਚ ਕਿੰਨਾ ਕੁ ਇਜ਼ਾਫ਼ਾ ਹੋਵੇਗਾ, ਇਹ ਐਨੀ ਛੇਤੀ ਨਿਰਧਾਰਤ ਕਰਨਾ ਜਲਦਬਾਜ਼ੀ ਹੋਵੇਗੀ।

# ਪਬਲਿਕ ਹਾਈ ਸਕੂਲਾਂ 'ਚ ਵਿਦਿਆਰਥੀਆਂ ਨੂੰ ਨਹੀਂ ਮਿਲੇਗਾ ਜ਼ੀਰੋ!



ਐਡਮਿੰਟਨ (ਨਦਬ): ਜ਼ਿਆਦਾ ਤਰ ਪਬਲਿਕ ਹਾਈ ਸਕੂਲਾਂ 'ਚ ਵਿਦਿਆਰਥੀਆਂ ਨੂੰ ਜ਼ੀਰੋ ਅੰਕ ਨਾ ਦੇਣ ਦੇ ਰੁਝਾਨ ਨੂੰ ਅਪਨਾਉਣਾ ਕੌਮੀ ਪੱਧਰ 'ਤੇ ਚਰਚਾ ਦਾ ਵਿਸ਼ਾ ਬਣ ਗਿਆ ਹੈ। ਐਡਮਿੰਟਨ ਪਬਲਿਕ ਸਕੂਲ ਹੁਣ ਵਿਦਿਆਰਥੀਆਂ ਦੇ ਮੁਲਾਂਕਣ ਸਬੰਧੀ ਨੀਤੀ ਨੂੰ ਮੁੜ ਤੋਂ ਸਮੀਖਿਆ ਕਰਨਗੇ। ਬੀਤੇ ਦਿਨੀਂ ਹੋਈ ਇਕ ਮੀਟਿੰਗ ਦੌਰਾਨ ਪਬਲਿਕ ਸਕੂਲ ਦੇ ਟ੍ਰਸਟੀਆਂ ਨੇ ਸਰਬਸੰਮਤੀ ਨਾਲ ਇਸ ਦੀ ਸਮੀਖਿਆ ਦੀ ਹਮਾਇਤ ਕੀਤੀ ਹੈ। ਇਸ ਤਹਿਤ ਸਕੂਲ ਬੋਰਡ ਦੇ ਚੇਅਰਮੈਨ ਡੇਵ ਕੋਲਬਰਨ ਨੇ ਕਿਹਾ ਕਿ ਵਿਦਿਆਰਥੀਆਂ ਦੇ ਮੁਲਾਂਕਣ ਦੇ ਤਰੀਕਿਆਂ ਲਈ ਗਹਿਰਾਈ 'ਚ ਪੜਤਾਲ ਕਰਨ ਦੀ ਲੋੜ ਹੈ। ਉਨ੍ਹਾਂ ਕਿਹਾ ਕਿ ਇਸ ਮੀਟਿੰਗ ਤੋਂ ਇਹ ਗੱਲ ਸਪਸ਼ਟ ਰੂਪ 'ਚ ਸਾਹਮਣੇ ਆਈ ਹੈ ਕਿ ਬੋਰਡ ਨੇ ਮੁਲਾਂਕਣ ਨੀਤੀ ਨੂੰ ਬਹੁਤ ਗੰਭੀਰਤਾ ਨਾਲ ਲਿਆ ਹੈ ਅਤੇ ਇਸ ਨੂੰ ਜ਼ਿਲ੍ਹੇ 'ਚ ਲਾਗੂ ਕਰਨ ਲਈ ਮੁਲਾਂਕਣ ਲਈ ਬਹੁਤ ਵਧੀਆ ਅਤੇ ਰੋਚਕ ਢੰਗ ਅਪਨਾਉਣ ਜਾਂ ਲੱਭਣ ਲਈ ਅਸੀਂ ਪੂਰੀ ਤਰ੍ਹਾਂ ਵਚਨਬੱਧ ਹਾਂ। ਗਰਮੀ ਦੀਆਂ ਛੁੱਟੀਆਂ ਤੋਂ ਬਾਅਦ ਤਿੰਨ ਟ੍ਰਸਟੀਆਂ ਵਾਲੀ ਇਕ ਸਮੀਖਿਆ ਕਮੇਟੀ ਬਣਾਈ ਜਾਵੇਗੀ ਜੋ ਇਸ ਮਸਲੇ ਦੀ ਪੜਆਲ ਕਰਨਗੇ ਅਤੇ ਹੋ ਸਕੇ ਤਾਂ ਸੁਝਾਅ ਵੀ ਦੇਣਗੇ। ਕੋਲਬਰਨ ਨੇ ਕਿਹਾ ਕਿ ਨੋ-ਜ਼ੀਰੋ ਨੀਤੀ ਸਬੰਧੀ ਵਿਵਾਦ ਪਿਛਲੇ ਮਹੀਨੇ ਸ਼ੁਰੂ ਹੋਇਆ ਸੀ, ਜਦੋਂ ਰੌਸ ਸ਼ੈਪਾਰਡ ਹਾਈ ਸਕੂਲ ਦੇ ਫਿਜ਼ਿਕਸ ਦੇ ਅਧਿਆਪਕ, ਲਿਨਡਨ ਡੋਰਵਲ, ਨੂੰ ਇਸ ਗੱਲ 'ਤੇ ਮੁਅਤਲ ਕਰ ਦਿੱਤਾ ਸੀ, ਕਿਉਂਕਿ ਟੈਸਟ ਨਾ ਦੇਣ ਅਤੇ ਕੰਮ ਪੂਰਾ ਨਾ ਹੋਣ ਦੀ ਸੂਰਤ 'ਚ ਉਹ ਵਿਦਿਆਰਥੀਆਂ ਦਾ ਮੁਲਾਂਕਣ ਸਿਫ਼ਰ ਨੰਬਰ ਦੇ ਕੇ ਕਰਦਾ ਸੀ। ਉਸ ਦੀ ਇਹ ਕਾਰਵਾਈ ਸਕੂਲ ਦੀ ਨੀਤੀ ਦੇ ਵਿਰੁਧ ਜਾਂਦੀ ਸੀ। ਉਹ ਕੰਮ ਨਾ ਹੋਣ ਦੀ ਸੂਰਤ 'ਚ ਬੱਚਿਆਂ ਨੂੰ ਕੁਝ ਖਾਸ ਤਰੀਕੇ ਦੇ ਕੋਡ ਦੇ ਰੂਪ 'ਚ ਮੁਲਾਂਕਣ ਕਰਦਾ ਸੀ। ਜ਼ਿਕਰਯੋਗ ਹੈ ਕਿ ਜ਼ਿਲ੍ਹਾਂ ਪੱਧਰੀ ਸਕੂਲਾਂ 'ਚ ਮੁਲਾਂਕਣ ਸਬੰਧੀ ਨੀਤੀ ਇਸ ਪ੍ਰਬੰਧ ਦੇ ਹੇਠ ਨਹੀਂ ਆਉਂਦੀ। ਹਰ ਸਕੂਲ 'ਚ ਵਿਅਕਤੀਗਤ ਤੌਰ 'ਤੇ ਮੁੱਖ ਅਧਿਆਪਕ ਹੀ ਇਹ ਨਿਰਧਾਰਤ ਕਰਦਾ ਹੈ ਕਿ ਵਿਦਿਆਰਥੀਆਂ ਦਾ ਮੁਲਾਂਕਣ ਕਿਸ ਤਰੀਕੇ ਨਾਲ ਹੋਣਾ ਚਾਹੀਦਾ ਹੈ। ਅਲੋਚਕਾਂ ਦਾ ਕਹਿਣਾ ਹੈ ਕਿ ਜ਼ਿਲ੍ਹੇ ਭਰ 'ਚ ਇਸ 'ਚ ਮਜ਼ਬੂਤੀ ਲਿਆਉਣ ਲਿਆਈ ਜਾਣੀ ਚਾਹੀਦੀ ਹੈ। ਇਸ ਬੋਰਡ ਮੀਟਿੰਗ 'ਚ ਡੋਰਵੈਲ ਵੀ ਸ਼ਾਮਲ ਸੀ। ਉਹ ਉਨ੍ਹਾਂ 10 ਅਧਿਆਪਕ ਅਤੇ ਮੈਂਬਰਾਂ ਵਿਚੋਂ ਸੀ, ਜਿਨ੍ਹਾਂ ਨੇ ਇਸ ਸਬੰਧੀ ਟ੍ਰਸਟੀਆਂ ਨਾਲ ਗੱਲਬਾਤ ਕੀਤੀ ਸੀ।

# ਮੁਲਾਜ਼ਮਾਂ ਦੀਆਂ ਤਨਖਾਹਾਂ ਨਾ ਦੇਣ 'ਤੇ ਨਾਂ ਜੱਗ ਜ਼ਾਹਿਰ

ਕੈਲਗਰੀ (ਨਦਬ): ਅਲਬਰਟਾ ਦੇ ਜਿਹੜੇ ਕੰਪਨੀ ਮਾਲਕ ਆਪਣੇ ਮੁਲਾਜ਼ਮਾਂ ਦੀਆਂ ਤਨਖਾਹਾਂ ਨਹੀਂ ਦਿੰਦੇ ਹਨ, ਹੁਣ ਉਨ੍ਹਾਂ ਦੇ ਨਾ ਆਨਲਾਈਨ ਕਰ ਦਿੱਤੇ ਜਾਣਗੇ ਤਾਂ ਜੋ ਉਨ੍ਹਾਂ ਦੀ ਕਰਨੀ ਜੱਗ ਜ਼ਾਹਿਰ ਹੋ ਸਕੇ। ਮਨੁੱਖੀ ਸੇਵਾਵਾਂ ਸਬੰਧੀ ਮੰਤਰੀ ਡੇਵ ਹੈਨਕਾਕ ਦਾ ਕਹਿਣਾ ਹੈ ਕਿ ਅੰਦਾਜ਼ਨ 1,700 ਇਹੋ ਜਿਹੇ ਮਾਲਕ ਹਨ, ਜਿਨ੍ਹਾਂ ਨੇ ਅਲਬਰਟਾ ਦੇ 3,500 ਮੁਲਾਜ਼ਮਾਂ ਦਾ ਤਨਖਾਹਾਂ ਦੇ ਰੂਪ 'ਚ 14 ਮਿਲੀਅਨ ਡਾਲਰ ਤੋਂ ਵੀ ਵੱਧ ਪੈਸਾ ਮੋੜਨਾ ਹੈ। ਇਸ ਕਰਕੇ ਇਨ੍ਹਾਂ ਲੋਕ ਦੇ ਨਾਵਾਂ ਦੀ ਸੂਚੀ ਆਨਲਾਈਨ ਡਾਟਾਬੇਸ 'ਚ ਪਾ ਦਿੱਤੀ ਗਈ ਹੈ, ਤਾਂ ਜੋ ਕਿਸੇ ਨੇ ਵੀ ਇਨ੍ਹਾਂ ਮਾਲਕਾਂ ਬਾਰੇ ਇਹ ਜਾਣਕਾਰੀ ਲੈਣੀ ਹੋਵੇ ਤਾਂ ਲੈ ਸਕੇ। ਹੈਨਕਾਕ ਨੇ ਬੀਤੇ ਦਿਨੀਂ ਇਕ ਪ੍ਰੈਸ ਕਾਨਫਰੰਸ ਦੌਰਾਨ ਇਸ ਜਾਣਕਾਰੀ ਦਾ ਖੁਲਾਸਾ ਕੀਤਾ। ਉਨ੍ਹਾਂ ਕਿਹਾ ਕਿ ਤਨਖਾਹਾਂ ਨਾ ਦੇਣ ਵਾਲੇ ਮਾਲਕਾਂ ਦੀ ਗਿਣਤੀ ਨੂੰ ਵੇਖਕੇ ਦਿਲ ਪ੍ਰੇਸ਼ਾਨ ਹੋ ਉੱਠਦਾ ਹੈ। ਇਹ ਖੁਲਾਸਾ ਉਨ੍ਹਾਂ ਪੈਸਿਆਂ ਬਾਰੇ ਹੈ, ਜੋ ਅਲਬਰਟਾ ਨਿਵਾਸੀਆਂ ਨੇ ਮਿਹਨਤ ਤੇ ਹੱਕ ਹਲਾਲ ਨਾਲ ਕਮਾਏ ਸਨ ਪਰ ਉਨ੍ਹਾਂ ਨੂੰ ਇਹ ਕਦੇ ਨਹੀਂ ਮਿਲੇ। ਉਨ੍ਹਾਂ ਕਿਹਾ ਕਿ ਇਹ ਰਕਮ 15 ਡਾਲਰ ਤੋਂ ਲੈਕੇ 3 ਮਿਲੀਅਨ ਡਾਲਰ ਦੇ ਵਿਚਾਲੇ ਹੈ। ਵੱਡੀ ਗਿਣਤੀ ਵਿਚ ਇਹੋ ਜਿਹੀਆਂ ਕੰਪਨੀਆਂ ਹਨ ਜਿਨ੍ਹਾਂ ਨੇ 10 ਤੋਂ ਵੱਧ ਲੋਕਾਂ ਦਾ ਹਿਸਾਬ ਕਰਨਾ ਹੈ ਅਤੇ ਕੁਝ ਮੁੱਠੀ ਭਰ ਹੋਰ ਕੰਪਨੀਆਂ ਹਨ ਜਿਨ੍ਹਾਂ ਨੇ 20 ਤੋਂ ਵੱਧ ਮੁਲਾਜ਼ਮਾਂ ਦੇ ਹੱਕ ਦੀ ਅਦਾਇਗੀ ਕਰਨੀ ਹੈ। ਇਨ੍ਹਾਂ ਸਾਰੀਆਂ ਕੰਪਨੀਆਂ ਵਿਚੋਂ ਐਸ.ਐਸ.ਈ.ਸੀ. ਕੈਨੇਡਾ ਦੀ ਸਥਿਤੀ ਸਭ ਤੋਂ ਮਾੜੀ ਹੈ, ਜਿਸ ਵਿਰੁਧ ਉਸ ਦੇ 129 ਕਾਮਿਆਂ ਨੇ ਸ਼ਿਕਾਇਤਾਂ ਦਰਜ ਕਰਵਾਇਆਂ ਹਨ। ਇਨ੍ਹਾਂ ਵੱਲ ਮੁਲਾਜ਼ਮਾਂ ਦੀ ਕੁਲ 3.5 ਮਿਲੀਅਨ ਡਾਲਰ ਦੀ ਅਦਾਇਗੀ ਬਕਾਇਆ ਹੈ। ਅਲਬਰਟਾ ਦੇ ਤੇਲ ਦੇ ਸਰੋਤਾਂ 'ਤੇ ਕੈਨੇਡੀਅਨ ਨੈਚੁਰਲ ਰਿਸੋਰਸਿਸ ਪ੍ਰੋਜੈਕਟ 'ਤੇ ਕੰਮ ਕਰਦਿਆਂ ਦੋ ਚੀਨੀ ਮੁਲਾਜ਼ਮਾਂ ਦੀ ਹੋਈ ਮੌਤ ਕਾਰਨ ਇਸ ਕੰਪਨੀ 'ਤੇ ਅਲਬਰਟਾ ਦੀ ਆਕੂਪੇਸ਼ਨਲ ਹੈਲਥ ਐਂਡ ਸੇਫਟੀ ਐਕਟ ਦੇ ਤਹਿਤ ਦੋਸ਼ ਲੱਗੇ ਹੋਏ ਹਨ। ਇਸ ਕੰਪਨੀ ਤੋਂ ਇਲਾਵਾ ਪੰਜ ਹੋਰ ਕੰਪਨੀਆਂ ਦੋਸ਼ੀ ਹਨ, ਜਿਨ੍ਹਾਂ ਵਿਚ ਕਨਵਰਸ਼ਨ ਵਰਕਸ ਕਨੇਡਾ ਵੀ ਸ਼ਾਮਲ ਹੈ। ਹਸਿ ਨੇ 19 ਲੋਕਾਂ ਦੇ 682,000 ਡਾਲਰ ਦੇਣੇ ਹਨ, ਅਤੇ ਫਿਰ ਕੇ.ਪੀ. ਮੈਨੂਫੈਕਚਰਰਸ ਹੈ, ਜੋ ਕੈਲਗਰੀ ਵਿਖੇ ਸਥਾਪਤ ਲੱਕੜ ਦੇ ਕੰਮ ਸਬੰਧੀ ਕੰਪਨੀ ਹੈ, ਜਿਸ ਨੇ 17 ਲੋਕਾਂ ਦੇ 236,000 ਡਾਲਰ ਦੇਣੇ ਹਨ। ਇਸ ਸੂਚੀ 'ਚ ਅਗਲਾ ਨਾਂ ਮੈਡਿਸਿਨ ਹੈਟ ਦੇ ਸਾਊਥਵਿਊ ਕਿੱਡੀ ਕੈਂਪਸ ਡੇਅਕੇਅਰ ਕੰਪਨੀ ਦਾ ਆਉਂਦਾ ਹੈ, ਜਿਸ 'ਤੇ 51 ਲੋਕਾਂ ਦੀ 188,000 ਡਾਲਰ ਤੋਂ ਵੱਧ ਦੀ ਦੇਣਦਾਰੀ ਬਾਕੀ ਹੈ। ਇਸ ਸੂਚੀ ਦੀ ਪੰਜਵੇਂ ਨੰਬਰ ਦੀ ਕੰਪਨੀ ਲਾਈਫ ਟਾਇਮ ਸਟੁੱਕੋਐਂਡ ਪਲਾਸਟ੍ਰਿੰਗ ਹੈ ਜਿਸ ਨੇ 31 ਲੋਕਾਂ ਦਾ 187,000 ਡਾਲਰ ਦੇਣਾ ਹੈ। ਹੈਨਕਾਕ ਦਾ ਕਹਿਣਾ ਹੈ ਕਿ ਸਰਕਾਰ ਨੇ ਇਨ੍ਹਾਂ ਕੰਪਨੀਆਂ ਦੇ ਨਾਂ ਵੈੱਬਸਾਈਟ 'ਤੇ ਪਾ ਦਿੱਤੇ ਹਨ ਤਾਂ ਜੋ ਲੋਕ ਅਸਾਨੀ ਨਾਲ ਇਹ ਜਾਣ ਸਕਣ ਕਿ ਕਿਹੜੀ ਫਰਮ ਆਪਣੇ ਮੁਲਾਜ਼ਮਾਂ ਦਾ ਧਿਆਨ ਰੱਖਦੀ ਹੈ ਅਤੇ ਕਿਹੜੀ ਉਨ੍ਹਾਂ ਦਾ ਸਿਰਫ਼ ਖੂਨ ਨਿਚੋੜਦੀ ਹੈ।


Maple DENTAL CLINIC
DR. SANDEEP DHALIWAL DMD
ਦੰਦਾਂ ਸਬੰਧੀ ਹਰ ਬਿਮਾਰੀ ਦਾ ਇਲਾਜ
Take Home Whitening Kits
*with new patient exams & cleaning!*
Clinic Hours:
Monday & Friday: 9 am to 5 pm
Tuesday, Wednesday & Thursday: 11 am to 7 pm
Saturday: 9 am to 4 pm
Accepting New Patients
Services Provided
Cosmetic and preventive Dentistry including:
» Cleaning » Crowns & Bridges
» Invisalign » Partial & Full Dentures
» Fillings » Sports & Night Guards
» Root Canals » Teeth Whitening
» TMJ » Extractions
Appointments @ 780-440-5001
4444-36 Ave NW Edmonton, AB T6L 3S1

# ਪੰਜਾਬੀ ਆਰਟ ਐਸੋਸੀਏਸ਼ਨ ਆਫ਼ ਐਡਮਿੰਟਨ ਵੱਲੋਂ ਨਾਟਕ 'ਛਿਪਣ ਤੋਂ ਪਹਿਲਾਂ' ਤੇ 'ਫ਼ਾਈਲ ਚਲਦੀ ਰਹੀ' ਦੀ ਸਫ਼ਲ ਪੇਸ਼ਕਾਰੀ



**ਉਪਰ ਦਰਸ਼ਕਾਂ ਦੇ ਰੂ-ਬ-ਰੂ ਹੁੰਦੇ ਹੋਏ ਕਲਾਕਾਰ, ਹੇਠਾਂ ਸੰਬੋਧਨ ਕਰਦੇ ਹੋਏ ਜਸਵੀਰ ਦਿਓਲ, ਕੇਸਰ ਸਿੰਘ ਨੀਰ, ਮਾਸਟਰ ਬਚਿੱਤਰ ਸਿੰਘ, ਸੁਖਦੇਵ ਸਿਰਸਾ, ਜਸਪਾਲ ਢਿਲੋਂ ਤੇ ਲਾਡੀ ਸੂਸ, ਹਾਜ਼ਰ ਦਰਸ਼ਕ।**

ਐਡਮਿੰਟਨ (ਕਿਰਤਮੀਤ) : ਪੰਜਾਬੀ ਆਰਟ ਐਸੋਸੀਏਸ਼ਨ ਆਫ਼ ਐਡਮਿੰਟਨ ਦੇ ਸਥਾਨਕ ਕਲਾਕਾਰਾਂ ਵੱਲੋਂ ਪ੍ਰੋਗਰੈਸਿਵ ਪੀਪਲਜ਼ ਫ਼ਾਉਂਡੇਸ਼ਨ ਆਫ਼ ਐਡਮਿੰਟਨ ਦੇ ਸਹਿਯੋਗ ਨਾਲ 9 ਜੂਨ (ਸ਼ਨੀਵਾਰ) ਨੂੰ ਵਿਕਟੋਰੀਆ ਸਕੂਲ ਆਫ਼ ਆਰਟਸ ਵਿਖੇ ਦਰਸ਼ਕਾਂ ਦੀ ਭਰਪੂਰ ਹਾਜ਼ਰੀ ਵਿੱਚ ਦੋ ਨਾਟਕ ਖੇਡੇ ਗਏ। ਸ਼ਹੀਦ ਭਗਤ ਸਿੰਘ ਦੇ ਜੇਲ੍ਹ ਜੀਵਨ ਦੌਰਾਨ ਆਖ਼ਰੀ ਦਿਨਾਂ ਦੇ ਘਟਨਾਕ੍ਰਮ ਨੂੰ ਦਰਸਾਉਂਦਾ ਦਵਿੰਦਰ ਦਮਨ ਦਾ ਲਿਖਿਆ ਨਾਟਕ 'ਛਿਪਣ ਤੋਂ ਪਹਿਲਾਂ' ਅਤੇ ਭਾਰਤ ਦੇ ਮੌਜੂਦਾ ਸਰਕਾਰੀ ਤੰਤਰ ਦਾ ਹਾਲ ਦਰਸਾਉਂਦਾ ਜਤਿੰਦਰ ਬਰਾੜ ਦਾ ਲਿਖਿਆ ਨਾਟਕ 'ਫ਼ਾਈਲ ਚਲਦੀ ਰਹੀ' ਨੂੰ ਨਿਰਦੇਸ਼ਕ/ਕਲਾਕਾਰ ਜਸਪਾਲ ਢਿਲੋਂ ਵੱਲੋਂ ਨਿਰਦੇਸ਼ਤ ਕੀਤਾ ਗਿਆ। ਜਦਕਿ ਇਨ੍ਹਾਂ ਨਾਟਕਾਂ ਦੇ ਗੀਤ ਉਂਕਾਰਪ੍ਰੀਤ ਟੋਰਾਂਟੋ ਨੇ ਲਿਖੇ ਹਨ।

ਨਾਟਕ 'ਫ਼ਾਈਲ ਚਲਦੀ ਰਹੀ' ਨੇ ਜਿਥੇ ਹਾਸ-ਵਿਅੰਗ ਰਾਹੀਂ ਦਰਸ਼ਕਾਂ ਨੂੰ ਮੌਜੂਦਾ ਸਮੇਂ 'ਚ ਭਾਰਤ ਦੇ ਸਰਕਾਰੀ ਦਫ਼ਤਰਾਂ 'ਚ ਹੋ ਰਹੀ ਲੁੱਟ ਪ੍ਰਤੀ ਸੁਚੇਤ ਕੀਤਾ ਉਥੇ ਇਸ ਦੇ ਅੰਤ 'ਚ ਦਿਤੇ ਸੁਨੇਹੇ ਕਿ ਇਸ ਲੁੱਟ ਤੋਂ ਮੁਕਤੀ ਲਈ ਸਾਨੂੰ ਇੱਕਮੁੱਠ ਹੋਣਾ ਪਵੇਗਾ, ਨੇ ਲੋਕਾਂ ਨੂੰ ਸੋਚਣ ਲਈ ਮਜ਼ਬੂਰ ਵੀ ਕੀਤਾ। ਨਾਟਕ 'ਛਿਪਣ ਤੋਂ ਪਹਿਲਾਂ' ਦੌਰਾਨ ਭਗਤ ਸਿੰਘ ਤੇ ਬੋਘੇ ਦੇ ਸੰਵਾਦਾਂ ਨੇ ਦਰਸਕਾਂ ਨੂੰ ਪੂੰਜੀਪਤੀਆਂ ਵੱਲੋਂ ਮਨੁੱਖਤਾ ਦਾ ਕੀਤਾ ਜਾ ਰਿਹਾ ਘਾਣ ਤੇ ਕੁਦਰਤੀ ਖ਼ਜ਼ਾਨਿਆਂ ਦੀ ਲੁੱਟ ਬਾਰੇ ਵਿਸਥਾਰ ਨਾਲ ਦੱਸਿਆ। ਕਲਾਕਾਰਾਂ ਨੇ ਭਗਤ ਸਿੰਘ, ਜੇਲਰ ਖ਼ਾਨ, ਵਾਰਡਨ, ਵਕੀਲ ਮਹਿਤਾ ਅਤੇ ਸਿਪਾਹੀ ਦੀਆਂ ਭੂਮਿਕਾਵਾਂ ਨੂੰ ਬਾਖ਼ੂਬੀ ਪੇਸ਼ ਕੀਤਾ । ਆਪਣੀ ਮਾਂ ਨਾਲ ਭਗਤ ਸਿੰਘ ਦੀ ਜੇਲ੍ਹ ਦੌਰਾਨ ਆਖਰੀ ਮੁਲਾਕਾਤ ਨੂੰ ਏਨੀ ਕਮਾਲ ਨਾਲ ਪੇਸ਼ ਕੀਤਾ ਗਿਆ ਕਿ ਦਰਸ਼ਕ ਆਪਣੀਆਂ ਭਾਵਨਾਵਾਂ ਨੂੰ ਹੰਝੂਆਂ ਨਾਲ ਪ੍ਰਗਟ ਕਰਦੇ ਦਿਖਾਈ ਦਿਤੇ। ਦੋਹਾਂ ਨਾਟਕਾਂ ਦੀਆਂ ਵੱਖ-ਵੱਖ ਭੂਮਿਕਾਵਾਂ 'ਚ ਜੋਗਿੰਦਰ ਰੰਧਾਵਾ, ਜਸਬੀਰ ਸੰਘਾ, ਬਖ਼ਸ਼ ਸੰਘਾ, ਸਮੀਰ ਬੈਂਸ, ਅਵਨੀਤ ਰੰਧਾਵਾ, ਸੁਰਿੰਦਰ ਦਿਓਲ, ਸੋਨੀ ਗਿੱਲ, ਗੁਰਜੀਤ ਕੰਗ, ਸਨੀ ਧਾਲੀਵਾਲ, ਪ੍ਰਤੀਕ ਮਾਨ, ਕਿਰਤਮੀਤ ਕੁਹਾੜ ਸ਼ਾਮਿਲ ਸਨ। ਉਂਕਾਰਪ੍ਰੀਤ ਟੋਰਾਂਟੋ ਦੇ ਲਿਖੇ ਨਾਟਕਾਂ ਦੇ ਗੀਤਾਂ ਨੂੰ ਜੋਗਿੰਦਰ ਰੰਧਾਵਾ, ਜਸਬੀਰ ਸੰਘਾ, ਗੁਰਜੀਤ ਕੰਗ ਵੱਲੋਂ ਗਾਇਆ ਗਿਆ ਅਤੇ ਤਬਲੇ 'ਤੇ ਇੰਦਰਪਾਲ ਸਿੰਘ ਬਿੱਟੂ ਅਤੇ ਹਰਮੋਨੀਅਮ 'ਤੇ ਗੁਰਜੀਤ ਸਿੰਘ ਨੇ ਸਾਥ ਦਿੱਤਾ। ਜਦਕਿ ਨਾਟਕਾਂ 'ਚ ਵਰਤੇ ਸੈਟ ਨੂੰ ਬਲਜੀਤ ਲੱਲ ਨੇ ਬਣਾਇਆ। ਦਰਸ਼ਕਾਂ ਤੋਂ ਮਿਲੇ ਸੰਜੀਦਾ ਹੁੰਗਾਰੇ ਨੇ ਸਾਬਿਤ ਕਰ ਦਿੱਤਾ ਕਿ ਨਾਟਕਾਂ ਦੀ ਪੇਸ਼ਕਾਰੀ ਸਫ਼ਲ ਰਹੀ।

*"ਅੱਜ ਵੀ ਭਾਰਤ ਅਤੇ ਬਾਹਰ ਭਗਤ ਸਿੰਘ ਦਾ ਸੁਨੇਹਾ ਉਨ੍ਹਾਂ ਹੀ ਸਾਰਥਕ ਹੈ ਜਿਨ੍ਹਾਂ ਕਿ ਪਹਿਲਾਂ ਸੀ। ਅੱਜ ਵੱਖੋ-ਵੱਖ ਰਾਜਨੀਤਿਕ ਧਿਰਾਂ ਵੋਟਾਂ ਲੈਣ ਖ਼ਾਤਰ ਭਗਤ ਸਿੰਘ ਦਾ ਨਾਮ ਵਰਤ ਕੇ ਆਮ ਲੋਕਾਂ ਨੂੰ ਗੁੰਮਰਾਹ ਕਰ ਰਹੀਆਂ ਹਨ। ਕਸਬਿਆਂ, ਸ਼ਹਿਰਾਂ ਆਦਿ ਦੇ ਨਾਂ ਸ਼ਹੀਦਾਂ ਦੇ ਨਾਂਵਾਂ 'ਤੇ ਰੱਖੇ ਜਾ ਰਹੇ ਹਨ, ਭਗਤ ਸਿੰਘ ਦਾ ਬਿੰਬ ਪੱਗ, ਟੋਪੀ ਜਾਂ ਹਿੰਸਕ ਬਣਾ ਕੇ ਲੋਕਾਂ ਦੀਆਂ ਭਾਵਨਾਵਾਂ ਨਾਲ ਖੇਡਿਆ ਜਾ ਰਿਹਾ ਹੈ।"*

ਭਾਰਤ ਤੋਂ ਵਿਸ਼ੇਸ਼ ਤੌਰ 'ਤੇ ਪਹੁੰਚੇ ਪੰਜਾਬੀ ਚਿੰਤਕ/ਆਲੋਚਕ, ਚੇਅਰਮੈਨ ਪੰਜਾਬੀ ਵਿਭਾਗ, ਪੰਜਾਬ ਯੂਨੀਵਰਸਿਟੀ, ਚੰਡੀਗੜ੍ਹ ਅਤੇ ਪੰਜਾਬੀ ਸਾਹਿਤ ਅਕਾਦਮੀ, ਲੁਧਿਆਣਾ ਦੇ ਜਰਨਲ ਸਕੱਤਰ ਡਾ. ਸੁਖਦੇਵ ਸਿਰਸਾ ਨੇ ਆਪਣੇ ਭਾਸ਼ਣ 'ਚ ਕਿਹਾ ਕਿ ਪੰਜਾਬੀ ਆਰਟ ਐਸੋਸੀਏਸ਼ਨ ਅਤੇ ਇਸ ਦੀਆਂ ਸਹਿਯੋਗੀ ਸੰਸਥਾਵਾਂ ਬਹੁਤ ਹੀ ਔਖੀਆਂ ਪ੍ਰਸਥਿਤੀਆਂ 'ਚ ਵੀ ਅਗਾਂਹਵਧੂ ਪੰਜਾਬੀ ਨਾਟਕਾਂ ਦੀ ਪੇਸ਼ਕਾਰੀ ਨੂੰ ਨਿਰੰਤਰ ਜਾਰੀ ਰੱਖਣ ਲਈ ਵਧਾਈ ਦੀਆਂ ਹੱਕਦਾਰ ਹਨ। ਜਤਿੰਦਰ ਬਰਾੜ ਦੇ ਲਿਖੇ ਨਾਟਕ 'ਫ਼ਾਈਲ ਚਲਦੀ ਰਹੀ' 'ਤੇ ਆਪਣੀ ਪ੍ਰਤੀਕਿਰਿਆ ਜ਼ਾਹਰ ਕਰਦਿਆਂ ਉਨ੍ਹਾਂ ਕਿਹਾ ਕਿ ਸ਼ਹੀਦ ਭਗਤ ਸਿੰਘ, ਰਾਜਗੁਰੂ, ਸੁਖਦੇਵ, ਗਦਰੀ ਬਾਬਿਆਂ, ਸੁਤੰਤਰਤਾ ਸੰਗਰਾਮੀਆਂ ਵੱਲੋਂ ਆਮ ਲੋਕਾਂ ਲਈ ਚਿਤਵਿਆ ਨਿਜ਼ਾਮ ਉਨ੍ਹਾਂ ਤੋਂ ਕੋਹਾਂ ਦੂਰ ਹੀ ਨਹੀਂ ਬਲਕਿ ਅਜ਼ਾਦੀ ਉਪਰੰਤ ਹਾਲਾਤ ਬਦ ਤੋਂ ਬਦਤਰ ਹੋ ਗਏ ਹਨ। ਅਫ਼ਸਰਸ਼ਾਹੀ ਲੋਕਾਂ ਦੇ ਮਸਲੇ ਹੱਲ ਕਰਨ ਦੀ ਬਜਾਏ ਉਨ੍ਹਾਂ ਨੂੰ ਸਰਕਾਰ ਦੇ ਇਸ਼ਾਰਿਆਂ 'ਤੇ ਦਬਾ ਰਹੀ ਹੈ। ਆਮ ਜਨਤਾ ਨੂੰ ਥੰਮ ਰੂਪੀ ਲੋਟੂਆਂ ਤੋਂ ਬਚਾਉਣ ਲਈ ਇਕੱਠੇ ਹੋ ਕੇ ਹੰਭਲਾ ਮਾਰਣਾ ਪਵੇਗਾ। ਦਵਿੰਦਰ ਦਮਨ ਦੇ ਲਿਖੇ ਨਾਟਕ 'ਛਿਪਣ ਤੋਂ ਪਹਿਲਾਂ' ਬਾਰੇ ਉਨ੍ਹਾਂ ਕਿਹਾ ਕਿ ਇਸ ਤਰ੍ਹਾਂ ਦੇ ਅਗਾਹਵਧੂ ਨਾਟਕਾਂ ਦੇ ਸੁਨੇਹੇ ਨੂੰ ਦਰਸ਼ਕਾਂ ਤੱਕ ਜਰੂਰ ਪਹੁੰਚਾਉਣਾ ਚਾਹੀਦਾ ਹੈ। ਅੱਜ ਵੀ ਭਾਰਤ ਅਤੇ ਬਾਹਰ ਭਗਤ ਸਿੰਘ ਦਾ ਸੁਨੇਹਾ ਉਨ੍ਹਾਂ ਹੀ ਸਾਰਥਕ ਹੈ ਜਿਨ੍ਹਾਂ ਕਿ ਪਹਿਲਾਂ ਸੀ। ਅੱਜ ਵੱਖੋ-ਵੱਖ ਰਾਜਨੀਤਿਕ ਧਿਰਾਂ ਵੋਟਾਂ ਲੈਣ ਖ਼ਾਤਰ ਭਗਤ ਸਿੰਘ ਦਾ ਨਾਮ ਵਰਤ ਕੇ ਆਮ ਲੋਕਾਂ ਨੂੰ ਗੁੰਮਰਾਹ ਕਰ ਰਹੀਆਂ ਹਨ। ਕਸਬਿਆਂ, ਸ਼ਹਿਰਾਂ ਆਦਿ ਦੇ ਨਾਂ ਸ਼ਹੀਦਾਂ ਦੇ ਨਾਂਵਾਂ 'ਤੇ ਰੱਖੇ ਜਾ ਰਹੇ ਹਨ, ਭਗਤ ਸਿੰਘ ਦਾ ਬਿੰਬ ਪੱਗ, ਟੋਪੀ ਜਾਂ ਹਿੰਸਕ ਬਣਾ ਕੇ ਲੋਕਾਂ ਦੀਆਂ ਭਾਵਨਾਵਾਂ ਨਾਲ ਖੇਡਿਆ ਜਾ ਰਿਹਾ ਹੈ। ਭਗਤ ਸਿੰਘ ਤੇ ਉਸਦੇ ਸਾਥੀਆਂ ਦਾ ਨਿਸ਼ਾਨਾ ਕੇਵਲ ਅੰਗਰੇਜ਼ਾਂ ਤੋਂ ਮੁਕਤੀ ਨਹੀ ਸੀ, ਬਲਕਿ ਆਰਥਿਕ ਅਜ਼ਾਦੀ ਦੇ ਨਾਲ ਅਜਿਹੇ ਨਿਜ਼ਾਮ ਦੀ ਸਥਾਪਤੀ ਕਰਨਾ ਚਾਹੁੰਦੇ ਸਨ ਜਿਸ 'ਚ ਮਨੁੱਖ ਹੱਥੋ ਮਨੁੱਖ ਦੀ ਲੁੱਟ ਨਾ ਹੋਵੇ, ਹਰ ਇਕ ਨੂੰ ਆਪਣੀ ਗੱਲ ਕਹਿਣ ਦੀ ਪੂਰਨ ਅਜ਼ਾਦੀ ਹੋਵੇ, ਕਿਸੇ ਨੂੰ ਛੋਟਾ-ਵੱਡਾ ਨਾ ਸਮਝਿਆ ਜਾਵੇ ਤੇ ਹਰ ਇਕ ਨੂੰ ਬਰਾਬਰ ਦਾ ਅਧਿਕਾਰ ਹੋਵੇ। ਉਨ੍ਹਾਂ ਕਿਹਾ ਕਿ ਅਜੋਕੇ ਪੂੰਜੀਵਾਦੀਆਂ ਨੇ ਨਾ ਸਿਰਫ਼ ਆਪਣਾ ਚਿਹਰਾ ਹੀ ਬਦਲਿਆ ਹੈ ਬਲਕਿ ਦੇਸ਼ਾਂ ਦੀਆਂ ਸਰੱਹਦਾਂ ਨੂੰ ਵੀ ਵਿਸ਼ਵੀਕਰਨ ਦੇ ਨਾਮ ਤੇ ਖ਼ਤਮ ਕਰ ਦਿੱਤਾ ਹੈ । 'ਅਵਾਰਾ ਪੂੰਜੀ' ਦੇ ਇਸ ਦੌਰ 'ਚ ਅੱਜ ਭਗਤ ਸਿੰਘ ਦੇ ਵਿਚਾਰਾਂ ਨੂੰ ਸਮਝਣ ਦੀ ਬੇਹੱਦ ਜਰੂਰਤ ਹੈ ।

ਸਟੇਜ਼ ਸਕੱਤਰ ਦੀ ਭੂਮਿਕਾ ਨਿਭਾਉਂਦਿਆਂ ਜਸਵੀਰ ਦਿਓਲ ਨੇ ਪੰਜਾਬੀ ਆਰਟ ਐਸੋਸੀਏਸ਼ਨ ਆਫ਼ ਐਡਮਿੰਟਨ ਦੇ ਪਿਛੋਕੜ ਅਤੇ ਪ੍ਰੋਗਰੈਸਿਵ ਪੀਪਲਜ਼ ਫ਼ਾਉਂਡੇਸ਼ਨ ਆਫ਼ ਐਡਮਿੰਟਨ ਦੀਆਂ ਗਤੀਵਿਧੀਆਂ 'ਤੇ ਚਾਨਣਾ ਪਾਉਦਿਆਂ ਦੱਸਿਆ ਕਿ ਪੰਜਾਬੀ ਆਰਟ ਐਸੋਸੀਏਸ਼ਨ ਦੇ ਸਥਾਨਕ ਕਲਾਕਾਰਾਂ ਵੱਲੋਂ ਲੰਮੇ ਸਮੇਂ ਤੋਂ ਵੱਖ-ਵੱਖ ਨਿਰਦੇਸ਼ਕਾਂ ਦੀ ਨਿਰਦੇਸ਼ਨਾਂ ਹੇਠ ਉਸਾਰੂ ਤੇ ਅਗਾਂਹਵਧੂ ਪੰਜਾਬੀ ਨਾਟਕਾਂ ਦੀ ਪੇਸ਼ਕਾਰੀ ਕੀਤੀ ਜਾ ਰਹੀ ਹੈ। ਲੋਕਪੱਖੀ ਰੰਗਮੰਚ ਨੂੰ ਸਮਰਪਿਤ ਰਹੇ ਗੁਰਸ਼ਰਨ ਸਿੰਘ ਦੀ ਦੇਖ-ਰੇਖ ਹੇਠ 'ਤੂਤਾਂ ਵਾਲਾ ਖੂਹ', ਜਸਪਾਲ ਢਿੱਲੋਂ ਦੀ ਨਿਰਦੇਸ਼ਨਾਂ ਹੇਠ ਗਿਆਨੀ ਕੇਸਰ ਸਿੰਘ ਦੀਆਂ ਲਿਖਤਾਂ 'ਤੇ ਅਧਾਰਿਤ ਨਾਟਕ ਕਾਮਾਗਾਟਾਮਾਰੂ, ਸੰਜੀਵਨ ਸਿੰਘ ਦੀ ਲਿਖਿਆ ਤੇ ਉਨ੍ਹਾਂ ਦੀ ਦੇਖਰੇਖ ਹੇਠ ਨਾਟਕ ਫ਼ਰੀਡਮ ਫ਼ਾਈਟਰ, ਡਾ. ਆਤਮਜੀਤ ਦਾ ਨਾਟਕ ਕੈਮਲੂਸ ਦੀਆਂ ਮੱਛੀਆਂ, ਰਿਸ਼ਤਿਆਂ ਦਾ ਕੀ ਰੱਖੀਏ ਨਾਂ, ਕੇਵਲ ਧਾਲੀਵਾਲ ਨਾਲ ਕੁਦੇਸਣ, ਅਜੀਤਰਾਮ ਤੋਂ ਇਲਾਵਾ ਗਾਨੀ, ਪੁਨਰ ਜਨਮ ਆਦਿ ਨਾਟਕ ਸ਼ਮਿਲ ਹਨ।

ਪ੍ਰੋਗਰੈਸਿਵ ਪੀਪਲਜ਼ ਫ਼ਾਉਂਡੇਸ਼ਨ ਦੀਆਂ ਗਤੀਵਿਧੀਆਂ 'ਤੇ ਚਾਨਣਾ ਪਾਉਦਿਆਂ ਉਨ੍ਹਾਂ ਕਿਹਾ ਕਿ ਇਹ ਸੰਸਥਾ, 4 ਜਥੇਬੰਦੀਆਂ ਜਿਨ੍ਹਾਂ 'ਚ ਪੰਜਾਬੀ ਆਰਟ ਐਸੋਸੀਏਸ਼ਨ ਆਫ਼ ਐਡਮਿੰਟਨ, ਪੰਜਾਬੀ ਕਲਚਰਲ ਐਸੋਸੀਏਸ਼ਨ ਆਫ਼ ਅਲਬਰਟਾ, ਮੇਪਲ ਲੀਫ਼ ਰਾਈਟਰਜ਼ ਫ਼ਾਊਂਡੇਸ਼ਨ, ਸੈਕੂਲਰ ਪੀਪਲਜ਼ ਐਸੋਸੀਏਸ਼ਨ ਸ਼ਾਮਿਲ ਹਨ, ਸਮੇਂ-ਸਮੇਂ 'ਤੇ ਸੈਮੀਨਾਰ, ਨਾਟਕ, ਕਵੀ ਦਰਬਾਰ ਆਦਿ ਕਰਵਾਉਦੀ ਰਹੀ ਹੈ। ਇਹ ਸੰਸਥਾ ਪੰਜਾਬ ਯੂਨਾਇਟਡ ਸਪੋਰਟਸ ਐਂਡ ਹੈਰੀਟੇਜ਼ ਐਸੋਸੀਏਸ਼ਨ ਆਫ ਐਡਮਿੰਟਨ ਨਾਲ ਮਿਲ ਕੇ ਹਰ ਸਾਲ ਸ਼ਹੀਦ ਭਗਤ ਸਿੰਘ ਦੇ ਨਾਂ ਤੇ ਸੌਕਰ ਕੈਂਪ ਤੇ ਟੂਰਨਾਮੈਂਟ ਕਰਵਾ ਰਹੀ ਹੈ। ਲਾਡੀ ਸੂਸ ਵੱਲੋਂ ਸ਼ਹੀਦ ਭਗਤ ਸਿੰਘ ਨੂੰ ਸਮਰਪਿਤ ਕਵਿਤਾ 'ਲੋਕੀ ਰਹਿਣਗੇ ਲੜਦੇ, ਜਦ ਤੱਕ ਝੂਠ ਨੇ ਤਖ਼ਤ ਤੇ ਬਹਿਣਾ', ਕੈਲਗਰੀ ਤੋਂ ਵਿਸ਼ੇਸ਼ ਤੌਰ 'ਤੇ ਪੁਹੰਚੇ ਕੇਸਰ ਸਿੰਘ ਨੀਰ ਨੇ 'ਖਲੋਤੇ ਪਾਣੀਆਂ ਦੀ ਵੀ ਕੋਈ ਗੱਲ ਹੈ ਯਾਰਾ, ਕਰੋ ਜੇ ਕਰਨੀਆਂ ਹਨ ਸੰਗਰਾਮਾਂ ਦੀਆਂ ਗੱਲਾਂ', ਮਾਸਟਰ ਬਚਿੱਤਰ ਸਿੰਘ ਨੇ ਬਾਬੂ ਰਜ਼ਬ ਅਲੀ ਦੀ ਕਵੀਸ਼ਰੀ 'ਪੰਜ ਪਿਸਤੌਲਾਂ ਵਾਲੇ ਕਰਦੇ ਫ਼ਾਇਰ ਫ਼ਰੰਗੀ 'ਤੇ' ਸੁਣਾਈ।




**Now More Locations To Serve You Better**

**Preparing you for a safe & healthy journey**

Offering National & International Travel Vaccines

ਸੁੱਰਖਿਅਤ ਤੇ ਸਿਹਤਮੰਦ ਸਫ਼ਰ/ਵਾਪਸੀ ਲਈ ਸਾਡੇ ਕੋਲੋਂ ਟੀਕੇ ਜ਼ਰੂਰ ਲਵਾਓ।

Atlas Immunization Services

Phone: 780 465 5150

www.atlasimmunization.com

Suite 104, 7633-50 St. Edmonton (Meridian Place)

# ਸੀਨੀਅਰ ਸੁਸਾਇਟੀ ਨੇ ਧੂਮ-ਧਾਮ ਨਾਲ ਮਨਾਇਆ 'ਕਨੇਡਾ ਦਿਵਸ'
## ਅਮਰਜੀਤ ਪੁਰੇਵਾਲ ਦੀ ਕਵਿਤਾ ਰਹੀ ਚਰਚਾ ਦਾ ਵਿਸ਼ਾ




ਐਡਮਿੰਟਨ (ਨਦਬ)-ਮਿਲਵੁਡਜ਼ ਕਲਚਰਲ ਸੁਸਾਇਟੀ ਆਫ਼ ਰਿਟਾਇਰਡ ਐਂਡ ਸੈਮੀ ਰਿਟਾਇਰਡ ਵੱਲੋਂ ਆਪਣੇ ਦਫ਼ਤਰ ਵਿਖੇ 145ਵਾਂ 'ਕਨੇਡਾ ਦਿਵਸ' ਮਵਾਇਆ ਗਿਆ। ਸਮਾਗਮ ਦੀ ਸ਼ੁਰੂਆਤ ਮੁੱਖ ਮਹਿਮਾਨ ਅਲਬਰਟਾ ਵਿਧਾਨ ਸਭਾ ਦੇ ਸਪੀਕਰ ਜੀਨ ਜਵੈਜਡੈਸਕੀ ਚੱਲੋਂ ਝੰਡਾ ਲਹਿਰਾ ਕੇ ਕੀਤੀ ਗਈ ਅਤੇ ਕਨੇਡਾ ਦੇ ਰਾਸ਼ਟਰੀ ਗੀਤ 'ਓ ਕੈਨੇਡਾ' ਗਾਇਆ ਗਿਆ। ਉਪਰੰਤ ਸੁਸਾਇਟੀ ਦੇ ਪ੍ਰਧਾਨ ਸਰਵਣ ਸਿੰਘ ਦੁਸਾਂਝ ਨੇ ਆਪਣੇ ਸੰਬੋਧਨੀ ਭਾਸ਼ਣ 'ਚ ਜਿਥੇ ਹਾਜ਼ਰ ਮਹਿਮਾਨਾਂ ਨੂੰ ਜੀ ਆਇਆ ਕਿਹਾ ਉਥੇ ਹੀ ਉਨਾਂ ਨੇ ਸੁਸਾਇਟੀ ਦੇ ਕਾਰਜ਼ਾਂ ਬਾਰੇ ਵੀ ਚਾਨਣਾ ਪਾਇਆ। ਐਮ.ਐਲ.ਏ. ਐਲਸਰਲੀ ਨਰੇਸ਼ ਭਾਰਦਵਾਜ ਨੇ ਸੰਬੋਧਨ ਕਰਦੇ ਹੋਏ ਕਿਹਾ ਕਿ ਸੁਸਾਇਟੀ ਵੱਲੋਂ ਉਨਾਂ ਨੂੰ ਸਮੇਂ-ਸਮੇਂ 'ਤੇ ਮਾਰਗ ਦਰਸ਼ਨ ਕੀਤਾ ਗਿਆ ਹੈ ਤੇ ਸੁਸਾਇਟੀ ਹਰ ਸਮਾਗਮ ਨੂੰ ਬੜੇ ਉਤਸ਼ਾਹ ਨਾਲ ਮਨਾਉਂਦੀ ਹੈ।

ਸੰਸਦ ਮੈਂਬਰ ਮਾਈਕ ਲੇਕ ਨੇ ਕਿਹਾ ਕਿ ਜਿਸ ਤਰ੍ਹਾਂ ਸੁਸਾਇਟੀ ਪੰਜਾਬੀ ਭਾਈਚਾਰੇ ਦੀ ਅਗਵਾਈ ਕਰਦੀ ਹੈ ਉਹ ਕਬਕ-ਏ-ਤਰੀਫ਼ ਹੈ। ਉਨ੍ਹਾਂ ਕਿਹਾ ਕਿ ਉਹ ਸੁਸਾਇਟੀ ਦੇ ਕਈ ਮੈਂਬਰਾਂ ਨੂੰ ਸੰਸਦ ਮੈਂਬਰ ਬਣਨ ਤੋਂ ਪਹਿਲਾਂ ਹੀ ਜਾਣਦੇ ਹਨ ਤੇ ਮੈਂਬਰ ਉਸ ਵੇਲੇ ਵੀ ਉਨ੍ਹਾਂ ਦੀ ਸਹਾਇਤਾ ਕਰਦੇ ਸਨ। ਐਮ.ਐਲ.ਏ. ਮਿਲਵੁਡਜ਼ ਸੁਹੇਲ ਕਾਦਰੀ ਨੇ ਆਪਣੇ ਭਾਸ਼ਣ ਦੀ ਸ਼ੁਰੂਆਤ ਹਾਸੇ-ਮਜਾਕ 'ਚ ਵਿਧਾਨ ਸਭਾ ਦੀ ਕਾਰਵਾਈ ਵਾਂਗ ਮੁੱਖ ਮਹਿਮਾਨ ਅਲਬਰਟਾ ਵਿਧਾਨ ਸਭਾ ਦੇ ਸਪੀਕਰ ਜੀਨ ਜਵੈਜਡੈਸਕੀ ਤੋਂ ਇਜ਼ਾਜਤ ਲੈ ਕੇ ਕੀਤੀ। ਸੁਹੇਲ ਨੇ ਕਿਹਾ ਕਿ ਉਹ ਐਮ.ਐਲ.ਏ. ਬਣਨ ਤੋਂ ਪਹਿਲਾਂ ਵੀ ਕਈ ਵਾਰ ਸੁਸਾਇਟੀ ਦੇ ਸਮਾਗਮਾਂ 'ਚ ਸ਼ਿਰਕਤ ਕਰ ਚੁੱਕੇ ਹਨ ਤੇ ਹਰ ਵਾਰ ਇੱਥੇ ਆ ਕੇ ਉਨ੍ਹਾਂ ਨੂੰ ਘਰ ਵਾਂਗ ਹੀ ਮਹਿਸੂਸ ਹੁੰਦਾ ਹੈ। ਉਨ੍ਹਾਂ ਅਗੇ ਕਿਹਾ ਕਿ ਲੋਕ ਕਨੇਡਾ ਨੂੰ 'ਬਹੁ-ਸਭਿਆਚਾਰੀ' ਤੇ ਸ਼ਾਂਤੀ ਪਸੰਦ ਦੇਸ਼ ਕਰਕੇ ਹੀ ਇਥੇ ਵੱਸਣ ਨੂੰ ਤਰਜ਼ੀਹ ਦਿੰਦੇ ਹਨ। ਸਿਟੀ ਕੌਂਸਲਰ ਅਮਰਜੀਤ ਸੋਹੀ ਨੇ ਹਾਜ਼ਰੀਨ ਨੂੰ ਕਨੇਡਾ ਦਿਵਸ ਦੀ ਵਧਾਈ ਦਿੰਦੇ ਹੋਏ ਕਿਹਾ ਕਿ ਕਨੇਡਾ ਹਮੇਸ਼ਾਂ ਤੋਂ ਹੀ ਉਨ੍ਹਾਂ ਲੋਕਾਂ ਨੂੰ ਆਪਣੀ ਬੁੱਕਲ 'ਚ ਲੈਂਦਾ ਰਿਹਾ ਹੈ ਜੋ ਮਿਹਨਤੀ ਤੇ ਅਮਨ ਪਸੰਦ ਹੋਣ। ਉਨ੍ਹਾਂ ਕਿਹਾ ਕਿ ਸੁਸਾਇਟੀ ਦੇ ਮੈਂਬਰ ਮਿਹਨਤੀ ਹੈ ਤੇ ਅਜਿਹੇ ਸਮਾਗਮਾਂ ਨੂੰ ਬੜੇ ਉਤਸ਼ਾਹ ਨਾਲ ਮਨਾਉਦੀ ਆਈ ਹੈ। ਸਮਾਗਮ 'ਚ ਲਾਡੀ ਸੂਸ ਨੇ ਗੀਤ 'ਮਾਪੇ ਸੰਭਾਲੋ, ਨਸ਼ੇ ਛਡਾਉ ਅਕਲਾਂ ਦਿਉ ਧਆਿਂ ਨੂੰ', ਪੱਪੂ ਜੋਗਰ ਨੇ 'ਸੱਦੋ ਨੀ ਮੈਨੂੰ ਰਾਝਾਂ' ਸੁਰਿੰਦਰ ਲਾਡੀ ਨੇ 'ਮਾਏ ਨੀ ਤੇਰੀ ਯਾਦ ਸਤਾਏ ਵਿੱਚ ਪ੍ਰਦੇਸਾਂ ਦੇ' ਸੁਣਾਇਆ। ਅਮਰਜੀਤ ਪੁਰੇਵਾਲ ਨੇ ਕਵਿਤਾ 'ਐਵੇ ਗਰੀਬਾਂ ਨੂੰ ਠੁੱਡੇ ਨਾ ਮਾਰ, ਨੀ ਮਾਏ ਕਨੇਡਾ ਮੇਰੀਏ' ਰਾਹੀਂ ਕਨੇਡਾ ਸਰਕਾਰ ਵੱਲੋਂ ਸਮੇਂ-ਸਮੇਂ ਕੀਤੀਆਂ ਜਾਦੀਆਂ ਸਥਾਈ ਵੱਸਣ ਦੀਆਂ ਤਬਲੀਆਂ ਜਿਵੇਂ ਸੁਪਰ ਵੀਜ਼ਾ, ਬੁਢਾਪਾ ਪੈਨਸ਼ਨਾਂ, ਮਹਿੰਗੀਆਂ ਦਵਾਈਆਂ ਆਦਿ 'ਤੇ ਤਿੱਖਾ ਹਮਲਾ ਕੀਤਾ।

ਸਮਾਗਮ ਦੌਰਾਨ 80 ਸਾਲ ਦੀ ਉਮਰ ਪੂਰੀ ਕਰਨ ਵਾਲੇ ਸੁਸਾਇਟੀ ਦੇ ਮੈਂਬਰਾਂ, ਇੰਨਡੋਰ ਖੇਡਾਂ 'ਚ ਜੇਤੂ ਰਹਿਣ ਵਾਲਿਆਂ ਤੇ ਹੋਰ ਖੇਤਰਾਂ 'ਚ ਮੱਲਾਂ ਮਾਰਨ ਵਾਲੇ ਬਜ਼ੁਰਗਾਂ ਨੂੰ ਸਨਮਾਨਿਤ ਵੀ ਕੀਤਾ ਗਿਆ। ਸਟੇਜ ਸਕੱਤਰ ਦੀ ਭੂਮਿਕਾ ਬਲਬੀਰ ਕੁਲਾਰ ਨੇ ਨਿਭਾਈ।

# ਆਈਸ ਹਾਕੀ ਦੀ ਪੰਜਾਬੀ 'ਚ ਕੁਮੈਂਟਰੀ ਕਰਨ ਵਾਲੇ ਤਿੰਨ ਪੰਜਾਬੀਆਂ ਦਾ ਸਨਮਾਨ

ਕੈਲਗਰੀ (ਨਦਬ)- ਕੈਨੇਡਾ ਦੀ ਨੈਸ਼ਨਲ ਖੇਡ ਆਈਸ ਹਾਕੀ ਦੀ ਪੰਜਾਬੀ ਵਿਚ ਕੁਮੈਂਟਰੀ ਕਰਨ ਵਾਲੇ ਤਿੰਨ ਪੰਜਾਬੀਆਂ ਹਰਨਰੈਣ ਸਿੰਘ,ਇੰਦਰਪ੍ਰੀਤ ਸਿੰਘ ਕੰਮੋ ਅਤੇ ਭੋਲਾ ਸਿੰਘ ਚੌਹਾਨ ਨੂੰ ਸੋਹੀ ਭਰਾਵਾਂ ਦੇ ਡਿਵਾਈਨ ਹੋਮਜ਼ ਵੱਲੋਂ ਸਨਮਾਨਤ ਕੀਤਾ ਗਿਆ। ਸੀ.ਬੀ.ਸੀ. ਚੈਨਲ ਉੱਪਰ ਪ੍ਰਸਾਰਤ ਹੁੰਦੀ ਇਸ ਅੰਗਰੇਜ਼ੀ ਖੇਡ ਦਾ ਪੰਜਾਬੀ ਵਿਚ ਨਾਲੋ ਨਾਲ ਤਰਜ਼ਮਾ ਕਰਕੇ ਇਨ੍ਹਾਂ ਤਿੰਨਾਂ ਨੌਜਵਾਨਾਂ ਨੇ ਜਿੱਥੇ ਇਸ ਖੇਡ ਨੂੰ ਪੰਜਾਬੀਆ ਵਿਚ ਹਰਮਨ ਪਿਆਰਾ ਬਣਾਇਆ ਹੈ,ਉੱਤੇ ਪੰਜਾਬੀ ਬੋਲੀ ਨੂੰ ਵੀ ਕੈਨੇਡਾ ਭਰ ਵਿਚ ਬਣਦਾ ਮਾਣ ਦਿਵਾਉਣ ਵਿਚ ਵਧੀਆ ਰੋਲ ਅਦਾ ਕੀਤਾ ਹੈ। ਇਸ ਮੌਕੇ ਮੈਂਬਰ ਪਾਰਲੀਮੈਂਟ ਦਵਿੰਦਰ ਸੋਰੀ, ਅਲਬਰਟਾ ਦੇ ਸਰਵਿਸਿਜ਼ ਮੰਤਰੀ ਮਨਮੀਤ ਭੁੱਲਰ ਅਤੇ ਵਿਧਾਇਕ ਦਰਸ਼ਨ ਕੰਗ ਨੇ ਵਿਸ਼ੇਸ਼ ਤੌਰ 'ਤੇ ਇਨ੍ਹਾਂ ਤਿੰਨੇ ਨੌਜਵਾਨਾਂ ਨੂੰ ਕੈਨੇਡਾ ਅਤੇ ਅਲਬਰਟਾ ਸਰਕਾਰ ਵੱਲੋਂ ਵੀ ਮਾਣ ਪੱਤਰ ਦੇ ਕੇ ਮਾਣ ਵਧਾਇਆ। ਬੁਲਾਰਿਆਂ ਵਿਚ ਡੈਨ ਸਿੱਧੂ, ਸੱਤਪਾਲ ਕੌਸ਼ਲ, ਰਾਮ ਰਘਵੀਰ ਸਿੰਘ ਚਾਹਲ, ਹਰਬੰਸ ਸਿੰਘ ਗਿੱਲ, ਬਲਜਿੰਦਰ ਵਿੱਲੋਂ ਦੇ ਨਾਂ ਵਰਨਣਯੋਗ ਹਨ। ਇਸ ਸਮਾਗਮ ਨੂੰ ਸੀ.ਬੀ.ਸੀ.ਟੀ.ਵੀ. ਚੈਨਲ ਨੇ ਵੀ ਦਿਖਾਇਆ।



# ਕੈਨੇਡਾ ਵੱਲੋਂ ਫੀਸਾਂ ਮੋੜਨ ਦਾ ਕੰਮ ਸ਼ੁਰੂ ?

**ਮਾਮਲਾ ਇਮੀਗ੍ਰੇਸ਼ਨ ਦੇ 2008 ਤੋਂ ਪਹਿਲਾਂ ਵਾਲੇ ਕੇਸਾਂ ਦਾ**

ਟੋਰਾਂਟੋ (ਨਦਬ)-ਆਪਣੀ ਯੋਗਤਾ ਦੇ ਆਧਾਰ 'ਤੇ ਕੈਨੇਡਾ ਦੀ ਇੰਮੀਗ੍ਰੇਸ਼ਨ ਅਪਲਾਈ ਕਰਕੇ ਵੀਜੇ ਦੀ ਉਡੀਕ ਕਰ ਰਹੇ ਉਨ੍ਹਾਂ ਲੋਕਾਂ ਲਈ ਇਹ ਖ਼ਬਰ ਉਦਾਸ ਕਰਨ ਵਾਲੀ ਹੈ ਕਿ ਕੈਨੇਡਾ ਦੇ ਇੰਮੀਗ੍ਰੇਸ਼ਨ ਮੰਤਰਾਲੇ ਵੱਲੋਂ ਜਾਰੀ ਕੀਤੀਆਂ ਗਈਆ ਤਾਜ਼ਾ ਹਦਾਇਤਾਂ ਅਨੁਸਾਰ ਸਕਿੱਲਡ ਵਰਕਰਜ਼ ਕੈਟੇਗਰੀ ਹੇਠ 27 ਫਰਵਰੀ 2008 ਤੋਂ ਪਹਿਲਾਂ ਅਪਲਾਈ ਕੀਤੇ ਹੋਏ ਕੇਸ ਫੀਸ ਸਮੇਤ ਵਾਪਿਸ ਕਰਨ ਦਾ ਕੰਮ ਸ਼ੁਰੂ ਹੋ ਗਿਆ ਹੈ। ਵਿਭਾਗ ਵੱਲੋਂ 29 ਜੂਨ 2012 ਨੂੰ ਅਪ੍ਰੇਸ਼ਨਲ ਬੁਲੇਟਿਨ 442 ਜਾਰੀ ਕੀਤਾ ਗਿਆ ਹੈ ਜਿਸ ਵਿਚ ਇੰਮੀਗ੍ਰੇਸ਼ਨ ਅਧਿਕਾਰੀਆਂ ਨੂੰ 29 ਜੂਨ ਤੋਂ ਹੀ ਉਪਰੋਕਤ ਕੇਸਾਂ ਦੀਆਂ ਫਾਇਲਾਂ ਬੰਦ ਕਰਕੇ ਅਰਜ਼ੀਕਰਤਾਵਾਂ ਨੂੰ ਫੀਸ ਰਿਫੰਡ ਕਰਨ ਦੀ ਹਦਾਇਤ ਦਿੱਤੀ ਗਈ ਹੈ। ਬੁਲੇਟਿਨ ਅਨੁਸਾਰ ਜਿਨ੍ਹਾਂ ਕੇਸਾਂ ਬਾਰੇ ਕੈਨੇਡਾ ਦੇ ਵੀਜ਼ਾ ਅਫਸਰਾਂ ਵੱਲੋਂ 29 ਮਾਰਚ 2012 ਤੋਂ ਪਹਿਲਾਂ ਅਰਜ਼ੀਕਰਤਾਵਾਂ ਦੇ ਸਕਿੱਲਡ ਵਰਕਰ ਵਜੋਂ ਯੋਗ ਹੋਣ ਬਾਰੇ ਨਿਰਣਾ ਨਹੀਂ ਲਿਆ ਗਿਆ ਉਹ ਸਾਰੇ ਕੇਸ ਬੰਦ ਕਰ ਦਿੱਤੇ ਜਾਣੇ ਹਨ। ਜਿਨ੍ਹਾਂ ਲੋਕਾਂ ਦੀ ਯੋਗਤਾ 29 ਮਾਰਚ 2012 ਤੋਂ ਪਹਿਲਾਂ ਨਿਰਧਾਰਤ ਹੋ ਚੁੱਕੀ ਸੀ ਉਨ੍ਹਾਂ ਦੇ ਕੇਸ ਵਾਪਿਸ ਨਹੀਂ ਕੀਤੇ ਜਾਣਗੇ ਅਤੇ ਆਖਰੀ ਫੈਸਲਾ ਹੋਣ ਤੱਕ ਕੇਸ ਚਲਦਾ ਰਹੇਗਾ ਪਰ ਜਿਨ੍ਹਾਂ ਕੇਸਾਂ ਦੀ ਯੋਗਤਾ 29 ਮਾਰਚ 2012 ਤੋਂ ਬਾਅਦ ਨਿਰਧਾਰਤ ਕੀਤੀ ਗਈ ਪਰ 29 ਜੂਨ 2012 ਤੋਂ ਪਹਿਲਾਂ ਆਖਰੀ ਫੈਸਲਾ ਨਹੀਂ ਲਿਆ ਜਾ ਸਕਿਆ ਉਹ ਸਾਰੇ ਕੇਸ ਵੀ ਬੰਦ ਕਰਕੇ ਫੀਸਾਂ ਮੋੜ ਦਿੱਤੀਆਂ ਜਾਣਗੀਆਂ। ਫੀਸ ਵਾਪਿਸ ਕਰਨ ਤੋਂ ਪਹਿਲਾਂ ਦੂਤ ਘਰ ਵੱਲੋਂ ਅਰਜ਼ੀਕਰਤਾਵਾਂ ਨੂੰ ਇਸ ਬਾਰੇ ਚਿੱਠੀਆਂ ਰਾਹੀਂ ਸੂਚਿਤ ਕੀਤਾ ਜਾਵੇਗਾ। ਚਿੱਠੀ ਦਾ ਜਵਾਬ ਭਾਵ ਪਤੇ ਆਦਿ ਦੀ ਦਰੁਸਤੀ ਮਿਲਣ ਤੋਂ ਬਾਅਦ ਦੂਤ ਘਰ ਵਲੋਂ ਫੀਸ ਮੋੜੀ ਜਾਵੇਗੀ। ਦਿਲਚਸਪ ਗੱਲ ਇਹ ਹੈ ਕਿ ਇਸ ਮਾਮਲੇ ਵਿਚ ਕੈਨੇਡਾ ਦੇ ਇੰਮੀਗ੍ਰੇਸ਼ਨ ਮੰਤਰਾਲੇ ਵਿਰੁੱਧ ਹਜ਼ਾਰਾਂ ਪੰਜਾਬੀਆਂ ਸਮੇਤ ਸੰਸਾਰ ਭਰ ਦੇ ਤਕਰੀਬਨ ਪੌਣੇ ਤਿੰਨ ਲੱਖ (ਨਿਰਾਸ਼) ਅਰਜੀਕਰਤਾਵਾਂ ਨੇ ਆਪੋ-ਆਪਣੇ ਵਸੀਲੇ ਨਾਲ ਇੰਮੀਗ੍ਰੇਸ਼ਨ ਐਂਡ ਰਫਿਊਜ਼ੀ ਪ੍ਰੋਟੈਕਸ਼ਨ ਐਕਟ ਦੀ ਧਾਰਾ 87.4 ਤਹਿਤ ਕਾਨੂੰਨੀ ਚਾਰਾਜੋਈ ਕੀਤੀ ਹੈ। ਇਸ ਕਰਕੇ ਵਾਪਸ ਕੀਤੇ ਜਾ ਰਹੇ ਕੇਸਾਂ ਦੀਆਂ ਫਾਈਲਾਂ ਅਤੇ ਦਸਤਾਵੇਜ਼ ਕੈਨੇਡਾ ਦਾ ਇੰਮੀਗ੍ਰੇਸ਼ਨ ਵਿਭਾਗ ਘੱਟ ਤੋਂ ਘੱਟ ਅਗਲੇ ਦੋ ਸਾਲ ਸੰਭਾਲ ਕੇ ਰੱਖੇਗਾ ਤਾਂ ਜੋ ਅਦਾਲਤ ਦੇ ਫੈਸਲੇ ਅਨੁਸਾਰ ਕੇਸ ਮੁੜ ਖੋਲ੍ਹਣ ਵਿਚ ਰੁਕਾਵਟ ਨਾ ਪਵੇ। ਜਦਕਿ ਕੈਨੇਡਾ ਨੂੰ ਇਮੀਗ੍ਰੇਸ਼ਨ ਅਰਜ਼ੀਆਂ 'ਤੇ 6 ਤੋਂ 12 ਮਹੀਨੇ ਤੱਕ ਦਾ ਫੈਸਲਾ ਲੈਣਾ ਹੁੰਦਾ ਹੈ, ਪਰ ਇਸ 'ਤੇ ਚਾਰ ਸਾਲ ਤੱਕ ਦਾ ਸਮਾਂ ਲੱਗ ਰਿਹਾ ਹੈ। ਅਰਜ਼ੀਆਂ ਦੀ ਗਿਣਤੀ ਘੱਟ ਕਰਨ ਲਈ 2008 ਤੋਂ ਪਹਿਲਾਂ ਦੀਆਂ ਅਰਜ਼ੀਆਂ ਨੂੰ ਵਾਪਸ ਕਰਨ ਦਾ ਫੈਸਲਾ ਲਿਆ ਗਿਆ ਸੀ।

ਜਿਕਰਯੋਗ ਹੈ ਕਿ ਫੈਡਰਲ ਸਰਕਾਰ ਨੂੰ ਉਸ ਵੇਲੇ ਵੱਡਾ ਝਟਕਾ ਲੱਗਿਆ ਸੀ ਜਦੋਂ ਫੈਡਰਲ ਅਦਾਲਤ ਨੇ ਇਹ ਫੈਸਲਾ ਸੁਣਾਇਆ ਸੀ ਕਿ ਇਮੀਗ੍ਰੇਸ਼ਨ ਲਈ ਆਈਆਂ ਅਰਜ਼ੀਆਂ ਦੇ ਢੇਰ ਨੂੰ ਘਟਾਉਣ ਲਈ ਉਨ੍ਹਾਂ ਨੂੰ ਮੋੜ ਦੇਣਾ ਜਾਂ ਉਨ੍ਹਾਂ ਉਤੇ ਗੌਰ ਹੀ ਨਾ ਕਰਨ ਦੀ ਕੋਈ ਤੁਕ ਨਹੀਂ ਬਣਦੀ। ਅਦਾਲਤ ਨੇ ਸਰਕਾਰ ਨੂੰ ਹੁਕਮ ਦਿੱਤਾ ਸੀ ਕਿ ਉਨ੍ਹਾਂ ਨੂੰ ਸਾਰੀਆਂ ਅਰਜ਼ੀਆਂ ਨੂੰ ਹੀ ਉਨ੍ਹਾਂ ਨੂੰ ਵਿਚਾਰਨਾ ਹੋਵੇਗਾ। ਇਥੇ ਇਹ ਵੀ ਜ਼ਿਕਰਯੋਗ ਹੈ ਕਿ ਫੈਡਰਲ ਸਕਿੱਲਡ ਵਰਕਰਜ਼ ਪ੍ਰੋਗਰਾਮ ਤਹਿਤ ਅਰਜ਼ੀਆਂ ਦੇਣ ਵਾਲੇ 900 ਬਿਨੈਕਾਰਾਂ ਨੇ ਇਮੀਗ੍ਰੇਸ਼ਨ ਮੰਤਰੀ ਜੇਸਨ ਕੇਨੀ ਖਿਲਾਫ ਕੇਸ ਕੀਤਾ ਸੀ ਕਿ ਉਨ੍ਹਾਂ ਨੇ ਨਿਯਮਾਂ ਦੀ ਉਲੰਘਣਾ ਕਰਕੇ ਵੱਖਰਾ ਕਦਮ ਚੁੱਕਿਆ ਹੈ। ਉਨ੍ਹਾਂ ਅਦਾਲਤ ਨੂੰ ਬੇਨਤੀ ਕੀਤੀ ਸੀ ਕਿ ਇਮੀਗ੍ਰੇਸ਼ਨ ਵਿਭਾਗ ਨੂੰ ਸਮੇਂ ਸਿਰ ਉਨ੍ਹਾਂ ਦੀਆਂ ਅਰਜ਼ੀਆਂ ਉੱਤੇ ਕਾਰਵਾਈ ਕਰਨ ਲਈ ਆਖਿਆ ਜਾਵੇ। ਵੀਰਵਾਰ ਨੂੰ ਦਿੱਤੇ ਗਏ ਫੈਸਲੇ ਵਿਚ ਜੱਜ ਡੌਨਲਡ ਰੈਨੀ ਨੇ ਮੰਤਰੀ ਦਾ ਇਹ ਤਰਕ ਠੁਕਰਾ ਦਿੱਤਾ ਕਿ ਅਰਜ਼ੀਆਂ ਵਿਚਾਰਨ ਵਿੱਚ ਹੋਈ ਦੇਰ ਜਾਇਜ਼ ਹੈ ਕਿਉਂਕਿ ਉਨ੍ਹਾਂ ਨੂੰ ਨੀਤੀਆਂ ਦਾ ਨਿਰਮਾਣ ਕਰਨ ਦਾ ਅਧਿਕਾਰ ਹੈ। ਜੱਜ ਨੇ ਆਪਣੇ 24 ਪੰਨਿਆਂ ਦੇ ਫੈਸਲੇ ਵਿਚ ਲਿਖਿਆ ਸੀ ਕਿ ਮੰਤਰੀ ਅਜਿਹੀਆਂ ਹਦਾਇਤਾਂ ਦੇ ਸਕਦਾ ਹੈ ਜਿਸ ਨਾਲ ਕੁਝ ਅਰਜ਼ੀਆਂ ਨੂੰ ਬਿਨਾਂ ਵਿਚਾਰਿਆਂ ਮੋੜਿਆ ਜਾ ਸਕੇ ਤੇ ਉਨ੍ਹਾਂ ਅਰਜ਼ੀਆਂ ਬਾਰੇ ਮੰਤਰੀ ਦੀ ਅਗਾਂਹ ਕੋਈ ਹੋਰ ਜ਼ਿੰਮੇਵਾਰੀ ਵੀ ਨਹੀਂ ਬਣਦੀ। ਪਰ ਜਿਨ੍ਹਾਂ ਬਿਨੈਕਾਰਾਂ ਦੀਆਂ ਅਰਜ਼ੀਆਂ ਨੂੰ ਯੋਗ ਮੰਨਦਿਆਂ ਹੋਇਆਂ ਵਿਚਾਰ ਅਧੀਨ ਲਿਆਂਦਾ ਗਿਆ ਹੋਵੇ ਤਾਂ ਉਨ੍ਹਾਂ ਅਰਜ਼ੀਆਂ ਸਬੰਧੀ ਸਮੇਂ ਸਿਰ ਕਾਰਵਾਈ ਪੂਰੀ ਕਰਨੀ ਬਣਦੀ ਹੈ। ਫਰਵਰੀ 2008 ਵਿਚ ਕਾਨੂੰਨ ਵਿਚ ਫੇਰਬਦਲ ਕਰਕੇ ਕੇਨੀ ਨੂੰ ਇਹ ਅਧਿਕਾਰ ਦਿੱਤਾ ਗਿਆ ਸੀ ਕਿ ਉਹ ਅਜਿਹੀਆਂ ਹਦਾਇਤਾਂ ਜਾਰੀ ਕਰ ਸਕਦੇ ਹਨ ਕਿ ਕਿਹੜੀਆਂ ਅਰਜ਼ੀਆਂ ਵਿਚਾਰ ਅਧੀਨ ਲਿਆਂਦੀਆਂ ਜਾਣੀਆਂ ਬਣਦੀਆਂ ਹਨ ਤੇ ਇਹ ਸ਼ਰਤ ਵੀ ਖ਼ਤਮ ਕਰ ਦਿੱਤੀ ਗਈ ਕਿ ਹਰੇਕ ਅਰਜ਼ੀ ਉੱਤੇ ਵਿਚਾਰ ਕੀਤਾ ਜਾਣਾ ਜ਼ਰੂਰੀ ਹੈ। ਹਾਲਾਂਕਿ ਅਦਾਲਤ ਸਾਰੀਆਂ ਦੀਆਂ ਸਾਰੀਆਂ 900 ਅਰਜ਼ੀਆਂ ਬਾਰੇ ਹੁਕਮ ਤਾਂ ਨਹੀਂ ਦੇ ਸਕੀ ਸੀ।

Emergency Service 24x7

Free Estimate with Treatment

GOLDEN ARROW PEST CONTROL INC.



CALL @ 780 462 6669

Specializing in:
Ants, Bees, Birds, Bedbugs, Flies,Bugs, Spiders, Flea, Mice/Rats, Cock-Roaches, Wasp, Squirrels, Gophers, Pigeons etc.

PROFESSIONAL CERTIFIED SERVICE PROVIDER FOR:
&

* Air-Guard And Konk- Fly Control Machines.
* Unwanted pests any kind 100% guarantee.
* Hanta Virus Clean-up & Disinfecting
* Exclusion work for Bird & Rodents.
* Special Gophers Poison
* bee's,Wasp,Hornet Control
* Home Protection Programs
* Residential and Commercial Experts

ਘਰਾਂ ਤੇ ਵਪਾਰਕ ਥਾਵਾਂ ਨੂੰ ਮੱਖੀਆਂ, ਕਾਕਰੋਚ, ਚੂਹਿਆਂ, ਕੀੜੀਆਂ ਅਤੇ ਹੋਰ ਅਣਚਾਹੇ ਜਾਨਵਰਾਂ ਤੋਂ ਮੁਕਤੀ ਲਈ ਅੱਜ ਹੀ ਕਾਲ ਕਰੋ **ਗੋਲਡਨ ਐਰੋ ਪੈਸਟ ਕੰਟਰੋਲ** ਨੂੰ।

M.S. (Sunny)
Expert Certified Service Technician
780 243 6705

908-77 AVE NW, Edmonton AB T6P 1M2
info@goldenarrowpestcontrol.com www.goldenarrowpestcontrol.com

ਜਿਸ ਜੀ-20 ਦੇ ਜ਼ਿਆਦਾਤਰ ਦੇਸ਼ ਆਰਥਕ ਮਾਮਲਿਆਂ ਵਿਚ ਭਾਰਤ ਤੋਂ ਪਿੱਛੇ ਹਨ, ਉਹੀ ਦੇਸ਼ ਔਰਤਾਂ ਦੀ ਸਥਿਤੀ ਵਰਗੇ ਸਮਾਜਕ ਮਾਮਲੇ ਵਿਚ ਭਾਰਤ ਤੋਂ ਕਾਫੀ ਅੱਗੇ ਹਨ। ਹਾਲ ਹੀ ਵਿਚ ਸਾਹਮਣੇ ਆਈ ਰਿਪੋਰਟ ਅਨੁਸਾਰ ਮਹਿਲਾਵਾਂ ਦੇ ਰਹਿਣ ਦੇ ਲਿਹਾਜ਼ ਨਾਲ ਭਾਰਤ 19 ਦੇਸ਼ਾਂ ਦੀ ਸੂਚੀ ਵਿਚ ਆਖ਼ਰੀ ਸਥਾਨ 'ਤੇ ਖੜ੍ਹਾ ਹੈ। ਭਰੂਣ ਹੱਤਿਆ, ਬਾਲ ਵਿਆਹ, ਦਹੇਜ, ਅਣਖ ਦੀ ਖਾਤਰ ਕਤਲ, ਬਲਾਤਕਾਰ, ਘਰੇਲੂ ਹਿੰਸਾ, ਛੇੜਛਾੜ, ਤਸਕਰੀ ਅਤੇ ਸਿਹਤ ਤੇ ਸਿੱਖਿਆ ਵਿਚ ਭੇਦਭਾਵ ਦੇ ਆਲੇ-ਦੁਆਲੇ ਘੁੰਮਦੀ ਹੈ, ਇਥੋਂ ਦੀਆਂ ਔਰਤਾਂ ਦੀ ਜ਼ਿੰਦਗੀ...



# ਸ਼ਰਮ ਫਿਰ ਵੀ ਨਹੀਂ ਆਉਂਦੀ



**ਨੰਦਿਤਾ ਦਾਸ**
**(ਅਭਿਨੇਤਰੀ)**

ਮਹਿਲਾ ਦਿਵਸ (8 ਮਾਰਚ) ਦੇ ਮੌਕੇ 'ਤੇ ਦੇਸ਼ ਦੇ ਸਾਰੇ ਵੱਡੇ ਵਿਭਾਗਾਂ ਅਤੇ ਸੰਸਥਾਵਾਂ ਵਿਚ ਲੋਕ ਇਕੱਠੇ ਹੁੰਦੇ ਹਨ। ਮਹਿਲਾ ਅਧਿਕਾਰਾਂ ਦੀ ਗੱਲ ਹੁੰਦੀ ਹੈ। ਮਹਿਲਾ ਸ਼ਕਤੀਕਰਨ 'ਤੇ ਜ਼ੋਰ ਦਿੱਤਾ ਜਾਂਦਾ ਹੈ ਅਤੇ ਲੋਕ ਘਰ ਪਰਤ ਜਾਂਦੇ ਹਨ। ਸਮਾਜ ਵਿਚ ਰੋਜ਼ਾਨਾ ਅਜਿਹੀਆਂ ਘਟਨਾਵਾਂ ਵਾਪਰਦੀਆਂ ਰਹਿੰਦੀਆਂ ਹਨ, ਜਿਥੇ ਮਹਿਲਾ ਸ਼ਕਤੀਕਰਨ ਦੀਆਂ ਗੱਲਾਂ ਖੋਖਲੀਆਂ ਨਜ਼ਰ ਆਉਂਦੀਆਂ ਹਨ ਅਤੇ ਅਜਿਹੀਆਂ ਰਿਪੋਰਟਾਂ ਉਤੇ ਭਰੋਸਾ ਕਰਨਾ ਪੈਂਦਾ ਹੈ ਜਿਥੇ ਭਾਰਤ, ਮਹਿਲਾਵਾਂ ਦੀ ਸਥਿਤੀ ਦੇ ਲਿਹਾਜ਼ ਨਾਲ ਕਾਫੀ ਬਦਹਾਲ ਹੈ। ਭਰੂਣ ਹੱਤਿਆ, ਬੇਟੇ-ਬੇਟੀ ਵਿਚ ਭੇਦਭਾਵ, ਬਾਲ-ਵਿਆਹ, ਦਹੇਜ ਲਈ ਕੁੱਟਮਾਰ, ਵਿਧਵਾ ਨੂੰ ਤੰਗ-ਪ੍ਰੇਸ਼ਾਨ ਕਰਨਾ, ਇਹ ਇਕ ਲੜਕੀ ਦੇ ਜਨਮ ਤੋਂ ਪਹਿਲਾਂ ਤੋਂ ਲੈ ਕੇ ਉਮਰ ਦੇ ਆਖ਼ਰੀ ਪੜਾਅ ਤਕ ਦੇ ਉਹ ਹਿੱਸੇ ਹਨ, ਜਦੋਂ ਉਸ ਨੂੰ ਵਾਰ-ਵਾਰ ਇਕ ਲੜਕੀ ਹੋਣ ਦੀ ਸਜ਼ਾ ਦਿੱਤੀ ਜਾਂਦੀ ਹੈ। ਹਰ ਕਦਮ 'ਤੇ ਸ਼ੋਸ਼ਣ ਦਾ ਇਕ ਹਥਿਆਰ ਲੜਕੀ ਲਈ ਤਿਆਰ ਰਹਿੰਦਾ ਹੈ। ਇਹ ਰੋਜ਼ ਦੀਆਂ ਖ਼ਬਰਾਂ ਹਨ। ਸ਼ਹਿਰਾਂ ਵਿਚ ਤਾਂ ਲੋਕਾਂ ਤਕ ਇਹ ਖ਼ਬਰਾਂ ਅਤੇ ਜਾਣਕਾਰੀ ਪਹੁੰਚ ਵੀ ਜਾਂਦੀ ਹੈ। ਪਿੰਡਾਂ ਵਿਚ ਉਦੋਂ ਤਕ ਭਿਣਕ ਨਹੀਂ ਪੈਂਦੀ ਜਦੋਂ ਤਕ ਮਾਮਲਾ ਬਹੁਤ ਵੱਡਾ ਨਾ ਹੋਵੇ। ਅਜਿਹੀ ਹਾਲਤ ਵਿਚ ਪਿੰਡ ਦੀਆਂ ਔਰਤਾਂ ਲਈ ਕਈ ਸਵਾਲ ਅਤੇ ਪ੍ਰੇਸ਼ਾਨੀਆਂ ਸਾਹਮਣੇ ਆਉਂਦੀਆਂ ਹਨ। ਉਨ੍ਹਾਂ ਨੂੰ ਦੇਸ਼-ਦੁਨੀਆ ਬਾਰੇ ਵੀ ਨਹੀਂ ਪਤਾ ਹੁੰਦਾ ਅਤੇ ਆਪਣੇ ਅਧਿਕਾਰਾਂ ਦੀ ਜਾਣਕਾਰੀ ਵੀ ਨਹੀਂ ਹੁੰਦੀ। ਪੇਂਡੂ ਔਰਤਾਂ ਇਸ ਲਈ ਚੁੱਪ-ਚਾਪ ਜ਼ੁਲਮ ਸਹਿੰਦੀਆਂ ਰਹਿੰਦੀਆਂ ਹਨ ਕਿਉਂਕਿ ਆਪਣੀ ਸਮੱਸਿਆ ਦੇ ਹੱਲ ਦਾ ਉਪਾਅ ਹੀ ਉਹ ਨਹੀਂ ਜਾਣਦੀਆਂ। ਦੂਸਰੇ ਪਾਸੇ ਸ਼ਹਿਰੀ ਅਤੇ ਪੜ੍ਹੇ-ਲਿਖੇ ਲੋਕ ਹਨ। ਇਕ ਪੜ੍ਹੇ-ਲਿਖੇ ਅਤੇ ਮੱਧ ਸਮਾਜ ਤੋਂ ਉਮੀਦ ਕੀਤੀ ਜਾਂਦੀ ਹੈ ਕਿ ਉਹ ਭੇਦਭਾਵ ਅਤੇ ਸ਼ੋਸ਼ਣ ਵਰਗੀਆਂ ਬੁਰਾਈਆਂ ਤੋਂ ਦੂਰ ਰਹੇਗਾ। ਪਰ ਹੁੰਦਾ ਇਸ ਤੋਂ ਉਲਟ ਹੈ। ਜ਼ਿਆਦਾ ਜਾਣਕਾਰੀ ਹੋਣ, ਤਕਨੀਕ ਤਕ ਪਹੁੰਚ ਅਤੇ ਆਪਣੀ ਤਾਕਤ ਦਾ ਫਾਇਦਾ ਲੈਂਦੇ ਹੋਏ ਪੜ੍ਹਿਆ-ਲਿਖਿਆ ਅਤੇ ਸਭਿਆ ਸਮਾਜ ਵਿਚ ਹੀ ਔਰਤਾਂ ਦਾ ਸ਼ੋਸ਼ਣ ਜ਼ਿਆਦਾ ਦੇਖਿਆ ਜਾਂਦਾ ਹੈ। ਪਹਿਲਾਂ ਇਹ ਉਮੀਦ ਕੀਤੀ ਜਾਂਦੀ ਸੀ ਕਿ ਸਿੱਖਿਆ ਸਮਾਜ ਦੇ ਹਾਲਾਤ ਨੂੰ ਬਦਲ ਦੇਵੇਗੀ, ਪਰ ਅਫਸੋਸ ਹੁੰਦਾ ਹੈ ਕਿ ਅਜਿਹਾ ਹੋ ਨਹੀਂ ਸਕਿਆ ਹੈ। ਇਥੇ ਆ ਕੇ ਸਮੱਸਿਆਵਾਂ ਹੋਰ ਗੁੰਝਲਦਾਰ ਹੋ ਜਾਂਦੀਆਂ ਹਨ। ਜਦੋਂ ਅਸੀਂ ਮਹਿਲਾਵਾਂ ਦੀ ਬਦਹਾਲੀ ਦੀ ਗੱਲ ਚੁੱਕਦੇ ਹਾਂ ਤਾਂ ਕਈ ਲੋਕ ਮਜ਼ਾਕ ਵੀ ਬਣਾਉਂਦੇ ਹਨ। ਕੁਝ ਤਾਂ ਕਹਿੰਦੇ ਹਨ ਕਿ ਹੁਣ ਤਾਂ ਔਰਤਾਂ ਚੰਦ 'ਤੇ ਵੀ ਪਹੁੰਚ ਗਈਆਂ ਹਨ, ਹੁਣ ਕਿਹੜੇ ਅਧਿਕਾਰਾਂ ਅਤੇ ਖਰਾਬ ਹਾਲਤ ਦੀ ਗੱਲ ਕਰਦੇ ਹੋ। ਮੈਨੂੰ ਲਗਦਾ ਹੈ ਕਿ ਇਸ ਰਿਪੋਰਟ ਤੋਂ ਹੀ ਮਜ਼ਾਕ ਬਣਾਉਣ ਵਾਲੇ ਇਹ ਲੋਕ ਥੋੜ੍ਹਾ ਗੰਭੀਰ ਹੋ ਕੇ ਸੋਚ ਪਾਉਣਗੇ ਕਿ ਹਾਲਾਤ ਇੰਨੇ ਵੀ ਰੌਸ਼ਨ ਨਹੀਂ ਹਨ ਕਿ ਉਨ੍ਹਾਂ ਦਾ ਜਸ਼ਨ ਮਨਾਇਆ ਜਾਵੇ। ਜਦੋਂ ਸਾਡੇ ਦੇਸ਼ ਨੂੰ ਔਰਤਾਂ ਦੀ ਸਥਿਤੀ ਦੇ ਮਾਮਲੇ ਵਿਚ ਸਭ ਤੋਂ ਹੇਠਾਂ ਰੱਖਿਆ ਜਾਂਦਾ ਹੈ ਤਾਂ ਸਵਾਲ ਉਠਦਾ ਹੈ ਕਿ ਕਮੀ ਕਿਥੇ ਹੈ? ਕਮੀ ਦਰਅਸਲ ਦੇਸ਼ ਦੀ ਵਿਵਸਥਾ ਵਿਚ ਨਹੀਂ ਲੋਕਾਂ ਦੀ ਸੋਚ ਵਿਚ ਹੈ। ਭਰੂਣ ਹੱਤਿਆ ਕਰਨ ਵਾਲਿਆਂ ਨੂੰ ਸਖ਼ਤ ਸਜ਼ਾ ਦੀ ਪੇਸ਼ਕਸ਼, ਬਾਲ-ਵਿਆਹ 'ਤੇ ਰੋਕ, ਦਹੇਜ ਅਤੇ ਘਰੇਲੂ ਹਿੰਸਾ ਲਈ ਵੀ ਕਾਨੂੰਨ ਹੈ। ਅਜਿਹੇ ਵਿਚ ਵਿਵਸਥਾ ਕਾਫੀ ਹੱਦ ਤਕ ਠੀਕ ਹੈ। ਜ਼ਰੂਰਤ ਸਿਰਫ਼ ਮਾਨਸਿਕਤਾ ਨੂੰ ਠੀਕ ਕਰਨ ਦੀ ਹੈ। ਆਪਣੀ ਰੋਜ਼ਮਰ੍ਹਾ ਦੀ ਜ਼ਿੰਦਗੀ ਵਿਚ ਇਕ ਔਰਤ ਨੂੰ ਸਹੀ ਦਰਜਾ ਦੇਣ ਦੀ ਲੋੜ ਹੈ। ਆਪਣਾ ਰਵੱਈਆ ਅਤੇ ਸੋਚ ਬਦਲਣ ਦੀ ਲੋੜ ਹੈ, ਸਮਾਜ ਦੀ ਸੋਚ ਇਕ ਵਿਅਕਤੀ ਤੋਂ ਬਣਦੀ ਹੈ, ਕੋਈ ਇਕ ਹੀ ਜੇਕਰ ਇਹ ਮਨ ਵਿਚ ਧਾਰਨ ਕਰ ਲਵੇ ਕਿ ਮੈਂ ਇਨ੍ਹਾਂ ਹਾਲਤਾਂ ਨੂੰ ਬਦਲਾਂਗਾ ਤਾਂ ਹੌਲੀ-ਹੌਲੀ ਇਸ ਦਾ ਪ੍ਰਭਾਵ ਫੈਲਦਾ ਹੈ ਅਤੇ ਬਦਲਾਅ ਹੁੰਦਾ ਹੈ। ਇਕ ਚੰਗਾ ਬਦਲਾ। ਇਨ੍ਹਾਂ ਗੱਲਾਂ ਤੋਂ ਇਲਾਵਾ ਮੈਂ ਇਥੇ ਇਹ ਵੀ ਜ਼ਰੂਰ ਕਹਿਣਾ ਚਾਹੁੰਦੀ ਹਾਂ ਕਿ ਭਾਰਤ ਵਿਰੋਧ ਜ਼ਾਹਰ ਕਰਨ ਦਾ ਦੇਸ਼, ਜਿਸ ਦੇਸ਼ ਨੂੰ ਔਰਤਾਂ ਦੀ ਸਥਿਤੀ ਲਈ ਸਭ ਤੋਂ ਬਦਹਾਲ ਦੱਸਿਆ ਗਿਆ ਹੈ, ਉਹੀ ਪੂਰੇ ਸਾਊਥ ਏਸ਼ੀਆ ਵਿਚ ਇਕੱਲਾ ਅਜਿਹਾ ਦੇਸ਼ ਵੀ ਹੈ, ਜਿਥੇ ਇਕ ਮਹਿਲਾ ਰਾਸ਼ਟਰਪਤੀ ਬਣੀ ਹੈ। ਇਕ ਮਹਿਲਾ ਦੇ ਤੌਰ 'ਤੇ ਸਾਡੀ ਜ਼ਿੰਮੇਵਾਰੀ ਇਹੀ ਹੈ ਕਿ ਅਸੀਂ ਅਜਿਹੀ ਰਿਪੋਰਟ ਤੋਂ ਮਾਯੂਸ ਵੀ ਨਾ ਹੋਈਏ ਅਤੇ ਅਜਿਹਾ ਵੀ ਨਾ ਸੋਚੀਏ ਕਿ ਸਭ ਠੀਕ ਹੈ। ਹਾਲੇ ਅਸੀਂ ਆਪਣੀ ਰਾਹ ਬਣਾਉਣੀ ਹੈ। ਆਪਣੀ ਸਖਸ਼ੀਅਤ ਲੋਕਾਂ ਨੂੰ ਦਿਖਾਉਣੀ ਹੈ ਅਤੇ ਸਮਾਨ ਪੱਧਰ ਦੀ ਦੁਨੀਆ ਬਣਾਉਣੀ ਹੈ।

**(ਹਿਮਾਨੀ ਦੀਵਾਨ ਨਾਲ ਗੱਲਬਾਤ 'ਤੇ ਆਧਾਰਤ)**




## ਇਹ ਤਾਂ ਇਕ ਚੇਨ ਰਿਐਕਸ਼ਨ ਹੈ

**ਪ੍ਰੋ. ਸੁਸ਼ਮਾ ਬਤਰਾ**
ਹੈਡ, ਡਿਪਾਰਟਮੈਂਟ ਆਫ
ਸੋਸ਼ਲ ਵਰਕ, ਦਿੱਲੀ ਯੂਨੀਵਰਸਿਟੀ

ਥਾਮਸਨ ਰਾਇਟਰਜ਼ ਫਾਊਂਡੇਸ਼ਨ ਦੇ ਸਰਵੇਖਣ ਵਿਚ ਔਰਤਾਂ ਦੀ ਸੁਰੱਖਿਆ, ਹੈਲਥਕੇਅਰ, ਰਾਜਨੀਤੀ ਵਿਚ ਉਨ੍ਹਾਂ ਦੀ ਸਰਗਰਮ ਹਿੱਸੇਦਾਰੀ ਅਤੇ ਪ੍ਰਾਪਰਟੀ ਤੇ ਲੈਂਡ ਰਾਈਟਸ ਵਰਗੇ ਵਿਸ਼ਿਆਂ ਦੇ ਆਧਾਰ 'ਤੇ ਭਾਰਤ ਨੂੰ ਸਭ ਤੋਂ ਹੇਠਲੇ ਸਥਾਨ 'ਤੇ ਰੱਖਿਆ ਗਿਆ ਹੈ। ਸਵਾਲ ਉਠਣਾ ਲਾਜ਼ਮੀ ਹੈ ਕਿ ਹਾਲਾਤ ਸਚਮੁੱਚ ਇੰਨੇ ਖਰਾਬ ਹਨ ਕਿ ਜੀ-20 ਦੇਸ਼ਾਂ ਵਿਚ ਔਰਤਾਂ ਪ੍ਰਤੀ ਸਭ ਤੋਂ ਅਸੰਵੇਦਨਸ਼ੀਲਤਾ ਭਾਰਤ ਵਿਚ ਹੀ ਹੈ। ਹਾਲਤਾਂ 'ਤੇ ਗੌਰ ਕਰੀਏ ਤਾਂ ਇਹ ਠੀਕ ਹੀ ਪ੍ਰਤੀਤ ਹੁੰਦੀ ਹੈ ਕਿਉਂਕਿ ਜਿਸ ਸੋਸਾਇਟੀ ਵਿਚ ਲੜਕੀਆਂ ਦੇ ਜਨਮ ਤੋਂ ਪਹਿਲਾਂ ਹੀ ਉਨ੍ਹਾਂ ਨੂੰ ਮਾਰ ਦੇਣ ਦੀਆਂ ਕੋਸ਼ਿਸ਼ਾਂ ਸ਼ੁਰੂ ਹੋ ਜਾਂਦੀਆਂ ਹਨ, ਉਥੇ ਲੜਕੀ ਦੇ ਜਨਮ ਤੋਂ ਬਾਅਦ ਆਖ਼ਰ ਕੀ ਉਮੀਦ ਕੀਤੀ ਜਾ ਸਕਦੀ ਹੈ। ਜਿਉਂਦਾ ਰਹਿਣ ਲਈ ਰੋਟੀ, ਕੱਪੜਾ ਅਤੇ ਮਕਾਨ ਤਾਂ ਸਾਰਿਆਂ ਨੂੰ ਚਾਹੀਦਾ ਹੈ, ਪਰ ਇਥੇ ਲੜਕੀ ਦਾ ਜਨਮ ਹੋ ਜਾਵੇ ਤਾਂ ਵੀ ਲੜਕੇ ਦੀ ਤੁਲਨਾ ਉਸ ਨਾਲ ਭੇਦਭਾਵ ਕੀਤਾ ਜਾਂਦਾ ਹੈ। ਇਸੇ ਭੇਦਭਾਵ ਦਾ ਕਾਰਨ ਹੈ ਕਿ ਜ਼ਿਆਦਾਤਰ ਲੜਕੀਆਂ ਅਤੇ ਉਨ੍ਹਾਂ ਦੀ ਮਾਂ ਕੁਪੋਸ਼ਣ ਦਾ ਸ਼ਿਕਾਰ ਹੋ ਜਾਂਦੀਆਂ ਹਨ। ਸਮੱਸਿਆਵਾਂ ਇਕ ਲੜੀ ਵਾਂਗ ਜੀਵਨ ਭਰ ਲੜਕੀਆਂ ਨਾਲ ਚਲਦੀਆਂ ਰਹਿੰਦੀਆਂ ਹਨ। ਪੜ੍ਹਾਈ-ਲਿਖਾਈ ਨੂੰ ਲਾਂਭੇ ਕਰਕੇ ਬਚਪਨ ਵਿਚ ਲੜਕੀਆਂ ਦੀ ਸ਼ਾਦੀ ਕਰ ਦੇਣ ਦੇ ਮਾਮਲੇ ਵੀ ਭਾਰਤ ਵਿਚ ਘੱਟ ਨਹੀਂ ਹਨ। ਛੇਤੀ ਮਾਂ ਬਣਨ ਨਾਲ ਮਾਂ ਅਤੇ ਬੱਚਾ ਫਿਰ ਉਸੇ ਕੁਪੋਸ਼ਣ ਦੀ ਮਾਰ ਸਹਿੰਦੇ ਹਨ। ਪਹਿਲਾਂ ਪਿਤਾ ਦੇ ਘਰ ਵਿਚ ਭੇਦਭਾਵ ਅਤੇ ਫਿਰ ਪਤੀ ਦੇ ਘਰ ਵਿਚ ਹਿੰਸਾ। ਔਰਤਾਂ ਦੀ ਸਹਿਣਸ਼ੀਲਤਾ ਦਾ ਪੱਧਰ ਜ਼ਿਆਦਾ ਹੁੰਦਾ ਹੈ ਅਤੇ ਇਹੀ ਕਾਰਨ ਹੈ ਕਿ ਉਹ ਪੁਰਸ਼ਾਂ ਦੇ ਮੁਕਾਬਲੇ ਜ਼ਿਆਦਾ ਸਮੇਂ ਤਕ ਜਿਉਂਦੀਆਂ ਰਹਿੰਦੀਆਂ ਹਨ। ਅਜਿਹੇ ਵਿਚ ਬੁਢਾਪੇ ਵਿਚ ਬੱਚੇ ਵੀ ਉਨ੍ਹਾਂ ਦੀ ਮਾੜੀ ਹਾਲਤ ਦਾ ਕਾਰਨ ਬਣਨ ਲੱਗਦੇ ਹਨ। ਪਰਿਵਾਰਕ ਫੈਸਲਿਆਂ ਵਿਚ ਔਰਤਾਂ ਦੀ ਸਲਾਹ ਨੂੰ ਬਹੁਤੀ ਅਹਿਮੀਅਤ ਨਹੀਂ ਦਿੱਤੀ ਜਾਂਦੀ। ਇਸ ਦੇ ਬਾਵਜੂਦ ਲੜਕੀਆਂ ਸੰਘਰਸ਼ ਕਰਦੀਆਂ ਹਨ, ਅੱਗੇ ਵਧਦੀਆਂ ਹਨ, ਪਰ ਇਹ ਗੱਲ ਵੀ ਪੁਰਸ਼ਾਂ ਨੂੰ ਹਜ਼ਮ ਨਹੀਂ ਹੁੰਦੀ। ਦੂਸਰੇ ਪਾਸੇ ਗਰੀਬੀ ਵੀ ਵੱਡਾ ਕਾਰਕ ਹੈ ਔਰਤਾਂ ਦੀ ਦੁਰਦਸ਼ਾ ਦਾ। ਬੇਟੀ ਦੇ ਜਨਮ ਦੇ ਸਮੇਂ ਹੀ ਮਾਤਾ-ਪਿਤਾ ਨੂੰ ਉਸ ਦੀ ਸ਼ਾਦੀ ਅਤੇ ਦਹੇਜ ਦੀ ਚਿੰਤਾ ਸਤਾਉਣ ਲੱਗ ਜਾਂਦੀ ਹੈ। ਸਮਾਜ ਦੇ ਇਨ੍ਹਾਂ ਬੰਧਨਾਂ ਨੇ ਹੀ ਔਰਤਾਂ ਦਾ ਜਿਉਣਾ ਦੁਭਰ ਕੀਤਾ ਹੈ। ਸਰਕਾਰ ਭਾਵੇਂ ਹੀ ਮਹਿਲਾਵਾਂ ਦੇ ਕਲਿਆਣ ਨੂੰ ਲੈ ਕੇ ਯੋਜਨਾਵਾਂ ਅਤੇ ਨੀਤੀਆਂ ਬਣਾਉਂਦੀ ਹੈ, ਪਰ ਅੱਜ ਵੀ ਇਸ ਦੀ ਪਹੁੰਚ ਬੇਹੱਦ ਸੀਮਤ ਹੈ। ਇਕ ਵੱਡਾ ਕਾਰਨ ਇਹ ਵੀ ਹੈ ਕਿ ਸਮਾਜਕ ਕਦਰਾਂ-ਕੀਮਤਾਂ ਵਿਚ ਵੀ ਗਿਰਾਵਟ ਹੋਈ ਹੈ। ਸਾਂਝੇ ਪਰਿਵਾਰ ਖ਼ਤਮ ਹੋ ਰਹੇ ਹਨ। ਨਿਊਕਲੀਅਰ ਫੈਮਿਲੀ ਵਿਚ ਮਾਤਾ-ਪਿਤਾ ਨੂੰ ਇੰਨਾ ਸਮਾਂ ਨਹੀਂ ਮਿਲਦਾ ਕਿ ਉਹ ਬੱਚਿਆਂ ਨੂੰ ਸਮਾਜਕ ਕਦਰਾਂ-ਕੀਮਤਾਂ ਦੀ ਸਿੱਖਿਆ ਦੇ ਸਕਣ। ਸਮਾਜ ਜਦੋਂ ਟੁੱਟਦਾ ਹੈ ਤਾਂ ਸਰਕਾਰ ਦੀ ਜ਼ਿੰਮੇਵਾਰੀ ਬਣਦੀ ਹੈ ਕਿ ਉਸ ਨੂੰ ਬਚਾਇਆ ਜਾਵੇ, ਪਰ ਇਥੇ ਤਾਂ ਉਪਰ ਤੋਂ ਹੇਠਾਂ ਤਕ ਭ੍ਰਿਸ਼ਟਾਚਾਰ ਹੈ। ਪੁਲਿਸ ਵੀ ਔਰਤਾਂ ਪ੍ਰਤੀ ਓਨੀ ਸੰਵੇਦਨਸ਼ੀਲ ਨਹੀਂ ਹੈ, ਜਿੰਨਾ ਉਸ ਨੂੰ ਹੋਣਾ ਚਾਹੀਦਾ ਹੈ। ਔਰਤਾਂ ਨੂੰ ਪ੍ਰਾਪਰਟੀ ਵਿਚ ਬਰਾਬਰ ਅਧਿਕਾਰ ਦਿੱਤਾ ਤਾਂ ਗਿਆ ਹੈ, ਪਰ ਮਾਤਾ-ਪਿਤਾ ਜਾਂ ਭਰਾ ਤੋਂ ਜਦੋਂ ਵੀ ਉਹ ਇਸ ਅਧਿਕਾਰ ਦੀ ਮੰਗ ਕਰਦੀ ਹੈ ਤਾਂ ਘਰ ਵਿਚ ਉਨ੍ਹਾਂ ਦਾ ਆਉਣਾ-ਜਾਣਾ ਬੰਦ ਹੋ ਜਾਂਦਾ ਹੈ। ਰਾਜਨੀਤਕ ਹਿੱਸੇਦਾਰੀ ਭਾਵੇਂ ਹੀ ਔਰਤਾਂ ਨੂੰ ਦਿੱਤੀ ਜਾ ਰਹੀ ਹੈ, ਪਰ ਇਹ ਗੱਲ ਛੁਪੀ ਨਹੀਂ ਕਿ ਫੈਸਲੇ ਪ੍ਰਕਿਰਿਆ ਵਿਚ ਉਨ੍ਹਾਂ ਦੇ ਪਤੀਆਂ ਦੀ ਹੀ ਚਲਦੀ ਹੈ। ਇਹ ਹਾਲਾਤ ਬਦਲ ਸਕਦੇ ਹਨ, ਬਸ਼ਰਤੇ ਇਸ ਲਈ ਸਿੱਖਿਆ ਅਤੇ ਜਾਗਰੂਕਤਾ ਦੀ ਲੋੜ ਹੈ। ਮੀਡੀਆ ਇਸ ਕੰਮ ਵਿਚ ਵੱਡੀ ਭੂਮਿਕਾ ਅਦਾ ਕਰ ਸਕਦਾ ਹੈ।

# ਨਾ ਮਰਦ ਰਿਹਾ, ਨਾ ਜ਼ਮੀਨ, ਮਹਿਲਾਵਾਂ ਢੋਅ ਰਹੀਆਂ ਮੁਸ਼ਕਲਾਂ ਦਾ ਪਹਾੜ

## ਕਿਸਾਨ ਖ਼ੁਦਕੁਸ਼ੀਆਂ : ਕਰਜ਼ਾ ਉਤਾਰਨਾ, ਬੱਚਿਆਂ ਦੀ ਪੜ੍ਹਾਈ ਸਮੇਤ ਬਾਕੀ ਬੋਝ ਘਰ ਦੀਆਂ ਔਰਤਾਂ ਦੇ ਮੋਢਿਆਂ 'ਤੇ

ਹਮੀਰ ਸਿੰਘ

ਕਰਜ਼ੇ ਦੇ ਬੋਝ ਹੇਠਾਂ ਦਬੇ ਕਿਸਾਨ-ਮਜ਼ਦੂਰਾਂ ਵੱਲੋਂ ਖ਼ੁਦਕੁਸ਼ੀ ਕਰਨ ਤੋਂ ਬਾਅਦ ਘਰ ਦੀਆਂ ਔਰਤਾਂ 'ਤੇ ਮੁਸ਼ਕਲਾਂ ਦਾ ਪਹਾੜ ਟੁੱਟ ਪੈਂਦਾ ਹੈ। ਜੋ ਪਰਿਵਾਰ ਮਰਦ ਦੇ ਹੁੰਦੇ ਨਹੀਂ ਚੱਲ ਪਾ ਰਿਹਾ ਸੀ ਤਾਂ ਉਸ ਦੇ ਜਾਣ ਤੋਂ ਬਾਅਦ ਇਕੱਲੀ ਔਰਤ ਕਿਵੇਂ ਚਲਾਏਗੀ। ਉਸ 'ਤੇ ਕਰਜ਼ਾ ਮੋੜਨ ਅਤੇ ਬੱਚਿਆਂ ਦੀ ਪੜ੍ਹਾਈ ਸਮੇਤ ਬਾਕੀ ਜ਼ਿੰਮੇਵਾਰੀਆਂ ਦਾ ਬੋਝ ਪੈਣ ਦਾ ਅਹਿਸਾਸ ਕਿਸੇ ਨੇ ਨਹੀਂ ਕੀਤਾ।

ਪਹਿਲੀ ਵਾਰ 300 ਦੇ ਕਰਾਬ ਅਜਿਹੇ ਪਵਿਰਾਰਾਂ ਦੀਆਂ ਔਰਤਾਂ ਨਾਲ ਗੱਲਬਾਤ 'ਤੇ ਆਧਾਰਤ ਇਕ ਸਰਵੇਖਣ ਵਿਚ ਇਹ ਸੰਵੇਦਨਸ਼ੀਲ ਮੁੱਦਾ ਸਾਹਮਣੇ ਆਇਆ ਹੈ। ਉੜੀਸਾ ਨਾਲ ਸਬੰਧਤ ਕਿਸੇ ਇਕ ਨਾਰੀਵਾਦੀ ਲੇਖਿਕਾ ਰੰਜਨਾ ਪਾਢੀ ਨੇ ਆਪਣੀ ਤਰ੍ਹਾਂ ਦਾ ਪੰਜਾਬ ਦੇ ਪਿੰਡਾਂ ਵਿਚ ਇਹ ਪਹਿਲਾ ਸਰਵੇਖਣ ਕੀਤਾ ਹੈ।

ਸਰਵੇਖਣ ਅਨੁਸਾਰ ਖ਼ੁਦਕੁਸ਼ੀ ਕਰਨ ਵਾਲਿਆਂ ਦੀ ਔਸਤ ਉਮਰ 38 ਸਾਲ ਹੈ। ਇਸ ਵਿਚ 95 ਫੀਸਦੀ ਦੀ ਉਮਰ 60 ਸਾਲ ਤੋਂ ਘੱਟ, 63 ਫੀਸਦੀ ਦੀ ਉਮਰ 18 ਤੋਂ 40 ਸਾਲ ਸੀ। ਇਹ ਉਮਰ ਦਾ ਉਹ ਪੜਾਅ ਹੈ ਜਦੋਂ ਵਿਅਕਤੀ ਦੇ ਮੋਢਿਆਂ 'ਤੇ ਪਰਿਵਾਰ ਲਈ ਸਭ ਤੋਂ ਜ਼ਿਆਦਾ ਜ਼ਿੰਮੇਵਾਰੀ ਹੁੰਦੀ ਹੈ।

ਇਹੀ ਕਾਰਨ ਹੈ ਕਿ ਖ਼ੁਦਕੁਸ਼ੀ ਤੋਂ ਬਾਅਦ ਪਰਿਵਾਰ ਦੀ ਆਰਥਿਕ ਸਥਿਤੀ ਪਹਿਲਾਂ ਨਾਲੋਂ ਬਦਤਰ ਹੁੰਦੀ ਜਾਂਦੀ ਹੈ।



### ਪੰਜਾਬ ਦੇ ਪਿੰਡਾਂ 'ਚ ਲੇਖਿਕਾ ਰੰਜਨਾ ਦੇ ਸਰਵੇ ਨਾਲ ਹੋਇਆ ਖ਼ੁਲਾਸਾ

''ਅਜਿਹੇ ਪਰਿਵਾਰਾਂ ਨੂੰ ਮਨੁੱਖੀ ਆਧਾਰ 'ਤੇ ਮੁਆਵਜ਼ਾ ਤੁਰੰਤ ਮਿਲਣਾ ਚਾਹੀਦਾ ਹੈ। ਬੱਚਿਆਂ ਦੀ ਪੜ੍ਹਾਈ ਅਤੇ ਕਾਰਜਕੁਸ਼ਲਤਾ ਵਧਾ ਕੇ ਉਨ੍ਹਾਂ ਨੂੰ ਹੋਰ ਕੰਮਾਂ ਦੇ ਯੋਗ ਬਣਾਉਣ ਨਾਲ ਭਵਿੱਖ ਵਿਚ ਸੰਕਟ ਘੱਟ ਕੀਤਾ ਜਾ ਸਕਦਾ ਹੈ।''

-ਪ੍ਰੋ. ਐਸ.ਐਸ ਜੌਹਲ, ਸਾਬਕਾ ਚੇਅਰਮੈਨ ਖੇਤੀ ਲਾਗਤ ਤੇ ਮੁਲ ਆਯੋਗ

''ਪਰਿਵਾਰਾਂ ਦੇ ਬੱਚਿਆਂ ਦੀ ਮੁਫ਼ਤ ਅਤੇ ਕੁਆਲਿਟੀ ਸਿੱਖਿਆ ਦੀ ਜ਼ਿੰਮੇਵਾਰੀ ਸਰਕਾਰ ਲੈ ਲਵੇ ਅਤੇ ਕੁਝ ਪੈਸਾ ਉਨ੍ਹਾਂ ਦੇ ਪਰਿਵਾਰ ਨੂੰ ਦੇਣ ਦਾ ਪ੍ਰਬੰਧ ਹੋ ਜਾਵੇ ਤਾਂ ਸੰਕਟ ਨਾਲ ਨਜਿੱਠਿਆ ਜਾ ਸਕਦਾ ਹੈ।''

-ਇੰਦਰਜੀਤ ਸਿੰਘ ਜੇਜੀ, ਸਾਬਕਾ ਵਿਧਾਇਕ ਤੇ ਸੰਯੋਜਕ ਮੂਵਮੈਂਟ ਅਗੇਂਸਟ ਸਟੇਟ ਰਿਪਰੇਸ਼ਨ

### ਜ਼ਮੀਨ ਵੇਚਣੀ ਪਈ

ਅਜਿਹੇ ਸਾਰੇ ਪਰਿਵਾਰਾਂ ਨੇ ਕੁਝ ਨਾ ਕੁਝ ਜ਼ਮੀਨ ਵੇਚੀ ਹੈ। ਅਧਿਐਨ ਵਿਚ ਜਿਹੜੇ ਪਰਿਵਾਰ ਸ਼ਾਮਲ ਕੀਤੇ ਗਏ, ਉਨ੍ਹਾਂ ਵਿਚੋਂ ਖ਼ੁਦਕੁਸ਼ੀ ਤੋਂ ਬਾਅਦ 63 ਫੀਸਦੀ ਪਰਿਵਾਰ ਬਿਨਾਂ ਜ਼ਮੀਨ ਵਾਲਿਆਂ ਦੀ ਸ਼੍ਰੇਣੀ ਵਿਚ ਸ਼ਾਮਲ ਹੋ ਗਏ। ਬਹੁਤ ਸਾਰੇ ਕੇਸ ਅਜਿਹੇ ਹਨ ਕਿ ਖ਼ੁਦਕੁਸ਼ੀ ਕਰਨ ਦਾ ਪ੍ਰਯੋਗ ਤਾਂ ਕੀਤਾ ਜਾਂਦਾ ਹੈ, ਪਰ ਵਿਅਕਤੀ ਜਿਉਂਦਾ ਬਚ ਜਾਂਦਾ ਹੈ। ਇਸ 'ਤੇ ਸਬੰਧਿਤ ਪਰਿਵਾਰ ਦਾ ਖਰਚ ਹੋਰ ਵੀ ਜ਼ਿਆਦਾ ਹੋ ਜਾਂਦਾ ਹੈ। ਅਜਿਹੇ ਪਰਿਵਾਰਾਂ ਨੂੰ ਹਸਪਤਾਲਾਂ ਵਿਚ ਔਸਤਨ 45 ਤੋਂ 90 ਹਜ਼ਾਰ ਰੁਪਏ ਵਿਚਾਲੇ ਖਰਚਾ ਕਰਨਾ ਪਿਆਹੈ, ਜਿਹੜਾ ਕਰਜ਼ਾ ਲੈ ਕੇ ਹੀ ਹੋਇਆ ਹੈ।

### ਔਰਤਾਂ ਨੂੰ ਸਰਕਾਰ ਤੋਂ ਉਮੀਦ

ਸਰਵੇਖਣ ਅਨੁਸਾਰ ਸਰਕਾਰ ਤੋਂ 60 ਫੀਸਦੀ ਮਹਿਲਾਵਾਂ ਨੇ ਪਵਿਰਾਰ ਦੇ ਕਿਸੇ ਇਕ ਵਿਅਕਤੀ ਨੂੰ ਨੌਕਰੀ, ਬੱਚਿਆਂ ਦੀ ਪੜ੍ਹਾਈ ਵਿਚ ਸਹਾਇਤਾ ਅਤੇ ਨਕਦ ਮੁਆਵਜ਼ੇ ਦੀ ਉਮੀਦ ਜਤਾਈ ਹੈ। ਇਨ੍ਹਾਂ ਵਿਚੋਂ 55 ਫੀਸਦੀ ਨੇ ਕਰਜ਼ਾ ਮੁਆਫ਼ੀ ਦੀ ਉਮੀਦ ਵੀ ਜ਼ਾਹਿਰ ਕੀਤੀ।

# ਹੁਣ ਵੀ ਕਿੰਨੀਆਂ ਆਜ਼ਾਦ ਹਨ ਔਰਤਾਂ?



ਸੁਰੇਸ਼ ਸੇਠ

ਹਾਲ ਦੇ ਕੁਝ ਸਾਲਾਂ ਵਿਚ ਪੰਜਾਬ, ਚੰਡੀਗੜ੍ਹ ਅਤੇ ਹਰਿਆਣਾ ਦੇ ਨਗਰਾਂ ਵਿਚ ਕੰਮਕਾਜੀ ਔਰਤਾਂ ਦਾ ਹੜ੍ਹ ਆ ਗਿਆ ਹੈ। ਉਹ ਪੁਰਸ਼ਾਂ ਦੇ ਮੋਢੇ ਨਾਲ ਮੋਢਾ ਮਿਲਾ ਕੇ ਇਸ ਮਹਿੰਗਾਈ, ਭ੍ਰਿਸ਼ਟ ਵਿਵਸਥਾ ਨਾਲ ਪੀੜਤ ਦੌਰ ਵਿਚ ਆਪਣੀ ਗ੍ਰਹਿਸਥੀ ਦੀ ਕਿਸ਼ਤੀ ਪਾਰ ਲਗਾਉਣ ਦੀਆਂ ਕੋਸ਼ਿਸ਼ਾਂ ਕਰਦੀਆਂ ਹਨ। ਹਾਲੇ ਪੰਜਾਬ ਵਿਚ ਨਗਰ ਨਿਗਮ ਚੋਣਾਂ ਸੰਪੰਨ ਹੋਈਆਂ ਹਨ। ਪੰਚਾਇਤਾਂ ਦੀਆਂ ਚੋਣਾਂ ਸੰਪੰਨ ਹੋ ਰਹੀਆਂ ਹਨ। ਨਵੇਂ ਜਨਪ੍ਰਤੀਨਿਧੀ ਚੋਣ ਐਕਟ ਤਹਿਤ ਇਕ ਤਿਹਾਈ ਮੈਂਬਰਤਾ ਦਾ ਰਾਖਵਾਂਕਰਨ ਔਰਤਾਂ ਲਈ ਹੈ। ਇਸ ਅਧੀਨ ਸ਼ਹਿਰਾਂ ਵਿਚ ਔਰਤਾਂ ਕੌਂਸਲਰਾਂ ਦੇ ਰੂਪ ਵਿਚ ਅਤੇ ਪੰਚਾਂ-ਸਰਪੰਚਾਂ ਲਈ ਚੁਣੀਆਂ ਜਾਣਗੀਆਂ, ਚੁਣੀਆਂ ਗਈਆਂ ਹਨ। ਹੁਣ ਇਨ੍ਹਾਂ ਵਿਚੋਂ ਕੁਝ ਮੇਅਰ, ਡਿਪਟੀ ਮੇਅਰ ਜਾਂ ਸਰਪੰਚ ਦੇ ਰੂਪ ਵਿਚ ਵੀ ਚੁਣੀਆਂ ਜਾਣਗੀਆਂ, ਪਰ ਚਾਹੇ ਪੰਜਾਬ ਹੋਵੇ, ਚੰਡੀਗੜ੍ਹ ਜਾਂ ਹਰਿਆਣਾ ਕਲਪਨਾ ਚਾਵਲਾ ਅਤੇ ਕਿਰਨ ਬੇਦੀ ਵਰਗੀਆਂ ਔਰਤਾਂ ਕਿੰਨੀਆਂ ਹੀ ਉਪਲਬਧੀਆਂ ਹਾਸਲ ਕਰ ਲੈਣ, ਮਾਹੌਲ ਇਥੇ ਹਮੇਸ਼ਾ ਪੁਰਸ਼ ਪ੍ਰਧਾਨ ਰਿਹਾ ਹੈ। ਆਰਤੀ ਅਸੀਂ ਮਾਤਾ ਦੀ ਉਤਾਰਦੇ ਹਾਂ।

ਇਸ ਕਥਿਤ ਆਧੁਨਿਕ ਪੰਜਾਬ, ਚੰਡੀਗੜ੍ਹ ਅਤੇ ਹਰਿਆਣਾ ਦੇ ਮਾਹੌਲ ਵਿਚ ਤਸਵੀਰ ਦਾ ਦੂਸਰਾ ਰੁਖ ਵੀ ਹੈ। ਉਹ ਜਦੋਂ ਬੇਨਕਾਬ ਹੁੰਦਾ ਹੈ ਤਾਂ ਨਾਰੀਆਂ ਦੇ ਉਹੀ ਪਰੰਪਰਾਗਤ ਮੁੱਲ ਉਨ੍ਹਾਂ ਦਾ ਦਮ ਘੋਟਦੇ ਨਜ਼ਰ ਆਉਂਦੇ ਹਨ।

ਹਾਲੇ ਨਿਗਮ ਚੋਣਾਂ ਵਿਚ ਔਰਤਾਂ ਕੌਂਸਲਰ ਚੁਣੀਆਂ ਗਈਆਂ ਅਤੇ ਪੰਚਾਇਤਾਂ ਵਿਚ ਪੰਚ, ਪਰ ਇਨ੍ਹਾਂ ਦੇ ਨਾਮ 'ਤੇ ਰਾਜਨੀਤੀ ਕੌਣ ਕਰਦਾ ਹੈ, ਕੌਂਸਲਰ ਪਤੀ ਜਾਂ ਮਹਿਲਾ ਪੰਚ, ਸਰਪੰਚ ਪਤੀ। ਇਹ ਜੋ ਨਵਾਂ ਸ਼ਕਤੀ ਕੇਂਦਰ ਪੈਦਾ ਹੋ ਰਿਹਾ ਹੈ, ਉਹ ਆਪਣੇ ਮਾੜੇ ਕੰਮਾਂ ਲਈ ਕਿਸੇ ਪ੍ਰਤੀ ਉਤਰਦਾਈ ਨਹੀਂ। ਪਤਨੀ ਦੇ ਅਹੁਦੇ ਦੀਆਂ ਸਾਰੀਆਂ ਸ਼ਕਤੀਆਂ ਆਪਣੇ ਹੱਥਾਂ ਵਿਚ ਲੈ ਕੇ ਉਹ ਰਾਜਨੀਤੀ ਅਤੇ ਸਮਾਜ ਵਿਚ ਘੋਲਮੇਲ ਕਰਦਾ ਹੋਇਆ ਨਜ਼ਰ ਆਉਂਦਾ ਹੈ। ਪਤੀਆਂ ਦਾ ਨਵਾਂ ਪੈਦਾ ਹੋਇਆ ਇਹ ਵਰਗ ਦਲਾਲਾਂ ਅਤੇ ਏਜੰਟਾਂ ਨਾਲੋਂ ਵੀ ਜ਼ਿਆਦਾ ਸ਼ਕਤੀਸ਼ਾਲੀ ਹੈ, ਕਿਉਂਕਿ ਇਸ ਨੇ ਤਾਕਤ ਹਥਿਆ ਲਈ ਹੈ। ਇਸ ਦਾ ਸਿੱਧਾ ਹੱਲ ਇਹ ਹੈ ਕਿ ਜਿਹੜੀਆਂ ਔਰਤਾਂ ਨੂੰ ਨਵੇਂ ਕਾਨੂੰਨ ਤਹਿਤ ਉਮੀਦਵਾਰ ਦੇ ਰੂਪ ਵਿਚ ਚੁਣਿਆ ਗਿਆ ਹੈ, ਉਹ ਆਪਣੀ ਤਾਕਤ ਦਾ ਆਪਣੀ ਬੁੱਧੀ ਅਤੇ ਸਮਰਥਾ ਨਾਲ ਵਰਤੋਂ ਕਰਨ। ਚੋਣ ਪ੍ਰਚਾਰ ਸਮੇਂ ਵੋਟਾਂ ਮੰਗਦੇ ਹੋਏ ਉਨ੍ਹਾਂ ਨੇ ਸ਼ਾਇਦ ਅਜਿਹਾ ਵਾਅਦਾ ਕੀਤਾ ਸੀ, ਪਰ ਹੁਣ ਚੋਣਾਂ ਹੋ ਚੁੱਕੀਆਂ ਹਨ, ਇਸ ਲਈ ਜਿੱਤ ਦੇ ਹਾਰ ਉਨ੍ਹਾਂ ਦੇ ਗਲ ਵਿਚ ਪਏ ਹਨ ਜਾਂ ਉਨ੍ਹਾਂ ਦੇ ਪਤੀਆਂ ਦੇ, ਕੁਝ ਸਮਝ ਵਿਚ ਨਹੀਂ ਆਉਂਦਾ।

ਪੰਜਾਬ ਅਤੇ ਚੰਡੀਗੜ੍ਹ ਦੀਆਂ ਔਰਤਾਂ ਨੂੰ ਜ਼ਿਆਦਾ ਆਧੁਨਿਕ ਮੰਨਿਆ ਜਾਂਦਾ ਹੈ। ਸਿੱਖਿਆ ਅਤੇ ਕੰਮਕਾਜੀ ਹੋਣ ਦੇ ਮਾਮਲੇ ਵਿਚ ਉਨ੍ਹਾਂ ਨਵੀਂਆਂ ਮੰਜ਼ਿਲਾਂ ਤੈਅ ਕੀਤੀਆਂ ਹਨ, ਪਰ ਆਧੁਨਿਕਤਾ ਦੇ ਇਸ ਮੁਖੌਟੇ ਦੇ ਪਿੱਛੇ ਝਾਕਣ 'ਤੇ ਸਾਨੂੰ ਕਿਉਂ ਦਿਖਾਈ ਦਿੰਦਾ ਹੈ ਕਿ ਉਹ ਹੁਣ ਵੀ ਪੁਰਸ਼ ਪ੍ਰਧਾਨ ਤੋਂ ਪਿੱਛੇ ਹਨ। ਦਹੇਜ ਲੈਣਾ ਅਤੇ ਦੇਣਾ ਅਪਰਾਧ ਹੈ, ਪਰ ਲੜਕੀਆਂ ਦੇ ਮਾਤਾ-ਪਿਤਾ ਘਰ ਫੂਕ ਤਮਾਸ਼ਾ ਕਰ ਸ਼ਾਨਦਾਰ ਸ਼ਾਦੀਆਂ ਕਰ ਰਹੇ ਹਨ। ਦਹੇਜ ਵਿਰੋਧੀ ਕਾਨੂੰਨ ਬਣਿਆ ਹੈ, ਪਰ ਹੁਣ ਇਹ ਦਹੇਜ ਨਹੀਂ ਲੜਕੀ ਲਈ ਗਿਫਟ ਕਹਾਉਣ ਲੱਗਿਆ ਹੈ। ਕੰਮਕਾਜੀ ਅਤੇ ਪੜ੍ਹੀਆਂ-ਲਿਖੀਆਂ ਲੜਕੀਆਂ ਦੇ ਮਾਤਾ-ਪਿਤਾ ਨੂੰ ਵੀ ਇਨ੍ਹਾਂ ਗਿਫਟਾਂ ਦਾ ਪ੍ਰਬੰਧ ਕਰਨਾ ਪੈਂਦਾ ਹੈ।

ਦਹੇਜ ਵਿਰੋਧੀ ਕਾਨੂੰਨ ਬਣੇ ਦਹਾਕੇ ਬੀਤ ਚੁੱਕੇ ਹਨ, ਪਰ ਸਹੁਰਾ ਪਰਿਵਾਰ ਵੱਲੋਂ ਘੱਟ ਦਹੇਜ ਲਈ ਸ਼ੋਸ਼ਣ ਕਰ ਲੜਕੀਆਂ ਜਾਂ ਬਹੂਆਂ ਨੂੰ ਮਾਰ ਦੇਣ ਦੀਆਂ ਘਟਨਾਵਾਂ ਵਿਚ ਕੋਈ ਕਮੀ ਨਹੀਂ ਆਈ ਹੈ।

ਪਿਛਲੀ ਜਨਗਣਨਾ ਵਿਚ ਪੰਜਾਬ ਵਿਚ ਇਹ ਡਰਾਉਣਾ ਤੱਥ ਸਾਹਮਣੇ ਆਇਆ ਸੀ ਕਿ ਆਪਣੇ ਰਹਿਣ-ਸਹਿਣ ਤੇ ਸੰਪੰਨਤਾ ਨੂੰ ਬਣਾਈ ਰੱਖਣ ਲਈ ਇਥੇ ਵੱਡੇ ਪੱਧਰ 'ਤੇ ਭਰੂਣ ਹੱਤਿਆ ਕੀਤੀ ਜਾ ਰਹੀ ਹੈ। ਸੂਬੇ ਵਿਚ ਕਈ ਲਿੰਗ ਪ੍ਰੀਖਣ ਕੇਂਦਰ ਬਣੇ ਹਨ, ਜਿਥੇ ਪਹਿਲਾਂ ਕਾਨੂੰਨੀ ਅਤੇ ਹੁਣ ਗੈਰ ਕਾਨੂੰਨੀ ਢੰਗ ਨਾਲ ਕੰਨਿਆ ਭਰੂਣ ਤਸਦੀਕ ਕਰ ਉਨ੍ਹਾਂ ਨੂੰ ਬੇਰਹਿਮੀ ਨਾਲ ਕੁੱਖ ਵਿਚ ਖ਼ਤਮ ਕਰ ਦਿੱਤਾ ਜਾਂਦਾ ਹੈ। ਸਿੱਟੇ ਵਜੋਂ ਪੰਜਾਬ ਵਿਚ ਲਿੰਗ ਅਨੁਪਾਤ ਤੇਜ਼ੀ ਨਾਲ ਵਿਗੜ ਰਿਹਾ ਹੈ ਅਤੇ ਹੁਣ ਪ੍ਰਤੀ ਹਜ਼ਾਰ ਪੁਰਸ਼ਾਂ ਪਿੱਛੇ 793 ਇਸਤਰੀਆਂ ਹੀ ਰਹਿ ਗਈਆਂ ਹਨ। ਲੋਕ ਇਨ੍ਹਾਂ ਹੱਤਿਆਵਾਂ ਵਿਰੁੱਧ ਜਾਗਰੂਕ ਹੋਏ, ਵਿਰੋਧ ਲਈ ਲੇਖਕਾਂ ਨੇ ਕਲਮ ਚੁੱਕੀ। ਬੁੱਧੀਜੀਵੀਆਂ ਨੇ ਸੈਮੀਨਾਰ ਕੀਤੇ ਅਤੇ ਨੌਜਵਾਨ ਸ਼ਕਤੀ ਨੇ ਰੈਲੀਆਂ ਕੀਤੀਆਂ।

ਸੰਸਦ ਮੈਂਬਰ ਹਰਸਿਮਰਤ ਕੌਰ ਬਾਦਲ ਨੇ ਕੰਨਿਆ ਭਰੂਣ ਹੱਤਿਆ ਖਿਲਾਫ ਨੰਨ੍ਹੀ ਛਾਂ ਅੰਦੋਲਨ ਵੀ ਚਲਾਇਆ, ਪਰ ਸੂਬੇ ਵਿਚ ਹੁਣ ਵੀ ਬਹੁਤ ਕੁਝ ਹੋਣਾ ਬਾਕੀ ਹੈ। ਤਦ ਹੀ ਤਸਵੀਰ ਬਦਲ ਸਕੇਗੀ।

# ਬਦਲੀ ਹੈ ਅਬਲਾ ਜੀਵਨ ਦੀ ਕਹਾਣੀ



ਡਾ. ਪੂਰਨਿਮਾ ਅਡਵਾਨੀ
ਸਾਬਕਾ ਚੇਅਰਮੈਨ ਮਹਿਲਾ ਕਮਿਸ਼ਨ

ਅਸੀਂ ਅਜਿਹਾ ਨਹੀਂ ਕਹਿ ਸਕਦੇ ਕਿ ਭਾਰਤ ਵਿਚ ਔਰਤਾਂ ਦੀ ਹਾਲਤ ਬਹੁਤ ਖ਼ਰਾਬ ਹੈ। ਔਰਤਾਂ ਨੂੰ ਕਈ ਥਾਵਾਂ 'ਤੇ ਅੱਗੇ ਵਧਣ ਦਾ ਮੌਕਾ ਦਿੱਤਾ ਜਾ ਰਿਹਾ ਹੈ। ਕਈ ਖੇਤਰਾਂ ਵਿਚ ਔਰਤਾਂ ਪੁਰਸ਼ਾਂ ਨਾਲ ਕਦਮ ਨਾਲ ਕਦਮ ਮਿਲਾ ਕੇ ਚੱਲ ਰਹੀਆਂ ਹਨ। ਜਿਸ ਦੇਸ਼ ਨੇ ਸਭ ਤੋਂ ਉਚੇ ਅਹੁਦੇ 'ਤੇ ਇਕ ਮਹਿਲਾ ਨੂੰ ਜਗ੍ਹਾ ਦਿੱਤੀ ਹੈ, ਉਥੇ ਔਰਤਾਂ ਨੂੰ ਅਬਲਾ ਦੀ ਸੰਗਿਆ ਕਿਵੇਂ ਦਿੱਤੀ ਜਾ ਸਕਦੀ ਹੈ। ਸਾਡੇ ਦੇਸ਼ ਵਿਚ ਮਹਿਲਾ ਸ਼ਕਤੀਕਰਨ ਲਈ ਕਈ ਕਾਨੂੰਨ ਬਣਾਏ ਗਏ ਹਨ। 1960 ਤੋਂ ਬਾਅਦ ਹੀ ਔਰਤਾਂ ਦੀ ਸਮਾਜਕ ਅਤੇ ਆਰਥਕ ਸਥਿਤੀ ਵਿਚ ਸੁਧਾਰ ਆਇਆ ਹੈ। ਕਈ ਔਰਤਾਂ ਆਈ.ਏ.ਐਸ ਅਤੇ ਆਈ.ਪੀ.ਐਸ ਵਰਗੇ ਅਹੁਦਿਆਂ 'ਤੇ ਤਾਇਨਾਤ ਹਨ। ਹਾਂ! ਕਿਤੇ-ਕਿਤੇ ਕੁਝ ਮਾਮਲੇ ਔਰਤਾਂ 'ਤੇ ਅਤਿਆਚਾਰ ਦੇ ਸਾਹਮਣੇ ਆਉਂਦੇ ਹਨ। ਇਸ ਲਈ ਮੈਨੂੰ ਲਗਦਾ ਹੈ ਕਿ ਸਾਡੇ ਦੇਸ਼ ਦੀ ਕਾਨੂੰਨ ਵਿਵਸਥਾ ਜ਼ਿੰਮੇਵਾਰ ਹੈ। ਔਰਤਾਂ ਨਾਲ ਜੁੜੇ ਕਾਨੂੰਨ 'ਤੇ ਸਖ਼ਤ ਰਵੱਈਆ ਅਪਣਾਉਣਾ ਚਾਹੀਦਾ ਹੈ। ਮਾਮਲਿਆਂ ਦੀ ਸੁਣਵਾਈ ਛੇਤੀ ਹੋਣੀ ਚਾਹੀਦੀ ਹੈ ਤਾਂ ਕਿ ਦੋਸ਼ੀਆਂ ਨੂੰ ਸਜ਼ਾ ਅਤੇ ਪੀੜਤ ਮਹਿਲਾ ਨੂੰ ਨਿਆਂ ਮਿਲ ਸਕੇ ਅਤੇ ਕਾਨੂੰਨ 'ਤੇ ਉਨ੍ਹਾਂ ਦਾ ਭਰੋਸਾ ਬਣਿਆ ਰਹੇ।

ਦਹੇਜ ਕਾਨੂੰਨ ਨੂੰ ਸਖ਼ਤੀ ਨਾਲ ਲਾਗੂ ਕਰਨ ਵਿਚ ਕਈ ਪ੍ਰੇਸ਼ਾਨੀਆਂ ਆ ਜਾਂਦੀਆਂ ਹਨ। ਲੋਕ ਸ਼ਾਦੀ ਅਤੇ ਪਰਿਵਾਰ ਬਚਾਉਣ ਦੇ ਚੱਕਰ ਵਿਚ ਦਹੇਜ ਦੇ ਚੱਕਰਵਿਊ ਵਿਚ ਫਸ ਜਾਂਦੇ ਹਨ ਅਤੇ ਕਾਨੂੰਨ ਲਾਚਾਰ ਹੋ ਜਾਂਦਾ ਹੈ। ਲੜਕੇ-ਲੜਕੀਆਂ ਵਿਚ ਭੇਦਭਾਵ ਵੀ ਸਮਾਜਕ ਦੋਸ਼ ਹੈ, ਪਰ ਅਜਿਹੇ ਮਾਮਲੇ ਹੁਣ ਕਾਫੀ ਘੱਟ ਹੋ ਰਹੇ ਹਨ।



ਇਹੀ ਕਾਰਨ ਹੈ ਕਿ ਕਈ ਖੇਤਰਾਂ ਵਿਚ ਲੜਕੀਆਂ, ਲੜਕਿਆਂ ਨੂੰ ਮਾਤ ਦੇ ਰਹੀਆਂ ਹਨ। ਲੋਕ ਲੜਕੀਆਂ ਦੀ ਸਿੱਖਿਆ ਅਤੇ ਹੁਨਰ ਨੂੰ ਦੇਖਦੇ ਹੋਏ ਉਨ੍ਹਾਂ ਨੂੰ ਅੱਗੇ ਵਧਣ ਦਾ ਮੌਕਾ ਦੇ ਰਹੇ ਹਨ। ਸਾਡੇ ਦੇਸ਼ ਵਿਚ ਕੌਮੀ ਪੱਧਰ 'ਤੇ ਮਹਿਲਾ ਕਮਿਸ਼ਨ ਬਾਖ਼ੂਬੀ ਕੰਮ ਕਰ ਰਿਹਾ ਹੈ। ਕਈ ਗੈਰ ਸਰਕਾਰੀ ਸੰਸਥਾਵਾਂ ਵੀ ਇਸ ਦਿਸ਼ਾ ਵਿਚ ਕੰਮ ਕਰ ਰਹੀਆਂ ਹਨ। ਦਹੇਜ ਲਈ ਤੰਗ-ਪ੍ਰੇਸ਼ਾਨ ਕਰਨਾ, ਦਹੇਜ ਹੱਤਿਆ, ਬਲਾਤਕਾਰ, ਬਾਲ-ਵਿਆਹ ਵਰਗੇ ਮਾਮਲਿਆਂ ਦੇ ਗ੍ਰਾਫ਼ ਨੂੰ ਦੇਖੀਏ ਤਾਂ ਇਸ ਵਿਚ ਗਿਰਾਵਟ ਆਈ ਹੈ। ਸਰਕਾਰੀ ਹੋਵੇ ਜਾਂ ਨਿਜੀ, ਹਰ ਖੇਤਰ ਵਿਚ ਕੰਮਕਾਜੀ ਮਹਿਲਾਵਾਂ ਦੀ ਗਿਣਤੀ ਪਿਛਲੇ ਕੁਝ ਸਾਲਾਂ ਵਿਚ ਕਾਫੀ ਵਧੀ ਹੈ। ਸਾਡੇ ਦੇਸ਼ ਵਿਚ ਮਹਿਲਾਵਾਂ ਦੀ ਸਥਿਤੀ ਹੋਰ ਮਜ਼ਬੂਤ ਹੋਵੇ ਇਸ ਲਈ ਮੈਨੂੰ ਲਗਦਾ ਹੈ ਕਿ 33 ਫੀਸਦੀ ਮਹਿਲਾ ਰਾਖਵਾਂਕਰਨ ਬਿਲ ਨੂੰ ਛੇਤੀ ਪਾਸ ਹੋਣਾ ਚਾਹੀਦਾ ਹੈ।

ਮੈਨੂੰ ਨਹੀਂ ਲਗਦਾ ਕਿ ਕੋਈ ਵਿਦੇਸ਼ੀ ਏਜੰਸੀ ਦੇਸ਼-ਵਿਦੇਸ਼ ਵਿਚ ਕੁਝ ਲੋਕਾਂ ਤੋਂ ਪੋਲਿੰਗ ਕਰਵਾ ਕੇ ਸਾਡੇ ਦੇਸ਼ ਦੀ ਦਸ਼ਾ 'ਤੇ ਕੋਈ ਸਹੀ ਟਿਪਣੀ ਕਰ ਸਕਦੀ ਹੈ।

**(ਨਮ੍ਰਤਾ ਨਾਰਾਇਣ ਨਾਲ ਗੱਲਬਾਤ 'ਤੇ ਆਧਾਰਤ)**

# ਅਮਰੀਕੀ ਯੂਨੀਵਰਸਿਟੀ 'ਚ ਖੁੱਲ੍ਹੀ ਪਹਿਲੀ ਹਿੰਦੂ ਅਧਿਐਨ ਚੇਅਰ, ਪੜ੍ਹਾਈ ਜਾਵੇਗੀ ਸਿੱਖੀ ਵੀ

ਵਾਸ਼ਿੰਗਟਨ, (ਨਦਬ) : ਅਮਰੀਕਾ ਦੀ ਯੂਨੀਵਰਸਿਟੀ ਆਫ ਸਾਊਥ ਕੈਲੀਫੋਰਨੀਆ ਵਿਚ ਪਹਿਲੀ ਹਿੰਦੂ ਅਧਿਐਨ ਚੇਅਰ ਦੀ ਸਥਾਪਨਾ ਕੀਤੀ ਗਈ ਹੈ। ਇਸ ਵਿਚ ਹਿੰਦੂ ਧਰਮ ਦੇ ਸਿਧਾਂਤਾਂ, ਰਵਾਇਤਾਂ ਅਤੇ ਰਸਮਾਂ-ਰਿਵਾਜ਼ਾਂ ਨੂੰ ਪੜ੍ਹਾਇਆ ਜਾਵੇਗਾ।

ਇਸ ਚੇਅਰ ਦੀ ਸਥਾਪਨਾ ਅਮਰੀਕੀ ਭਾਰਤੀਆਂ ਦੀ ਧਰਮ ਸਿਵੀਲਾਈਜੇਸ਼ਨ ਫਾਊਂਡੇਸ਼ਨ ਨਾਮ ਦੀ ਸੰਸਥਾ ਨੇ ਕਰਾਈ ਹੈ। ਇਸ ਲਈ 32 ਲੱਖ ਡਾਲਰ (ਲਗਪਗ 180 ਕਰੋੜ ਰੁਪਏ) ਦੀ ਆਰਥਿਕ ਮਦਦ ਦਿੱਤੀ ਗਈ ਹੈ। ਸਵਾਮੀ ਵਿਵੇਕਾਨੰਦ ਵਿਜ਼ੀਟਿੰਗ ਫੈਕਲਟੀ ਨੇ ਵੀ ਚੇਅਰ ਦੀ ਸਥਾਪਨਾ ਵਿਚ ਸਹਿਯੋਗ ਦਿੱਤਾ ਹੈ। ਲਾਸ ਏਂਜਲਿਸ ਧਰਮ ਸਿਵੀਲਾਈਜੇਸ਼ਨ ਫਾਊਂਡੇਸ਼ਨ ਦਾ ਮੁੱਖ ਉਦੇਸ਼ ਹਿੰਦੂ, ਬੁੱਧ, ਜੈਨ ਅਤੇ ਸਿੱਖ ਧਰਮ 'ਤੇ ਆਧਾਰਤ ਪੜ੍ਹਾਈ ਵਿਚ ਮਦਦ ਕਰਨਾ ਹੈ। ਯੂਨੀਵਰਸਿਟੀ ਦੇ ਧਾਰਮਿਕ ਸਕੂਲ ਦੇ ਡਯੂਨਕੇਨ ਵਿਲੀਅਮਸ ਦਾ ਕਹਿਣਾ ਹੈ ਕਿ ਇਹ ਚੇਅਰ ਇਕ ਤੋਹਫੇ ਵਾਂਗ ਹੈ। ਇਥੇ ਕੌਮਾਂਤਰੀ ਪ੍ਰਸੰਗ ਵਿਚ ਮਨੁੱਖੀ ਜੀਵਨ ਅਤੇ ਉਸ ਦੇ ਮੁੱਲਾਂ 'ਤੇ ਆਧਾਰਤ ਸਿੱਖਿਆ ਨੂੰ ਪੜ੍ਹਾਇਆ ਜਾਵੇਗਾ। ਉਨ੍ਹਾਂ ਜ਼ੋਰ ਦੇ ਕੇ ਕਿਹਾ ਕਿ ਅੱਜ ਮਨੁੱਖੀ ਜੀਵਨ ਦੇ ਮੁੱਲ ਹੀ ਪੜ੍ਹਾਈ ਤੋਂ ਗਾਇਬ ਹੋ ਰਹੇ ਹਨ। ਅਜਿਹੇ ਵਿਚ ਇਹ ਚੇਅਰ ਇਸ ਵਿਚ ਅਹਿਮ ਭੂਮਿਕਾ ਨਿਭਾਏਗੀ।

## ਰਾਜਨ ਜੈਡ ਦੀ ਪਹਿਲ

'ਯੂਨੀਵਰਸਲ ਸੋਸਾਇਟੀ ਆਫ ਹਿੰਦੂਇਜ਼ਮ' ਦੇ ਮੁਖੀ ਰਾਜਨ ਜੈਡ ਨੇ ਇਸ ਲਈ ਪਹਿਲ ਕੀਤੀ ਹੈ। ਜੈਡ ਕੁਝ ਸਮੇਂ ਪਹਿਲਾਂ ਗੁਰੂ ਨਗਰੀ ਅੰਮ੍ਰਿਤਸਰ ਆਏ ਸਨ।

## ਯੂਨੀਕ ਯੂਨੀਵਰਸਿਟੀ 'ਚ ਪਹਿਲ

ਯੂਨੀਕ ਯੂਨੀਵਰਸਿਟੀ ਵਿਚ ਫਿਲਹਾਲ 1800 ਭਾਰਤੀ ਵਿਦਿਆਰਥੀ ਪੜ੍ਹ ਰਹੇ ਹਨ। ਜੈਡ ਨੇ ਦੱਸਿਆ ਕਿ ਚੰਦ 'ਤੇ ਸਭ ਤੋਂ ਪਹਿਲਾਂ ਪਹੁੰਚਣ ਵਾਲੇ ਨੀਲ ਆਰਮਸਟ੍ਰਾਂਗ ਤੇ ਹਾਲੀਵੁੱਡ ਅਭਿਨੇਤਾ ਜਾਨ ਵੇਨ ਯੂਨੀਵਰਸਿਟੀ ਦੇ ਸਟੂਡੈਂਟ ਰਹਿ ਚੁੱਕੇ ਹਨ। ਵਿਦੇਸ਼ ਦੀ ਕਿਸੇ ਯੂਨੀਵਰਸਿਟੀ ਵਿਚ ਪਹਿਲੀ ਵਾਰ ਇਸ ਤਰ੍ਹਾਂ ਦੀ ਚੇਅਰ ਸਥਾਪਿਤ ਹੋਣ ਜਾ ਰਹੀ ਹੈ। ਉਨ੍ਹਾਂ ਕਿਹਾ ਕਿ ਇਸ ਲਈ ਜ਼ਰੂਰਤ ਪੈਣ 'ਤੇ ਭਾਰਤ ਤੋਂ ਪਾਠ ਸਮੱਗਰੀ ਮੰਗਵਾਈ ਜਾ ਸਕਦੀ ਹੈ।

### ਬਜਟ ਵੰਡ ਵਿਚ ਗੜਬੜੀ ਤੋਂ ਲੇਖਾ ਵਿਭਾਗ ਨੇ ਰਿਲੀਜ਼ ਨਹੀਂ ਕੀਤੀਆਂ ਤਨਖਾਹਾਂ

# ਬਾਦਲ ਅਤੇ ਮੰਤਰੀਆਂ ਨੂੰ ਤਿੰਨ ਮਹੀਨੇ ਤੋਂ ਨਹੀਂ ਮਿਲੀ ਤਨਖਾਹ

ਚੰਡੀਗੜ੍ਹ,(ਨਦਬ) ਪੰਜਵੀਂ ਵਾਰ ਪੰਜਾਬ ਦੇ ਮੁੱਖ ਮੰਤਰੀ ਬਣੇ ਪ੍ਰਕਾਸ਼ ਸਿੰਘ ਬਾਦਲ ਅਤੇ ਉਨ੍ਹਾਂ ਦੇ ਮੰਤਰੀ ਮੰਡਲ ਦੇ ਮੈਂਬਰਾਂ ਨੂੰ ਤਿੰਨ ਮਹੀਨੇ ਤੱਕ ਤਨਖਾਹ ਦੀ ਉਡੀਕ ਕਰਨੀ ਪਈ ਹੈ। ਸਕੱਤਰੇਤ ਦੇ ਅੰਦਰ ਹੀ ਮੁੱਖ ਮੰਤਰੀ ਦਫਤਰ ਅਤੇ ਲੇਖਾ ਵਿਭਾਗ ਵਿਚਾਲੇ ਤਾਲਮੇਲ ਦੀ ਕਮੀ ਅਤੇ ਬਜਟ ਵੰਡ ਵਿਚ ਹੋਈ ਗੜਬੜੀ ਨਾਲ ਇਹ ਸਭ ਹੋਇਆ। ਹੁਣ ਤੱਕ ਤਨਖਾਹ ਨਾ ਮਿਲਣ ਦੀ ਸ਼ਿਕਾਇਤ ਸਰਕਾਰੀ ਮੁਲਾਜ਼ਮ ਹੀ ਕਰਦੇ ਸਨ, ਪਰ ਇਹ ਪਹਿਲਾ ਮੌਕਾ ਹੈ ਕਿ ਮੁੱਖ ਮੰਤਰੀ ਨੂੰ ਵੀ ਤਨਖਾਹ ਲਈ ਲੰਬੀ ਉਡੀਕ ਕਰਨੀ ਪਈ ਹੋਵੇ। ਹੈਰਾਨੀ ਦੀ ਗੱਲ ਹੈ ਕਿ ਮੁੱਖ ਮੰਤਰੀ ਅਤੇ ਮੰਤਰੀ ਮੰਡਲ ਦੇ ਮੈਂਬਰਾਂ ਦੀਆਂ ਤਨਖਾਹਾਂ ਨਾਲ ਜੁੜੇ ਮਾਮਲੇ ਵਿਚ ਇੰਨੇ ਵੱਡੇ ਪੱਧਰ 'ਤੇ ਲਾਪਰਵਾਹੀ ਵਰਤੀ ਗਈ।



ਲੇਖਾ ਵਿਭਾਗ ਦੇ ਅਧਿਕਾਰੀਆਂ ਦੀ ਦਲੀਲ ਹੈ ਕਿ ਬਜਟ ਵੰਡ ਮੁੱਖ ਮੰਤਰੀ ਦਫਤਰ ਤੋਂ ਹੁੰਦੀ ਹੈ, ਜਦੋਂ ਕਿ ਉਨ੍ਹਾਂ ਦੀ ਜ਼ਿੰਮੇਵਾਰੀ ਬਿਲ ਪਾਸ ਕਰਨ ਤੱਕ ਸੀਮਤ ਹੈ। ਬਜਟ ਵੰਡ ਸਹੀ ਢੰਗ ਨਾਲ ਨਾ ਕਰਨ ਕਾਰਨ ਉਚ ਅਹੁਦਿਆਂ 'ਤੇ ਬੈਠੇ ਲੋਕਾਂ ਦੀ ਤਨਖਾਹ ਰੁਕੀ। ਵਿਭਾਗੀ ਸੂਤਰਾਂ ਅਨੁਸਾਰ ਤਨਖਾਹ ਸਬੰਧੀ ਬਜਟ ਵੰਡ ਦਾ ਪੱਤਰ ਅਧੂਰਾ ਸੀ ਅਤੇ ਮੁੱਖ ਮੰਤਰੀ ਦਫਤਰ ਤੋਂ ਇਸ ਸਬੰਧ ਵਿਚ ਕੋਈ ਸੂਚਨਾ ਨਹੀਂ ਭੇਜੀ ਗਈ। ਲਿਹਾਜਾ ਲੇਖਾ ਵਿਭਾਗ ਆਪਣੇ ਪੱਧਰ 'ਤੇ ਤਨਖਾਹ ਰਿਲੀਜ਼ ਨਹੀਂ ਕਰ ਸਕਦਾ।

**ਇਸ ਤਰ੍ਹਾਂ ਹੋਇਆ ਖੁਲਾਸਾ :** ਮੁੱਖ ਮੰਤਰੀ ਅਤੇ ਮੰਤਰੀ ਮੰਡਲ ਦੇ ਮੈਂਬਰਾਂ ਦੀ ਤਨਖਾਹ ਰੁਕਣ ਦਾ ਮਾਮਲਾ ਸਭ ਤੋਂ ਪਹਿਲਾਂ ਮੁੱਖ ਮੰਤਰੀ ਦੇ ਪ੍ਰਮੁੱਖ ਸਕੱਤਰ ਐਸ.ਕੇ ਸੰਧੂ ਦੇ ਧਿਆਨ ਵਿਚ ਆਇਆ। ਸ੍ਰੀ ਸੰਧੂ ਨੇ ਹੀ ਇਸ ਦੀ ਜਾਂਚ ਕਰਵਾਈ ਤਾਂ ਗਲਤੀ ਮੁਖ ਮੰਤਰੀ ਦਫਤਰ ਦੀ ਪਾਈ ਗਈ। ਹੁਣ ਟਾਟਾ ਕੰਸਲਟੈਂਸੀ ਸਰਵਿਸਜ਼ ਰਾਹੀਂ ਤਨਖਾਹ ਬਿਲ ਪਾਸ ਕਰਵਾਏ ਜਾ ਰਹੇ ਹਨ। ਹੁਣ ਬਕਾਇਆ ਤਿੰਨ ਮਹੀਨੇ ਦੀ ਤਨਖਾਹ ਇਕੱਠੀ ਜਾਰੀ ਕੀਤੀ ਜਾ ਰਹੀ ਹੈ।

**-ਮੋਹਿਤ ਸ੍ਰੀਵਾਸਤਵ**

# ਸ਼ਾਮਲਾਟ ਜ਼ਮੀਨ ਤੋਂ ਕਬਜ਼ੇ ਹਟਾਉਣ ਦੇ ਮਾਮਲੇ 'ਚ ਹਿੰਸਾ ਭੜਕੀ

ਦੇਵੀਗੜ੍ਹ, (ਨਦਬ): ਜ਼ਿਲ੍ਹਾ ਪਟਿਆਲਾ ਦੇ ਹਲਕਾ ਸਨੌਰ ਅਧੀਨ ਆਉਂਦੇ ਪਿੰਡ ਚਰਾਸੋਂ ਤੇ ਬਲਬੇੜ੍ਹਾ ਵਿਖੇ ਪ੍ਰਸ਼ਾਸਨ ਵੱਲੋਂ ਲਗਪਗ 210 ਏਕੜ ਸ਼ਾਮਲਾਟ ਜ਼ਮੀਨ ਤੋਂ ਕਬਜ਼ਾ ਹਟਾਉਣ ਦੀ ਕਾਰਵਾਈ ਦੌਰਾਨ ਕਿਸਾਨਾਂ ਤੇ ਪੁਲੀਸ ਪ੍ਰਸ਼ਾਸਨ ਵਿਚਕਾਰ ਝੜਪ ਹੋ ਗਈ। ਪੁਲੀਸ ਵੱਲੋਂ ਚਲਾਈ ਗੋਲੀ ਤੇ ਲਾਠੀਚਾਰਜ 'ਚ ਕਰੀਬ ਦੋ ਦਰਜਨ ਕਿਸਾਨ ਜ਼ਖ਼ਮੀ ਹੋ ਗਏ ਤੇ 10 ਦੇ ਕਰੀਬ ਪੁਲੀਸ ਕਰਮਚਾਰੀਆਂ ਨੂੰ ਵੀ ਸੱਟਾਂ ਲੱਗੀਆਂ।



ਹਲਕਾ ਸਨੌਰ ਦੇ ਪਿੰਡ ਬਲਬੇੜ੍ਹਾ ਤੇ ਚਰਾਸੋਂ 'ਚ ਸ਼ਾਮਲਾਟ ਜ਼ਮੀਨ ਤੋਂ ਕਬਜ਼ੇ ਹਟਾਉਣ ਦੀ ਕਾਰਵਾਈ ਦੌਰਾਨ ਬੀ ਡੀ ਪੀ ਓ ਜਸਵੰਤ ਕੌਰ, ਤਹਿਸੀਲਦਾਰ ਦੀਪਕ ਭਾਰਦਵਾਜ, ਡੀ ਐਸ ਪੀ ਦਿਹਾਤੀ ਜਗਜੀਤ ਸਿੰਘ ਜੱਲਾ, ਹਰਨੇਕ ਸਿੰਘ ਕਾਨੂੰਨਗੋ ਭੁੰਨਰਹੇੜੀ ਆਦਿ ਭਾਰੀ ਪੁਲੀਸ ਫੋਰਸ ਸਮੇਤ ਪੁੱਜੇ। ਪ੍ਰਸ਼ਾਸਨ ਦੇ ਇਨ੍ਹਾਂ ਅਧਿਕਾਰੀਆਂ ਨੇ ਸਵੇਰੇ 10 ਵਜੇ ਸ਼ਾਮਲਾਟ ਜ਼ਮੀਨ ਤੋਂ ਕਬਜ਼ੇ ਹਟਾਉਣ ਦੀ ਕਾਰਵਾਈ ਸ਼ੁਰੂ ਕਰਦੇ ਹੋਏ ਪਿੰਡ ਬਲਬੇੜ੍ਹਾ 'ਚ ਲਗਪਗ 90 ਏਕੜ ਸ਼ਾਮਲਾਟ ਜ਼ਮੀਨ ਤੋਂ ਕਬਜ਼ੇ ਹਟਾਉਣ ਦੀ ਕਾਰਵਾਈ ਨੂੰ ਪੂਰਾ ਕੀਤਾ ਗਿਆ। ਇਸ ਤੋਂ ਬਾਅਦ ਪ੍ਰਸ਼ਾਸਨ ਦੀ ਟੀਮ ਪਿੰਡ ਚਰਾਸੋਂ ਵਿਖੇ ਲਗਪਗ 120 ਏਕੜ ਸ਼ਾਮਲਾਟ ਜ਼ਮੀਨ ਤੋਂ ਕਬਜ਼ੇ ਹਟਾਉਣ ਦੀ ਕਾਰਵਾਈ ਨੂੰ ਪੂਰਾ ਕਰਨ ਲਈ ਪੁੱਜੀ। ਇਸ ਮੌਕੇ ਦੋਵੇਂ ਪਿੰਡਾਂ ਦੇ ਲੋਕ ਰੋਹ 'ਚ ਆ ਕੇ ਪ੍ਰਸ਼ਾਸਨ ਨੂੰ ਰੋਕਣ ਲਈ ਚੱਲ ਪਏ। ਲਗਪਗ 12 ਕੁ ਵਜੇ ਕਿਸਾਨਾਂ ਤੇ ਪੁਲੀਸ ਵਿਚਕਾਰ ਝੜਪ ਹੋ ਗਈ ਤੇ ਕਿਸਾਨਾਂ ਤੇ ਪੁਲੀਸ ਨੇ ਇੱਕ ਦੂਜੇ 'ਤੇ ਪਥਰਾਅ ਸ਼ੁਰੂ ਕਰ ਦਿੱਤਾ। ਜਿਸ ਦੌਰਾਨ ਸਥਿਤੀ ਕਾਫੀ ਤਣਾਅਪੂਰਵਕ ਬਣ ਗਈ।

ਇਸ ਦੌਰਾਨ ਗੁੱਸੇ 'ਚ ਆਏ ਕਿਸਾਨਾਂ ਨੇ ਪੁਲੀਸ ਦੀ ਵਾਟਰ ਕੈਨਨ ਗੱਡੀ ਦਾ ਭਾਰੀ ਨੁਕਸਾਨ ਕੀਤਾ। ਕਿਸਾਨਾਂ ਵੱਲੋਂ ਕੀਤੇ ਜਾ ਰਹੇ ਇਸ ਵਿਰੋਧ ਨੂੰ ਰੋਕਣ ਲਈ ਪੁਲੀਸ ਵੱਲੋਂ ਲਾਠੀਚਾਰਜ ਤੇ ਅੱਥਰੂ ਗੈਸ ਦਾ ਸਹਾਰਾ ਲਿਆ ਗਿਆ। ਪੁਲੀਸ ਨੇ ਕਿਸਾਨਾਂ ਉਪਰ ਗੋਲੀ ਵੀ ਚਲਾ ਦਿੱਤੀ। ਇਸ ਕਾਰਵਾਈ ਦੌਰਾਨ ਜਸਵੰਤ ਸਿੰਘ, ਕਮਲਜੀਤ ਸਿੰਘ,ਗੁਰਜੰਟ ਸਿੰਘ, ਸੋਨੀ, ਜੋਗਿੰਦਰ ਸਿੰਘ,ਗੁਰਜੀਤ ਸਿੰਘ, ਗੋਰਾ, ਗੁਰਮੇਲ ਸਿੰਘ ਕਿਸਾਨ ਆਗੂ, ਬਜ਼ੁਰਗ ਮਹਿਲਾ ਜੋਗਿੰਦਰ ਕੌਰ ਆਦਿ ਜ਼ਖ਼ਮੀ ਹੋ ਗਏ। ਕਿਸਾਨਾਂ ਨਾਲ ਹੋਈ ਝੜਪ 'ਚ ਪੁਲੀਸ ਦੇ ਵੀ ਕਈ ਮੁਲਾਜ਼ਮ ਜ਼ਖ਼ਮੀ ਹੋ ਗਏ।

ਇਹ ਮਾਮਲਾ ਜਦੋਂ ਪਟਿਆਲਾ ਪ੍ਰਸ਼ਾਸਨ ਦੇ ਉੱਚ ਅਧਿਕਾਰੀਆਂ ਦੇ ਧਿਆਨ ਹਿੱਤ ਆਇਆ ਤਾਂ ਸਥਿਤੀ ਨੂੰ ਕਾਬੂ ਕਰਨ ਲਈ ਪ੍ਰਿਤਪਾਲ ਸਿੰਘ ਥਿੰਦ ਐਸ ਪੀ (ਡੀ) ਤੇ ਗੁਰਪਾਲ ਸਿੰਘ ਚਹਿਲ ਐਸ ਡੀ ਐਮ ਮੌਕੇ 'ਤੇ ਪੁੱਜੇ ਤੇ ਕਿਸਾਨਾਂ ਨਾਲ ਗੱਲਬਾਤ ਕਰਕੇ ਸਥਿਤੀ ਨੂੰ ਕਾਬੂ ਕਰਨ ਦੀ ਕੋਸ਼ਿਸ਼ ਕੀਤੀ। ਇਸ ਦੌਰਾਨ ਪੁਲੀਸ ਦੇ ਇੱਕ ਉਚ ਅਧਿਕਾਰੀ ਧੁਰਮਨ ਨਬੇਲੇ ਨੇ ਮੌਕੇ 'ਤੇ ਪੁੱਜ ਕੇ ਪੁਲੀਸ ਨੂੰ ਕਿਸਾਨਾਂ 'ਤੇ ਲਾਠੀਚਾਰਜ ਕਰਨ ਦਾ ਆਦੇਸ਼ ਦੇ ਦਿੱਤਾ। ਇਸ ਮੌਕੇ ਐਸ ਐਸ ਪੀ ਗੁਰਪ੍ਰੀਤ ਸਿੰਘ ਗਿੱਲ ਮੌਕੇ 'ਤੇ ਪੁੱਜੇ ਤੇ ਉਨ੍ਹਾਂ ਸਥਿਤੀ ਨੂੰ ਕਾਬੂ ਕੀਤਾ ਅਤੇ ਜ਼ਖ਼ਮੀ ਕਿਸਾਨਾਂ ਦਾ ਹਾਲਚਾਲ ਪੁੱਛਣ ਤੋਂ ਬਾਅਦ ਉਨ੍ਹਾਂ ਨੂੰ ਇਲਾਜ ਲਈ ਪਟਿਆਲਾ ਭੇਜ ਦਿੱਤਾ ਗਿਆ।

# ਬਾਲ-ਵਿਆਹ ਹੋਣ 'ਤੇ ਪੂਰੀ ਪੰਚਾਇਤ ਨੂੰ ਮਿਲੇਗੀ ਸਜ਼ਾ

ਨਵੀਂ ਦਿੱਲੀ, (ਨਦਬ) : ਬਾਲ-ਵਿਆਹ ਕਰਾਉਣ 'ਤੇ ਸਿਰਫ ਮਾਪਿਆਂ 'ਤੇ ਹੀ ਨਹੀਂ ਬਲਕਿ ਪੂਰੀ ਪੰਚਾਇਤ ਅਤੇ ਪਿੰਡਾਂ ਦੇ ਲੋਕਾਂ 'ਤੇ ਕਾਨੂੰਨੀ ਕਾਰਵਾਈ ਹੋ ਸਕਦੀ ਹੈ। ਦੇਸ਼ ਵਿਚ ਬਾਲ-ਵਿਆਹ ਨੂੰ ਜੜ੍ਹੋਂ ਖਤਮ ਕਰਨ ਲਈ ਸਰਕਾਰ ਕਾਨੂੰਨ ਵਿਚ ਇਹ ਪ੍ਰਬੰਧ ਕਰਨ ਜਾ ਰਹੀ ਹੈ। ਕੇਂਦਰੀ ਮਹਿਲਾ ਤੇ ਬਾਲ ਵਿਕਾਸ ਮੰਤਰਾਲਾ ਬਾਲ-ਵਿਆਹ ਰੋਕਥਾਮ ਐਕਟ ਸੋਧ ਬਿਲ-2012 ਤਿਆਰ ਕਰ ਰਿਹਾ ਹੈ।

ਕੇਂਦਰੀ ਮਹਿਲਾ ਤੇ ਬਾਲ ਵਿਕਾਸ ਮੰਤਰਾਲਾ ਦੇ ਇਕ ਸੀਨੀਅਰ ਅਧਿਕਾਰੀ ਨੇ ਇਹ ਜਾਣਕਾਰੀ ਦਿੱਤੀ। ਉਨ੍ਹਾਂ ਮੁਤਾਬਕ ਕੇਂਦਰੀ ਪੰਚਾਇਤੀ ਰਾਜ ਮੰਤਰਾਲਾ ਅਤੇ ਕਾਨੂੰਨ ਮੰਤਰਾਲਾ ਅਤੇ ਰਾਜ ਸਰਕਾਰਾਂ ਨਾਲ ਗੱਲਬਾਤ ਸ਼ੁਰੂ ਹੋ ਚੁੱਕੀ ਹੈ। ਉਨ੍ਹਾਂ ਦੱਸਿਆ ਕਿ ਗਵਾਹਾਂ ਦੀ ਮਦਦ ਲੈਣ ਦੀ ਵੀ ਯੋਜਨਾ ਹੈ। ਇਸ ਤੋਂ ਇਲਾਵਾ ਸੂਬਿਆਂ ਨੂੰ ਬਾਲ-ਵਿਆਹ ਦੀ ਜਾਣਕਾਰੀ ਦੇਣ ਵਾਲੇ ਲੋਕਾਂ ਨੂੰ ਇਨਾਮ ਦੇਣ ਦੀ ਪੇਸ਼ਕਸ਼ ਲਾਗੂ ਕਰਨ ਲਈ ਕਿਹਾ ਗਿਆ ਹੈ। ਯੂਨੀਸੇਫ ਨੇ 2012 ਦੀ ਇਕ ਰਿਪੋਰਟ ਵਿਚ ਕਿਹਾ ਹੈ ਕਿ 2000 ਤੋਂ 2010 ਵਿਚਾਲੇ 47 ਫੀਸਦੀ ਲੜਕੀਆਂ ਦੀ ਸ਼ਾਦੀ 18 ਸਾਲ ਦੀ ਉਮਰ ਤੋਂ ਪਹਿਲਾਂ ਕਰ ਦਿੱਤੀ ਗਈ ਸੀ। ਜਦਕਿ 18 ਫੀਸਦੀ ਲੜਕੀਆਂ ਦੀ ਸ਼ਾਦੀ 15 ਸਾਲ ਦੀ ਉਮਰ ਵਿਚ ਕਰ ਦਿੱਤੀ ਗਈ।



# ਪੰਜਾਬ

## ਅੱਜ-ਕੱਲ੍ਹ

ਪੰਜਾਬ ਪਾਲ

## ਜੋਗਾ ਬੁੱਚੜਖਾਨਾ ਕਾਂਡ



ਜੋਗਾ ਮਾਲਵਾ ਖੇਤਰ ਵਿਚ ਪੈਂਦਾ ਪੰਜਾਬ ਦਾ ਪ੍ਰਸਿੱਧ ਪਿੰਡ ਹੈ। ਜਦੋਂ ਕੁਝ ਨਿਵੇਕਲੀਆਂ ਖੂਬਸੂਰਤ ਵਸਤਾਂ ਦਾ ਜ਼ਿਕਰ ਆਉਂਦਾ ਹੈ ਤਾਂ ਉਨ੍ਹਾਂ ਵਿਚ ਇਸ ਪਿੰਡ ਦਾ ਨਾਮ ਵੀ ਬੋਲਦਾ ਹੈ। ਜੋਗੇ-ਰੱਲੇ ਦੀਆਂ ਔਰਤਾਂ ਨੂੰ ਸੁੰਦਰਤਾ ਪੱਖੋਂ ਬੇਜੋੜ ਸਮਝਿਆ ਗਿਆ ਹੈ। ਪਰ ਨਵੀਂ ਚਰਚਾ ਨੇ ਜੋਗੇ ਦੀ ਪ੍ਰਸਿੱਧੀ ਦਾ ਪੁਰਾਣਾ ਸੰਦਰਭ ਬਦਲ ਦਿੱਤਾ ਹੈ। ਇਹ ਪਿੰਡ ਹੁਣ ਬੁੱਚੜਖਾਨੇ ਲਈ ਚਰਚਾ ’ਚ ਹੈ। ਇਥੇ ਤਕਰੀਬਨ ਪੰਦਰਾਂ ਸਾਲ ਪਹਿਲਾਂ ਮੁਰਦਾ ਪਸ਼ੂਆਂ ਤੋਂ ਹੱਡੀ-ਚੂਰਾ ਆਦਿ ਤਿਆਰ ਕਰਨ ਦੀ ਫੈਕਟਰੀ ਲਗਾਈ ਗਈ ਸੀ। ਜਦੋਂ ਤੱਕ ਇਹ ਫੈਕਟਰੀ ਇਸੇ ਕੰਮ ਲਈ ਜਾਣੀ ਜਾਂਦੀ ਰਹੀ ਉਦੋਂ ਤੱਕ ਤਾਂ ਸਭ ਕੁਝ ਠੀਕ ਠਾਕ ਹੀ ਰਿਹਾ, ਪਰ ਜੂਨ ਮਹੀਨੇ ਦੇ ਦੂਜੇ ਹਫ਼ਤੇ ਜਦ ਲੋਕਾਂ ਨੂੰ ਇਹ ਭਿਣਕ ਪਈ ਕਿ ਇਹ ਫੈਕਟਰੀ ਦਾ ਕੰਮ ਕੇਵਲ ਮੁਰਦਾ ਪਸ਼ੂਆਂ ਉਪਰ ਹੀ ਆਧਾਰਿਤ ਨਹੀਂ ਹੈ, ਸਗੋਂ ਇਸ ਵਿਚ ਜ਼ਿੰਦਾ ਪਸ਼ੂ ਵੀ ਵੱਡੀ ਗਿਣਤੀ ਵਿਚ ਲਿਆ ਕੇ ਕੱਟੇ ਜਾਂਦੇ ਹਨ ਤਾਂ ਇਸ ਫੈਕਟਰੀ ਦਾ ਮਾਮਲਾ ਧਾਰਮਕ ਰੰਗਤ ਫੜ ਗਿਆ। ਲੋਕ ਰੋਹ ਅੱਗੇ ਫੈਕਟਰੀ ਦੇ ਮਾਲਕ ਟਿਕ ਨਹੀਂ ਪਾਏ ਤੇ ਫਰਾਰ ਹੋ ਗਏ। ਸਰਕਾਰ ਨੇ ਕਈ ਪੁਲਿਸ ਅਧਿਕਾਰੀ ਮੁਅੱਤਲ ਕਰ ਦਿੱਤੇ, ਲੋਕਾਂ ਨੇ ਫੈਕਟਰੀ ਦੀ ਇੱਟ ਨਾਲ ਇੱਟ ਖੜਕਾ ਕੇ ਇਸ ਨੂੰ ਮਿੱਟੀ ’ਚ ਮਿਲਾ ਦਿੱਤਾ, ਕਰਫਿਊ ਲਗਾ ਦਿੱਤਾ ਗਿਆ। ਗਊ ਹੱਤਿਆਵਾਂ ਖਿਲਾਫ਼ ਮਾਲਵਾ ਖਿੱਤੇ ਵਿਚ ਰੋਸ ਪ੍ਰਦਰਸ਼ਨ ਹੋਏ। ਕੁਝ ਕੁ ਦਿਨਾਂ ਵਿਚ ਮਾਹੌਲ ਸ਼ਾਂਤ ਵੀ ਹੋ ਗਿਆ। ਫੈਕਟਰੀ ਨੂੰ ਪਸ਼ੂ ਸਪਲਾਈ ਕਰਨ ਵਾਲਿਆਂ, ਇਥੋਂ ਮਾਸ ਬਾਹਰ ਭੇਜਣ ਵਾਲਿਆਂ ਅਤੇ ਫੈਕਟਰੀ ਮਾਲਕਾਂ ਦੀ ਗ੍ਰਿਫਤਾਰੀ ਦਾ ਸਿਲਸਿਲਾ ਜਾਰੀ ਹੈ। ਜਿਥੋਂ ਤੱਕ ਆਮ ਲੋਕਾਂ ਦਾ ਸਬੰਧ ਹੈ ਫੈਕਟਰੀ ਵਾਲਾ ਮਾਮਲਾ ਧਾਰਮਿਕ ਜਜ਼ਬਿਆਂ ਨੂੰ ਠੇਸ ਪਹੁੰਚਾਉਣ ਵਾਲਾ ਹੀ ਸੀ, ਪਰ ਜੋਗਾ ਪਿੰਡ ਦੇ ਲੋਕਾਂ ਨੂੰ ਵਧੇਰੇ ਗੁੱਸਾ ਇਸ ਗੱਲੋਂ ਸੀ ਕਿ ਇਸ ਬੁੱਚੜਖਾਨੇ ਕਾਰਨ ਪ੍ਰਦੂਸ਼ਣ ਫੈਲਦਾ ਸੀ, ਜਿਸ ਕਾਰਨ ਪਿੰਡ ਵਿਚ ਬਿਮਾਰੀਆਂ ਫੈਲਣ ਦਾ ਖ਼ਤਰਾ ਹਮੇਸ਼ਾਂ ਬਣਿਆ ਰਹਿੰਦਾ ਸੀ। ਇਸ ਸਬੰਧੀ ਪਿੰਡ ਵਾਸੀਆਂ ਨੇ ਕਈ ਵਾਰ ਵੱਖ-ਵੱਖ ਪ੍ਰਸ਼ਾਸਨਿਕ ਪੱਧਰ ’ਤੇ ਸ਼ਿਕਾਇਤਾਂ ਵੀ ਕੀਤੀਆਂ ਸਨ। ਇਨ੍ਹਾਂ ਸ਼ਿਕਾਇਤਾਂ ਦੀ ਸੁਣਵਾਈ ਤਾਂ ਕੀ ਹੋਣੀ ਸੀ, ਸਗੋਂ ਸਿਕਾਇਤਾਂ ਕਰਨ ਵਾਲਿਆਂ ਨੂੰ ਇਨ੍ਹਾਂ ਦਾ ਖਮਿਆਜ਼ਾ ਭੁਗਤਣਾ ਪਿਆ। ਜੋਗੇ ਦੇ ਸਮੁੱਚੇ ਘਟਨਾਕ੍ਰਮ ਤੋਂ ਇੰਝ ਪ੍ਰਤੀਤ ਹੁੰਦਾ ਹੈ ਕਿ ਪਿੰਡ ਵਾਸੀਆਂ ਦੇ ਪਹਿਲਾਂ ਹੀ ਇਹ ਫੈਕਟਰੀ ਨਿਸ਼ਾਨੇ ਉਪਰ ਸੀ। ਉਹ ਬਸ ਕਿਸੇ ਢੁਕਵੇਂ ਵੇਲੇ ਦੀ ਉਡੀਕ ਵਿਚ ਸਨ। ਸੋ, ਜਿਉਂ ਹੀ ਫੈਕਟਰੀ ਵਿਚ ਜ਼ਿੰਦਾ ਪਸ਼ੂ ਲਿਆਏ ਜਾਣ ਦੀ ਖ਼ਬਰ ਪਿੰਡ ਵਿਚ ਫੈਲੀ, ਲੋਕਾਂ ਨੇ ਫੈਕਟਰੀ ਉਪਰ ਧਾਵਾ ਬੋਲ ਦਿੱਤਾ। ਜੋਗਾ ਕਾਂਡ ਕੇਵਲ ਇਕ ਬੁੱਚੜਖਾਨੇ ਦੇ ਸਥਾਪਤ ਹੋਣ ਤੋਂ ਉਜੜਨ ਤੱਕ ਹੀ ਸੀਮਤ ਨਹੀਂ, ਇਸ ਨੇ ਪੰਜਾਬ ਵਿਚ ਪਸ਼ੂਆਂ ਸਬੰਧੀ ਹੋਰ ਵੀ ਕਈ ਪਹਿਲੂਆਂ ਨੂੰ ਮੁੜ ਉਭਾਰਿਆ ਹੈ। ਪੰਜਾਬ ਵਿਚ ਅਵਾਰਾ ਪਸ਼ੂਆਂ, ਖਾਸ ਕਰਕੇ ਗਊਆਂ ਦੀ ਭਰਮਾਰ ਹੈ। ਇਹ ਸ਼ਹਿਰਾਂ-ਕਸਬਿਆਂ ਦੀਆਂ ਸੜਕਾਂ ਤੇ ਚੌਕਾਂ ਵਿਚ ਆਮ ਦਿਖਾਈ ਦਿੰਦੇ ਹਨ। ਇਨ੍ਹਾਂ ਵਿਚੋਂ ਬਹੁਤੇ ਪਸ਼ੂ ਪਸ਼ੂ-ਪਾਲਕਾਂ ਦੇ ਛੱਡੇ ਹੋਏ ਹੁੰਦੇ ਹਨ। ਇਨ੍ਹਾਂ ਦੀ ਸਾਂਭ-ਸੰਭਾਲ ਦਾ ਕੋਈ ਪ੍ਰਬੰਧ ਨਹੀਂ। ਗਊਸ਼ਾਲਾਵਾਂ ਜ਼ਰੂਰ ਬਣੀਆਂ ਹੋਈਆਂ ਹਨ, ਜਿਨ੍ਹਾਂ ਵਿਚ ਚੋਣਵੇਂ ਲਾਭਦਾਇਕ ਪਸ਼ੂਆਂ ਨੂੰ ਸ਼ਰਣ ਮਿਲਦੀ ਹੈ। ਬਾਕੀ ਸਭ ਰੱਬ ਆਸਰੇ ਤੁਰੇ ਫਿਰਦੇ ਹਨ। ਇਹ ਆਪ ਵੀ ਅਸੁਰੱਖਿਅਤ ਹਨ ਅਤੇ ਦੂਸਰਿਆਂ ਲਈ ਵੀ ਅਸੁਰੱਖਿਆ ਦਾ ਸਬੱਬ ਬਣਦੇ ਹਨ। ਖੇਤਾਂ ਵਿਚ ਇਨ੍ਹਾਂ ਦਾ ਝੁੰਡ ਵੜ ਜਾਵੇ ਤਾਂ ਪੂਰੀ ਫਸਲ ਬਰਬਾਦ ਕਰ ਦਿੰਦਾ ਹੈ। ਇਨ੍ਹਾਂ ਕਾਰਨ ਸੜਕਾਂ ਉਪਰ ਹਾਦਸੇ ਹੋਣਾ ਵੀ ਆਮ ਗੱਲ ਹੈ। ਇਹ ਠੀਕ ਹੈ ਕਿ ਬੁੱਚੜਖਾਨਾ ਅਵਾਰਾ ਪਸ਼ੂਆਂ ਦੀ ਸਮੱਸਿਆ ਦਾ ਹੱਲ ਨਹੀਂ, ਪਰ ਬੁੱਚੜਖਾਨਿਆਂ ਵਾਲੇ ਪਸ਼ੂਆਂ ਦੀ ਇਸ ਸਥਿਤੀ ਦਾ ਬਰਾਬਰ ਲਾਭ ਉਠਾ ਰਹੇ ਹਨ ਤੇ ਸ਼ਾਇਦ ਉਦੋਂ ਤੱਕ ਉਠਾਉਂਦੇ ਰਹਿਣਗੇ ਜਦੋਂ ਤੱਕ ਕੋਈ ਕਾਰਗਰ ਅਤੇ ਸਥਾਈ ਹੱਲ (ਕਾਨੂੰਨ ਤੇ ਨੈਤਿਕਤਾ ਦੀਆਂ ਸੀਮਾਵਾਂ ਦੇ ਅੰਦਰਵਾਰ) ਸਾਹਮਣੇ ਨਹੀਂ ਆਉਂਦਾ। ਪੰਜਾਬ ਦੇ ਮੁੱਖ ਮੰਤਰੀ ਨੇ ਇਹ ਕੰਮ ਮਿਉਂਸਿਪਲ ਕਮੇਟੀਆਂ ਦੇ ਜ਼ੁੰਮੇ ਲਾਇਆ ਹੈ, ਪਰ ਇਨ੍ਹਾਂ ਕਮੇਟੀਆਂ ਦੇ ਸਾਧਨ ਇਸ ਵਿਕਰਾਲ ਸਮੱਸਿਆ ਨਾਲ ਨਿਪਟਣ ਲਈ ਕਾਫੀ ਨਹੀਂ ਹਨ। ਲੋੜ ਇਸ ਗੱਲ ਦੀ ਹੈ ਕਿ ਸੂਬਾ ਸਰਕਾਰ ਅਵਾਰਾ ਪਸ਼ੂਆਂ ਸਬੰਧੀ ਕੋਈ ਸਪਸ਼ਟ ਤੇ ਵਿਹਾਰਿਕ ਨੀਤੀ ਅਪਣਾਏ ਤਾਂ ਕਿ ਜੋਗਾ ਵਰਗੇ ਪ੍ਰਸਿੱਧ ਪਿੰਡਾਂ ਨੂੰ ਬਦਨਾਮੀ ਦੀ ਖੁਨਾਮੀ ਨਾ ਭੋਗਣੀ ਪਵੇ।

## ਸਾਕਾ ਨੀਲਾ ਤਾਰਾ ਯਾਦਗਾਰ

ਆਪ੍ਰੇਸ਼ਨ ਬਲਿਊ ਸਟਾਰ ਪੰਜਾਬ ਦੇ ਇਤਿਹਾਸ ਦਾ ਇਕ ਦੁਖਾਂਤਕ ਅਧਿਆਇ ਹੈ। ਇਸ ਨੂੰ ਇੰਨੀ ਸ਼ਿੱਦਤ ਨਾਲ ਮਹਿਸੂਸ ਕੀਤਾ ਜਾਂਦਾ ਹੈ ਕਿ ਇਸ ਦੇ ਜ਼ਿਕਰ ਨੂੰ ਵੀ ਜ਼ਖ਼ਮ ਕੁਰੇਦਣਾ ਕਿਹਾ ਜਾਂਦਾ ਹੈ। ਪਿਛਲੇ ਦਿਨੀਂ ਬਲਿਊ ਸਟਾਰ ਦੀ ਯਾਦਗਾਰ ਉਸਾਰਨ ਦੀ ਯੋਜਨਾ ਸਾਹਮਣੇ ਆਈ ਤਾਂ ਪੁਰਾਣੇ ਜ਼ਖ਼ਮ ਕੁਰੇਦਣ ਅਤੇ ਪੰਜਾਬ ਦੇ ਮਾਹੌਲ ਨੂੰ ਮੁੜ ਕੇ ਵਿਗਾੜਨ ਦੀ ਚਰਚਾ ਵੀ ਨਾਲ ਹੀ ਛਿੜ ਪਈ। ਇਸ ਮਾਮਲੇ ਨੇ ਵਧੇਰੇ ਤੂਲ ਉਸ ਸਮੇਂ ਫੜੀ ਜਦੋਂ ਯਾਦਗਾਰ ਦੀ ਨੀਂਹ ਰੱਖਣ ਸਮੇਂ ਬਲਵੰਤ ਸਿੰਘ ਰਾਜੋਆਣਾ ਨੂੰ ਜ਼ਿੰਦਾ ਸ਼ਹੀਦ ਦਾ ਖ਼ਿਤਾਬ ਵੀ ਨਾਲ ਹੀ ਦਿੱਤਾ ਗਿਆ। ਇਹ ਸਭ ਕੁਝ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਕੀਤਾ ਗਿਆ, ਪਰ ਸਮਝਿਆ ਇਹੋ ਜਾ ਰਿਹਾ ਹੈ ਕਿ ਇਸ ਦੇ ਪਿੱਛੇ ਬਾਦਲਾਂ ਦੀ ਸੋਚੀ-ਸਮਝੀ ਰਾਜਨੀਤੀ ਹੈ ਕਿਉਂਕਿ ਸ਼੍ਰੋਮਣੀ ਕਮੇਟੀ ਉਪਰ ਪੂਰੀ ਤਰ੍ਹਾਂ ਨਾਲ ਬਾਦਲਾਂ ਦਾ ਹੀ ਗਲਬਾ ਹੈ। ਭਾਵੇਂ ਬਾਦਲਾਂ ਨੇ ਪੰਜਾਬ ਦੇ ਹਿੰਦੂਆਂ ਦਾ ਪ੍ਰਤੀਕਰਮ ਭਾਂਪਦਿਆਂ ਆਪਣੇ ਆਪ ਨੂੰ ਛੇਤੀ ਹੀ ਯਾਦਗਾਰ ਦੀ ਯੋਜਨਾ ਅਤੇ ਜ਼ਿੰਦਾ ਸ਼ਹੀਦ ਦੇ ਖ਼ਿਤਾਬ ਤੋਂ ਵੱਖ ਕਰ ਲਿਆ ਪਰ ਇਹ ਗੱਲ ਲਗਪਗ ਸਪਸ਼ਟ ਹੋ ਗਈ ਹੈ ਕਿ ਬਾਦਲ ਫਿਰਕੂ ਰਾਜਨੀਤੀ ਨੂੰ ਸ਼ਹਿ ਦੇਣ ਦੇ ਮਾਮਲੇ ਵਿਚ ਕਾਫੀ ਅਗਾਂਹ ਵਧ ਰਹੇ ਹਨ ਅਤੇ ਗਰਮ ਖਿਆਲੀ ਤੱਤਾਂ ਨੂੰ ਆਪਣੇ ਪਿੱਛੇ ਲਾਮਬੰਦ ਕਰਨ ਦੇ ਯਤਨ ’ਚ ਹਨ। ਇਹ ਰਾਜਨੀਤੀ ਵਕਤੀ ਤੌਰ ’ਤੇ ਬਾਦਲਾਂ ਲਈ ਤਾਂ ਭਾਵੇਂ ਚੰਗੀ ਹੋਵੇ ਪਰ ਪੰਜਾਬ ਦੇ ਹਿੱਤ ਵਿਚ ਨਹੀਂ ਹੈ। ਅਜਿਹੀ ਰਾਜਨੀਤੀ ਕਾਰਨ ਪਹਿਲਾਂ ਹੀ ਪੰਜਾਬ ਇਕ ਖ਼ੌਫਨਾਕ ਦੌਰ ਵਿਚੋਂ ਗੁਜ਼ਰ ਚੁੱਕਾ ਹੈ। ਆਪ੍ਰੇਸ਼ਨ ਬਲਿਊ ਸਟਾਰ ਦੇ ਇਤਿਹਾਸਕ ਪਿਛੋਕੜ ਨੂੰ ਵਿਸਥਾਰ ਵਿਚ ਦੁਹਰਾਉਣ ਦੀ ਲੋੜ ਨਹੀਂ। ਸਭ ਜਾਣਦੇ ਹਨ ਕਿ ਪੰਜਾਬ ਬੁਰੀ ਤਰ੍ਹਾਂ ਦਹਿਸ਼ਤਵਾਦ ਦੀ ਚਪੇਟ ਵਿਚ ਆਇਆ ਹੋਇਆ ਸੀ ਤੇ ਖਾੜਕੂਆਂ ਨੇ ਦਰਬਾਰ ਸਾਹਿਬ ਪਰਿਸਰ



ਵਿਚ ਵੀ ਮੋਰਚੇਬੰਦੀ ਕਰ ਲਈ ਸੀ। ਇਨ੍ਹਾਂ ਨੂੰ ਇਥੋਂ ਕੱਢਣ ਦੇ ਹੋਰ ਬਦਲ ਵੀ ਮੌਜੂਦ ਸਨ, ਇਸ ਕਰਕੇ ਭਾਰਤੀ ਫੌਜ ਵੱਲੋਂ ਅਕਾਲ ਤਖ਼ਤ ’ਤੇ ਧਾਵਾ ਬੋਲਣਾ ਭਾਰਤ ਸਰਕਾਰ ਦੀ ਇਕ ਵੱਡੀ ਭੁੱਲ ਅਤੇ ਜ਼ਿਆਦਤੀ ਕਰਾਰ ਦਿੱਤਾ ਗਿਆ। ਉਸ ਸਮੇਂ ਜੇਕਰ ਸਰਕਾਰ ਦੂਰਅੰਦੇਸ਼ੀ ਤੋਂ ਕੰਮ ਲੈਂਦੀ ਤਾਂ ਹਮਲੇ ਨੂੰ ਟਾਲ ਸਕਦੀ ਸੀ ਅਤੇ ਜੇਕਰ ਪੰਜਾਬ ਦੀ ਉਸ ਸਮੇਂ ਦੀ ਭਾਰੂ ਲੀਡਰਸ਼ਿੱਪ ਵੀ ਜ਼ਰਾ ਦੂਰਦ੍ਰਿਸ਼ਟੀ ਤੋਂ ਕੰਮ ਲੈਂਦੀ ਤਾਂ ਇਕ ਪਵਿੱਤਰ ਅਸਥਾਨ ਉਪਰ ਮੋਰਚੇਬੰਦੀ ਹੀ ਨਹੀਂ ਸੀ ਹੋਣੀ। ਪਰ ਸੱਤਾ ਪ੍ਰਾਪਤੀ ਦੀ ਹਵਸ ਵਿਚ ਸਮੁੱਚੀ ਲੀਡਰਸ਼ਿਪ ਨੇ ਇਸ ਸਿਲਸਿਲੇ ਨੂੰ ਅੱਗੇ ਵਧਣ ਦਿੱਤਾ ਤੇ ਇਸ ਦਾ ਸਿੱਟਾ ਆਖਰ ਇਕ ਭਿਆਨਕ ਦੁਖਾਂਤ ਦੀ ਸ਼ਕਲ ਵਿਚ ਸਾਹਮਣੇ ਆਇਆ। ਬਾਦਲਾਂ ਦੀ ਰਾਜਨੀਤੀ ਵੀ ਅਜੀਬ ਹੈ, ਇਕ ਪਾਸੇ ਯਾਦਗਾਰ (ਬਲਿਊ ਸਟਾਰ) ਬਣਾਉਣ ਲਈ ਆਪਣੀ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੂੰ ਹੱਲਾਸ਼ੇਰੀ ਤੇ ਦੂਜੇ ਪਾਸੇ ਉਸ ਸਿਆਸੀ ਪਾਰਟੀ (ਭਾਜਪਾ) ਨਾਲ ਰਾਜਸੀ ਸਾਂਝ ਭਿਆਲੀ ਜਿਸ ਦਾ ਇਕ ਉਚਕੋਟੀ ਦਾ ਆਗੂ ਲਾਲ ਕ੍ਰਿਸ਼ਨ ਅਡਵਾਨੀ ਆਪਣੀ ਜੀਵਨੀ ਵਿਚ ਸਪਸ਼ਟ ਬਿਆਨ ਕਰਦਾ ਹੈ ਕਿ ਉਸ ਨੇ ਆਪ੍ਰੇਸ਼ਨ ਬਲਿਊ ਸਟਾਰ ਕਰਨ ਲਈ ਉਸ ਵੇਲੇ ਦੀ ਪ੍ਰਧਾਨ ਮੰਤਰੀ ਇੰਦਰਾ ਗਾਂਧੀ ਨੂੰ ਸਲਾਹ ਦਿੱਤੀ ਸੀ। ਦਰਅਸਲ, ਇਹੋ ਰਾਜਸੀ ਮੌਕਾਪ੍ਰਸਤੀ ਹੈ, ਜਿਸ ਦੇ ਚਲਦਿਆਂ ਸਮਾਜ ਵਿਚ ਬਹੁਤ ਕੁਝ ਅਣਸੁਖਾਵਾਂ ਵਾਪਰ ਜਾਂਦਾ ਹੈ, ਪਰ ਕੌਣ ਸਾਹਿਬ ਨੂੰ ਆਖੇ, ਇਉਂ ਨਹੀਂ ਇੰਝ ਕਰ...

## ਪੰਜਾਬ ’ਚ ਸਮਾਰਕਾਂ



ਪੰਜਾਬ ਸਰਕਾਰ ਨੇ ਸਮਾਰਕ ਉਸਾਰੀ ਦੀ ਜਿਵੇਂ ਮੁਹਿੰਮ ਹੀ ਵਿੱਢ ਲਈ ਹੋਵੇ। ਇਕ ਪਾਸੇ ਇਤਿਹਾਸਕ ਸਮਾਰਕ ਅਣਗਹਿਲੀ ਦਾ ਸ਼ਿਕਾਰ ਹੋ ਕੇ ਮਿਸਮਾਰ ਹੋ ਰਹੇ ਹਨ ਜਾਂ ਫਿਰ ਇਨ੍ਹਾਂ ਦੇ ਇਤਿਹਾਸਕ ਸਰੂਪ ਨੂੰ ਹੱਦੋਂ ਵੱਧ ਪੈਸੇ ਖਰਚ ਕੇ ਨਸ਼ਟ ਕੀਤਾ ਜਾ ਰਿਹਾ ਹੈ, ਦੂਜੇ ਪਾਸੇ ਨਵੇਂ ਸਮਾਰਕਾਂ ਦੀ ਉਸਾਰੀ ਦੇ ਐਲਾਨ-ਦਰ-ਐਲਾਨ ਹੋ ਰਹੇ ਹਨ। ਨੌਜਵਾਨ ਸੋਚਦੇ ਹਨ ਕਿ ਸਮਾਰਕ ਉਸਾਰਨੇ ਵੀ ਕੋਈ ਬੁਰੀ ਗੱਲ ਨਹੀਂ, ਪਰ ਕਿੰਨਾ ਚੰਗਾ ਹੋਵੇ ਜੇਕਰ ਸਮਾਰਕਾਂ ਦੀ ਥਾਂ ਵਿਕਾਸ ਦੇ ਕਾਰਜਾਂ ਉਪਰ ਪੈਸਾ ਖਰਚਣ ਨੂੰ ਤਰਜੀਹ ਦਿੱਤੀ ਜਾਵੇ। ਪੰਜਾਬ ਵਿਚ ਨਵੇਂ ਸਮਾਰਕਾਂ ਦੀ ਥਾਂ ਜੇਕਰ ਪੁਰਾਣੀਆਂ ਇਤਿਹਾਸਕ ਵਿਰਾਸਤੀ ਚੀਜ਼ਾਂ ਨੂੰ ਸੰਭਾਲ ਲਿਆ ਜਾਵੇ ਤਾਂ ਇਹ ਕਾਰਜ ਨਵੇਂ ਸਮਾਰਕਾਂ ਨਾਲੋਂ, ਜਿਨ੍ਹਾਂ ਦੀ ਉਸਾਰੀ ਵਧੇਰੇ ਕਰਕੇ ਰਾਜਸੀ ਹਿੱਤਾਂ ਤੋਂ ਪ੍ਰੇਰਿਤ ਹੈ, ਵਧੇਰੇ ਮੁੱਲਵਾਨ ਹੋ ਸਕਦਾ ਹੈ। ਪੰਜਾਬ ਵਿਚ ਥਾਂ ਪੁਰ ਥਾਂ ਕਿਲੇ, ਮਹੱਲ ਤੇ ਹੋਰ ਇਤਿਹਾਸਕ ਯਾਦਗਾਰਾਂ ਹਨ। ਇਨ੍ਹਾਂ ਵਿਚੋਂ ਬਹੁਤ ਘੱਟ ਨੂੰ ਮੂਲ ਰੂਪ ਵਿਚ ਸੰਭਾਲਿਆ ਗਿਆ ਹੈ। ਜ਼ਿਆਦਾ ਢਾਂਚੇ ਅਲੋਪ ਹੋ ਗਏ ਹਨ। ਕੁਝ ਜਾਣ-ਬੁੱਝ ਕੇ ਹੀ ਅਲੋਪ ਕਰ ਦਿੱਤੇ ਗਏ ਜਾਪਦੇ ਹਨ। ਪੰਜਾਬ ਦੇ ਇਤਿਹਾਸ ਨੂੰ ਵੀ ਇਕ ਸੀਮਤ ਕਾਲ ਵਿਸ਼ੇਸ਼ ਤੱਕ ਹੀ ਜ਼ਿੰਦਾ ਰੱਖਣ ਦਾ ਯਤਨ ਕੀਤਾ ਜਾ ਰਿਹਾ ਹੈ। ਸਮਾਰਕਾਂ ਦੀ ਚੋਣ ਤੋਂ ਤਾਂ ਘੱਟੋ ਘੱਟ ਇਵੇਂ ਹੀ ਪ੍ਰਤੀਤ ਹੁੰਦਾ ਹੈ। ਪੰਜਾਬ ਦੇ ਮੁੱਖ ਮੰਤਰੀ ਨੇ ਜੋਗਾ ਵਿਖੇ ਬੁੱਚੜਖਾਨੇ ਵਾਲੀ ਥਾਂ ’ਤੇ ਗਊ ਸਮਾਰਕ ਦੀ ਉਸਾਰੀ ਦਾ ਐਲਾਨ ਕੀਤਾ ਹੈ। ਇਸ ਮੰਤਵ ਲਈ ਬੁੱਚੜਖਾਨੇ ਵਾਲੀ ਜਗ੍ਹਾ ਦੀ ਕੁਰਕੀ ਦੇ ਹੁਕਮ ਵੀ ਕਰ ਦਿੱਤੇ ਗਏ ਹਨ। ਦਿਲਚਸਪ ਗੱਲ ਹੈ ਕਿ ਸਾਡੇ ਅਖੌਤੀ ਰਹਿਨੁਮਾ ਘਟਨਾਵਾਂ ਦੇ ਵਾਪਰਨ ਤੱਕ ਮੂਕ ਦਰਸ਼ਕ ਬਣੇ ਰਹਿੰਦੇ ਹਨ ਤੇ ਜਦੋਂ ਦੁਖਾਂਤ ਵਾਪਰ ਜਾਂਦੇ ਹਨ ਉਦੋਂ ਸਮਾਰਕ ਬਣਾਉਣ ਦਾ ਐਲਾਨ ਕਰ ਦਿੰਦੇ ਹਨ। ਇਸ ਪਹੁੰਚ ਪਿੱਛੇ ਸੋਚ ਸ਼ਾਇਦ ਇਹ ਕੰਮ ਕਰਦੀ ਹੈ ਕਿ ਲੋਕ ਬਸ ਸਮਾਰਕ ਨੂੰ ਵੇਖ-ਵੇਖ ਕੇ ਆਪਣੇ ਮਨ ਦੀ ਤ੍ਰਿਪਤੀ ਕਰਦੇ ਰਹਿਣ, ਸਮਾਜ ਅੰਦਰਲੇ ਗਲਤ ਵਰਤਾਰਿਆਂ ਨੂੰ ਅਣਡਿੱਠ ਕਰਦੇ ਰਹਿਣ, ਯਾਦ ਰਹੇ ਕਿ ਇਨ੍ਹਾਂ ਵਰਤਾਰਿਆਂ ਵਿਚੋਂ ਬਹੁਤਿਆਂ ਨੂੰ ਸੱਤਾਧਾਰੀ ਵਰਗਾਂ ਦੇ ਸਿਆਸਤਦਾਨ ਹੀ ਹਵਾ ਦੇ ਰਹੇ ਹੁੰਦੇ ਹਨ। ਹੁਣ ਤੱਕ ਜਿੰਨੇ ਵੀ ਸਮਾਰਕ ਬਣਾਉਣ ਦਾ ਐਲਾਨ ਹੋਇਆ ਹੈ ਉਨ੍ਹਾਂ ਦੀ ਚੋਣ ਇਕ ਖਾਸ ਨਜ਼ਰੀਏ ’ਤੇ ਅਧਾਰਿਤ ਹੈ। ਇਹ ਨਜ਼ਰੀਆ ਹੀ ਸਪਸ਼ਟ ਕਰਦਾ ਹੈ ਕਿ ਸਰਕਾਰ ਜਾਂ ਤਾਂ ਸਰਮਾਏਦਾਰਾਂ ਦੀ ਹੈ ਜਾਂ ਫਿਰ ਧਰਮ ਦੇ ਠੇਕੇਦਾਰਾਂ ਦੀ, ਇਹ ਗਰੀਬ ਜਾਂ ਮਜ਼ਦੂਰ ਦੀ ਬਿਲਕੁਲ ਨਹੀਂ ਹੈ। ਗਰੀਬ ਲੋਕ ਤਾਂ ਇਸ ਦੇ ਏਜੰਡੇ ਉਪਰ ਹੀ ਨਹੀਂ ਹਨ। ਪਾਠਕਾਂ ਨੂੰ ਯਾਦ ਹੋਵੇਗਾ ਕਿ ਕੁਝ ਮਹੀਨੇ ਪਹਿਲਾਂ ਜਲੰਧਰ ਦੇ ਇਕ ਉਦਯੋਗਪਤੀ ਦੀ ਅਣਗਹਿਲੀ ਕਾਰਨ ਉਸ ਦੀ ਫੈਕਟਰੀ ਦੀ ਨਵੀਂ ਉਸਰ ਰਹੀ ਇਮਾਰਤ ਡਿੱਗ ਪਈ ਸੀ, ਇਸ ਦੇ ਹੇਠ ਸੈਂਕੜੇ ਮਜ਼ਦੂਰ ਦਬ ਗਏ ਸਨ, ਜਿਨ੍ਹਾਂ ਵਿਚੋਂ ਬਹੁਤ ਸਾਰਿਆਂ ਦੀ ਮੌਤ ਹੋ ਗਈ ਸੀ, ਕੌਣ ਬਣਾਏਗਾ ਇਨ੍ਹਾਂ ਮਜ਼ਦੂਰਾਂ ਦਾ ਸਮਾਰਕ? ਇਹ ਸਵਾਲ ਸੱਚਮੁਚ ਉਦਾਸ ਕਰ ਦੇਣ ਵਾਲਾ ਹੈ। ਸਰਕਾਰ ਨੇ ਇਨ੍ਹਾਂ ਗਰੀਬ ਮਜ਼ਦੂਰਾਂ ਲਈ ਕੋਈ ਐਲਾਨ ਨਹੀਂ ਕੀਤਾ, ਸਿਰਫ਼ ਚੁੱਪ ਰਹਿ ਕੇ ਜ਼ਰੂਰ ਸਿੱਧ ਕੀਤਾ ਹੈ ਕਿ ਸਰਕਾਰ ਬੜੇ ‘ਸ਼ਾਤਰ’ ਢੰਗ ਨਾਲ ‘ਗਊ’ ਦੀ ਤਾਂ ਸ਼ਾਇਦ ਹੈ, ਪਰ ਗਰੀਬ ਦੀ ਬਿਲਕੁਲ ਨਹੀਂ ਹੈ।

## ਅਧਿਆਪਕਾਂ ’ਤੇ ਲਾਠੀਚਾਰਜ

ਇਕ ਦੋਸਤ ਦੀ ਬੇਟੀ, ਜੋ ਕਿ ਪੰਜਾਬ ਵਿਚ ਠੇਕਾ ਆਧਾਰਿਤ ਅਧਿਆਪਕਾ ਹੈ, ਦਾ ਫੋਨ ਆਇਆ। ਪੁੱਛਣ ਲੱਗੀ, ‘‘ਅੰਕਲ, ਘੱਲੂਘਾਰਾ ਕਿਸ ਨੂੰ ਕਹਿੰਦੇ ਹਨ।’’ ਮੈਂ ਆਪਣੀ ਸਮਝ ਅਨੁਸਾਰ ਜਵਾਬ ’ਚ ਕਿਹਾ, ‘‘ਸਮੂਹਿਕ ਕਤਲੇਆਮ ਨੂੰ, ਸ਼ਾਇਦ’’ ਕਹਿਣ ਲੱਗੀ, ‘‘ਜ਼ਰੂਰੀ ਹੈ ਕਿ ਕਿਸੇ ਸਮੂਹ ਉਹ ਅੱਤਿਆਚਾਰ ਦੌਰਾਨ ਕਤਲ ਵੀ ਹੋਏ ਹੋਣ।’’ ਮੈਂ ਕਿਹਾ ਕਿ ਘੱਲੂਘਾਰਾ ਦੀ ਪਰਿਭਾਸ਼ਾ ਬਦਲ ਦਿੱਤੀ ਜਾਣੀ ਚਾਹੀਦੀ ਹੈ, ਕੇਵਲ ਕਿਸੇ ਸਮੂਹ ਉਪਰ ਹਕੂਮਤੀ ਜ਼ਬਰ ਨੂੰ ਵੀ ਘੱਲੂਘਾਰਾ ਕਿਹਾ ਜਾ ਸਕਦਾ ਹੈ ਕਿਉਂਕਿ ਇਸ ਵਿਚ ਸਰੀਰਕ ਕਤਲ ਨਾ ਵੀ



ਸਹੀ, ਭਾਵਨਾਵਾਂ ਦਾ ਬੇਕਿਰਕੀ ਨਾਲ ਕਤਲ ਕੀਤਾ ਜਾਂਦਾ ਹੈ। ‘‘ਤਦ ਤਾਂ ਇਹ ਉਹ ਘੱਲੂਘਾਰਾ ਹੀ ਸੀ, ਜਦੋਂ ਸਾਨੂੰ ਪ੍ਰਦਰਸ਼ਨਕਾਰੀ ਅਧਿਆਪਕਾਵਾਂ ਨੂੰ ਬਠਿੰਡਾ ਜੇਲ੍ਹ ਵਿਚ ਡੱਕਣ ਤੋਂ ਪਹਿਲਾਂ ਪੰਜਾਬ ਪੁਲਿਸ ਦੇ ਜ਼ਬਰਦਸਤ ਲਾਠੀਚਾਰਜ ਦਾ ਕਹਿਰ ਝੱਲਣਾ ਪਿਆ।’’ ਇਹ ਸੰਵੇਦਨਸ਼ੀਲ ਅਤੇ ਵਿਚਾਰਸ਼ੀਲ ਅਧਿਆਪਕਾ ਬਠਿੰਡਾ ਜੇਲ੍ਹ ਵਿਚੋਂ ਰਿਹਾਅ ਹੋ ਕੇ ਆਈ ਸੀ। ਠੇਕਾ ਆਧਾਰਿਤ ਇਨ੍ਹਾਂ ਅਧਿਆਪਕਾਵਾਂ ਦੀ ਮੰਗ ਸੀ ਕਿ ਜੋ ਤਨਖਾਹ ਉਨ੍ਹਾਂ ਲਈ ਕੇਂਦਰ ਤੋਂ ਆਉਂਦੀ ਹੈ ਤੇ ਦੇਣੀ ਨਿਸ਼ਚਿਤ ਕੀਤੀ ਗਈ ਹੈ, ਉਹ ਪੂਰੀ ਨਹੀਂ ਦਿੱਤੀ ਜਾਂਦੀ। ਇਸ ਨਿਆਂਯੁਕਤ ਮੰਗ ਕਰਨ ਲਈ ਜਦੋਂ ਉਹ ਸੰਘਰਸ਼ ਵਿਚ ਕੁੱਦੀਆਂ ਤਾਂ ਸਰਕਾਰ ਨੇ ਉਨ੍ਹਾਂ ਨਾਲ ਪਹਿਲੀ ਗੱਲਬਾਤ ਲਾਠੀਚਾਰਜ ਦੀ ਭਾਸਾ ਵਿਚ ਕੀਤੀ। ਪਟਿਆਲਾ ਜ਼ਿਲ੍ਹੇ ਵਿਚ ਲਾਠੀਚਾਰਜ ਕਿਸਾਨਾਂ ਉਪਰ ਹੋਇਆ। ਇਥੇ ਕਿਸਾਨਾਂ ਦੇ ਕਬਜ਼ੇ ’ਚੋਂ ਲਗਪਗ ਤਿੰਨ ਸੌ ਏਕੜ ਜ਼ਮੀਨ ਛੁਡਾਈ ਜਾਣੀ ਸੀ। ਕਿਸਾਨਾਂ ਨੇ ਸਰਕਾਰ ਵੱਲੋਂ ਜ਼ਬਰੀ ਜ਼ਮੀਨ ਛੁਡਾਉਣ ਦੀ ਕਾਰਵਾਈ ਦਾ ਵਿਰੋਧ ਕੀਤਾ ਤਾਂ ਉਨ੍ਹਾਂ ਉਪਰ ਵੀ ਡਾਂਗ ਵਰ੍ਹਾਈ ਗਈ। ਦ੍ਰਿਸ਼ ਦੇਖਦਿਆਂ ਹੀ ਘੱਲੂਘਾਰੇ ਵਰਗਾ ਬਣ ਗਿਆ। ਕਬਜ਼ਾ ਕਿਸਾਨਾਂ ਦਾ ਜ਼ਮੀਨ ਉਪਰ ਜਾਇਜ਼ ਸੀ ਜਾਂ ਨਾਜਾਇਜ਼, ਇਹ ਮਾਮਲਾ ਵੱਖਰਾ ਹੈ। ਅਸਲ ਮੁੱਦਾ ਇਹ ਹੈ ਕਿ ਕੀ ਕਿਸਾਨਾਂ ਨਾਲ ਗੱਲਬਾਤ ਨਹੀਂ ਸੀ ਕੀਤੀ ਜਾ ਸਕਦੀ? ਜਾਂ ਫਿਰ ਰੋਸ ਪ੍ਰਗਟਾਉਂਦੇ ਜਾਂ ਵਿਰੋਧ ਕਰਦੇ ਲੋਕਾਂ ਨਾਲ ਸਰਕਾਰ ਲਾਠੀਚਾਰਜ ਦੀ ਭਾਸ਼ਾ ਵਿਚ ਗੱਲਬਾਤ ਕਰਨਾ ਹੀ ਉਚਿਤ ਸਮਝਦੀ ਹੈ? ਕੀ ਅਧਿਆਪਕਾ ਲੜਕੀ ਠੀਕ ਨਹੀਂ ਕਹਿ ਰਹੀ ਕਿ ਲਾਠੀਚਾਰਜ ਉਸ ਨੂੰ ਘੱਲੂਘਾਰੇ ਵਰਗਾ ਹੀ ਪ੍ਰਤੀਤ ਹੋਇਆ। ਆਧੁਨਿਕ ਯੁੱਗ ਜਾਂਗਲੀ ਨਹੀਂ ਹੈ, ਲੋਕ ਆਪਣੇ ਹੱਕਾਂ ਪ੍ਰਤੀ ਸੁਚੇਤ ਹਨ ਜਾਂ ਫਿਰ ਸੁਚੇਤ ਹੋ ਰਹੇ ਹਨ, ਇਸ ਲਈ ਸੁਭਾਵਿਕ ਹੈ ਕਿ ਉਨ੍ਹਾਂ ਨੂੰ ਹਕੂਮਤੀ ਜ਼ਬਰ ਦਾ ਸਾਹਮਣਾ ਕਰਨਾ ਪੈਂਦਾ ਹੈ ਤਾਂ ਉਹ ਇਸ ਨੂੰ ਸਧਾਰਨ ਅਰਥਾਂ ਵਿਚ ਨਹੀਂ ਲੈਂਦੇ ਹਨ। ਹਰ ਲਾਠੀਚਾਰਜ ਉਨ੍ਹਾਂ ਨੂੰ ਘੱਲੂਘਾਰਾ ਪ੍ਰਤੀਤ ਹੁੰਦਾ ਹੈ ਤਾਂ ਇਹ ਬੁਰੀ ਗੱਲ ਵੀ ਨਹੀਂ... ਤੇ ਨਾ ਹੀ ਅਸੁਭਾਵਿਕ।

## ਛੇਕੜਲੀ ਗੱਲ

ਪੰਜਾਬ ਦੇ ਵਿਵਾਦਗ੍ਰਸਤ ਸਾਬਕਾ ਡੀ.ਜੀ.ਪੀ ਕੇ.ਪੀ.ਐਸ ਗਿੱਲ ਨੇ ਇਕ ਵਾਰ ਗਾਇਕਾਂ ਨਾਲ ਸੰਗੀਤ ਦਿੰਦੇ ਆਰਕੈਸਟਰਾ ਉਪਰ ਚੁਟਕੀ ਲੈਂਦਿਆਂ, ਗਾਇਕ ਨੂੰ ਸੰਬੋਧਿਤ ਹੋ ਕੇ ਕਿਹਾ, ‘‘ਇਕ ਗੱਲੋਂ ਤੁਹਾਡਾ ਕੰਮ ਸਾਡੇ ਨਾਲ ਕਾਫੀ ਮੇਲ ਖਾਂਦਾ ਹੈ, ਤੁਸੀਂ ਵੀ ਸਾਡੇ ਵਾਂਗ ਵਾਹਵਾ ਲਾਠੀਚਾਰਜ ਕਰਦੇ ਹੋ।’’

ਹੁਣ ਤਾਂ ਗਾਇਕਾਂ ਦਾ ਕੰਮ ਪੁਲਿਸ ਨਾਲ ਹੋਰ ਵੀ ਜ਼ਿਆਦਾ ਮੇਲ ਖਾਣ ਲੱਗ ਪਿਆ ਹੈ, ਕਿਉਂਕਿ ਗਾਇਕਾਂ ਨੇ ਪੁਲਿਸ ਵਾਲਿਆਂ ਵਾਂਗ ਰਿਵਾਲਵਰ, ਰਫ਼ਲਾਂ ਵੀ ਚੁੱਕ ਲਈਆਂ ਹਨ।





## Progressive Peoples Foundation of Edmonton
And
## Punjab United Sports & Heritage Association of Edmonton
*Organize*

# 5th Shaheed Bhagat Singh Sports Tournament

Dedicated to Shaheed Bhagat Singh and his co-patriots Raj Guru and Sukhdev

**To provide a platform for our youth to play Soccer with a mission to strengthen community participation and infuse leadership spirit among them**

## Saturday July 7, 2012 & Sunday July 8, 2012

**@Pollard Meadows School 1751 48 St. Edmonton, AB**

**Men's Team Prize Sponsors**

**1st Prize: ALTA WINDOWS (Parmjit Ubhi) 2nd Prize: ARISTOCRAT LIQUOR (Manjit Dhaliwal)**

**Women Team Prize Sponsors**

**1st Prize: Unique Stone & Tiles (Parm & Jas Gill) 2nd Prize: ALTA WINDOWS (Parmjit Ubhi)**

**Food Sponsered By Millwoods Suzuki & Royal Executive Homes**




**Security Deposit: $200 Per Adult Team**

**Please register your teams with the following Program Co-ordinators:**

**Sony Gill: 780-497-8801, Mohinder Banga: 780-913-1820, Bakhsh Sangha: 780-461-7528, Iqbal Mahal: 780-995-7035, Kashmir Gill: 780-951-2772, Surinder Deol: 780-239-9038, Kamaljit Sidhu: 780-499-9913, Raju Virk: 780-298-4499, Harjinder Badesha: 780-265-1920**

**For Further Information please call:**

**Dr. P. R. Kalia: 780-440-2766 , Gurcharan Brar:780-265-3752 , Navtej Bains:780-200-2872 Joginder Randhawa:780-266-1757, Dalbir Sangione: 780-995-5475, Kirtmeet Kohar: 780-200-5328 Jagdev Sohi:780-940-9941 Jasvir Deol: 780-906-4497**

A-WIN Insurance

# ਹਰੇਕ ਤਰ੍ਹਾਂ ਦੀ ਇੰਸ਼ੋਰੈਂਸ ਲਈ ਫੋਨ ਕਰੋ





## A-WIN: MAKING LIFE EASY

### Who We Are

**Western Canada's**

Biggest Brokers Team, designed to serve Canadians' with solutions for your personal and professional insurance needs.

**When Time and Money Matters**

Our team at A-WIN knows your time is valuable and that is why we want to help you save time and money. Ask for a quote on one or all of our services to simplify your life and save.

**Quick Quotes When You Need Them**



### What we Offer

- Home / Auto Insurance
- RV Insurance
- Life and Financial Services
- Travel Insurance
- Emergency Road Services
- Auto Mobile Warranty Services
- Commercial Insurance
- D & O Coverage / E & O Insurance

◈ ਕਾਰ, ਮੋਟਰਸਾਈਕਲ ਇੰਸ਼ੋਰੈਂਸ
◈ ਘਰ, ਕੰਡੋਮੀਨੀਅਮ ਅਤੇ ਕਿਰਾਏਦਾਰ ਇੰਸ਼ੋਰੈਂਸ
◈ ਟਰੱਕ: ਲੌਂਗਹਾਲ ਅਤੇ ਗਰੈਵਲ
◈ ਕਮਰਸ਼ੀਅਲ ਅਤੇ ਬਿਜ਼ਨਸ ਇੰਸ਼ੋਰੈਂਸ
◈ ਟਰੈਵਲ ਅਤੇ ਮੈਡੀਕਲ ਇੰਸ਼ੋਰੈਂਸ

MON - FRI : 9:00 a.m -- 5:00 pm
SAT till 2:00 p.m by appointments only
Closed on Sunday & Stat Holidays.

PROVIDING PEACE OF MIND
100 YEARS & BEYOND
SMI
SASKATCHEWAN MUTUAL INSURANCE COMPANY

**Discounts up to 60%**

**Payment Options available**

ਅਸੀਂ ਅੰਗਰੇਜ਼ੀ, ਪੰਜਾਬੀ, ਹਿੰਦੀ, ਉਰਦੂ ਅਤੇ ਗੁਜਰਾਤੀ ਵਿਚ ਗੱਲਬਾਤ ਕਰ ਸਕਦੇ ਹਾਂ

અમે અંગ્રેજી, પંજાબી, ગુજરાતી, હિન્દી, અને ઉર્દૂ ભાષામાં સેવા આપીએ છીએ.

**We Provide Services In English, Punjabi, Gujrati, Hindi & Urdu**

| Edmonton: 780-465-6900 | Calgary: 403-775-2100 |
|---|---|
| ਜਸਵੀਰ ਦਿਓਲ, ਨਵਤੇਜ ਬੈਂਸ, ਲੌਰੀ ਮੋਰੈਨੋ, ਕਿਰਤਮੀਤ ਸਿੰਘ, ਦੀਪਕ ਸ਼ਾਹ, ਰਮਨ ਗਿੱਲ | ਜੈਸੀ ਸਿੰਘ, ਰੂਪੀ ਚੇਰਾ, ਹਰਪ੍ਰੀਤ ਉੱਪਲ, ਤਰਨਪ੍ਰੀਤ ਮੈਹਦਵਾਨ |


ADVANCED
Roofing Systems Ltd.
Residential/Commercial Insurance Claims • Asphalt & Specialty Shingles
• Siding, Soffits,Fascia • 2 Ply Membranes (SBS)
• Cedar Shakes New & Re-Roof Specialists • Condominums Welcome
• Steep Roofs Welcome Licaenced & Insured • Pine Shake Replacement
• Roof Top Snow removel • FREE Estimates
Gill Olson
(Manager)
RESIDENTIAL
COMMERCIAL
5448-36 Street, Edmonton, Alberta T6B 3P3,
gill@advancedroofsystems.com, www.advancedroofsystems.com
(780) 463-6320, Fax : (780) 450-0365


Gurkeerat Holding Ltd.
• We Build New House
• We Build Basement
• We Do Renovation
• Kitchen Cabinets
ਨਵਾਂ ਘਰ, ਨਵੀਂ ਬੇਸਮੈਂਟ, ਰੈਨੋਵੇਸ਼ਨ ਕਰਵਾਉਣ, ਸਸਤੀਆਂ ਅਤੇ ਵਧੀਆ ਕਿਚਨ ਕੈਬਨਿਟਾਂ ਲਈ ਵਧੀਆ ਕੰਮ ਅਤੇ ਵਾਜਬ ਰੇਟ ਲਈ ਸਾਨੂੰ ਕਾਲ ਕਰੋ
Ph. 780-996-2873


DRIVING SCHOOL LTD.
Authorised teach Certification Course
EDMONTON'S NO. 1 DRIVING SCHOOL
ਕਿਸੇ ਵੀ ਤਰ੍ਹਾਂ ਦਾ ਡਰਾਇਵਿੰਗ ਲਾਇਸੈਂਸ ਲੈਣ ਲਈ
ਭਰੋਸੇਮੰਦ ਨਾਮ G DRIVING SCHOOL
Services available in English, Punjabi, Hindi & Urdu
DRIVING SCHOOL LTD.
Male & Female Instructors are available
VEHICLE PROVIDE FOR ROAD TEST
Free Pickup & Drop Off in Edmonton & Area
Gurcharan Singh Garcha
(M.Sc. M.Ed.)
9866-41 Ave. Edmonton AB T6E 5L6
Ph. : Off 780-229-1332, Cell : 780-907-0332, Fax : 780-229-0593
E-mail : info@gdrivingshool.com, www.gdrivingschool.com


PIZZA99
Serving for over 16 years
Call (780) 450-9900
ਮਸਾਲੇਦਾਰ ਮੱਛੀ ਦੇ ਪਕੌੜੇ,
ਵਧੀਆ ਸਰਵਿਸ, ਵਧੀਆ ਫੂਡ, ਵਾਜਬ ਕੀਮਤਾਂ
ਲਈ ਸੰਪਰਕ ਕਰੋ:- ਪਰਮਜੀਤ ਸਿੰਘ ਬਾਠ
FREE DELIVERY Millwoods ONLY
Buy any Pizza at regular price & get Second Pizza of equal or less value Free or Chicken wings Free and 3rd Pizza Half Price.
ਪਰਮਜੀਤ ਸਿੰਘ ਬਾਠ
www.pizza99.com
Opening Hours: Monday to Thursday 3pm to 11.30pm, Friday 3pm to 1.30am, Saturday 12 noon to 1.30am, Sunday 12 noon to 11.30pm
RENNET FREE CHEESE
1543 Millwoods Road East, Edmonton AB.


KOPY CENTRE & PRINTING
"On Time ~ Every Time"
Digital Printing & Photo Copy
• Business Cards • Letter Heads • Invoices (NCR) • Flyers
• Brochures • Invitation Cards • Tickets
• Binders • PDF Files • Scanning • Lamination
• Internet Service • Fax Service • Computer Service etc...
We do Art Work as well...
Tel: (780) 437-0200
Fax: (780) 437-0227 • kopycent@telus.net
9126B - 51 Ave. Edmonton, AB T6E 5L8


EconoLodge
BY CHOICE HOTELS
Red Deer Econo Lodge Inn & Suites
www.choicehotels.com
Reservations 1-877-424-6423
403-346-4188
Cell: 403-505-4188
Email: econolodgereddeer@shaw.ca
Varinder Sidhu
President
37433 Highway 2 South, East Side Gasoline Alley
Red Deer, Alberta T4E 1B3


$299,900
Incl. Home, lot & net GST
ਕੀਮਤ ਘਰ, ਲਾਟ ਅਤੇ ਨੈਟ ਜੀ ਐਸ ਟੀ ਸਮੇਤ ਹੈ
$299,900
SOUTH EAST
2 Storey
3 bedrooms
2 1/2 baths
1290sq.ft
Single Garage
6 Appliances
$318,800
2 storey
Detached home
3 bedrooms
1 1/2 baths
1260 sq.ft
6 Appliances
double Garage
SOUTH WEST
2 Storey
3 bedrooms
2 1/2 baths
1711sq.ft
Bonus Room
Attached Garage
$375,000
ਫਾਇਨਾਂਸਿੰਗ ਦੀ ਸੁਵਿਧਾ ਹੈ
ਡਾਊਨ ਪੇਮੈਂਟ, ਨੋ ਪਰਾਬਲਮ
FINANCING AVAILABLE
No Down Payment, No Problem
Call Rennie @ 780-966-1688
rennie1688@gmail.com

# ਪ੍ਰਸ਼ਾਂਤ ਭੂਸ਼ਣ ਦੀ ਕੈਨੇਡਾ ਫੇਰੀ

# ਖੋਖਲੀ ਵਿਚਾਰਧਾਰਕ ਜ਼ਮੀਨ ਉਪਰ ਖੜ੍ਹੀ ਟੀਮ ਅੰਨਾ

ਪ੍ਰਸ਼ਾਂਤ ਭੂਸ਼ਣ ਟੀਮ ਅੰਨਾ ਦੇ ਅਹਿਮ ਮੈਂਬਰ ਅਤੇ ਪ੍ਰਮੁੱਖ ਬੁਲਾਰੇ ਹਨ। ਟੀਮ ਅੰਨਾ ਦੀਆਂ ਗਤੀਵਿਧੀਆਂ ਤੇ ਨੀਤੀਆਂ ਸਬੰਧੀ ਉਨ੍ਹਾਂ ਦੀਆਂ ਟਿਪਣੀਆਂ ਨੂੰ ਵਿਸ਼ੇਸ਼ ਮਹੱਤਵ ਦਿੱਤਾ ਜਾਂਦਾ ਹੈ। ਭਾਰਤੀ ਸੁਪਰੀਮ ਕੋਰਟ ਦੇ ਇਸ ਉਘੇ ਵਕੀਲ ਨੂੰ ਵਿਸ਼ਵ ਸਿੱਖ ਸੰਗਠਨ ਕੈਨੇਡਾ ਵੱਲੋਂ ਦਿੱਲੀ ਵਿਚ ਹੋਏ ਸਿੱਖ ਕਤਲੇਆਮ ਦੀ 28ਵੀਂ ਬਰਸੀ ਮੌਕੇ ਆਪਣੇ ਵਿਚਾਰ ਪੇਸ਼ ਕਰਨ ਲਈ ਬੁਲਾਇਆ ਗਿਆ। 12 ਜੂਨ ਨੂੰ ਉਨ੍ਹਾਂ ਨੇ 'ਸਿੱਖ ਫੈਡਰੇਸ਼ਨ ਆਫ ਐਡਮਿੰਟ' ਵੱਲੋਂ ਮਹਾਰਾਜਾ ਬੈਂਕਟ ਹਾਲ ਵਿਚ ਆਯੋਜਿਤ ਇਕ ਇਕੱਤਰਤਾ ਨੂੰ ਸੰਬੋਧਨ ਕੀਤਾ। ਪ੍ਰਸ਼ਾਂਤ ਭੂਸ਼ਣ ਨੇ 84 ਦੇ ਸਿੱਖ ਕਤਲੇਆਮ ਨੂੰ ਭਾੜੇ ਦੀਆਂ ਭੀੜਾਂ ਦੁਆਰਾ ਯੋਜਨਾਬੱਧ ਢੰਗ ਨਾਲ ਕਰਵਾਈ ਲੁੱਟ-ਮਾਰ ਦੀ ਕਾਰਵਾਈ ਦੱਸਿਆ। ਸਰਕਾਰ ਦੁਆਰਾ ਨਿਯੁਕਤ ਕਮਿਸ਼ਨ ਦੀ ਪੜਤਾਲ, ਅਖ਼ਬਾਰਾਂ ਦੀਆਂ ਰਿਪੋਰਟਾਂ, ਪੀੜਤਾਂ ਦੀਆਂ ਗਵਾਹੀਆਂ ਸਿੱਖ ਕਤਲੇਆਮ ਵਿਚ ਪੁਲਿਸ ਅਤੇ ਸਰਕਾਰ ਦੀ ਸਰਗਰਮ ਭੂਮਿਕਾ ਦੇ ਸਪਸ਼ਟ ਸੰਕੇਤ ਦਿੰਦੀਆਂ ਹਨ। ਪਰ 28 ਵਰ੍ਹੇ ਬੀਤ ਜਾਣ 'ਤੇ ਵੀ ਸਿੱਖ ਕਤਲੇਆਮ ਦੇ ਦੋਸ਼ੀਆਂ ਨੂੰ ਕਿਸੇ ਅਦਾਲਤ ਨੇ ਸਜ਼ਾਵਾਂ ਨਹੀਂ ਦਿੱਤੀਆਂ। ਪ੍ਰਧਾਨ ਮੰਤਰੀ ਸ੍ਰੀਮਤੀ ਇੰਦਰਾ ਗਾਂਧੀ ਦੀ ਉਸ ਦੇ ਸਿੱਖ ਅੰਗ ਰੱਖਿਅਕਾਂ ਵੱਲੋਂ ਕੀਤੀ ਹੱਤਿਆ ਉਪਰੰਤ ਦਿੱਲੀ ਵਿਚ 3000 ਤੋਂ ਵੱਧ ਸਿੱਖ ਕਤਲ ਕਰ ਦਿੱਤੇ। ਪ੍ਰਸ਼ਾਂਤ ਭੂਸ਼ਣ ਅਨੁਸਾਰ ਜਿਨ੍ਹਾਂ ਲੋਕਾਂ ਦੀ ਦੇਸ਼ ਭਗਤੀ ਅਤੇ ਉਦਮ ਉਪਰ ਕੋਈ ਉਂਗਲ ਨਹੀਂ ਉਠਾਈ ਜਾ ਸਕਦੀ, ਉਨ੍ਹਾਂ ਨੂੰ ਸਰਕਾਰੀ ਸ਼ਹਿ 'ਤੇ ਤਬਾਹੀ ਦਾ ਸਾਹਮਣਾ ਕਰਨਾ ਪਿਆ। ਜੋ ਵੀ ਹੋਵੇ ਅਦਾਲਤੀ ਫੈਸਲਿਆਂ ਵਿਚ ਸਜ਼ਾਵਾਂ ਦੇ ਮਾਪਦੰਡਾਂ ਦੀ ਵੱਡੀ ਘਾਟ ਹੈ। ਫੈਸਲੇ ਆਮ ਕਰਕੇ ਧਰਮ ਨਿਰਪੱਖਤਾ ਦੇ ਪਵਿੱਤਰ ਜਜ਼ਬਿਆਂ ਅਤੇ ਉਚੇ ਸੁੱਚੇ ਵਿਚਾਰਾਂ ਦਾ ਪ੍ਰਭਾਵ ਰੱਖਦੇ ਹਨ, ਪਰ ਗ਼ੈਰਵਿਵਹਾਰਕ ਹਨ। ਪ੍ਰਸ਼ਾਂਤ ਭੂਸ਼ਣ ਨੇ ਸਿੱਖ ਵਿਰੋਧੀ ਦੰਗਿਆਂ ਦੇ ਦੋਸ਼ੀਆਂ ਵਿਰੁੱਧ ਕਾਰਵਾਈ ਦੀ ਮੰਗ ਕਰਦਿਆਂ ਕਿਹਾ ਕਿ ਸਿੱਖ ਕਤਲੇਆਮ ਨੂੰ ਸਰਅੰਜ਼ਾਮ ਦੇਣ ਵਾਲੇ ਸਾਹਮਣੇ ਲਿਆਏ ਜਾਣੇ ਚਾਹੀਦੇ ਹਨ। ਪ੍ਰਸ਼ਾਂਤ ਭੂਸ਼ਣ ਸਿੱਖ ਵਿਰੋਧੀ ਦੰਗਿਆਂ ਦੇ ਅਜੋਕੇ ਰਾਜਨੀਤਕ ਸੰਦਰਭਾਂ ਬਾਰੇ ਖਾਮੋਸ਼ ਹੀ ਰਹੇ, ਜਿਨ੍ਹਾਂ ਤਹਿਤ 84 ਦੀ ਤ੍ਰਾਸਦੀ ਨੂੰ ਅਕਸਰ ਇਕ ਚੁਣਾਵੀ ਮੁੱਦੇ ਵਜੋਂ ਰਾਖਵਾਂ ਰੱਖਿਆ ਜਾਂਦਾ ਹੈ। ਸਿੱਖਾਂ ਦੀਆਂ ਰਾਜਸੀ ਪਾਰਟੀਆਂ ਇਸ ਮੁੱਦੇ ਨੂੰ ਖਾਸ ਮੌਕਿਆਂ 'ਤੇ ਹੀ ਉਛਾਲਦੀਆਂ ਹਨ। ਆਪਣੇ ਸੰਬੋਧਨ ਵਿਚ ਪ੍ਰਸ਼ਾਂਤ ਭੂਸ਼ਣ 84 ਦੇ ਰਾਜਸੀ ਸੰਦਰਭਾਂ ਦੀ ਚਰਚਾ ਕਰਨੋ ਜਾਂ ਤਾਂ ਉਕ ਗਏ ਜਾਂ ਫਿਰ ਜਾਣ ਬੁੱਝ ਕੇ ਹੀ ਖਾਮੋਸ਼ ਰਹੇ।

ਭਾਰਤ ਵਿਚ ਵਿਆਪਕ ਪੱਧਰ 'ਤੇ ਫੈਲੇ ਭ੍ਰਿਸ਼ਟਾਚਾਰ ਬਾਰੇ ਆਪਣੇ ਭਾਸ਼ਣ ਵਿਚ ਪ੍ਰਸ਼ਾਂਤ ਭੂਸ਼ਣ ਨੇ ਇਸ ਦੇ ਮੂਲ ਕਾਰਨਾਂ ਨੂੰ ਬਿਆਨ ਕਰਨ ਦਾ ਯਤਨ ਕੀਤਾ। ਪ੍ਰਸ਼ਾਂਤ ਭੂਸ਼ਣ ਅਨੁਸਾਰ ਭਾਰਤ ਦੀ ਸਭ ਤੋਂ ਵੱਡੀ ਸਮੱਸਿਆ ਭ੍ਰਿਸ਼ਟਾਚਾਰ ਹੀ ਹੈ। ਭ੍ਰਿਸ਼ਟਾਚਾਰ ਬਾਰੇ ਵਿਚਾਰ ਪੇਸ਼ ਕਰਦਿਆਂ ਉਨ੍ਹਾਂ ਨੇ ਗ਼ੈਰ ਕਾਨੂੰਨੀ ਖ਼ਨਣ ਦਾ ਵਿਸ਼ੇਸ਼ ਤੌਰ 'ਤੇ ਜ਼ਿਕਰ ਕੀਤਾ। ਖਾਨਾਂ ਬਾਰੇ ਕੋਈ ਮਜ਼ਬੂਤ ਕਾਨੂੰਨ ਤੋਂ ਬਗੈਰ ਹੀ ਇਸ ਖੇਤਰ ਨੂੰ ਨਿੱਜੀ ਕੰਪਨੀਆਂ ਲਈ ਖੋਲ੍ਹ ਦਿੱਤਾ ਗਿਆ, ਜਿਸ ਦੇ ਫਲਸਰੂਪ ਖਨਣ ਦੇ ਕੰਮ ਵਿਚ ਵੱਡੇ ਘਪਲੇ ਹੋਏ ਹਨ। ਕੈਗ ਦੀਆਂ ਰਿਪੋਰਟਾਂ ਦੱਸਦੀਆਂ ਹਨ ਕਿ ਖਣਿਜ ਪਦਾਰਥਾਂ ਦੀਆਂ ਖਾਨਾਂ ਦੀ ਨਿਲਾਮੀ ਵਿਚ ਸਰਕਾਰੀ ਖਜ਼ਾਨੇ ਨੂੰ ਕਰੋੜਾਂ ਰੁਪਏ ਦਾ ਚੂਨਾ ਲੱਗ ਰਿਹਾ ਹੈ। ਉਤਰ-ਉਦਾਰਵਾਦੀ ਦੌਰ 'ਚ ਖਣਿਜਾਂ ਦੇ ਅਨਮੋਲ ਖਜ਼ਾਨੇ ਨੂੰ ਬੁਰੀ ਤਰ੍ਹਾਂ ਲੁਟਾਇਆ ਜਾ ਰਿਹਾ ਹੈ। 2010 ਦੀ ਫਰਵਸ ਸੂਚੀ ਮੁਤਾਬਕ 55 ਖਰਬਪਤੀ ਭਾਰਤੀਆਂ ਵਿਚੋਂ ਅੱਧੇ ਖਾਨਾਂ ਦੇ ਕਾਰੋਬਾਰ ਵਿਚ ਸ਼ਾਮਲ ਹਨ। ਪ੍ਰਸ਼ਾਂਤ ਭੂਸ਼ਣ ਨੇ ਇਸ ਖੇਤਰ ਵਿਚ ਫੈਲੇ ਭ੍ਰਿਸ਼ਟਾਚਾਰ ਸਬੰਧੀ ਤਫਸੀਲ ਵਿਚ ਅੰਕੜੇ ਪੇਸ਼ ਕੀਤੇ। ਪ੍ਰਸ਼ਾਂਤ ਭੂਸ਼ਣ ਅਨੁਸਾਰ ਭਾਰਤ ਕੇਵਲ ਤਕਨੀਕ, ਸਟਾਕ ਮਾਰਕੀਟ, ਫੋਨ ਵਿਸਫੋਟ ਆਦਿ ਵਿਚ ਹੀ ਨਹੀਂ ਚਮਕ ਰਿਹਾ, ਇਹ ਹਕੂਮਤ ਦੀ ਦੋਸ਼ਪੂਰਨ ਪ੍ਰਣਾਲੀ ਦੀ ਸਰਪ੍ਰਸਤੀ ਹੇਠ ਭ੍ਰਿਸ਼ਟ, ਗੈਰ ਉਤਪਾਦਕ ਰਾਜਸੀ ਅਫਸਰਸ਼ਾਹੀ ਵਪਾਰਕ-ਨਿਆਂਇਕ ਗਠਜੋੜ ਦੇ ਪੱਖ ਤੋਂ ਚਮਕ ਰਿਹਾ ਹੈ। ਇਹ ਅਪਰਾਧੀ ਪੁਲਿਸ ਮਾਫੀਆ ਅਤੇ ਦੇਸ਼ ਵਿਆਪੀ ਅਣਅਧਿਕਾਰਿਤ ਕੰਮਾਂ ਦੇ ਘੁਟਾਲਿਆਂ ਰਾਹੀਂ ਵੀ ਚਮਕ ਰਿਹਾ ਹੈ। ਇਨ੍ਹਾਂ ਨੇ ਮਿਲ ਕੇ ਮਨੁੱਖੀ ਵਰਤੋਂ ਦੀਆਂ ਸਾਫ-ਸੁਰੱਖਿਅਤ ਪਾਣੀ ਵਰਗੀਆਂ ਵਸਤਾਂ ਨੂੰ ਵੀ ਆਮ ਆਦਮੀ ਦੀ ਪਹੁੰਚ ਤੋਂ ਪਰ੍ਹਾਂ ਦੀਆਂ ਅਯਾਸ਼ੀ ਦੀਆਂ ਵਸਤਾਂ ਬਣਾ ਦਿੱਤਾ ਹੈ। ਇਸ ਤਰ੍ਹਾਂ ਲਾਲਚੀ ਵਪਾਰੀਆਂ, ਸਨਅਤਕਾਰਾਂ, ਸਿਆਸਤਦਾਨਾਂ ਤੇ ਭ੍ਰਿਸ਼ਟ ਸਰਕਾਰੀ ਅਫਸਰਾਂ ਕਾਰਨ ਭਾਰਤ ਗਰੀਬ ਹੈ। ਇਸ ਸਾਰੀ ਸਥਿਤੀ ਜੋ ਕਿ ਸੱਚਮੁੱਚ ਬੇਹੱਦ ਗੰਭੀਰ ਤੇ ਖ਼ਤਰਨਾਕ ਹੈ, ਵਿਚੋਂ ਨਿਕਲਣ ਦਾ ਰਾਜਸੀ ਏਜੰਡਾ ਕੀ ਹੋਵੇਗਾ, ਇਸ ਬਾਰੇ ਫਿਰ ਪ੍ਰਸ਼ਾਂਤ ਭੂਸ਼ਣ ਨੇ ਚੁੱਪ ਵੱਟ ਰੱਖੀ।



ਪ੍ਰਸ਼ਾਤ ਭੂਸ਼ਣ ਆਪਣੀ ਐਡਮਿੰਟਨ ਫੇਰੀ ਦੌਰਾਨ ਪੰਜਾਬੀ ਮੀਡੀਆ ਐਸੋਸੀਏਸ਼ਨ ਆਫ਼ ਅਲਬਰਟਾ ਦੇ ਮੈਂਬਰਾਂ ਨਾਲ ਪ੍ਰੈਸ ਮਿਲਣੀ ਕਰਦੇ ਹੋਏ।

ਅਲਬਰਟਾ ਦੀ ਪੰਜਾਬੀ ਮੀਡੀਆ ਐਸੋਸੀਏਸ਼ਨ ਵੱਲੋਂ ਕਰਵਾਈ ਗਈ ਪ੍ਰੈਸ ਕਾਨਫਰੰਸ ਵਿਚ ਪ੍ਰਸ਼ਾਂਤ ਭੂਸ਼ਣ ਨੂੰ ਤਿੱਖੇ ਸਵਾਲਾਂ ਦਾ ਸਾਹਮਣਾ ਕਰਨਾ ਪਿਆ। ਇਹ ਪੁੱਛਣ 'ਤੇ ਕਿ ਜੇਕਰ ਜੰਮੂ ਕਸ਼ਮੀਰ ਵਿਚ ਰਾਇਸ਼ੁਮਾਰੀ ਕਰਵਾਈ ਜਾਣੀ ਚਾਹੀਦੀ ਹੈ ਤਾਂ ਪੰਜਾਬ ਵਿਚ ਕਿਉਂ ਨਹੀਂ? ਜਵਾਬ ਵਿਚ ਕਸ਼ਮੀਰ ਦੀ ਸਮੱਸਿਆ ਨੂੰ ਤਾਂ ਗੁੰਝਲਦਾਰ ਕਿਹਾ ਗਿਆ ਅਤੇ ਪੰਜਾਬ ਦੀ ਖੁਦਮੁਖਤਾਰੀ ਦੇਣ ਦੀ ਹੀ ਵਕਾਲਤ ਕੀਤੀ। ਦਹਿਸ਼ਤਗਰਦਾਂ ਦੁਆਰਾ ਨਿਰਦੋਸ਼ਾਂ ਦੀਆਂ ਹੱਤਿਆਵਾਂ ਨੂੰ ਮਨੁੱਖੀ ਹੱਕਾਂ ਦੇ ਘਾਣ ਸਬੰਧੀ ਸਵਾਲਾਂ ਨੂੰ ਵੀ ਪ੍ਰਸ਼ਾਂਤ ਭੂਸ਼ਣ ਟਾਲ ਗਏ। ਪੰਜਾਬ ਸਮੱਸਿਆ ਦੀ ਸਮੁੱਚੀ ਹਿੰਸਾ ਨੂੰ ਵੀ ਉਹ ਸਰਕਾਰ ਸਿਰ ਮੜ੍ਹ ਗਏ। ਦਿਲਚਸਪ ਗੱਲ ਇਹ ਹੈ ਕਿ ਜਿਸ ਸੰਸਥਾ ਦੇ ਸੱਦੇ 'ਤੇ ਪ੍ਰਸ਼ਾਂਤ ਭੂਸ਼ਣ ਕੈਨੇਡਾ ਗਏ ਸਨ, ਉਹ ਵੀ ਵੱਖਰੇ ਸਿੱਖ ਹੋਮਲੈਂਡ ਦੀ ਮੰਗ ਕਰਦੀ ਹੈ। ਭਾਰਤੀ ਨਿਆਂਪ੍ਰਣਾਲੀ ਬਾਰੇ ਬੋਲਦਿਆਂ ਉਨ੍ਹਾਂ ਕਿਹਾ ਕਿ ਵਸੋਂ ਦੇ 70 ਫੀਸਦੀ ਹਿੱਸੇ ਜਿਨ੍ਹਾਂ ਵਿਚ ਦਲਿਤ, ਕਬਾਇਲੀ, ਔਰਤਾਂ, ਝੁੱਗੀਆਂ ਝੌਂਪੜੀਆਂ ਅਤੇ ਅਣਸੰਗਠਿਤ ਕਾਮੇ ਸ਼ਾਮਲ ਹਨ, ਦੀ ਅਦਾਲਤਾਂ ਤੱਕ ਰਸਾਈ ਹੀ ਨਹੀਂ ਹੈ। ਨਿਆਂਪਾਲਿਕਾ ਅਤੇ ਲੋਕਾਂ ਦੇ ਦਰਮਿਆਨ ਇਕ ਕੰਧ ਉਸਾਰੀ ਹੋਈ ਹੈ ਤੇ ਨੇੜ ਭਵਿੱਖ ਵਿਚ ਵੀ ਸਥਿਤੀ ਬਦਲਦੀ ਦਿਖਾਈ ਨਹੀਂ ਦਿੰਦੀ। ਨਕਸਲੀ ਸਮੱਸਿਆ ਨੂੰ ਕੇਵਲ ਕਾਨੂੰਨ ਤੇ ਵਿਵਸਥਾ ਦੀ ਸਮੱਸਿਆ ਨਾ ਦੱਸ ਕੇ ਇਹ ਸਮਾਜਿਕ-ਆਰਥਿਕ ਸਮੱਸਿਆ ਦੱਸਿਆ। ਜਦੋਂ ਤੱਕ ਲੋਕਾਂ ਨੂੰ ਭੁੱਖੇ ਅਤੇ ਉਨ੍ਹਾਂ ਦੀ ਭੌਂਇ ਤੋਂ ਵਾਂਝੇ ਰੱਖਿਆ ਜਾਵੇ, ਇਹ ਸਮੱਸਿਆ ਹੋਰ ਫੈਲੇਗੀ।

ਜਿਥੋਂ ਤੱਕ ਭਾਰਤ ਨੂੰ ਦਰਪੇਸ਼ ਵੱਡੇ ਸੰਕਟਾਂ ਦੀ ਨਿਸ਼ਾਨਦੇਹੀ ਤੇ ਇਨ੍ਹਾਂ ਨੂੰ ਜਨਤਾ ਧਿਆਨ ਵਿਚ ਲਿਆਉਣ ਦਾ ਸਵਾਲ ਹੈ, ਟੀਮ ਅੰਨਾ ਦੇ ਹੋਰ ਮੈਂਬਰਾਂ ਵਾਂਗ ਪ੍ਰਸ਼ਾਂਤ ਭੂਸ਼ਣ ਦਾ ਉਪਰਾਲਾ ਵੀ ਸ਼ਲਾਘਯੋਗ ਹੈ, ਪਰ ਜਦੋਂ ਇਨ੍ਹਾਂ ਸੰਕਟਾਂ ਦੇ ਹੱਲ ਦਾ ਸਵਾਲ ਸਾਹਮਣੇ ਆਉਂਦਾ ਹੈ, ਟੀਮ ਅੰਨਾ ਦੀ ਵਿਚਾਰਧਾਰਕ ਸੀਮਾ ਉਜਾਗਰ ਹੋ ਜਾਂਦੀ ਹੈ। ਪ੍ਰਸ਼ਾਂਤ ਭੂਸ਼ਣ ਭਾਵੇਂ ਟੀਮ ਅੰਨਾ ਦੇ ਮੈਂਬਰਾਂ ਵਿਚਕਾਰ ਕਿਸੇ ਵੀ ਫੁੱਟ ਤੋਂ ਇਨਕਾਰ ਕਰਦੇ ਹਨ, ਪਰ ਇਹ ਇਕ ਹਕੀਕਤ ਹੈ ਅਤੇ ਇਸ ਦੇ ਕਾਰਨ ਵੀ ਟੀਮ ਅੰਨਾ ਦੇ ਮੈਂਬਰਾਂ ਦੀ ਲੜਖੜਾਉਂਦੀ ਵਿਚਾਰਧਾਰਾ ਵਿਚ ਹੀ ਪਏ ਹਨ। ਪ੍ਰਸ਼ਾਂਤ ਭੂਸ਼ਣ ਜਦੋਂ ਉਪਰੋਕਤ ਸਮੱਸਿਆਵਾਂ ਬਾਰੇ ਸਭ ਨਾਲ ਗੱਲਬਾਤ ਕਰਨ ਦੀ ਗੱਲ ਕਹਿੰਦੇ ਹਨ, ਭਾਵੇਂ ਉਹ ਆਰ.ਐਸ.ਐਸ ਵਰਗੀ ਫਸਿਸਟ ਜਥੇਬੰਦੀ ਜਾਂ ਭਾਰਤੀ ਜਨਤਾ ਪਾਰਟੀ ਵਰਗੀ ਸੰਪ੍ਰਦਾਇਕ ਰਾਜਸੀ ਪਾਰਟੀ ਹੀ ਕਿਉਂ ਨਾ ਹੋਵੇ, ਤਾਂ ਆਪਣੀ ਵਿਚਾਰਧਾਰਕ ਸੀਮਾ ਅਤੇ ਸਮਰਥਾ ਦਾ ਪ੍ਰਗਟਾਵਾ ਕਰ ਦਿੰਦੇ ਹਨ। ਦਰਅਸਲ ਟੀਮ ਅੰਨਾ ਦੇ ਪੈਰ ਕਿਸੇ ਠੋਸ ਵਿਚਾਰਧਾਰਕ ਜ਼ਮੀਨ 'ਤੇ ਟਿਕੇ ਹੋਏ ਹੀ ਨਹੀਂ ਹਨ। ਆਖਰ ਇਹ ਕਿਵੇਂ ਸੰਭਵ ਹੈ ਕਿ ਕਿਸੇ ਫਿਰਕੂ ਧਿਰ ਦੀ ਮਦਦ ਨਾਲ ਭਾਰਤ ਦੀ ਫਿਰਕੂ ਸਮੱਸਿਆ (ਕਸ਼ਮੀਰ, ਪੰਜਾਬ ਆਦਿ), ਪੈਰਾਂ ਤੋਂ ਗਲ ਤੱਕ ਭ੍ਰਿਸ਼ਟਾਚਾਰ ਦੀ ਦਲਦਲ ਵਿਚ ਖੁੱਭੀ ਭਾਰਤ ਦੀ ਮੱਧ ਸ਼੍ਰੇਣੀ ਦੀ ਮਦਦ ਨਾਲ ਭ੍ਰਿਸ਼ਟਾਚਾਰ ਦੀ ਸਮੱਸਿਆ ਅਤੇ ਨਿਆਂਪਾਲਿਕਾ ਦੇ ਖੁੱਲ੍ਹੇ ਬਾਜ਼ਾਰ ਵਿਚ ਹੱਥ ਰੰਗ ਰਹੇ ਵਕੀਲਾਂ ਤੇ ਅਧਿਕਾਰੀਆਂ ਦੀ ਮਦਦ ਨਾਲ ਅਨਿਆਂ ਦੀ ਸਮੱਸਿਆ ਨੂੰ ਹੱਲਾ ਕੀਤਾ ਜਾਵੇ। ਅੰਨਾ ਟੀਮ ਅਸਲ ਵਿਚ ਗੈਰ ਸਰਕਾਰੀ ਸੰਗਠਨਾਂ ਰਾਹੀਂ ਭਾਰਤ ਦੀ ਰਾਜਨੀਤੀ ਵੱਡੇ ਭੰਬਲਭੂਸੇ ਪੈਦਾ ਕਰਨ ਦੇ ਯਤਨ ਕਰ ਰਹੀ ਹੈ, ਜਦ ਕਿ ਹਾਲਤ ਤਾਂ ਪਹਿਲਾਂ ਹੀ ਬੇਹੱਦ ਉਲਝੇ ਹੋਏ ਹਨ। ਵਿਸ਼ਵੀਕਰਨ ਅਤੇ ਉਦਾਰੀਕਰਨ ਦੀਆਂ ਰਾਜਕੀ ਨੀਤੀਆਂ ਨੂੰ ਸੰਬੋਧਿਤ ਹੋਏ ਬਗੈਰ ਭਾਰਤ ਦੀਆਂ ਦੈਂਤਆਕਾਰ ਸਮੱਸਿਆਵਾਂ ਦਾ ਸਮਾਧਾਨ ਸੰਭਵ ਨਹੀਂ। ਇਹੋ ਉਹ ਨੀਤੀਆਂ ਹਨ ਜਿਨ੍ਹਾਂ 'ਤੇ ਟੀਮ ਅੰਨਾ ਨਿਸ਼ਾਨਾ ਨਹੀਂ ਸਾਧ ਰਹੀ ਤੇ ਇਸੇ ਗਲਤ ਪਹੁੰਚ ਕਾਰਨ ਇਸ ਦੀ ਸਾਖ਼ ਦਿਨ-ਬ-ਦਿਨ ਡਿੱਗ ਰਹੀ ਹੈ। ਅਤਿਕਥਨੀ ਨਹੀਂ ਹੋਵੇਗੀ ਜੇਕਰ ਕਿਹਾ ਜਾਵੇ ਕਿ ਟੀਮ ਅੰਨਾ ਦੇ ਲਗਪਗ ਸਾਰੇ ਪ੍ਰਮੁੱਖ ਮੈਂਬਰ ਸਿੱਧੇ-ਅਸਿੱਧੇ ਢੰਗ ਨਾਲ ਆਰ.ਐਸ.ਐਸ ਦੇ ਰਾਜਸੀ ਖਿਡਾਰੀਆਂ ਦੇ ਪਿਆਦੇ ਬਣ ਕੇ ਰਹਿ ਗਏ ਹਨ।

**(ਨਦਬ)**


***Wishing everyone a happy and safe Canada Day!***

albertaliberalcaucus

2nd Floor Legislature Annex
9718 - 107 Street
Edmonton, Alberta T5K 1E4
Phone 780.427.2292 | Fax 780.427.3697
liberal.correspondence@assembly.ab.ca
www.albertaliberalcaucus.com



## ਪੰਜਾਬੀ ਮੀਡੀਆ ਐਸੋਸੀਏਸ਼ਨ ਆਫ਼ ਅਲਬਰਟਾ ਦੀ ਚੋਣ ਮੁਕੰਮਲ

# ਡਾ. ਪੀ.ਆਰ ਕਾਲੀਆ ਮੁੜ ਤੋਂ ਪ੍ਰਧਾਨ ਨਿਯੁਕਤ



ਐਡਮਿੰਟਨ, (ਨਦਬ) : ਬੀਤੇ ਦਿਨੀਂ ਰੇਡੀਓ ਸੁਰ ਸੰਗਮ ਦੇ ਦਫ਼ਤਰ ਵਿਚ ਪੰਜਾਬੀ ਮੀਡੀਆ ਐਸੋਸੀਏਸ਼ਨ ਆਫ਼ ਅਲਬਰਟਾ (ਪੀ.ਐਮ.ਏ.ਏ) ਦੀ ਸਾਲਾਨਾ ਮੀਟਿੰਗ ਹੋਈ। ਇਸ ਮੀਟਿੰਗ ਵਿਚ ਐਸੋਸੀਏਸ਼ਨ ਦੀ ਹੋਈ ਚੋਣ ਵਿਚ ਡਾ. ਪੀ.ਕੇ ਕਾਲੀਆ, ਜੋ ਏਸ਼ੀਅਨ ਟਾਈਮਜ਼ ਦੇ ਸੰਪਾਦਕ ਵੀ ਹਨ, ਨੂੰ ਲਗਾਤਾਰ ਤੀਜੀ ਵਾਰ ਪ੍ਰਧਾਨ ਚੁਣ ਲਿਆ ਗਿਆ।

ਰੇਡੀਓ ਸੁਰ ਸੰਗਮ ਦੇ ਮੇਜ਼ਬਾਨ ਗੁਰਦਰਸ਼ਨ ਬੁੱਟਰ, ਕੁਲਮੀਤ ਸਿੰਘ ਸਾਂਘਾ, ਜੋ ਰੇਡੀਓ ਦੇਸ਼ ਪੰਜਾਬ ਦੇ ਮੇਜ਼ਬਾਨ ਹਨ, ਨੂੰ ਮੁੜ ਤੋਂ ਸਰਬ ਸੰਮਤੀ ਨਾਲ ਮੀਤ ਪ੍ਰਧਾਨ ਚੁਣਿਆ ਗਿਆ। ਇਨ੍ਹਾਂ ਤੋਂ ਇਲਾਵਾ ਦੇਸ਼ ਪ੍ਰਦੇਸ ਟਾਈਮਜ਼ ਦੇ ਸੰਪਾਦਕ ਗੁਰਭਲਿੰਦਰ ਸਿੰਘ ਸੰਧੂ ਨੂੰ ਜਨਰਲ ਸਕੱਤਰ ਵਜੋਂ ਚੁਣਿਆ ਗਿਆ। ਜਦੋਂ ਕਿ ਸ਼ਾਨ-ਏ-ਪੰਜਾਬ ਦੇ ਅਮਰਜੀਤ ਪੁਰੇਵਾਲ ਨੂੰ ਖਜ਼ਾਨਚੀ ਨਿਯੁਕਤ ਕੀਤਾ ਗਿਆ ਹੈ।

ਇਸ ਚੋਣ ਤੋਂ ਤੁਰੰਤ ਬਾਅਦ ਗਵਰਨਿੰਗ ਕੌਂਸਲ ਨੇ 8 ਡਾਇਰੈਕਟਰਾਂ ਨੂੰ ਨਾਮਜ਼ਦ ਕੀਤਾ। ਇਨ੍ਹਾਂ ਵਿਚ ਜਸਵੀਰ ਦਿਓਲ (ਨਵੀਂ ਦੁਨੀਆ), ਜਸਬੀਰ ਸਿੰਘ (ਪਰਿਵਰਤਨ), ਹਰਪ੍ਰੀਤ ਸਿੰਘ ਸੰਧੂ, ਰਣਜੀਤ ਸਿੰਘ ਪਵਾਰ (ਚੜ੍ਹਦੀ ਕਲਾ), ਦਵਿੰਦਰ ਦੀਪਤੀ (ਐਨ.ਆਰ.ਆਈ ਸਰੋਕਾਰ), ਰਾਜਵਿੰਦਰ ਕਲੇਰ (ਰੇਡੀਓ ਸੁਰ ਸੰਗਮ), ਨਵਤੇਜ ਬੈਂਸ (ਨਵੀਂ ਦੁਨੀਆ) ਅਤੇ ਪ੍ਰਦੁਮਣ ਸਿੰਘ ਗਿੱਲ (ਦੇਸ਼ ਪ੍ਰਦੇਸ ਟਾਈਮਜ਼) ਸ਼ਾਮਲ ਹਨ।

ਨਿਰਪੱਖ, ਸੱਚ ਦੀ ਆਵਾਜ਼, ਆਜ਼ਾਦ ਅਤੇ ਸਮਾਜਿਕ ਜ਼ਿੰਮੇਵਾਰੀਆਂ ਦੇ ਮੌਲਿਕ ਸਿਧਾਂਤਾਂ ਵਾਲੀ ਪੱਤਰਕਾਰੀ ਨਾਲ ਪ੍ਰਣਾਈ ਅਲਬਰਟਾ ਦੀ ਪੰਜਾਬੀ ਮੀਡੀਆ ਐਸੋਸੀਏਸ਼ਨ (ਪੀ.ਐਮ.ਏ.ਏ) ਇਕ ਗੈਰ ਮੁਨਾਫ਼ਾ ਫੋਰਮ ਹੈ। ਇਸ ਦੀ ਸਥਾਪਨਾ ਐਡਮਿੰਟਨ ਵਿਚ 22 ਜੂਨ, 2008 ਨੂੰ ਕੀਤੀ ਗਈ। ਆਪਸੀ ਭਾਈਚਾਰੇ ਵਿਚ ਮਜ਼ਬੂਤੀ ਤੇ ਏਕੇ ਦੀ ਭਾਵਨਾ ਨਾਲ ਇਹ ਫੋਰਮ ਆਪਣੇ ਕਾਰਜ ਅਤੇ ਸਾਰਥਕ ਪਹੁੰਚ ਪ੍ਰਤੀ ਪੂਰੀ ਤਰ੍ਹਾਂ ਵਚਨਬੱਧ ਹੈ। ਅਲਬਰਟਾ ਦੀ ਪੰਜਾਬੀ ਮੀਡੀਆ ਐਸੋਸੀਏਸ਼ਨ ਦਾ ਮੰਨਣਾ ਹੈ ਕਿ ਆਜ਼ਾਦ ਅਤੇ ਨਿਰਪੱਖ ਸੰਸਥਾ ਵਜੋਂ ਹੀ ਪੀ.ਐਮ.ਏ.ਏ ਆਪਣਾ ਸੁਨੇਹਾ ਸਹੀ ਢੰਗ ਨਾਲ ਪਹੁੰਚਾ ਰਹੀ ਹੈ। ਸਾਡੀ ਇਹ ਇੱਛਾ ਹੈ ਕਿ ਸਾਡੇ ਪਾਠਕ ਸਾਨੂੰ ਇਸ ਨਜ਼ਰੀਏ ਅਤੇ ਪੱਖ ਨਾਲ ਦੇਖਣ।

# ਰਸੋਈ ਦੇ ਕੰਮ ਵਿਚ ਹੱਥ ਵੰਡਾਉਂਣ ਵਾਲੇ ਬੱਚੇ ਪਸੰਦ ਕਰਦੇ ਹਨ ਫ਼ਲ ਅਤੇ ਸਬਜ਼ੀਆਂ



ਐਡਮਿੰਟਨ : (ਨਦਬ): ਅਲਬਰਟਾ ਯੂਨੀਵਰਸਿਟੀ ਵਲੋਂ ਕੀਤੇ ਗਏ ਇਕ ਸਰਵੇਖਣ ਮੁਤਾਬਕ ਜਿਹੜੇ ਬੱਚੇ ਰਸੋਈ ਦੇ ਕੰਮ ਵਿਚ ਹੱਥ ਵੰਡਾਉਂਦੇ ਹਨ, ਉਹ ਬੱਚੇ ਫ਼ਲ ਅਤੇ ਸਬਜ਼ੀਆਂ ਵਧੇਰੇ ਪਸੰਦ ਕਰਦੇ ਹਨ। ਇਹ ਸਰਵੇਖਣ ਯੇਨ ਲੀ ਚੂ ਅਤੇ ਪਾਲ ਵੁਗਲਰਸ ਵਲੋਂ ਪੂਰੇ ਅਲਬਰਟਾ ਦੇ 150 ਸਕੂਲਾਂ ਦੇ ਪੰਜਵੀਂ ਗਰੇਡ ਦੇ ਬੱਚਿਆਂ 'ਤੇ ਕੀਤਾ ਗਿਆ। ਇਸ ਤੋਂ ਇਹ ਜਾਣਕਾਰੀ ਸਾਹਮਣੇ ਆਈ ਕਿ ਰਸੋਈ ਦੇ ਕੰਮ ਤੋਂ ਭੱਜਣ ਵਾਲੇ ਬੱਚਿਆਂ ਦੇ ਮੁਕਾਬਲੇ ਜਿਹੜੇ ਵਿਦਿਆਰਥੀ ਰਸੋਈ 'ਚ ਕੰਮ ਕਰਾਉਣਾ ਪਸੰਦ ਕਰਦੇ ਹਨ, ਉਨ੍ਹਾਂ 'ਚ ਫ਼ਲ ਅਤੇ ਸਬਜ਼ੀਆਂ ਖਾਣ ਪ੍ਰਤੀ 10 ਫ਼ੀਸਦੀ ਜ਼ਿਆਦਾ ਰੁਝਾਨ ਪਾਇਆ ਜਾਂਦਾ ਹੈ। ਇਸ ਸਰਵੇਖਣ ਦੇ ਅੰਕੜੇ ਇਸ ਗੱਲ 'ਤੇ ਵੀ ਰੌਸ਼ਨੀ ਪਾਉਂਦੇ ਹਨ ਕਿ ਇਕ ਤਿਹਾਈ ਬੱਚੇ ਇਹੋ ਜਿਹੇ ਹਨ ਜੋ ਦਿਹਾੜੀ ਵਿਚ ਇਕ ਵਾਰ ਦੇ ਖਾਣੇ ਦੌਰਾਨ ਕੰਮ ਕਰਾਉਂਦੇ ਹਨ ਜਦੋਂ ਕਿ ਇਕ ਤਿਹਾਈ ਦੂਸਰੇ ਹਿੱਸੇ 'ਚ ਆਉਣ ਵਾਲੇ ਬੱਚੇ ਹਫ਼ਤੇ 'ਚ ਤਿੰਨ ਵਾਰੀ ਹੀ ਰਸੋਈ 'ਚ ਵੜਦੇ ਹਨ। ਇਸ ਤੋਂ ਇਲਾਵਾ 12ਫ਼ੀਸਦੀ ਬੱਚਿਆਂ ਦਾ ਕਹਿਣਾ ਹੈ ਕਿ ਉਹ ਰਸੋਈ 'ਚ ਜਾਣ ਤੋਂ ਪੂਰੀ ਤਰ੍ਹਾਂ ਗੁਰੇਜ਼ ਕਰਦੇ ਹਨ।

## ਪ੍ਰਸਿੱਧ ਚਿੱਤਰਕਾਰ ਹਰਪ੍ਰਕਾਸ਼ ਜ਼ਨਾਗਲ ਵੱਲੋ ਲੇਖਿਕਾ ਗੁਰਚਰਨ ਕੌਰ ਥਿੰਦ ਨੂੰ ਚਿੱਤਰ ਭੇਂਟ

ਕੈਲਗਰੀ (ਨਦਬ)-ਪੰਜਾਬੀ ਲਿਖ਼ਾਰੀ ਸਭਾ ਕੈਲਗਰੀ ਦੀ ਮਹੀਨਾਵਾਰ ਮੀਟਿੰਗ ਕੋਸੋ ਹਾਲ ਵਿਚ ਹੋਈ। ਜਨਰਲ ਸਕੱਤਰ ਬਲਜਿੰਦਰ ਸੰਘਾ ਨੇ ਮੀਟਿੰਗ ਦੀ ਸ਼ੁਰੂਆਤ ਵਿਚ ਸਭਾ ਦੇ ਪ੍ਰਧਾਨ ਮਹਿੰਦਰਪਾਲ ਐਸ.ਪਾਲ, ਕਾਰਜਕਾਰੀ ਮੈਂਬਰ ਬੀਜਾ ਰਾਮ, ਚਿੱਤਰਕਾਰ ਹਰਪ੍ਰਕਾਸ਼ ਜ਼ਨਾਗਲ ਅਤੇ ਲੇਖਿਕਾ ਗੁਰਚਰਨ ਕੌਰ ਥਿੰਦ ਨੂੰ ਪ੍ਰਧਾਨਗੀ ਮੰਡਲ ਵਿਚ ਬੈਠਣ ਦਾ ਸੱਦਾ ਦਿੱਤਾ। ਸਭ ਹਾਜ਼ਰ ਸਾਹਿਤ ਪ੍ਰੇਮੀਆਂ ਨੂੰ ਫਾਦਰਜ਼ ਡੇਅ ਦੀ ਵਧਾਈ ਦਿੰਦਿਆ ਨਾਲ ਹੀ ਇਹ ਦੁੱਖ ਦੀ ਖ਼ਬਰ ਸਾਝੀ ਕੀਤੀ ਕਿ ਲੇਖਕ ਨਿੰਦਰ ਘੁਗਿਆਣਵੀ ਦੇ ਪਿਤਾ ਜੀ ਸ੍ਰੀ ਰੋਸ਼ਨ ਲਾਲ ਅਤੇ ਗਜ਼ਲ-ਏ-ਸ਼ਹਿਨਸ਼ਾਹ ਮਹਿੰਦੀ ਹਸਨ



ਇਸ ਦੁਨੀਆ ਤੋਂ ਸਦੀਵੀ ਵਿਛੋੜਾ ਦੇ ਗਏ ਹਨ। ਸਭਾ ਵੱਲੋ ਇਹਨਾਂ ਨੂੰ ਸ਼ਰਧਾਜ਼ਲੀ ਭੇਂਟ ਕੀਤੀ ਗਈ। ਪ੍ਰਸਿੱਧ ਲੇਖ਼ਕ ਬਲਦੇਵ ਸਿੰਘ ਸੜਕਨਾਮਾਂ ਦੇ ਕੇਂਦਰੀ ਪੰਜਾਬੀ ਲੇਖ਼ਕ ਸਭਾ ਪੰਜਾਬ ਦੇ ਪ੍ਰਧਾਨ ਬਣਨ ਤੇ ਉਹਨਾਂ ਨੂੰ ਸਭਾ ਵੱਲੋਂ ਵਧਾਈ ਦਿੱਤੀ। ਸਾਹਿਤਕ ਰੰਗਾਂ ਦੀ ਸ਼ੁਰੂਆਤ ਕਵੀਸ਼ਰ ਸਰੂਪ ਸਿੰਘ ਮੰਡੇਰ ਨੇ ਫਾਦਰਜ਼ ਡੇਅ ਨਾਲ ਸਬੰਧਤ ਕਵੀਸ਼ੀਰੀ 'ਮਿਲੇ ਨਾ ਸਹਾਰਾ ਕਿਤੋਂ ਬਾਪੂ ਜੀ ਦੇ ਨਾਲ ਦਾ' ਸੁਰੀਲੀ ਅਵਾਜ਼ ਵਿਚ ਸੁਣਾਕੇ ਕੀਤੀ। ਬਲਵੀਰ ਗੋਰੇ ਨੇ ਇਕ ਸ਼ੇਅਰ ਸਾਝਾਂ ਕੀਤਾ ਅਤੇ ਕਹਾਣੀ 'ਅੰਤਰ' ਸੁਣਾਈ ਜੋ ਰਵਾਨਗੀ ਅਤੇ ਵਿਸ਼ੇ ਪੱਖੋ ਸਭ ਨੂੰ ਪਸੰਦ ਆਈ। ਇਸਤੋਂ ਬਾਅਦ ਪ੍ਰਸਿੱਧ ਚਿੱਤਰਕਾਰ ਹਰਪ੍ਰਕਾਸ਼ ਜ਼ਨਾਗਲ ਦੁਆਰਾ ਲੇਖਿਕਾ ਗੁਰਚਰਨ ਕੌਰ ਥਿੰਦ ਨੂੰ ਉਹਨਾਂ ਦਾ ਚਿੱਤਰ ਥਿੰਦ ਪਰਿਵਾਰ ਦੀ ਹਾਜ਼ਰੀ ਵਿਚ ਭੇਂਟ ਕੀਤਾ। ਜ਼ਾਨਗਲ ਜੀ ਨੇ ਆਪਣੇ ਵਿਚਾਰ ਸਾਂਝੇ ਕੀਤੇ ਅਤੇ ਗੁਰਚਰਨ ਕੌਰ ਥਿੰਦ ਨੇ ਬੜੇ ਭਾਵੁਕ ਸ਼ਬਦਾ ਵਿਚ ਜ਼ਨਾਗਲ ਜੀ ਦਾ ਧੰਨਵਾਦ ਕੀਤਾ ਅਤੇ ਫਾਦਰਜ਼ ਡੇਅ ਦਾ ਦਿਨ ਹੋਣ ਕਾਰਨ ਆਪਣੀਆਂ ਭਾਵਨਾਵਾਂ ਇਕ ਬੇਟੀ ਦੇ ਰੂਪ ਵਿਚ ਪੇਸ਼ ਕਰਦਿਆਂ ਗਿਫਟ ਭੇਂਟ ਕੀਤਾ। ਸਭਾ ਦੀ ਕਾਰਜਕਾਰੀ ਕਮੇਟੀ ਨੇ ਹੁਣ ਤੱਕ ਪੰਜਾਬੀ ਬੋਲੀਂ ਲਈ ਕੀਤੇ ਯਤਨਾਂ ਕਰਕੇ ਵਿਸ਼ੇਸ਼ ਤੌਰ ਤੇ ਮੀਟਿੰਗ ਵਿਚ ਹਾਜ਼ਰ ਹੋਏ ਅਲਬਰਟਾ ਦੇ ਸਰਵਿਸਜ਼ ਮੰਤਰੀ ਮਨਮੀਤ ਸਿੰਘ ਭੁੱਲਰ ਜੀ ਦਾ ਪਲੈਕ ਨਾਲ ਸਨਮਾਨ ਕੀਤਾ। ਉਹਨਾਂ ਸਟੇਜ ਤੋਂ ਬੋਲਦਿਆਂ ਕਿਹਾ ਕਿ ਪੰਜਾਬੀ ਕਮਿਊਨਟੀ ਨੂੰ ਇੱਕ ਪਲੇਟਫਾਰਮ ਤੇ ਇਕੱਠੇ ਹੋਕੇ ਆਪਣੇ ਜਾਇਜ਼ ਮੁੱਦਿਆਂ ਦੀ ਗੱਲ ਕਰਨੀ ਚਾਹੀਦੀ ਹੈ ਜਿਸ ਵਿਚ ਫੈਮਲੀ ਹਿੰਸਾ ਤੋਂ ਬਾਅਦ ਬੱਚਿਆਂ ਦੀ ਸੰਭਾਲ ਦਾ ਮੁੱਦਾ ਬਹੁਤ ਗੰਭੀਰ ਹੈ ਅਤੇ ਲੰਬੇ ਸਮੇਂ ਤੋਂ ਪੰਜਾਬੀ ਬੋਲੀ ਲਈ ਕੰਮ ਕਰਨ ਵਾਲੀ ਸਭਾ ਦਾ ਇਸ ਸਨਮਾਨ ਲਈ ਧੰਨਵਾਦ ਕੀਤਾ। ਪ੍ਰਧਾਨ ਮਹਿੰਦਰਪਾਲ ਐਸ.ਪਾਲ ਨੇ ਸਲਾਨਾ ਸਮਾਗਮ ਦੀ ਸਫਲਤਾ ਲਈ ਸਾਰੇ ਵਲੰਟੀਅਰਾਂ, ਮੀਡੀਆ ਅਤੇ ਸਪਾਸਰਜ਼ ਦਾ ਧੰਨਵਾਦ ਕੀਤਾ ਅਤੇ ਇਕ ਨਵੀਂ ਕਿਤਾਬ 'ਸਾਕੀਨਾਮਾ' ਬਾਰੇ ਭਾਵੁਕ ਹੁੰਦਿਆਂ ਦੱਸਿਆ ਕਿ ਇਹ ਕਿਤਾਬ ਡਾ.ਸੁਰਜੀਤ ਹਾਂਸ ਵੱਲੋਂ ਸੰਪਾਦਤ ਕੀਤੀ ਗਈ ਹੈ ਅਤੇ ਉਹਨਾਂ ਦੇ ਪਿਤਾ ਸ੍ਰੀ ਬਿਸ਼ੰਭਰ ਸਿੰਘ ਸਾਕੀ ਨੂੰ ਸਮਰਪਤ ਹੈ। ਇਸ ਕਿਤਾਬ ਵਿਚ ਸਾਕੀ ਜੀ ਦੁਆਰਾ ਸੁਣਾਏ ਹੋਏ ਲਤੀਫੇ, ਵਿਦਵਾਨਾਂ ਦੇ ਵਿਚਾਰ ਅਤੇ ਰਾਜਨੀਤਕ ਵਿਅੰਗ ਸ਼ਾਮਿਲ ਹਨ। ਮਹਿੰਦਰਪਾਲ ਨੇ ਕਿਹਾ ਕਿ ਅੱਜ ਫਾਦਰਜ਼ ਡੇਅ ਦੇ ਮੌਕੇ ਤੇ ਉਹਨਾਂ ਨੂੰ ਇਸ ਗੱਲ ਦਾ ਮਾਣ ਹੈ ਕਿ ਸੈਂਤੀ ਸਾਲਾਂ ਦੇ ਵਿਛੋੜੇ ਦੇ ਬਾਅਦ ਵੀ ਉਹਨਾਂ ਦੇ ਪਿਤਾ ਨੂੰ ਸਾਹਿਤਕ ਦੇਣ, ਜ਼ਿੰਦਾਦਿਲੀ ਅਤੇ ਇਨਸਾਨੀਅਤ ਲਈ ਸਤਿਕਾਰ ਨਾਲ ਯਾਦ ਕੀਤਾ ਜਾਂਦਾ ਹੈ। ਚੰਦ ਸਿੰਘ ਸਦਿਓੜਾ ਨੇ ਪੰਜਾਬੀ ਲਾਗੂ ਕਰਵਾਉਣ ਲਈ ਮਨਮੀਤ ਭੁੱਲਰ, ਸਭਾ ਦੇ ਯੋਗਦਾਨ, ਅਤੇ ਗੁਰਚਰਨ ਕੌਰ ਥਿੰਦ ਨੂੰ ਵਧਾਈ ਦਿੰਦਿਆਂ ਸਭ ਨੂੰ ਵੱਧ ਤੋਂ ਵੱਧ ਚੰਗਾ ਸਾਹਿਤ ਪੜ੍ਹਨ ਦੀ ਪ੍ਰੇਰਨਾ ਦਿੱਤੀ। ਪ੍ਰੌਗਰੈਸਿਵ ਕਲਚਰਲ ਐਸੋਸ਼ੀਏਸ਼ਨ ਦੇ ਸਕੱਤਰ ਮਾ.ਭਜਨ ਸਿੰਘ ਗਿੱਲ ਨੇ ਹੋਰ ਵਿਚਾਰਾਂ ਦੇ ਨਾਲ ਇਹ ਵੀ ਕਿਹਾ ਕਿ ਵਧੀਆ ਲੇਖ਼ਕ ਅਤੇ ਵਧੀਆ ਰਾਜਨੀਤਕ ਨੇਤਾ ਇਕੱਠੇ ਹੋਕੇ ਸਮਾਜ ਦੀ ਤਰੱਕੀ ਵਿਚ ਯੋਗਦਾਨ ਪਾ ਸਕਦੇ ਹਨ ਅਤੇ ਪੰਜਾਬੀ ਲਿਖ਼ਾਰੀ ਸਭਾ ਕੈਲਗਰੀ ਦੀ ਕਾਰਜਕਾਰੀ ਟੀਮ ਵਿਚ ਨੌਜਵਾਨ ਵਰਗ ਦਾ ਪੂਰੇ ਐਕਟਿਵ ਹੋਣਾ ਹੀ ਇਸ ਸਭਾ ਨੂੰ ਹਮੇਸ਼ਾਂ ਬੁਲੰਦੀ ਤੇ ਰੱਖਦਾ ਹੈ। ਜਨਰਲ ਸਕੱਤਰ ਬਲਜਿੰਦਰ ਸੰਘਾ ਨੇ ਦੱਸਿਆ ਕਿ ਸਭਾ ਵੱਲੋਂ ਇੱਕ ਨਵਾ ਅਵਾਰਡ ਸਵ: ਡਾ. ਦਰਸ਼ਨ ਗਿੱਲ ਦੇ ਨਾਮ ਉੱਪਰ ਸ਼ੁਰੂ ਕੀਤਾ ਗਿਆ ਹੈ। ਜੋ ਸਭਾ ਦੇ ਮੈਬਰਾਂ ਨੂੰ ਉਹਨਾਂ ਦੀਆਂ ਸਾਹਿਤਕ ਅਤੇ ਕਲਚਰਲ ਗਤੀਰਿਧੀਆਂ ਲਈ ਸਲਾਨਾ ਸਮਾਗਮ ਤੇ ਹਰੇਕ ਸਾਲ ਦਿੱਤਾ ਜਾਵੇਗਾ ਅਤੇ ਇਸ ਅਵਾਰਡ ਦੀਆਂ ਕੁਝ ਸ਼ਰਤਾਂ ਦਾ ਵਰਣਨ ਕੀਤਾ। ਹਾਲ ਵਿਚ ਹਾਜ਼ਰ ਦਰਸ਼ਕਾਂ ਨੇ ਤਾੜੀਆਂ ਨਾਲ ਇਸਦਾ ਸਵਾਗਤ ਕੀਤਾ ਅਤੇ ਨਵੇਂ ਲੇਖਕਾਂ ਨੂੰ ਸਾਹਿਤ ਨਾਲ ਜੋੜਨ ਦਾ ਇਕ ਵਧੀਆਂ ਉਪਰਾਲਾ ਵੀ ਕਿਹਾ। ਪ੍ਰੋ.ਮਨਜੀਤ ਸਿੰਘ ਸਿੱਧੂ ਨੇ ਚਿੱਤਰਕਾਰ ਹਰਪ੍ਰਕਾਸ਼ ਜ਼ਾਨਗਲ ਦੀ ਸਭਾ ਪ੍ਰਤੀ ਨਿਸ਼ਕਾਮ ਸੇਵਾ ਬਾਰੇ ਸੰਖੇਪ ਵਿਚ ਕਿਹਾ ਕਿ ਉਹਨਾਂ ਵੱਲੋਂ ਬਣਾਏ ਜਾਂਦੇ ਚਿੱਤਰ ਅਣਮੁੱਲੇ ਹਨ। ਤਰਲੋਚਨ ਸੈਂਭੀ ਨੇ ਸਭਾ ਦੇ ਮੁੱਢਲੇ ਮੈਬਰ ਜਸਵੰਤ ਸਿੰਘ ਗਿੱਲ, ਪ੍ਰੋ. ਮਨਜੀਤ ਸਿੰਘ ਸਿੱਧੂ ਅਤੇ ਹਰਪ੍ਰਕਾਸ਼ ਜ਼ਨਾਗਲ ਦੇ ਸਭਾ ਲਈ ਸਹਿਯੋਗ ਦੀ ਤਰੀਫ਼ ਕੀਤੀ ਅਤੇ ਗੁਰਚਰਨ ਕੌਰ ਥਿੰਦ ਨੂੰ ਵਧਾਈ ਦਿੱਤੀ। ਕਾਫੀ ਲੰਮੇ ਸਮੇਂ ਤੱਕ ਚੱਲੀ ਇਸ ਸਾਹਿਤਕ ਮਿਲਣੀ ਵਿਚ ਬੀਜਾ ਰਾਮ ,ਸੁਰਜੀਤ ਸਿੰਘ ਪੰਨੂ, ਹਰਕੰਵਲਜੀਤ ਸਾਹਿਲ,ਕਹਾਣੀਕਾਰ ਜੋਰਾਵਰ ਬਾਂਸਲ, ਰੁਇਲ ਵੋਮੈਨ ਸੁਸਾਇਟੀ ਦੀ ਪ੍ਰਧਾਨ ਗੁਰਮੀਤ ਸਰਪਾਲ, ਸਾਹਿਤ ਸਭਾ ਦੇ ਪ੍ਰਧਾਨ ਜਸਵੀਰ ਸਿੰਘ ਸਿਹੋਤਾ, ਹਰਮਿੰਦਰ ਕੌਰ ਢਿੱਲੋਂ, ਅਜੈਬ ਸਿੰਘ ਸੇਖੋਂ ਅਤੇ ਬਲਜਿੰਦਰ ਸੰਘਾ ਨੇ ਭਾਗ ਲਿਆ। ਫਿਲਮ ਪ੍ਰੋਡਿਊਸਰ ਪਰਮਜੀਤ ਸੰਦਲ ਵੱਲੋਂ ਸੁਣਾਏ ਚੁਟਕਲਿਆਂ ਨੇ ਸਭ ਨੂੰ ਖੂਬ ਹਸਾਇਆ। ਸਾਰੰਸ ਕਾਲੀਆਂ ਨੇ ਆਪਣੀ ਵੈਬਸਾਈਟ ਲਈ ਫੋਟੋਗ੍ਰਾਫੀ ਕੀਤੀ। ਇਸਤੋਂ ਇਲਾਵਾ ਹਰੀਪਾਲ, ਸੁਖਪਾਲ ਪਰਮਾਰ, ਜੋਗਿੰਦਰ ਸਿੰਘ ਸੰਘਾ, ਸਿਮਰ ਕੌਰ ਚੀਮਾ, ਸੁਰਿੰਦਰ ਕੌਰ ਚੀਮਾ,ਮਨਜੀਤ ਬਰਾੜ, ਮੇਜਰ ਸਿੰਘ ਧਾਰੀਵਾਲ, ਰਣਜੀਤ ਸਿੰਘ ਆਹਲੂਵਾਲੀਆਂ,ਭਜਨ ਕੌਰ, ਹਰਚਰਨ ਕੌਰ ਬਾਸੀ, ਹਰਪਾਲ ਸਿੰਘ ਬਾਸੀ, ਖੁਸ਼ਮੀਤ ਸਿੰਘ ਥਿੰਦ, ਵਰਦੀਪ ਕੌਰ ਥਿੰਦ, ਰਾਜਿੰਦਰ ਕੌਰ ਪੰਨੂ, ਕੁਲਦੀਪ ਥਿੰਦ, ਜਗਜੀਤ ਸਿੰਘ ਗਿੱਲ, ਮਨੋਹਰ ਕੌਰ, ਕੁਲਵੰਤ ਕੌਰ, ਕਰਨਵੀਰ ਸਿੰਘ, ਪਵਨਦੀਪ ਬਾਂਸਲ ਤੋਂ ਇਲਾਵਾ ਬਹੁਤ ਸਾਰੇ ਸੱਜਣ ਹਾਜ਼ਰ ਸਨ। ਚਾਹ-ਪਾਣੀ ਦਾ ਪ੍ਰਬੰਧ ਗੁਰਚਰਨ ਕੌਰ ਥਿੰਦ ਦੇ ਪਰਿਵਾਰ ਵੱਲੋਂ ਕੀਤਾ ਗਿਆ। ਅਖੀਰ ਵਿਚ ਸਭਾ ਦੇ ਪ੍ਰਧਾਨ ਮਹਿੰਦਰਪਾਲ ਐਸ. ਪਾਲ ਨੇ ਸਭ ਹਾਜ਼ਰੀਨ ਦਾ ਸਭਾ ਵੱਲੋਂ ਧੰਨਵਾਦ ਕੀਤਾ।

K.P. ACCOUNTING & TAX SERVICES
135 Millbourne Road East Lee Ridge Plaza, Edmonton, AB T6K1P6
SAVE YOUR TAX FOR FAST REFUND USE E-FILES
- INDIVIDUAL TAX RETURNS
- INCORPORATION OF COMPANIES
- PAYROLL, T4 SLIPS
- CORPORATE TAX RETURNS

ਇਨਕਮ ਟੈਕਸ ਦੇ ਪੇਪਰ ਭਰਾਉਣ ਲਈ ਆਪਣੇ ਭਾਈਚਾਰੇ
ਦੇ ਜਾਣੇ-ਪਛਾਣੇ ਅਕਾਊਂਟੈਂਟ ਕਪਿਲ ਸ਼ਰਮਾ ਨਾਲ ਸੰਪਰਕ ਕਰੋ



Ph : 780 469 2677 Fax : 780 469 2026

# ਲਹੌਰ ਦੇ ਸ਼ਾਦਮਾਨ ਚੌਕ ਦਾ ਨਾਮ ਸ਼ਹੀਦ ਭਗਤ ਸਿੰਘ ਚੌਕ ਰੱਖਿਆ ਜਾਵੇ

## 'ਚਿੰਗਾਰੀ ਫੋਰਮ ਜਰਮਨੀ' ਅਤੇ 'ਪਾਕਿ ਯੂਰੋ ਜਰਨਲਿਸਟ ਫੋਰਮ' ਵਲੋਂ ਸ਼ਹੀਦਾਂ ਸਬੰਧੀ ਯਾਦਗਾਰ ਕਾਇਮ ਕਰਨ ਦੀ ਮੰਗ ਬਾਰੇ ਕੀਤਾ ਗਿਆ ਸਮਾਗਮ

ਰਿਪੋਰਟ: ਕੇਹਰ ਸ਼ਰੀਫ਼
0049-2302-21848
ksharif@arcor.de

ਜਰਮਨੀ ਦੀ ਆਰਥਿਕ ਰਾਜਧਾਨੀ ਦੇ ਤੌਰ 'ਤੇ ਜਾਣੇ ਜਾਂਦੇ ਸ਼ਹਿਰ ਫਰੈਂਕਫੋਰਟ ਵਿਖੇ 'ਚਿੰਗਾਰੀ ਫੋਰਮ ਜਰਮਨੀ' ਅਤੇ 'ਪਾਕਿ ਯੂਰੋ ਜਰਨਲਿਸਟ ਫੋਰਮ' ਵਲੋਂ ਲਹੌਰ ਦੇ ਸ਼ਾਦਮਾਨ ਚੌਕ ਦਾ ਨਾਂ ਬਦਲ ਕੇ ਸ਼ਹੀਦ ਭਗਤ ਸਿੰਘ ਚੌਕ ਰੱਖਣ ਅਤੇ ਸ਼ਹੀਦਾਂ ਸਬੰਧੀ ਇੱਥੇ ਯਾਦਗਾਰ ਕਾਇਮ ਕਰਨ ਦੀ ਮੰਗ ਬਾਰੇ ਖੁੱਲ੍ਹ ਕੇ ਵਿਚਾਰਾਂ ਕਰਨ ਵਾਸਤੇ ਸਮਾਗਮ ਕੀਤਾ ਗਿਆ। ਇਸ ਸਮਾਗਮ ਵਿਚ ਸ਼ਹੀਦ ਭਗਤ ਸਿੰਘ ਤੇ ਉਸਦੇ ਸਾਥੀਆਂ ਦੀ ਭਾਰਤ ਦੀ ਅਜਾਦੀ ਦੀ ਲਹਿਰ ਵਿਚ ਦੇਣ ਬਾਰੇ ਅਤੇ ਇਨਕਲਾਬੀਆਂ ਦੇ ਜੀਵਨ ਅਤੇ ਸੰਘਰਸ਼ਾਂ ਸਬੰਧੀ ਦੂਰੋਂ ਨੇੜਿਉਂ ਆਏ ਖੱਬੇ ਪੱਖੀ ਕਾਰਕੁਨਾਂ ਨੇ ਵਿਚਾਰ ਸਾਂਝੇ ਕੀਤੇ।

ਯਾਦ ਰਹੇ ਲਹੌਰ ਵਿਚ ਜਿੱਥੇ ਇਹ ਸ਼ਾਦਮਾਨ ਚੌਕ (ਖੁਸ਼ੀਆਂ ਦਾ ਘਰ ਜਾਂ ਖੁਸ਼ੀਆਂ ਭਰਿਆ ਵਿਹੜਾ) ਹੈ, ਨਾਲ ਹੀ ਇੱਥੇ ਨਵੀਂਆਂ ਉਸਾਰੀਆਂ ਕਰ ਦਿੱਤੀਆਂ ਗਈਆਂ ਹਨ। ਇਹ ਉਹ ਸਥਾਨ ਹੈ ਜਿੱਥੇ ਪਹਿਲਾਂ ਉਹ ਜੇਲ੍ਹ ਹੁੰਦੀ ਸੀ ਜਿੱਥੇ ਸ਼ਹੀਦ-ਏ-ਆਜ਼ਮ ਭਗਤ ਸਿੰਘ ਅਤੇ ਉਸਦੇ ਸਾਥੀ ਬੰਦੀ ਸਨ ਅਤੇ ਇੱਥੇ ਹੀ ਉਨ੍ਹਾਂ ਨੂੰ ਫਾਂਸੀ ਦਿੱਤੀ ਗਈ ਸੀ।

ਜਨਾਬ ਤਾਹਿਰ ਮਲਿਕ ਨੇ ਰਾਮ ਪ੍ਰਸਾਦ ਬਿਸਮਿਲ ਦੀ ਨਜ਼ਮ 'ਸਰਫਰੋਸ਼ੀ ਕੀ ਤਮੰਨਾ ਅਬ ਹਮਾਰੇ ਦਿਲ ਮੇਂ ਹੈ....... ਨਾਲ ਸਮਾਗਮ ਦੀ ਸ਼ੁਰੂਆਤ ਕੀਤੀ। ਸਈਦ ਖਾਨ ਨੇ ਕਿਹਾ 'ਸਾਨੂੰ ਚੇਤੇ ਰੱਖਣਾ ਚਾਹੀਦਾ ਹੈ ਕਿ ਭਗਤ ਸਿੰਘ ਅਤੇ ਉਸਦੇ ਸਾਥੀਆਂ ਨੇ ਸੋਸ਼ਲਿਸਟ ਸਮਾਜ ਵਾਸਤੇ ਜੱਦੋਜਹਿਦ ਕੀਤੀ। ਚੌਧਰੀ ਰਫੀਕ ਨੇ ਸ਼ਹੀਦਾਂ ਦੇ ਸਪੁਨਿਆਂ ਦੇ ਅਧੂਰੇ ਰਹਿਣ ਦੀ ਗੱਲ ਛੋਹੀ। ਮਹਿਮੂਦ ਸਈਦ ਨੇ ਕਿਹਾ ਅੰਗਰੇਜ਼ ਚਲੇ ਗਏ ਪਰ ਸਾਡੇ ਸਮਾਜ ਵਿਚ ਉਹ ਤਬਦੀਲੀਆਂ ਨਹੀਂ ਆਈਆਂ ਜੋ ਆਉਣੀਆਂ ਚਾਹੀਦੀਆਂ ਸਨ। ਇਰਸ਼ਾਦ ਹਾਸ਼ਮੀ ਨੇ ਕਿਹਾ ਕਿ ਸਾਡੇ ਕੋਲ ਅਜਿਹੀ ਵਿਚਾਰਧਾਰਾ ਹੈ, ਜਿਸ ਨਾਲ ਅਸੀਂ ਪਾਕਿਸਤਾਨ ਦਾ ਮੁਕੱਦਰ ਬਦਲ ਸਕਦੇ ਹਾਂ ਬਸ਼ਰਤੇ ਅਸੀਂ ਉਨ੍ਹਾਂ ਵਿਚਾਰਾਂ ਨੂੰ ਅਪਣਾਈਏ ਅਤੇ ਉਨ੍ਹਾਂ 'ਤੇ ਪੱਕੇ ਪੈਰੀਂ ਪਹਿਰਾ ਦੇਵੀਏ। ਉਰਦੂ ਜ਼ੁਬਾਨ ਦੀ ਸ਼ਾਇਰਾ ਤਾਹਿਰਾ ਰਾਬਾਬ ਨੇ ਉਨ੍ਹਾਂ ਬਹਾਦਰ ਮਾਵਾਂ ਨੂੰ ਸਲਾਮ ਕੀਤਾ, ਜਿਨ੍ਹਾਂ ਨੇ ਅਜਿਹੇ ਪੁੱਤਰ ਪੈਦਾ ਕੀਤੇ, ਜਿਨ੍ਹਾਂ ਨੇ ਆਪਣੇ ਲੋਕਾਂ ਖਾਤਰ ਆਪਾ ਕੁਰਬਾਨ ਕਰ ਦਿੱਤਾ। ਆਪਣੀ ਤਕਰੀਰ ਤੋਂ ਬਾਅਦ ਬੀਬੀ ਤਾਹਿਰਾ ਰਾਬਾਬ ਨੇ ਆਪਣੀ ਸ਼ਾਇਰੀ ਵੀ ਪੇਸ਼ ਕੀਤੀ।




ਚੜ੍ਹਦੇ ਪੰਜਾਬ ਵਲੋਂ ਕੇਹਰ ਸ਼ਰੀਫ਼ ਨੇ ਕਿਹਾ ਕਿ ਭਗਤ ਸਿੰਘ ਅਤੇ ਉਸਦੇ ਹੋਰ ਇਨਕਲਾਬੀ ਸਾਥੀ ਮੁਕੰਮਲ ਜੱਦੋਜਹਿਦ ਵਿਚ ਸਨ, ਇਨਕਲਾਬੀ ਵਿਚਾਰਧਾਰਾ ਦੇ ਹਾਮੀ ਸਨ, ਕਿਉਂਕਿ ਉਹ ਕਾਰਲ ਮਾਰਕਸ ਦੇ ਇਨਕਲਾਬੀ ਵਿਚਾਰਾਂ ਅਤੇ ਰੂਸੀ ਇਨਕਲਾਬ ਤੋਂ ਵੀ ਪ੍ਰਭਾਵਿਤ ਸਨ ਅਤੇ ਭਾਰਤ ਅੰਦਰ ਵੀ ਅਜ਼ਾਦੀ ਪ੍ਰਾਪਤੀ ਤੋਂ ਬਾਅਦ ਸਮਾਜਵਾਦੀ ਸਮਾਜ ਦੀ ਸਥਾਪਨਾ ਉਨ੍ਹਾਂ ਦਾ ਸੁਪਨਾ ਸੀ। ਹਾਈਡਲ ਬਰਗ ਯੂਨੀਵਰਸਿਟੀ ਦੇ ਇਤਿਹਾਸ ਵਿਭਾਗ ਤੋਂ ਪ੍ਰੋਫੈਸਰ ਡਾਕਟਰ ਵਕਾਰ ਅਲੀ ਸ਼ਾਹ ਨੇ ਭਾਰਤ ਦੀ ਅਜਾਦੀ ਤਹਿਰੀਕ ਉੱਤੇ ਬੋਲਦਿਆਂ ਪਹਿਲਾਂ ਇਸ ਗੱਲ 'ਤੇ ਖੁਸ਼ੀ ਜ਼ਾਹਿਰ ਕੀਤੀ ਕਿ ਭਾਵੇਂ ਮੁਲਕ ਤੋਂ ਬਾਹਰ ਹੀ ਅਜਿਹਾ ਸਾਂਝਾ ਇਕੱਠ ਹੈ ਪਰ ਆਗਾਜ਼ ਬਹੁਤ ਵਧੀਆ ਹੈ।

ਇਸ ਸਮਾਗਮ ਦਾ ਪ੍ਰਬੰਧ ਕਰਨ ਵਾਲਿਆਂ ਦੇ ਆਗੂ ਡਾਨੀਅਲ ਰਜ਼ਾ ਨੇ ਕਿਹਾ ਕਿ ਦੁਨੀਆ ਵਿਚ ਬਹੁਤ ਲੋਕ ਆਉਂਦੇ ਹਨ, ਮਰ ਜਾਂਦੇ ਹਨ, ਲੋਕ ਉਨ੍ਹਾਂ ਨੂੰ ਭੁੱਲ ਜਾਂਦੇ ਹਨ ਪਰ ਆਪਣੇ ਲੋਕਾਂ ਵਾਸਤੇ ਆਪਾ ਵਾਰਨ ਵਾਲੇ ਹੱਸਦੇ ਹੋਏ ਜ਼ਹਿਰ ਪੀਣ ਵਾਲੇ ਸੁਕਰਾਤ ਅਤੇ ਹੱਸਦੇ ਹੋਏ ਫਾਂਸੀ ਚੜ੍ਹ ਜਾਣ ਵਾਲੇ ਭਗਤ ਸਿੰਘ ਤੇ ਉਸਦੇ ਬਹੁਤ ਸਾਰੇ ਸਾਥੀਆਂ ਵਰਗੇ ਕਦੇ ਨਹੀਂ ਮਰਦੇ ਸਗੋਂ ਲੋਕ ਸਦੀਆਂ ਤੱਕ ਇਕੱਠੇ ਹੋ ਕੇ ਉਨ੍ਹਾਂ ਤੋਂ ਪ੍ਰੇਰਨਾ ਲੈਣ ਦਾ ਅਹਿਦ ਕਰਦੇ ਰਹਿੰਦੇ ਹਨ। ਅਖੀਰ ਵਿਚ ਦੋ ਮਤੇ ਸਰਬਸੰਮਤੀ ਨਾਲ ਪਾਸ ਕਰਕੇ ਪੰਜਾਬ / ਪਾਕਿਸਤਾਨ ਦੀ ਹਕੂਮਤ ਤੋਂ ਮੰਗ ਕੀਤੀ ਗਈ ਕਿ ਲਹੌਰ ਦੇ ਸ਼ਾਦਮਾਨ ਚੌਕ ਦਾ ਨਾਂ ਸ਼ਹੀਦ ਭਗਤ ਸਿੰਘ ਚੌਕ ਰੱਖਿਆ ਜਾਵੇ ਅਤੇ ਇਨਕਲਾਬੀ ਵਿਰਸੇ ਨੂੰ ਚੇਤੇ ਕਰਨ ਵਾਸਤੇ ਇੱਥੇ ਸ਼ਹੀਦਾਂ ਨਾਲ ਸਬੰਧਤ ਯਾਦਗਾਰ ਕਾਇਮ ਕੀਤੀ ਜਾਵੇ।

ਦੂਸਰੇ ਮਤੇ ਵਿਚ ਮੰਗ ਕੀਤੀ ਗਈ ਕਿ ਹਿੰਦ ਮਹਾਂਦੀਪ ਦੇ ਮੁਲਕਾਂ ਵਿਚ ਇਨਕਲਾਬੀ ਦੇਸ਼ ਭਗਤਾਂ ਨਾਲ ਸਬੰਧਤ ਸਾਰੀਆਂ ਥਾਵਾਂ 'ਤੇ ਉਨ੍ਹਾਂ ਦੇ ਨਾਵਾਂ ਦੀਆਂ ਤਖਤੀਆਂ / ਪਲੇਟਾਂ ਲਾਈਆਂ ਜਾਣ, ਜਿਨ੍ਹਾਂ ਉੱਤੇ ਉਨ੍ਹਾਂ ਦੇ ਦੇਸ਼ਭਗਤੀ ਦੇ ਕਾਰਜਾਂ ਦਾ ਉਲੇਖ ਦਰਜ ਕੀਤਾ ਜਾਵੇ ਤਾਂ ਕਿ ਸਾਡੇ ਅਮੀਰ ਇਨਕਲਾਬੀ ਵਿਰਸੇ ਤੋਂ ਹਰ ਕੋਈ ਜਾਣੂ ਹੋ ਸਕੇ।

# ਸਰਕਾਰ 'ਤੇ ਬਜ਼ੁਰਗਾਂ ਨਾਲ ਵਿਤਕਰਾ ਕਰਨ ਦਾ ਦੋਸ਼

ਐਡਮਿੰਟਨ (ਨਦਬ): ਲਿਬਰਲ ਐਮ.ਐਲ ਏ. ਲਾਓਰੀ ਬਲੈਕਮੈਨ ਦਾ ਕਹਿਣਾ ਹੈ ਕਿ ਸੂਬਾ ਸਰਕਾਰ 65 ਸਾਲ ਦੇ ਹੋਣ 'ਤੇ ਬਜ਼ੁਰਗਾਂ ਦੇ ਭੱਤਿਆਂ 'ਚ ਕੀਤੀ ਕਟੌਤੀ ਨਾਲ ਉਨ੍ਹਾਂ ਨਾਲ ਵਿਤਕਰੇ ਵਾਲਾ ਸਲੂਕ ਕਰ ਰਹੀ ਹੈ। ਦੂਜੇ ਪਾਸੇ ਸੂਬਾ ਸਰਕਾਰ ਦਾ ਕਹਿਣਾ ਹੈ ਕਿ ਭਾਵੇਂ ਕਿ ਸਰਕਾਰ ਕੋਲੋਂ ਬਜ਼ੁਰਗਾਂ ਨੂੰ ਮਿਲਣ ਵਾਲੀਆਂ ਰਾਹਤਾਂ ਜਾਂ ਰਿਆਇਤਾਂ ਸਧਾਰਨ ਤੌਰ 'ਤੇ ਵੱਖਰੀਆਂ ਹੁੰਦੀਆਂ ਹਨ ਅਤੇ ਬਹੁਤ ਘੱਟ ਲੋਕਾਂ ਨੂੰ 65 ਸਾਲ ਦੇ ਹੋਣ 'ਤੇ ਇਹ ਮਹਿਸੂਸ ਹੋਵੇਗਾ ਕਿ ਉਨ੍ਹਾਂ ਦੀਆਂ ਕੁਲ ਛੋਟਾਂ 'ਚ ਕਮੀ ਆਈ ਹੈ। ਬੀਤੇ ਦਿਨੀਂ ਇਕ ਪ੍ਰੈਸ ਕਾਨਫਰੰਸ ਦੌਰਾਨ ਉਨ੍ਹਾਂ ਸਰਕਾਰ ਨੂੰ ਬਜ਼ੁਰਗਾਂ ਨਾਲ ਵਿਤਕਰੇ ਵਾਲਾ ਵਰਤਾਰਾ ਬੰਦ ਕਰਨ ਲਈ ਜ਼ੋਰ ਪਾਇਆ। ਉਨ੍ਹਾਂ ਕਿਹਾ ਕਿ ਜੇਕਰ ਕੋਈ 55 ਸਾਲਾਂ ਦਾ ਦਿਮਾਗੀ ਤੌਰ 'ਤੇ ਬਿਮਾਰ ਵਿਅਕਤੀ ਕੁਝ ਨਿਰਧਾਰਤ ਭੱਤਾ ਪ੍ਰਾਪਤ ਕਰਦਾ ਹੈ ਤਾਂ 67 ਸਾਲ ਦੇ ਬਜ਼ੁਰਗ ਨਾਲ ਕਿਉਂ ਵਖਰਾ ਵਰਤਾਓ ਕੀਤਾ ਜਾਵੇ?

ਉਨ੍ਹਾਂ ਨੇ ਕਿਹਾ ਕਿ ਇਹ ਗੱਲ ਉਨ੍ਹਾਂ ਦੀ ਸਮਝ ਤੋਂ ਪਰੇ ਹੈ ਕਿ ਅਲਬਰਟਾ ਦੇ 65 ਸਾਲ ਦੇ ਬਜ਼ੁਰਗਾਂ ਲਈ ਵਖਰਾ ਨਜ਼ਰੀਆ, ਪ੍ਰੋਗਰਾਮ ਅਤੇ ਰੋਕਾਂ ਕਿਉਂ ਹਨ? ਉਨ੍ਹਾਂ ਕਿਹਾ ਕਿ ਇਹ ਸੱਚੀ ਹੈਰਾਨੀ ਵਾਲੀ ਗੱਲ ਹੈ ਕਿ ਇਸ ਸੂਬੇ 'ਚ ਬੁਢਾਪੇ ਲਈ ਸਹੂਲਤਾਂ 'ਚ ਕਟੌਤੀਆਂ ਹੁੰਦੀਆਂ ਹਨ ਬਜਾਏ ਕਿ ਜ਼ਿਆਦਾ ਹੋਣ ਦੇ।

ਬਲੇਕਮੈਨ ਨੇ ਗੱਲ ਨੂੰ ਅੱਗੇ ਤੋਰਦਿਆਂ ਕਿਹਾ ਕਿ 65 ਸਾਲ ਦੇ ਹੋਣ ਤੱਕ ਅਲਬਰਟਾ ਨਿਵਾਸੀਆਂ ਨੂੰ ਮੁਫ਼ਤ ਵਿਚ ਪੋਸ਼ਕ ਸਪਲੀਮੈਂਟ ਦਿੱਤੇ ਜਾਂਦੇ ਹਨ ਫੇਰ ਉਸ ਤੋਂ ਬਾਅਦ ਇਸ ਲਈ ਫੰਡ ਰੋਕ ਲਏ ਜਾਂਦੇ ਹਨ। ਉਨ੍ਹਾਂ ਅੱਗੇ ਕਿਹਾ ਕਿ ਅਲਬਰਟਾ ਦੇ ਸੀਨੀਅਰ ਨਾਗਰਿਕਾਂ ਨੂੰ ਦੰਦਾਂ ਦੀ ਸਾਂਭ ਸੰਭਾਲ ਲਈ ਵੱਧ ਤੋਂ ਵੱਧ 5,000 ਡਾਲਰ ਦਿੱਤੇ ਜਾਂਦੇ ਹਨ ਜਦੋਂ ਕਿ ਪੂਰੀ ਤਰ੍ਹਾਂ ਅਪਾਹਜ ਲੋਕਾਂ ਲਈ ਲਾਜ਼ਮੀ ਭੱਤੇ ਦਿੱਤੇ ਜਾਂਦੇ ਹਨ, ਉਨ੍ਹਾਂ ਨੂੰ ਵੀ ਕੁਝ ਖਾਸ ਹਾਲਤਾਂ ਲਈ ਖੁਲ੍ਹੀਆਂ ਛੋਟਾਂ ਹਨ। ਇਸੇ ਤਰ੍ਹਾਂ ਬਜ਼ੁਰਗਾਂ ਨੂੰ ਹਰ ਤਿੰਨ ਸਾਲਾਂ ਬਾਅਦ ਆਪਣੇ ਚਸ਼ਮਿਆਂ ਲਈ 230 ਡਾਲਰ ਦਿੱਤੇ ਜਾਂਦੇ ਹਨ, ਜਦੋਂ ਕਿ ਅਲਬਰਟਾ ਹੈਲਥ ਬੈਨੇਫਿਟ ਪ੍ਰਾਪਤ ਕਰਨ ਵਾਲਿਆਂ ਨੂੰ ਹਰ ਦੋ ਸਾਲਾਂ ਬਾਅਦ ਨਵੇ ਚਸ਼ਮੇ ਮਿਲਦੇ ਹਨ। ਇਸ ਮੌਕੇ 'ਤੇ ਅਲਬਰਟਾ ਦੇ ਬਜ਼ੁਰਗਾਂ ਸਬੰਧੀ ਸਹਾਇਕ ਮੰਤਰੀ ਐਮ.ਐਲ.ਏ. ਜਾਰਜ ਵੈਂਡਰਬਰਗ ਨੇ ਕਿਹਾ ਕਿ ਕਮਜ਼ੋਰ ਲੋਕਾਂ ਦੀਆਂ ਲੋੜਾਂ ਦਾ ਖਿਆਲ ਰੱਖਣ ਦੇ ਨਾਲ-ਨਾਲ 65 ਸਾਲਾਂ ਤੋਂ ਉੱਤੇ ਦੇ ਅਲਬਰਟਾ ਨਿਵਾਸੀਆਂ ਲਈ ਇਹੋ ਜਿਹੇ ਨਿਯਮ ਬਣਾਏ ਜਾਣੇ ਚਾਹੀਦੇ ਹਨ ਤਾਂ ਜੋ ਉਹ ਕਿਸੇ 'ਤੇ ਨਿਰਭਰ ਨਾ ਰਹਿਣ।

# 60 ਫੀਸਦੀ ਕੈਨੇਡੀਅਨ ਪਲਾਸਟਿਕ ਲਿਫਾਫਿਆਂ 'ਤੇ ਪਾਬੰਦੀ ਦੇ ਹੱਕ ਵਿਚ-ਸਰਵੇਖਣ

ਟੋਰਾਂਟੋ,(ਨਦਬ) : ਇਕ ਸਰਵੇਖਣ ਰਿਪੋਰਟ ਅਨੁਸਾਰ ਪੰਜਾਂ ਵਿਚੋਂ ਤਿੰਨ ਕੈਨੇਡੀਅਨ ਪਲਾਸਟਿਕ ਦੇ ਲਿਫਾਫਿਆਂ ਉਤੇ ਪਾਬੰਦੀ ਦੇ ਹੱਕ ਵਿਚ ਹਨ। ਐਂਗਸ ਰੀਡ ਪਬਲਿਕ ਓਪੀਨੀਅਨ ਵਲੋਂ ਕਰਵਾਏ ਗਏ ਇਸ ਸਰਵੇਖਣ ਵਿਚ ਪਾਇਆ ਗਿਆ ਕਿ ਅੱਧੇ ਨਾਲੋਂ ਵੱਧ ਕੈਨੇਡੀਅਨਾਂ ਦਾ ਮੰਨਣਾ ਹੈ ਕਿ ਪਲਾਸਟਿਕ ਦੇ ਲਿਫਾਫਿਆਂ ਉਤੇ ਪਾਬੰਦੀ ਲਾਇਆ ਜਾਣਾ ਚੰਗਾ ਖਿਆਲ ਹੈ। 1,019 ਕੈਨੇਡੀਅਨ ਬਾਲਗਾਂ ਉਤੇ ਕੀਤੇ ਗਏ ਇਸ ਸਰਵੇਖਣ ਅਨੁਸਾਰ 58 ਫੀਸਦੀ ਦਾ ਮੰਨਣਾ ਹੈ ਕਿ ਜੇ ਉਨ੍ਹਾਂ ਦੇ ਆਪਣੇ ਟਾਊਨ ਜਾਂ ਸ਼ਹਿਰ ਵਿਚ ਪਲਾਸਟਿਕ ਦੇ ਲਿਫਾਫਿਆਂ ਉੱਤੇ ਪਾਬੰਦੀ ਲਾਉਣ ਦਾ ਮੁੱਦਾ ਉੱਠਦਾ ਹੈ ਤਾਂ ਉਹ ਇਸ ਦਾ ਸਮਰਥਨ ਕਰਨਗੇ ਜਦਕਿ 39 ਫੀਸਦੀ ਵਲੋਂ ਇਸ ਦਾ ਵਿਰੋਧ ਕੀਤਾ ਗਿਆ। ਦੇਸ਼ ਦੇ ਵੱਖ ਵੱਖ ਹਿੱਸਿਆਂ ਵਿਚ ਇਸ ਵਿਚਾਰ ਦਾ ਸਮਰਥਨ ਕਰਨ ਤੇ ਇਸ ਦੀ ਖਿਲਾਫਤ ਕਰਨ ਵਾਲਿਆਂ ਦੀ ਗਿਣਤੀ ਵੱਖ ਵੱਖ ਰਹੀ।

ਓਨਟਾਰੀਓ ਵਿਚ ਇਸ ਮੁੱਦੇ ਦਾ ਸਮਰਥਨ ਕਰਨ ਵਾਲਿਆਂ ਵਿਚ ਸਿਰਫ਼ 54 ਫੀਸਦੀ ਲੋਕ ਹੀ ਸ਼ਾਮਲ ਸਨ ਤੇ ਇਸ ਹਿੱਸੇ ਵਿਚ ਇਸ ਮੁੱਦੇ ਨੂੰ ਸਭ ਤੋਂ ਘੱਟ ਸਮਰਥਨ ਮਿਲਿਆ ਜਦਕਿ ਅਟਲਾਂਟਿਕ ਕੈਨੇਡਾ ਵਿਚ ਇਸ ਮੁੱਦੇ ਦਾ ਸਮਰਥਨ ਕਰਨ ਵਾਲਿਆਂ ਦੀ ਗਿਣਤੀ ਸਭ ਨਾਲੋਂ ਵੱਧ ਰਹੀ, ਉੱਥੇ ਇਸ ਨੂੰ 63 ਫੀਸਦੀ ਲੋਕਾਂ ਦਾ ਸਮਰਥਨ ਮਿਲਿਆ।

ਔਰਤਾਂ ਤੇ 35 ਸਾਲ ਤੋਂ ਘੱਟ ਉਮਰ ਦੇ ਬਾਲਗ ਵਧੇਰੇ ਕਰਕੇ ਪਲਾਸਟਿਕ ਦੇ ਲਿਫਾਫਿਆਂ ਉੱਤੇ ਪਾਬੰਦੀ ਦੇ ਹੱਕ ਵਿਚ ਹੀ ਭੁਗਤੇ। ਪਲਾਸਟਿਕ ਲਿਫਾਫਿਆਂ ਉੱਤੇ ਫੀਸ ਵਸੂਲਣ ਦਾ ਸਵਾਲ ਕਾਫੀ ਵਿਵਾਦਗ੍ਰਸਤ ਰਿਹਾ, ਸਿਰਫ਼ 53 ਫੀਸਦੀ ਨੇ ਹੀ ਇਸ ਲਈ ਸਹਿਮਤੀ ਪ੍ਰਗਟਾਈ।

ਟੋਰਾਂਟੋ ਦੇ ਮੇਅਰ ਰੌਬ ਫੋਰਡ ਵਲੋਂ ਇਸ ਸਬੰਧ ਵਿਚ ਪੰਜ ਫੀਸਦੀ ਫੀਸ ਵਸੂਲੇ ਜਾਣ ਦੀ ਕੀਤੀ ਪੈਰਵੀ ਨੂੰ ਮਨਜ਼ੂਰ ਨਹੀਂ ਕੀਤਾ ਗਿਆ ਪਰ ਕੌਂਸਲ ਨੇ ਪਲਾਸਟਿਕ ਦੇ ਲਿਫਾਫਿਆਂ ਉੱਤੇ ਮੁਕੰਮਲ ਪਾਬੰਦੀ ਲਾਉਣ ਦੇ ਮਤੇ ਨੂੰ ਮਨਜ਼ੂਰੀ ਦੇ ਦਿੱਤੀ। ਪਲਾਸਟਿਕ ਬੈਗ ਉੱਤੇ ਪਾਬੰਦੀ ਪਹਿਲੀ ਜਨਵਰੀ, 2013 ਤੋਂ ਲਾਈ ਜਾਵੇਗੀ।

GILL HOME INSPECTION LTD.
COMMERCIAL & RESIDENTIAL
Registered Home Inspector Kulvir Gill
ਗਰੇਟਰ ਟਰਾਂਟੋ ਵਿੱਚ ਘਰਾਂ ਦੀ
ਇਨਸਪੈਕਸ਼ਨ ਲਈ ਫੋਨ ਕਰੋ
HELPING YOU
TO MAKE INFORMED DECISIONS
GHI
Ontario Association of Certified Home Inspectors
OAHI
Cell: 416 839 3436 ▲ Ph: 905 479 5807

ਨਵੀਂ ਦੁਨੀਆ

## ਸਪਾਦਕੀ

# ਪੰਜਾਬ ਵਿਚ ਸਨਸਨੀ ਅਤੇ ਮਖੌਲ ਦੀ ਸਿਆਸਤ

ਪੰਜਾਬ ਦੇ ਵਿਧਾਨ ਸਭਾ ਹਲਕਾ ਦਸੂਹਾ ਵਿਚ 11 ਜੁਲਾਈ ਨੂੰ ਪੈਣ ਜਾ ਰਹੀਆਂ ਵੋਟਾਂ ਨੇ ਭਾਵੇਂ ਪੰਜਾਬ ਵਿਚ ਸੱਤਾ ਤਬਦੀਲੀ ਲਈ ਕੋਈ ਨਵਾਂ ਰਸਤਾ ਨਹੀਂ ਬਨਾਉਣਾ ਪਰ ਇਸ ਦੇ ਬਾਵਜੂਦ ਇਹਦਾ ਨਤੀਜਾ ਅਕਾਲੀ-ਭਾਜਪਾ ਗਠਜੋੜ ਅਤੇ ਕਾਂਗਰਸ ਦੇ ਨਾਲ-ਨਾਲ ਮਨਪ੍ਰੀਤ ਸਿੰਘ ਬਾਦਲ ਦੀ ਅਗਵਾਈ ਵਿਚ ਬਣੇ ਸਾਂਝੇ ਮੋਰਚੇ ਨੂੰ ਪ੍ਰਭਾਵਤ ਜ਼ਰੂਰ ਕਰੇਗਾ।

ਪਿੱਛੇ ਜਿਹੇ ਨੇਪਰੇ ਚੜ੍ਹੀਆਂ ਪੰਜਾਬ ਵਿਧਾਨ ਸਭਾ ਅਤੇ ਨਗਰ ਨਿਗਮਾਂ ਚੋਣਾਂ ਵਿਚ ਆਏ ਨਤੀਜਿਆਂ ਨੇ ਜਿਥੇ ਪੰਜਾਬ ਕਾਂਗਰਸ ਨੂੰ ਦਸੂਹਾ ਵਿਧਾਨ ਸਭਾ ਹਲਕੇ ਵਿਚ ਮੁੜ ਤੋਂ ਭਾਰੀ ਟੈਸਟ ਵਿਚ ਪਾ ਦਿੱਤਾ ਹੈ ਉਥੇ ਅਕਾਲੀ-ਭਾਜਪਾ ਗਠਜੋੜ ਉੱਪਰ ਵੀ ਵਿਧਾਨ ਸਭਾ ਅਤੇ ਨਗਰ ਨਿਗਮਾਂ ਚੋਣਾਂ ਵਿਚ ਕੀਤੀ ਕਾਰਗੁਜਾਰੀ ਨੂੰ ਕਾਇਮ ਰੱਖਣ ਦਾ ਭਾਰੀ ਦਬਾਅ ਹੈ। ਉਧਰ ਪੰਜਾਬ ਦੀ ਚੋਣ ਸਿਆਸਤ ਵਿਚ ਆਪਣੇ ਪੈਰ ਜਮਾਉਣ ਦੀ ਕੋਸ਼ਿਸ਼ ਵਿਚ ਜੁਟੇ ਹੋਏ ਮਨਪ੍ਰੀਤ ਸਿੰਘ ਬਾਦਲ ਉਪਰ ਵੀ ਇਸ ਕਰਕੇ ਬਹੁਤ ਜਿਆਦਾ ਦਬਾਅ ਹੈ ਕਿਉਂਕਿ ਪੰਜਾਬ ਵਿਧਾਨ ਸਭਾ ਅਤੇ ਨਗਰ ਨਿਗਮਾਂ ਚੋਣਾਂ ਵਿਚ ਉਨ੍ਹਾਂ ਦੀ ਅਗਵਾਈ ਵਿਚ ਉਮੀਦ ਮੁਤਾਬਕ ਕੋਈ ਕ੍ਰਿਸ਼ਮਾ ਨਹੀਂ ਵਾਪਰਿਆ। ਇਨ੍ਹਾਂ ਪ੍ਰਸਥਿਤੀਆਂ ਵਿਚ ਸਾਰੀਆਂ ਹੀ ਧਿਰਾਂ ਵਲੋਂ ਆਪਣਾ ਪੂਰਾ ਤਾਣ ਚੋਣਾਂ ਜਿੱਤਣ ਲਈ ਲਾਇਆ ਜਾ ਰਿਹਾ ਹੈ। ਇਹ ਭਾਰੀ ਦਬਾਅ ਦਾ ਹੀ ਨਤੀਜਾ ਹੈ ਕਿ ਪੰਜਾਬ ਦੇ ਸਿਰਫ ਇਕ ਵਿਧਾਨ ਸਭਾ ਹਲਕੇ ਦੀ ਚੋਣ ਨੂੰ ਹੀ ਪ੍ਰਮੁੱਖ ਧਿਰਾਂ ਨੇ ਜਿਉਣ ਮਰਨ ਦਾ ਸਵਾਲ ਬਣਾ ਲਿਆ ਹੈ। ਇਸੇ ਕਰਕੇ ਜਿਉਂ-ਜਿਉਂ ਚੋਣਾਂ ਦਾ ਦਿਨ ਨੇੜੇ ਆਉਂਦਾ ਜਾ ਰਿਹਾ ਹੈ ਤਿਉਂ-ਤਿਉਂ ਸਿਆਸੀ ਦੂਸ਼ਣਬਾਜ਼ੀ ਜ਼ੋਰ ਫੜਦੀ ਜਾ ਰਹੀ ਹੈ।

ਚੋਣਾਂ ਦੇ ਇਸ ਰਾਮ ਰੌਲੇ ਵਿਚ ਆਮ ਲੋਕ ਅਤੇ ਉਨ੍ਹਾਂ ਦੇ ਮੁੱਦੇ ਕਿਧਰੇ ਦੂਰ ਗੁੰਮ ਗਵਾਚ ਗਏ ਹਨ। ਸਾਢੇ ਕੁ ਤਿੰਨ ਮਹੀਨੇ ਪਹਿਲਾਂ ਪੰਜਾਬ ਵਿਚ ਲੋਕਾਂ ਦੇ ਸਪਸ਼ਟ ਫਤਵੇ ਦੇ ਨਾਲ ਦੁਬਾਰਾ ਸੱਤਾ ਵਿਚ ਆਈ ਅਕਾਲੀ-ਭਾਜਪਾ ਸਰਕਾਰ ਨੇ ਆਪਣੇ ਹੁਣ ਤੱਕ ਦੇ ਰਾਜ ਦੌਰਾਨ ਸਿਰਫ ਤੇ ਸਿਰਫ ਲੋਕ ਲੁਭਾਵਣੇ ਵਾਅਦੇ ਹੀ ਕੀਤੇ ਹਨ ਪਰ ਉਨ੍ਹਾਂ ਨੂੰ ਅਮਲੀ ਰੂਪ ਦੇਣ ਵਿਚ ਉਹ ਲਗਾਤਾਰ ਅਸਫਲ ਹੋਈ ਹੈ। ਪੰਜਾਬ ਵਿਚ ਖਾਸ ਤੌਰ ’ਤੇ ਕਿਸਾਨੀ ਅਤੇ ਮਜ਼ਦੂਰਾਂ/ਮੁਲਾਜ਼ਮਾਂ ਦੀਆਂ ਦਿੱਕਤਾਂ ਵਿਚ ਉੜਕਾਂ ਦਾ ਵਾਧਾ ਹੋਇਆ ਹੈ। ਕੇਂਦਰ ਅਤੇ ਸੂਬਾ ਸਰਕਾਰਾਂ ਦੀਆਂ ਨੀਤੀਆਂ ਕਾਰਨ ਪਹਿਲਾਂ ਤੋਂ ਹੀ ਗੰਭੀਰ ਸੰਕਟ ਵਿਚੋਂ ਗੁਜ਼ਰ ਰਹੇ ਇਹ ਤਬਕੇ ਹੋਰ ਵੀ ਬਦਤਰ ਹਾਲਤਾਂ ਵਿਚ ਪਹੁੰਚ ਗਏ ਹਨ। ਇਸ ਤੋਂ ਇਲਾਵਾ ਪੰਜਾਬ ਦੇ ਬੁਨਿਆਦੀ ਢਾਂਚੇ ਦੀਆਂ ਦੋ ਅਹਿਮ ਚੂਲਾਂ ਸਿਹਤ ਤੇ ਸਿਖਿਆ ਵੀ ਹਾਲੋਂ ਬੇਹਾਲ ਹਨ। ਇਸ ਸਾਰੇ ਕੁੱਝ ਨੂੰ ਸਮਝਦਿਆਂ ਹੀ ਸ ਪ੍ਰਕਾਸ਼ ਸਿੰਘ ਬਾਦਲ ‘ਮਖੌਲ ਦੀ ਰਾਜਨੀਤੀ’ ਦੇ ਰਾਹ ਪੈ ਗਏ ਹਨ ਅਤੇ ਉਨ੍ਹਾਂ ਪੰਜਾਬ ਵਿਧਾਨ ਸਭਾ ਵਿਚ ਵੀ ਗੰਭੀਰ ਕਿਸਮ ਦੀ ਸਿਆਸੀ ਬਹਿਸ ਨੰ ਆਪਣੇ ਮਜ਼ਾਹੀਆ ਅੰਦਾਜ਼ ਵਿਚ ਮੁਹੰਮਦ ਸਦੀਕ ਦੇ ਗਾਣੇ ਵਿਚ ਤਬਦੀਲ ਕਰ ਦਿੱਤਾ। ਇਸ ਗੱਲ ਨੇ ਸਾਬਤ ਕਰ ਦਿੱਤਾ ਕਿ ਜੇ ਕੈਪਟਨ ਅਮਰਿੰਦਰ ਸਿੰਘ, ਪ੍ਰਕਾਸ਼ ਸਿੰਘ ਬਾਦਲ ਨੂੰ ਨਿਸ਼ਾਨਾ ਬਣਾ ਕੇ ਲਗਾਤਾਰ ਗੈਰ-ਰਾਜਨੀਤਕ ਭਾਸ਼ਾ ਵਿਚ ਸੰਬੋਧਿਤ ਹੁੰਦੇ ਹੋਏ ਅਕਸਰ ਹੀ ‘ਤੁੰਨ ਦਿਆਂਗੇ’ ਵਰਗੇ ਵਾਕਾਂ ਦੀ ਵਰਤੋਂ ਕਰਦੇ ਆਏ ਹਨ ਤਾਂ ਸ ਪ੍ਰਕਾਸ਼ ਸਿੰਘ ਬਾਦਲ ਗੰਭੀਰ ਤੋਂ ਗੰਭੀਰ ਮੁੱਦੇ ਨੂੰ ਵੀ ਮਖੌਲ ਵਿਚ ਹੀ ਉਡਾ ਦੇਣ ਦੀ ਮੁਹਾਰਤ ਰੱਖਦੇ ਹਨ। ਭਾਵ ਜੇ ਕੈਪਟਨ ਅਮਰਿੰਦਰ ਸਿੰਘ ‘ਸਨਸਨੀ ਦੀ ਸਿਆਸਤ’ ਦੇ ਰਾਜੇ ਹਨ ਤਾਂ ਸ ਪ੍ਰਕਾਸ਼ ਸਿੰਘ ਬਾਦਲ ‘ਮਖੌਲ ਦੀ ਰਾਜਨੀਤੀ’ ਦੇ ਸਰਦਾਰ ਹਨ। ਪੰਜਾਬ ਦੇ ਇਹ ਦੋਵੇਂ ਵੱਡੇ ਆਗੂ ਇਹ ਇਸ ਲਈ ਕਰਦੇ ਹਨ ਤਾਂ ਜੋ ਆਮ ਲੋਕਾਂ ਦੀਆਂ ਮੁਸੀਬਤਾਂ ਵੱਲ ਕਿਸੇ ਦਾ ਖਿਆਲ ਨਾ ਜਾਵੇ ਅਤੇ ਲੋਕ ਇਸ ਸਿਆਸੀ ਡਰਾਮੇਬਾਜ਼ੀ ਦੇ ਸ਼ੁਗਲ ਵਿਚ ਹੀ ਰੁੱਝੇ ਰਹਿਣ।

ਉਧਰ ਸ ਮਨਪ੍ਰੀਤ ਸਿੰਘ ਬਾਦਲ ਸ਼ਾਇਦ ਵਿਧਾਨ ਸਭਾ ਅਤੇ ਨਗਰ ਨਿਗਮ ਚੋਣਾਂ ਵਿਚ ਹਾਰ ਦੇ ਸਦਮੇ ਤੋਂ ਹੌਲੀ ਬਾਹਰ ਆ ਰਹੇ ਹਨ। ਉਨ੍ਹਾ ਨੂੰ ਇਸ ਗੱਲ ਦਾ ਇਲਮ ਹੈ ਕਿ ਸਤਾ ਵਿਰੋਧੀ ਨਾਂਹ-ਪੱਖੀ ਵੋਟ ਹੀ ਉਨ੍ਹਾਂ ਨੂੰ ਮਿਲੀ ਹੈ, ਜਿਹਨੇ ਉਨ੍ਹਾਂ ਦਾ ਕੋਈ ਭਲਾ ਤਾਂ ਨਹੀਂ ਕੀਤਾ, ਹਾਂ, ਇਹਦਾ ਸਿੱਧਾ ਲਾਭ ਉਨਾਂ ਦੇ ਤਾਇਆ ਜੀ ਸ ਪ੍ਰਕਾਸ਼ ਸਿੰਘ ਬਾਦਲ ਨੂੰ ਜ਼ਰੂਰ ਹੋਇਆ ਹੈ ਅਤੇ ਦਸੂਹਾ ਵਿਚ ਵੀ ਇਸ ਵਾਰ ਇਹੀ ਹੋਣਾ ਹੈ। ਪਰ ਇਸ ਵਾਰ ਇਹ ਤੈਅ ਹੈ ਕਿ ਕਿ ਸਾਧਾਰਨ ਵੋਟਰ ਵੀ ਇਹ ਗੱਲ ਸਮਝ ਰਿਹਾ ਹੈ ਕਿ ਮਨਪ੍ਰੀਤ ਬਾਦਲ ਦੇ ਉਮੀਦਵਾਰ ਨੂੰ ਵੋਟ ਪਾਇਆਂ ਅਕਾਲੀ-ਭਾਜਪਾ ਗਠਜੋੜ ਨੂੰ ਮਦਦ ਮਿਲਣੀ ਹੈ, ਸੋ ਐਤਕੀਂ ਸਤਾ ਵਿਰੋਧੀ ਨਾਂਹ-ਪੱਖੀ ਵੋਟ ਵਿਚੋਂ ਘਟੋ-ਘੱਟ ਅੱਧੀ ਤਾਂ ਕਾਂਗਰਸ ਪਾਰਟੀ ਦੇ ਉਮੀਦਵਾਰ ਨੂੰ ਪੈਣ ਜਾ ਰਹੀ ਹੈ।

ਅਸੀਂ ਇਹ ਸਮਝਦੇ ਹਾਂ ਕਿ ਇਸ ਇਕ ਹਲਕੇ ਦੀ ਚੋਣ ਨੂੰ ਕੁੱਲ ਪੰਜਾਬ ਦੇ ਲੋਕਾਂ ਦਾ ਫਤਵਾ ਕਿਸੇ ਵੀ ਕੀਮਤ ’ਤੇ ਨਹੀਂ ਸਮਝਿਆ ਜਾਣਾ ਚਾਹੀਦਾ। ਪੰਜਾਬ ਦੇ ਲੋਕਾਂ ਕੋਲ ਇਸ ਵਕਤ ਦੋ ਪ੍ਰਮੁੱਖ ਧਿਰਾਂ ਤੋਂ ਬਿਨਾਂ ਕੋਈ ਅਜਿਹਾ ਬਦਲ ਨਹੀਂ ਜਿਸ ਉਪਰ ਉਹ ਯਕੀਨ ਕਰ ਸਕਣ। ਇਸੇ ਲਈ ਚੋਣ ਨਤੀਜੇ ਤਾਂ ਵਾਰੀ-ਵਾਰੀ ਇਨ੍ਹਾਂ ਦੋਹਾਂ ਵਿਚੋਂ ਹੀ ਕਿਸੇ ਇਕ ਦੇ ਪੱਖ ਵਿਚ ਆਉਂਦੇ ਰਹਿੰਦੇ ਹਨ। ਇਸੇ ਲਈ ਇਨ੍ਹਾਂ ਪ੍ਰਮੁੱਖ ਧਿਰਾਂ ਦੀਆਂ ਮਨਮਾਨੀਆਂ ਵੀ ਲਗਾਤਾਰ ਵਧੀਆਂ ਹਨ। ਸਾਡੀ ਸਮਝ ਮੁਤਾਬਕ ਜੇਕਰ ਸੱਚਮੁੱਚ ਹੀ ਪੰਜਾਬ ਦੀਆਂ ਆਰਥਿਕ, ਰਾਜਨੀਤਕ ਅਤੇ ਸਮਾਜਿਕ ਹਾਲਤਾਂ ਵਿਚ ਕੋਈ ਬੱਝਵੀਂ ਤਬਦੀਲੀ ਆਉਣੀ ਹੈ ਤਾਂ ਉਹਦੇ ਲਈ ਇਕ ਤੀਸਰੇ ਲੋਕ ਪੱਖੀ ਮੁਤਬਾਦਲ ਦੀ ਡਾਢੀ ਲੋੜ ਹੈ। ਮਨਪ੍ਰੀਤ ਬਾਦਲ ਦੀ ਅਗਵਾਈ ਇਹ ਯਤਨ ਲਗਭਗ ਨਾਕਾਮ ਹੋ ਚੁੱਕਾ ਹੈ, ਇਹਦੇ ਕਾਰਣਾਂ ਵਿਚ ਵਿਚਰਨ ਦੀ ਜ਼ਰੂਰਤ ਹੈ। ਪਰ ਹੁਣ ਤੀਸਰਾ ਮੁਤਬਾਦਲ ਕਿਵੇਂ ਉਸਰੇ? ਇਸ ਬਾਰੇ ਸੋਚਣ ਅਤੇ ਕੰਮ ਕਰਨ ਦੀ ਸਭ ਤੋਂ ਜਿਆਦਾ ਗੰਭੀਰ ਜ਼ੁੰਮੇਵਾਰੀ ਆਪਣੇ-ਆਪ ਨੂੰ ਲੋਕ ਪੱਖੀ ਸਾਬਤ ਕਰਨ ਵਿਚ ਰੁੱਝੀਆਂ ਹੋਈਆਂ ਧਿਰਾਂ ਦੀ ਹੀ ਬਣਦੀ ਹੈ। ਇਸ ਚੋਣ ਤੋਂ ਬਾਅਦ ਲੋਕ ਸਭਾ ਦੀਆਂ ਚੋਣਾਂ ਵਿਚ ਲਗਭਗ ਦੋ ਸਾਲ ਦਾ ਸਮਾਂ ਰਹਿੰਦਾ ਹੈ। ਤੇ ਇਹ ਸਮਾਂ ਲੋਕ ਪੱਖੀ ਸ਼ਕਤੀਆਂ ਦੇ ਪਨਪਣ ਦੇ ਸਾਜਗਰ ਹਾਲਤ ਪੈਦਾ ਕਰਨ ਵਿਚ ਸਹਾਈ ਹੋ ਸਕਦਾ ਹੈ।


ਸੰਪਾਦਕੀ ਬੋਰਡ — ਨਵਤੇਜ, ਦਲਬੀਰ ਸਾਂਗਿਆਣ, ਸੁਸ਼ੀਲ ਦੁਸਾਂਝ

ਸਲਾਹਕਾਰ ਬੋਰਡ — ਡਾ ਕਰਮਜੀਤ ਸਿੰਘ (ਕੁਰਕਸ਼ੇਤਰ)
ਪ੍ਰੋ ਰਾਕੇਸ਼ ਰਮਨ (ਲੁਧਿਆਣਾ)
ਸੁਲੱਖਣ ਸਰਹੱਦੀ (ਗੁਰਦਾਸਪੁਰ)
ਜਸਬੀਰ ਦਿਓਲ (ਐਡਮਿੰਟਨ)
ਜੈਸੀ ਸਿੰਘ (ਕੈਲਗਰੀ)
ਸਰਬਜੀਤ ਮਾਵੀ (ਵਿਨੀਪੈਗ ਪ੍ਰਤੀਨਿਧੀ)



**2nd Floor 3448 – 93 Street NW,**
**Edmonton T6E 6A4, Alberta (Canada)**
**Phone : 780 465 9118 Fax: 780 465 0661**
**e-mail: info@nawidunia.com**


ਲੇਖਕਾਂ ਦੀਆਂ ਰਚਨਾਵਾਂ ਨਾਲ ਨਵੀਂ ਦੁਨੀਆ ਦੇ ਪ੍ਰਬੰਧਕਾਂ ਦਾ ਸਹਿਮਤ ਹੋਣਾ ਜਰੂਰੀ ਨਹੀਂ ਹੈ।

# ਲੋਕਤੰਤਰ ਨਾਲ ਮਜ਼ਾਕ ਸਾਬਤ ਹੋਈਆਂ ਮਿਉਂਸੀਪਲ ਚੋਣਾਂ




ਪ੍ਰੋ. ਰਾਕੇਸ਼ ਰਮਨ
+91-98785-31166
raman.mlp@gmail.com


ਪੰਜਾਬ ਦੀਆਂ ਜੂਨ ਵਿਚ ਹੋਈਆਂ ਮਿਉਂਸੀਪਲ ਚੋਣਾਂ ਵਿਚ ਇਕ ਵਾਰ ਫਿਰ ਇਤਿਹਾਸ ਦੁਹਰਾਇਆ ਗਿਆ। ਪੰਜਾਬ ਵਿਚ ਹਰ ਪਾਸਿਉਂ ਚੋਣਾਂ ਦੌਰਾਨ ਧੱਕੇਸ਼ਾਹੀ ਅਤੇ ਚੋਣ ਧਾਂਦਲੀ ਦੀਆਂ ਧੜਾਧੜ ਖ਼ਬਰਾਂ ਆਈਆਂ। ਇਨ੍ਹਾਂ ਖ਼ਬਰਾਂ ਦਾ ਸਿਲਸਿਲਾ ਨਾਮਜ਼ਦਗੀ ਪੱਤਰ ਭਰਨ ਤੋਂ ਲੈ ਕੇ ਵੋਟਾਂ ਦੀ ਗਿਣਤੀ ਤਕ ਜਾਰੀ ਰਿਹਾ। ਜਮਹੂਰੀ ਪਰੰਪਰਾਵਾਂ ਅਤੇ ਨਿਯਮਾਂ ਦਾ ਇਨ੍ਹਾਂ ਚੋਣਾਂ ਦੌਰਾਨ ਜੋ ਘਾਣ ਹੋਇਆ, ਉਹ ਸੱਚਮੁਚ ਸ਼ਰਮਸਾਰ ਕਰ ਦੇਣ ਵਾਲਾ ਸੀ। ਦੇਸ਼ ਵਿਚ ਨਿਚਲੇ ਪੱਧਰ ’ਤੇ ਲੋਕਤੰਤਰ ਕਿਸ ਅਵਸਥਾ ਵਿਚ ਹੈ, ਇਸ ਝਲਕ ਵੀ ਸਹਿਜੇ ਹੀ ਇਨ੍ਹਾਂ ਚੋਣਾਂ ਤੋਂ ਮਿਲ ਜਾਂਦੀ ਹੈ। ਇਹ ਤਾਂ ਪਤਾ ਲੱਗ ਹੀ ਰਿਹਾ ਸੀ ਕਿ ਦੇਸ਼ ਵਿਚ ਨਿਚਲੇ ਪੱਧਰ ’ਤੇ ਲੋਕਤੰਤਰ ਮਹਿਜ਼ ਮਜ਼ਾਕ ਬਣ ਕੇ ਰਹਿ ਗਿਆ ਹੈ, ਨਾਲ ਹੀ ਇਹ ਚੋਣਾਂ ਇਹ ਵੀ ਦਰਸਾਉਂਦੀਆਂ ਸਨ ਕਿ ਇਹ ਮਜ਼ਾਕ ਆਖ਼ਰ ਕੌਣ ਉਡਾ ਰਿਹਾ ਹੈ। ਭਾਰਤੀ ਲੋਕਤੰਤਰ ਦੀ ਉਮਰ ਅੱਧੀ ਸਦੀ ਤੋਂ ਵੀ ਵਧੀਕ ਹੋ ਗਈ ਹੈ, ਆਸ ਇਹੋ ਕੀਤੀ ਜਾਂਦੀ ਹੈ ਕਿ ਹੁਣ ਤਕ ਜਮਹੂਰੀ ਵਿਵਸਥਾ ਕਾਫੀ ਮਜ਼ਬੂਤ ਅਤੇ ਨੁਕਸਰਹਿਤ ਬਣ ਜਾਣੀ ਚਾਹੀਦੀ ਹੈ ਅਤੇ ਨਿਚਲੇ ਪੱਧਰ ਦਾ ਲੋਕਤੰਤਰ ਤਾਂ ਉਤਮ ਨਮੂਨੇ ਦਾ ਹੋਣਾ ਚਾਹੀਦਾ ਹੈ, ਪਰ ਸਭ ਕੁਝ ਇਸ ਉਮੀਦ ਦੇ ਉਲਟ ਹੋ ਰਿਹਾ ਹੈ। ਜੇਕਰ ਮਿਉਂਸੀਪਲ ਚੋਣਾਂ ’ਤੇ ਸਰਕਾਰੀ ਨਜ਼ਰ ਵੀ ਦੁੜਾਈ ਜਾਵੇ ਤਾਂ ਪਤਾ ਲੱਗ ਜਾਂਦਾ ਹੈ ਕਿ ਨਿਚਲੇ ਪੱਧਰ ’ਤੇ ਲੋਕਤੰਤਰ ਨਾਂ ਦੀ ਕੋਈ ਚੀਜ਼ ਹੀ ਨਹੀਂ ਹੈ।

ਲੋਕਤੰਤਰ ਦੀ ਮੁਢਲੀ ਸ਼ਰਤ ਚੋਣਾਂ ਦਾ ਕਿਸੇ ਨਿਰਪੱਖ ਏਜੰਸੀ ਦੁਆਰਾ ਭੈਅਮੁਕਤ ਅਤੇ ਲਾਲਚਮੁਕਤ ਮਾਹੌਲ ਵਿਚ ਕਰਵਾਇਆ ਜਾਣਾ ਹੈ। ਸਮੁੱਚੀ ਚੋਣ ਪ੍ਰਕਿਰਿਆ ਦੌਰਾਨ ਆਦਰਸ਼ ਚੋਣ ਜ਼ਾਬਤਾ ਇਸੇ ਮਨੋਰਥ ਲਈ ਲਾਗੂ ਕੀਤਾ ਜਾਂਦਾ ਹੈ, ਪਰ ਵਿਡੰਬਨਾ ਇਹ ਹੈ ਕਿ ਮਿਉਂਸੀਪਲ ਚੋਣਾਂ ਵਿਚ ਅਜਿਹਾ ਕੁਝ ਵੀ ਦਿਖਾਈ ਨਹੀਂ ਦਿੱਤਾ। ਸੂਬਾਈ ਚੋਣ ਕਮਿਸ਼ਨ ਨੇ ਇਹ ਚੋਣਾਂ ਕਰਵਾਈਆਂ ਹੋਣ ਅਜਿਹਾ ਬਿਲਕੁਲ ਪ੍ਰਤੀਤ ਨਹੀਂ ਹੋਇਆ, ਸਗੋਂ ਇਉਂ ਜਾਪਦਾ ਰਿਹਾ ਜਿਵੇਂ ਚੋਣਾਂ ਸੂਬਾ ਸਰਕਾਰ ਦੀ ਰਹਿਨੁਮਾਈ ਹੇਠ ਸੂਬਾਈ ਪ੍ਰਸ਼ਾਸਨ ਕਰਵਾ ਰਿਹਾ ਹੋਵੇ। ਇਸ ਲਈ ਸੱਤਾਧਾਰੀ ਗਠਜੋੜ ਦੇ ਕਾਰਕੁਨਾਂ ਨੂੰ ਖੁੱਲ੍ਹੀ ਛੁੱਟੀ ਮਿਲੀ ਰਹੀ। ਬੁਲੰਦ ਹੌਂਸਲੇ ਨਾਲ ਇਸ ਦੇ ਧੜੱਲੇਦਾਰ ਨੇਤਾਵਾਂ ਤੇ ਵਿਧਾਇਕਾਂ ਨੇ ਧੱਕੇਸ਼ਾਹੀ ਨਾਲ ਹੀ ਚੋਣ ਮੁਹਿੰਮ ਆਰੰਭ ਕੀਤੀ। ਬਹੁਤ ਸਾਰੀਆਂ ਨਗਰ ਪੰਚਾਇਤਾਂ ਲਈ ਤਾਂ ਅਜਿਹਾ ਮਾਹੌਲ ਬਣਾ ਦਿੱਤਾ ਕਿ ਵਿਰੋਧੀ ਧਿਰਾਂ ਨੇ ਨਾਮਜ਼ਦਗੀ ਪੱਤਰ ਜਾਂ ਤਾਂ ਦਾਖ਼ਲ ਹੀ ਨਹੀਂ ਕੀਤੇ ਜਾਂ ਫਿਰ ਵਾਪਸ ਲੈ ਲਏ। ਕਈ ਥਾਵਾਂ ’ਤੇ ਨਾਮਜ਼ਦਗੀ ਪੱਤਰ ਕਈ ਤਰ੍ਹਾਂ ਦੇ ਢੰਗ-ਤਰੀਕੇ ਵਰਤ ਕੇ ਵਾਪਸ ਕਰਵਾਏ ਗਏ। ਇਥੋਂ ਤਕ ਕਿ ਕਈ ਵਿਰੋਧੀ ਉਮੀਦਵਾਰਾਂ ਨੂੰ ਚੋਣਾਂ ਵਿਚ ਬਣੇ ਰਹਿਣ ਦੇ ਨਤੀਜੇ ਭੁਗਤਣ ਲਈ ਤਿਆਰ ਰਹਿਣ ਵਾਸਤੇ ਵੀ ਕਿਹਾ ਗਿਆ। ਪਰਚਾ ਦਰਜ ਕਰਵਾਉਣ ਦੀਆਂ ਧਮਕੀਆਂ ਵੀ ਵਿਰੋਧੀ ਉਮੀਦਵਾਰਾਂ ਨੂੰ ਆਮ ਮਿਲਦੀਆਂ ਰਹੀਆਂ। ਨਗਰ ਪੰਚਾਇਤਾਂ ਦੀਆਂ ਚੋਣਾਂ ਵਿਚ ਸੱਤਾਧਾਰੀ ਧਿਰ ਨੇ ਆਪਣਾ ਦਬਦਬਾ ਲਗਪਗ ਇੰਝ ਹੀ ਕਾਇਮ ਕੀਤਾ। ਚੋਣ ਅਮਲੇ ਨੂੰ ਵੀ ਸਿੱਧੇ-ਅਸਿੱਧੇ ਢੰਗ ਨਾਲ ਇਹ ਇਸ਼ਾਰਾ ਦੇਣ ਦਾ ਯਤਨ ਕੀਤਾ ਗਿਆ ਕਿ ਉਹ ਚੋਣਾਂ ਜਿਤਾਉਣ ਲਈ ਸਰਕਾਰ ਦੀ ਮਦਦ ਕਰਨ। ਨਿਰਸੰਦੇਹ, ਭੈਅ ਦਾ ਮਾਹੌਲ ਪੈਦਾ ਕਰਨ ਨਾਲ ਲੋਕਤੰਤਰ ਨੂੰ ਵੱਡੀ ਢਾਅ ਲੱਗਦੀ ਹੈ।

ਭੈਅ ਪੈਦਾ ਕਰਨ ਦੀ ਰਹਿੰਦੀ ਕਸਰ ਚੋਣਾਂ ਵਾਲੇ ਦਿਨ ਹੋਈਆਂ ਹਿੰਸਕ ਘਟਨਾਵਾਂ ਨੇ ਕੱਢ ਦਿੱਤੀ। ਮੀਡੀਆ ਵਿਚ ਬੂਥਾਂ ’ਤੇ ਕਬਜ਼ੇ ਕਰਨ ਦੀਆਂ ਖ਼ਬਰਾਂ ਵੀ ਨਸ਼ਰ ਹੋਈਆਂ। ਕਈ ਬੂਥਾਂ ’ਤੇ ਆਖ਼ਰੀ ਮਿੰਟਾਂ ਵਿਚ ਜ਼ਬਰਦਸਤੀ ਵੋਟਾਂ ਪਾਉਣ ਵਾਲਿਆਂ ਦੀ ਭੀੜ ਵੀ ਲੱਗੀ। ਅਫਸਰਸ਼ਾਹੀ ਤੇ ਪੁਲਿਸ ਇਨ੍ਹਾਂ ਤੱਤਾਂ ਦੀ ਮਦਦ ਕਰਦੀ ਵੀ ਦਿਖਾਈ ਦਿੱਤੀ। ਸਵਾਲ ਉਠਦਾ ਹੈ ਕਿ ਜੇਕਰ ਵਿਧਾਨ ਸਭਾ ਚੋਣਾਂ ਵਿਚ ਪੋਲਿੰਗ ਸਮੇਂ ਅਜਿਹਾ ਵਰਤਾਰਾ ਨਜ਼ਰ ਨਹੀਂ ਆਇਆ ਤਾਂ ਇਨ੍ਹਾਂ ਨਿਚਲੇ ਪੱਧਰ ਦੀਆਂ ਚੋਣਾਂ ਸਮੇਂ ਅਜਿਹਾ ਕਿਉਂ ਵਾਪਰਿਆ, ਸਾਫ਼ ਜ਼ਾਹਰ ਹੈ ਕਿ ਕਿ ਸੂਬਾਈ ਚੋਣ ਕਮਿਸ਼ਨ ਇਨ੍ਹਾਂ ਚੋਣਾਂ ਨੂੰ ਪੱਖਪਾਤੀ ਢੰਗ ਨਾਲ ਕਰਵਾ ਰਿਹਾ ਸੀ ਤੇ ਆਪਣੀ ਬਣਦੀ ਜ਼ਿੰਮੇਵਾਰੀ ਨਿਭਾਉਣ ਦੇ ਮਾਮਲੇ ਵਿਚ ਬੇਵੱਸ ਸੀ।

ਸੱਤਾਧਾਰੀ ਧਿਰ ਵੱਲੋਂ ਮਿਉਂਸੀਪਲ ਚੋਣਾਂ ’ਚ ਹੋਈ ਧੱਕੇਸ਼ਾਹੀ ਅਤੇ ਧਾਂਦਲੀ ਨੂੰ ਮੁੱਢੋਂ ਨਕਾਰ ਦਿੱਤਾ ਗਿਆ ਅਤੇ ਕਿਹਾ ਗਿਆ ਕਿ ਸੱਤਾਧਾਰੀ ਧਿਰ ਨੂੰ ਲੋਕਾਂ ਦਾ ਸਮਰਥਨ ਹਾਸਲ ਹੋਇਆ ਹੈ, ਚੋਣਾਂ ਸੁਤੰਤਰ ਅਤੇ ਨਿਰਪੱਖ ਹੋਈਆਂ ਹਨ ਅਤੇ ਵਿਰੋਧੀ ਕੇਵਲ ਬੁਖ਼ਲਾਹਟ ਵਿਚ ਆ ਕੇ ਮਨਘੜਤ ਦੋਸ਼ ਲਗਾ ਰਹੇ ਹਨ। ਸੱਤਾਧਾਰੀ ਧਿਰ ਨੂੰ ਚੋਣਾਂ ਵਿਚ ਲੋਕਾਂ ਦੇ ਆਪਮੁਹਾਰੇ ਸਮਰਥਨ ਦੇ ਪੱਖ ਵਿਚ ਇਹ ਤਰਕ ਵੀ ਸਾਹਮਣੇ ਆਇਆ ਹੈ ਕਿ ਨਿਚਲੇ ਪੱਧਰ ’ਤੇ ਲੋਕ ਸੱਤਾਧਾਰੀ ਧਿਰ ਦੇ ਪੱਖ ਵਿਚ ਹੀ ਵੋਟ ਕਰਦੇ ਹਨ, ਅਜਿਹਾ ਕਰਕੇ ਉਹ ਉਨ੍ਹਾਂ ਲੋਕਾਂ ਨੂੰ ਅਗਵਾਈ ਸੌਂਪਦੇ ਹਨ, ਜਿਹੜੇ ਸਰਕਾਰ ਤਕ ਸਿੱਧੀ ਰਸਾਈ ਕਰ ਸਕਦੇ ਹਨ ਤੇ ਵਿਕਾਸ



ਲਈ ਗਰਾਂਟਾਂ ਲਿਆ ਸਕਦੇ ਹਨ। ਜੇਕਰ ਇਸ ਤਰਕ ਨੂੰ ਸਹੀ ਮੰਨ ਲਿਆ ਜਾਵੇ ਤਾਂ ਸੂਬਾਈ ਸਰਕਾਰ ਵੀ ਕੇਂਦਰ ਵਿਚਲੇ ਗਠਜੋੜ ਦੀ ਹੀ ਹੋਣੀ ਚਾਹੀਦੀ ਹੈ ਜਦ ਕਿ ਸਥਿਤੀ ਬਿਲਕੁਲ ਵੱਖਰੀ ਹੈ। ਜ਼ਾਹਰ ਹੈ ਕਿ ਚੋਣਾਂ ਸਬੰਧੀ ਸੱਤਾ ਪੱਖ ਉਪਰ ਲੱਗੇ ਦੋਸ਼ ਗਲਤ ਜਾਂ ਮਨਘੜਤ ਨਹੀਂ ਹਨ, ਸਗੋਂ ਇਸ ਕਿਸਮ ਦੇ ਤਰਕ ਹੀ ਮਨਘੜਤ ਹਨ। ਇਥੇ ਇਹ ਧਿਆਨ ’ਚ ਰਹਿਣਾ ਵੀ ਜ਼ਰੂਰੀ ਹੈ ਕਿ ਨਿਚਲੇ ਪੱਧਰ ਦੀਆਂ ਜਮਹੂਰੀ ਸੰਸਥਾਵਾਂ ਉਪਰ, ਗਰਾਂਟਾਂ ਦੇ ਮਾਮਲੇ ਵਿਚ, ਅਫਸਰਸ਼ਾਹੀ ਤੇ ਸਿਆਸਤਦਾਨਾਂ (ਸੱਤਾਧਾਰੀ) ਦਾ ਸ਼ਿਕੰਜਾ ਬੁਰੀ ਤਰ੍ਹਾਂ ਕੱਸਿਆ ਹੋਇਆ ਹੁੰਦਾ ਹੈ। ਇਨ੍ਹਾਂ ਸੰਸਥਾਵਾਂ ਦੇ ‘ਚੁਣੇ’ ਹੋਏ ਮੈਂਬਰ ਤਾਂ ਆਪਣੇ ਸਮੁੱਚੇ ਕਾਰਜਕਾਲ ਦੌਰਾਨ ਅਫਸਰਸ਼ਾਹੀ ਅਤੇ ਸੱਤਾਧਾਰੀ ਸਿਆਸਤਦਾਨਾਂ ਅੱਗੇ ਕੁਸਕਦੇ ਤਕ ਨਹੀਂ। ਚੋਣ ਧਾਂਦਲੀ ਦੀ ਇਸ ਤੋਂ ਵੱਡੀ ਮਿਸਾਲ ਹੋਰ ਕੀ ਹੋ ਸਕਦੀ ਹੈ ਕਿ ਲੁਧਿਆਣਾ ਨਗਰ ਨਿਗਮ ਦੀ ਚੋਣ ਵਿਚ ਇਕ ਹਲਕੇ ਤੋਂ ਸੱਤਾਧਾਰੀ ਗਠਜੋੜ ਦੇ ਉਮੀਦਵਾਰ ਸਾਬਕਾ ਪਾਰਲੀਮਾਨੀ ਸਕੱਤਰ ਹਰੀਸ਼ ਰਾਏ ਢਾਂਡਾ ਨੂੰ ਜੇਤੂ ਐਲਾਨ ਦਿੱਤਾ ਗਿਆ। ਜਦ ਲੋਕਾਂ ਦੇ ਭਾਰੀ ਵਿਰੋਧ ਅੱਗੇ ਝੁਕਦਿਆਂ ਇਸ ਹਲਕੇ ਦੀਆਂ ਵੋਟਾਂ ਦੀ ਦੁਬਾਰਾ ਗਿਣਤੀ ਕਰਵਾਈ ਗਈ ਤਾਂ ਹਰੀਸ਼ ਰਾਏ ਢਾਂਡਾ ਹਾਰਿਆ ਹੋਇਆ ਉਮੀਦਵਾਰ ਪਾਇਆ ਗਿਆ।

ਦਰਅਸਲ, ਮਿਉਂਸੀਪਲ ਸੰਸਥਾਵਾਂ ਦਾ ਲੋਕਤੰਤਰ ਰਾਜਸੀ ਪਾਰਟੀਆਂ ਦੀ ਸੌੜੀ ਸਿਆਸਤ ਅਤੇ ਸੂਬਾ ਸਰਕਾਰ ਦੀ ਇਨ੍ਹਾਂ ਚੋਣਾਂ ਵਿਚ ਸਿੱਧੀ ਦਖਲ-ਅੰਦਾਜ਼ੀ ਦੀ ਭੇਟ ਚੜ੍ਹ ਗਿਆ। ਇਨ੍ਹਾਂ ਚੋਣਾਂ ਵਿਚ ਜਮਹੂਰੀ ਕਦਰਾਂ-ਕੀਮਤਾਂ ਤੋਂ ਲੋਕਾਂ ਨੂੰ ਹਰ ਹੀਲੇ ਦੂਰ ਰੱਖਣ ਦਾ ਯਤਨ ਕੀਤਾ ਗਿਆ ਅਤੇ ਧੜੇਬੰਦੀ ਨੂੰ ਖੁਲ੍ਹਮ-ਖੁੱਲ੍ਹੀ ਸ਼ਹਿ ਦਿੱਤੀ ਗਈ। ਇਸ ਤਰ੍ਹਾਂ ਦੀ ਸਥਿਤੀ ਵਿਚ ਇਹ ਚੋਣਾਂ ਮਹਿਜ਼ ਤਮਾਸ਼ਾ ਬਣ ਕੇ ਰਹਿ ਗਈਆਂ। ਇਹੋ ਜਿਹੀਆਂ ਚੋਣਾਂ ਰਾਹੀਂ ਜੋ ਸੰਸਥਾਵਾਂ ਬਣਦੀਆਂ ਹਨ, ਉਹ ਨਿਸ਼ਚੇ ਹੀ ਉਹ ਜ਼ਿੰਮੇਵਾਰੀ ਨਿਭਾਉਣ ਦੇ ਯੋਗ ਨਹੀਂ ਹੁੰਦੀਆਂ, ਜਿਨ੍ਹਾਂ ਨੂੰ ਨਿਭਾਉਣ ਦੀ ਆਸ ਇਨ੍ਹਾਂ ਸੰਸਥਾਵਾਂ ਤੋਂ ਕੀਤੀ ਜਾਂਦੀ ਹੈ। ਇਹ ਸੰਸਥਾਵਾਂ ਪ੍ਰਸ਼ਾਸਨ ਅਤੇ ਸੱਤਾ ਵਿਚ ਹਿੱਸੇਦਾਰੀ ਹਾਸਲ ਕਰਨ ਦੀ ਥਾਂ ਆਪਣੇ ਸਿਆਸੀ ਪ੍ਰਭੂਆਂ ਦੀਆਂ ਕਠਪੁਤਲੀਆਂ ਮਾਤਰ ਸਾਬਤ ਹੁੰਦੀਆਂ ਹਨ।

ਇਨ੍ਹਾਂ ਹੀ ਕਮਜ਼ੋਰ ਸਥਿਤੀ ਕਾਰਨ ਆਮ ਲੋਕ ਨਿਚਲੇ ਪੱਧਰ ਤਕ ਸੱਤਾ ਵਿਚ ਹਿੱਸੇਦਾਰੀ ਅਤੇ ਸਵੈਸ਼ਾਸਨ ਦੇ ਅਧਿਕਾਰ ਤੋਂ ਵਾਂਝੇ ਰਹਿ ਜਾਂਦੇ ਹਨ।

# ਕਿਵੇਂ ਪੂਰੇ ਹੋਣਗੇ ਇਨ੍ਹਾਂ ਦੇ ਸਪਨੇ



ਸੀਤਾਰਾਮ ਯੇਚੂਰੀ
ਮਾਕਪਾ ਪੋਲਿਟ ਬਿਊਰੋ ਮੈਂਬਰ

ਰਾਸ਼ਟਰੀ ਸਵੈ ਸੇਵਕ ਸੰਘ ਅਤੇ ਉਸ ਦੀ ਸਿਆਸੀ ਬਾਂਹ ਭਾਜਪਾ ਨੇ ਹੁਣੇ ਤੋਂ ਖਿਆਲੀ ਪੁਲਾਉ ਪਕਾਉਣੇ ਸ਼ੁਰੂ ਕਰ ਦਿੱਤੇ ਹਨ। ਅਗਲੀਆਂ ਲੋਕ ਸਭਾ ਚੋਣਾਂ ਵਿੱਚ ਹਾਲੇ ਕਾਫ਼ੀ ਦੇਰ ਹੈ, ਇਸ ਦੇ ਬਾਵਜੂਦ ਇਸ ਪਾਰਟੀ ਵਿਚ ਜਨਤਕ ਰੂਪ ਨਾਲ ਇਸ ਮੁੱਦੇ ਉੱਤੇ ਰੱਸਾਕਸ਼ੀ ਸ਼ੁਰੂ ਹੋ ਰਹੀ ਹੈ ਕਿ ਅਗਲਾ ਪ੍ਰਧਾਨ ਮੰਤਰੀ ਕੌਣ ਹੋਵੇਗਾ। ਬਜ਼ੁਰਗ ਜੋਧਾ ਲਾਲ ਕ੍ਰਿਸ਼ਨ ਅਡਵਾਨੀ ਮੈਦਾਨ ਤੋਂ ਹੱਟਣ ਲਈ ਤਿਆਰ ਨਹੀਂ ਹਨ।

ਭਾਜਪਾ ਪ੍ਰਧਾਨ ਨਿਤੀਨ ਗਡਕਰੀ ਆਪਣੇ ਆਪ ਨੂੰ ਵੀ ਇਸ ਦੌੜ ਵਿਚ ਸ਼ਾਮਲ ਪਾਉਂਦੇ ਹਨ। ਸੰਸਦ  ਦੇ ਦੋਨਾਂ ਸਦਨਾਂ ਵਿਚ ਵਿਰੋਧੀ ਧਿਰ ਦੇ ਨੇਤਾ ਤਾਂ ਪਹਿਲਾਂ ਹੀ ਇਸ ਸੂਚੀ ਵਿਚ ਆਪਣਾ ਨਾਮ ਲਿਖਾਣ ਦੀ ਦੌੜ ਵਿੱਚ ਸਨ। ਗੁਜਰਾਤ ਦੇ ਮੁੱਖ ਮੰਤਰੀ ਨਰਿੰਦਰ ਮੋਦੀ ਪਿਛਲੇ ਕਾਫ਼ੀ ਸਮੇਂ ਤੋਂ ਆਪਣੇ ਆਪ ਨੂੰ ਇਸ ਅਹੁਦੇ ਦਾ ਸਭ ਤੋਂ ਮਜ਼ਬੂਤ ਉਮੀਦਵਾਰ ਦੱਸ ਰਹੇ ਹਨ, ਭਾਵ ਅਗਲੀ ਚੋਣ ਜਿੱਤ ਕੇ ਭਾਰਤੀ ਜਨਤਾ ਪਾਰਟੀ ਦੀ ਅਗਵਾਈ ਵਾਲਾ ਰਾਜਗ ਜੇਕਰ ਸਚਮੁੱਚ ਕੇਂਦਰ ਵਿਚ ਸਰਕਾਰ ਬਣਾਉਣ ਦੀ ਹਾਲਤ ਵਿਚ ਆਇਆ ਤਾਂ ਇਕੱਲੇ ਉਸ ਦੀ ਪਾਰਟੀ ਵਿਚ ਹੀ ਪ੍ਰਧਾਨ ਮੰਤਰੀ ਅਹੁਦੇ  ਦੇ ਘੱਟ ਤੋਂ ਘੱਟ ਪੰਜ ਉਮੀਦਵਾਰ ਹੋਣਗੇ।

ਹੋ ਸਕਦਾ ਹੈ, ਅਜਿਹੀ ਹਾਲਤ ਵਿਚ ਹੋਰ ਵੀ ਇਕ ਅੱਧਾ ਨੇਤਾ ਪ੍ਰਧਾਨ ਮੰਤਰੀ ਬਣਨ ਲਈ ਸਾਹਮਣੇ ਆ ਜਾਵੇ। ਇਸ ਤਰ੍ਹਾਂ ਦੀ ਹਾਲਤ ਦੀ ਉਮੀਦ ਕਰਨਾ ਹੀ ਆਪਣੇ ਆਪ ਵਿਚ ਹਾਨੀਕਾਰਕ ਲੱਛਣ ਹੈ। ਇਸ ਦਾ ਕਾਰਨ ਇਹ ਹੈ ਕਿ ਰਾਸ਼ਟਰੀ ਸਵੈ ਸੇਵਕ ਸੰਘ ਦੀ ਸੋਚ ਹੀ ਇਕ ਬਹੁ-ਧਾਰਮਕ, ਬਹੁਜਾਤੀ, ਬਹੁ-ਭਾਸ਼ੀ, ਬਹੁ ਸਮਾਜਕ-ਸੰਸਕ੍ਰਿਤਕ, ਧਰਮ ਨਿਰਪੱਖ, ਜਨਤਾਂਤਰਿਕ ਲੋਕ-ਰਾਜ ਦੇ ਪੂਰੀ ਤਰ੍ਹਾਂ ਖਿਲਾਫ਼ ਹੈ।

ਗੁਜਰਾਤ ਵਿਚ 2002 ਵਿਚ ਹੋਈ ਹਿੰਸਾ ਨੇ ਪੂਰੇ ਦੇਸ਼ ਅਤੇ ਦੁਨੀਆ ਨੂੰ ਫਿਰਕੂ ਹਿੰਸਾ ਦੇ ਦਰਦ ਦਾ ਅਹਿਸਾਸ ਕਰਾਇਆ ਸੀ। ਤੱਦ ਇਹ ਬਿਲਕੁਲ ਸਪੱਸ਼ਟ ਹੋ ਗਿਆ ਸੀ ਕਿ ਭਾਜਪਾ ਦੇ ਰਾਜ ਵਿਚ ਧਾਰਮਕ ਘੱਟ ਗਿਣਤੀਆਂ ਦੀ ਸੁਰੱਖਿਆ ਨੂੰ ਕਿਸ ਹੱਦ ਤਕ ਤਬਾਹ ਕਰਨ ਦੀ ਇਜਾਜ਼ਤ ਦਿੱਤੀ ਜਾ ਸਕਦੀ ਹੈ। ਫਿਰਕੂ ਫੁਟ ਅਤੇ ਹਿੰਸਾ ਦੇ ਦੌਰ-ਦੌਰੇ ਤੋਂ ਇੱਕ ਦਹਾਕੇ ਤੋਂ ਬਾਅਦ ਸਾਡਾ ਦੇਸ਼ ਫਿਰਕੂ ਤਬਾਹੀ ਦੇ ਉਸ ਦੌਰ ਦੀ ਵਾਪਸੀ ਨਹੀਂ ਸਹਿ ਸਕਦਾ। ਇਹ ਵੀ ਧਿਆਨ ਦੇਣ ਯੋਗ ਹੈ ਕਿ ਹਿੰਸਾ ਦੇ ਉਸ ਭਿਆਨਕ ਦੌਰ ਤੋਂ ਬਾਅਦ 2004 ਦੀਆਂ ਆਮ ਚੋਣਾਂ ਵਿਚ ਭਾਜਪਾ ਦੀ ਅਗਵਾਈ ਵਾਲੀ ਸਰਕਾਰ ਦੀ ਹਾਰ ਨਾਲ ਧਰਮ ਨਿਰਪੱਖ ਜਮਹੂਰੀ ਵਿਵਸਥਾ ਨੂੰ ਮਜ਼ਬੂਤ ਕਰਨ ਦੇ ਛੁੱਟੇ ਹੋਏ ਸੂਤਰਾਂ ਨੂੰ ਇਕ ਵਾਰ ਫਿਰ ਫੜਿਆ ਗਿਆ ਸੀ।

ਫਿਲਹਾਲ, ਕੇਂਦਰ ਦੀ ਸੱਤਾ ਤਕ ਪੁੱਜਣ ਦੇ ਆਪਣੇ ਸੁਪਨੇ ਪੂਰੇ ਕਰਨ ਦੇ ਸੰਘ-ਭਾਜਪਾ ਦੇ ਯਤਨਾਂ ਦੇ ਰਸਤੇ ਵਿਚ ਇਕ ਅਤੇ ਬਹੁਤ ਅੰਤਰ ਵਿਰੋਧ ਵੀ ਅੱਗੇ ਆਉਂਦਾ ਹੈ। ਉਨ੍ਹਾਂ ਦਾ ਅਸਲੀ ਵੋਟ ਬੈਂਕ ਉਨ੍ਹਾਂ ਦੁਆਰਾ ਪੈਦਾ ਕੀਤੇ ਜਾਣ ਵਾਲੇ ਫਿਰਕੂ ਧਰੁਵੀਕਰਨ ਦੀ ਤੀਵਰਤਾ ਉੱਤੇ ਹੀ ਨਿਰਭਰ ਕਰਦਾ ਹੈ। ਦੂਜੇ ਪਾਸੇ ਆਪਣੇ ਦਮ ’ਤੇ ਬਹੁਮਤ ਹਾਸਲ ਕਰਨ ਦੀ ਵਾਰ-ਵਾਰ ਕੋਸ਼ਿਸ਼ ਕਰਨ ਅਤੇ ਇਸ ਹੰਭਲਿਆਂ ਵਿਚ ਹਰ ਵਾਰ ਅਸਫਲ ਰਹਿਣ ਤੋਂ ਬਾਅਦ ਭਾਰਤੀ ਜਨਤਾ ਪਾਰਟੀ ਨੂੰ ਸਾਥੀਆਂ ਦੀ ਤਲਾਸ਼ ਸ਼ੁਰੂ ਕਰਨੀ ਪਈ ਸੀ ਅਤੇ ਇਸ ਕ੍ਰਮ ਵਿਚ ਰਾਜਗ ਗਠਜੋੜ ਦਾ ਜਨਮ ਹੋਇਆ ਸੀ।

ਉਸ ਦੇ ਇਹ ਸਾਥੀ ਸੱਤਾ ਅਤੇ ਅਹੁਦਿਆਂ ਦੇ ਲਾਭਾਂ ਵਿਚ ਹਿੱਸੇਦਾਰੀ ਲਈ ਭਾਵੇਂ ਕਿੰਨੇ ਹੀ ਉਤਾਵਲੇ ਕਿਉਂ ਨਾ ਹੋਣ, ਆਪਣੇ-ਆਪਣੇ ਰਾਜਾਂ ਵਿਚ ਘੱਟ ਗਿਣਤੀਆਂ ਵਿਚ ਆਪਣੇ ਸਮਰਥਨ ਨੂੰ ਬਚਾਈ ਰੱਖਣ ਲਈ ਹੀ ਸਹੀ, ਉਹ ਫਿਰਕੂ ਧਰੁਵੀਕਰਣ ਹੋਰ ਵਧਾਉਣ ਦੇ ਮਨਸੂਬਿਆਂ ਨੂੰ ਛੱਡ ਨਹੀਂ ਸਕਦੇ। ਰਾਸ਼ਟਰਪਤੀ ਚੋਣ ਲਈ ਸ਼ੁਰੂ ਹੋਈ ਰੱਸਾਕਸ਼ੀ ਵਿਚ ਖਾਸ ਕਰਕੇ ਬਿਹਾਰ ਦੇ ਮੁੱਖ ਮੰਤਰੀ ਨਿਤਿਸ਼ ਕੁਮਾਰ ਦਾ ਰੁਖ਼ ਇਸ ਦਾ ਸੁਬੂਤ ਹੈ। ਦੋ ਵਿਰੋਧੀ ਧੜਿਆਂ ਵਿਚ ਇਸ ਬੁਨਿਆਦੀ ਅੰਤਰ ਵਿਰੋਧ ਦਾ ਹੱਲ ਲੱਭਣ ਵਿਚ ਸੰਘ-ਭਾਜਪਾ ਦੀ ਅਸਮਰਥਤਾ ਹੁਣ ਵੀ ਬਣੀ ਹੀ ਹੋਈ ਹੈ। ਹੁਣ ਇਹ ਤਾਂ ਸਮਾਂ ਹੀ ਦੱਸੇਗਾ ਕਿ ਆਉਣ ਵਾਲੀਆਂ ਲੋਕ ਸਭਾ ਚੋਣਾਂ ਵਿਚ ਇਹ ਅੰਤਰ ਵਿਰੋਧ ਕਿਸ ਤਰ੍ਹਾਂ ਆਪਣਾ ਰੰਗ ਦਿਖਾਉਂਦਾ ਹੈ। ਹਾਲਾਂਕਿ ਹੋ ਸਕਦਾ ਹੈ ਕਿ ਅਗਲੀਆਂ ਲੋਕ ਸਭਾ ਚੋਣਾਂ ਵਿਚ ਇਕ ਵਾਰ ਫਿਰ ਭਾਰਤੀ ਧਰਮ ਨਿਰਪੱਖ, ਜਮਹੂਰੀ ਲੋਕ-ਰਾਜ ਦੀ ਰੱਖਿਆ ਕਰਨ ਦੀ ਭਾਰਤੀ ਜਨਤਾ ਦੀ ਵਚਨਬੱਧਤਾ ਅਤੇ ਮਜ਼ਬੂਤੀ ਦੀ ਪ੍ਰੀਖਿਆ ਹੋਵੇ। ਇਸ ਸਬੰਧ ਵਿਚ ਇਹ ਯਾਦ ਰੱਖਣਾ ਵੀ ਜ਼ਰੂਰੀ ਹੈ ਕਿ ਹੁਣ ਤਕ ਬਹੁਤੀ ਵਾਰ ਕਾਂਗਰਸ ਨੇ ਫਿਰਕੂ ਰਾਖਸ਼ਸ਼ ਦਾ ਮੁਕਾਬਲਾ ਕਰਨ ਵਿਚ, ਉਸ ਦਾ ਰੂਪ ਚਾਹੇ ਜਿਹੜਾ ਵੀ ਕਿਉਂ ਨਾ ਹੋਵੇ, ਢਿੱਲਮੱਠ ਅਤੇ ਸਮਝੌਤਾਵਾਦੀ ਰੁਖ਼ ਦੀ ਨੁਮਾਇਸ਼ ਕੀਤੀ ਹੈ।

ਆਖ਼ਰਕਾਰ ਆਪਣੀ ਚੋਣ ਮੁਹਿੰਮ ਸ਼ੁਰੂ ਕਰਨ ਤੋਂ ਐਨ ਪਹਿਲਾਂ ਉਸ ਨੇ ਹੀ ਤਾਂ ਅਯੋਧਿਆ ਵਿਚ ਵਿਵਾਦਮਈ ਜ਼ੁਲਫ ਮਸਜ਼ਿਦ ਦੇ ਭਵਨ ਵਿਚ ਮੰਦਿਰ ਦਾ ਨੀਂਹ ਪੱਥਰ ਰੱਖਿਆ ਸੀ। ਉਸ ਤੋਂ ਬਾਅਦ ਕਾਂਗਰਸ ਦੀ ਹੀ ਸਰਕਾਰ ਨੇ ਸ਼ਾਹ ਬਾਨੋ ਮਾਮਲੇ ਵਿਚ ਘੱਟ ਗਿਣਤੀ ਕੱਟੜਪੰਥੀਆਂ ਦੇ ਹੱਥ ਮਜ਼ਬੂਤ ਕੀਤੇ ਸਨ। ਸਾਲ 1984 ਦੀ ਸਿੱਖ-ਵਿਰੋਧੀ ਹਿੰਸਾ ਵੀ ਕਾਂਗਰਸ ਦੀ ਫਿਰਕੂ ਰਾਜਨੀਤੀ ਦਾ ਹੀ ਨਤੀਜਾ ਸੀ। ਕਾਂਗਰਸ ਬੇਸ਼ੱਕ ਆਪਣੇ ਆਪ ਨੂੰ ਧਰਮ ਨਿਰਪੱਖਤਾ ਦਾ ਅਵਤਾਰ ਮੰਨੇ, ਪਰ ਸਮੇਂ-ਸਮੇਂ ਉਹ ਵੀ ਫਿਰਕੂ ਹਿੰਸਾ ਦਾ ਭਿਆਨਕ ਉਦਾਹਰਣ ਪੇਸ਼ ਕਰਦੀ ਰਹੀ ਹੈ। ਸਾਫ਼ ਹੈ ਕਿ ਸੱਤਾਧਾਰੀ ਪਾਰਟੀ ਦਾ ਇਸ ਤਰ੍ਹਾਂ ਦਾ ਰੁਖ਼ ਉਸ ਦੇ ਆਪਣੇ ਫਿਰਕੂ ਏਜੰਡੇ ਅਤੇ ਧਰੁਵੀਕਰਨ ਨੂੰ ਅੱਗੇ ਵਧਾਉਣ ਦੀਆਂ ਫਿਰਕੂ ਤਾਕਤਾਂ ਦੀਆਂ ਕੋਸ਼ਿਸ਼ਾਂ ਵਿਚ ਹੀ ਮਦਦਗਾਰ ਹੋ ਸਕਦਾ ਹੈ। ਫਿਰ ਵੀ, ਪ੍ਰਧਾਨ ਮੰਤਰੀ ਅਹੁਦੇ ਲਈ ਭਾਰਤੀ ਜਨਤਾ ਪਾਰਟੀ ਦੇ ਨੇਤਾਵਾਂ ਵਿਚਾਲੇ ਇਸ ਸਮੇਂ ਚੱਲ ਰਹੀ ਦੌੜ ਵਿਚ ਕੁਝ ਦਿਲਚਸਪ ਸਮੀਕਰਨ ਵੀ ਨਿਕਲ ਕੇ ਸਾਹਮਣੇ ਆ ਰਹੇ ਹਨ। ਇਹ ਖ਼ਬਰ ਹੈ ਕਿ ਭਾਜਪਾ ਵਿਚ ਦੋ ਪੁਰਾਣੇ ਵੈਰੀ ਲਾਲ ਕ੍ਰਿਸ਼ਨ ਅਡਵਾਨੀ ਅਤੇ ਮੁਰਲੀ ਮਨੋਹਰ ਜੋਸ਼ੀ ਇਕੱਠੇ ਆ ਰਹੇ ਹਨ, ਤਾਂ ਕਿ ਗਡਕਰੀ-ਮੋਦੀ-ਜੇਤਲੀ ਧੁਰੀ ਦਾ ਡਟ ਕੇ ਮੁਕਾਬਲਾ ਕਰ ਸਕਣ। ਅਜਿਹੇ ਵਿਚ ਉਹ ਪੁਰਾਣੀ ਕਹਾਵਤ  ਫਿਰ ਤੋਂ ਯਾਦ ਆ ਰਹੀ ਹੈ ‘ਸੂਤ ਨਾ ਕਪਾਹ, ਜੁਲਾਹਿਆਂ ’ਚ ਲੱਠਮਲੱਠ।’ ਅਗਲੀਆਂ ਲੋਕ ਸਭਾ ਚੋਣਾਂ ਹੋਣ ਵਿਚ ਹਾਲੇ ਕਾਫ਼ੀ ਸਮਾਂ ਬਾਕੀ ਹੈ। ਇਸ ਦੌਰਾਨ ਭਾਜਪਾ ਨੇ ਕੋਈ ਅਜਿਹੀ ਉਪਲਬਧੀ ਵੀ ਹਾਸਲ ਨਹੀਂ ਕੀਤੀ ਹੈ, ਜਿਸ ਨਾਲ ਜਨਤਾ ਦਾ ਧਿਆਨ ਉਸ ਵੱਲ ਖਿਚਿਆ ਜਾਵੇ। ਹੈਰਾਨੀ ਵਾਲੀ ਗੱਲ ਹੈ ਕਿ ਇਸ ਦੇ ਬਾਵਜੂਦ ਇਸ ਪਾਰਟੀ ਵਿਚ ਪ੍ਰਧਾਨ ਮੰਤਰੀ ਦੇ ਅਹੁਦੇ ਦਾ ਸੁਫ਼ਨਾ ਦੇਖਣ ਵਾਲਿਆਂ ਦੀ ਲਾਈਨ ਲੰਮੀ ਤੋਂ ਲੰਮੀ ਹੀ ਹੁੰਦੀ ਜਾ ਰਹੀ ਹੈ।

# ਬਾਦਲ ਦੀ ਯਾਦਗਾਰ ਰਾਜਨੀਤੀ

ਮਨਜੀਤ ਸਿੰਘ ਸਿੱਧੂ
sidhumanjitsingh@gmail.com

ਸਹੀ ਕਹਿੰਦੇ ਹਨ ਕਿ ਰਾਜਨੀਤੀ ਦੀ ਕੋਈ ਹੱਦ ਨਹੀਂ ਹੁੰਦੀ ਤੇ ਕੋਈ ਸ਼ਰਤ ਨਹੀਂ ਹੁੰਦੀ। ਕਦੇ ਇੰਨੀ ਡੂੰਘਾਈ ਕਿ ਸਮੁੰਦਰ ਵੀ ਮਾਤ ਖਾ ਜਾਵੇ। ਕਦੇ ਇੰਨੀ ‘ਸਤਹੀ’ ਕਿ ਹਰ ਬੱਚਾ-ਬਜ਼ੁਰਗ ਸਾਫ਼-ਸਾਫ਼ ਮਤਲਬ ਸਮਝ ਸਕੇ। ਭਾਵ ਰਾਜਨੀਤੀ ਵਿਸ਼ੇਸ਼ ਕਰਕੇ ਵਰਤਮਾਨ ਰਾਜਨੀਤੀ ਵਿਚੋਂ ਸਿਧਾਂਤਕ ਵਚਨਬੱਧਤਾ ਜਿਵੇਂ ਗਾਇਬ ਹੀ ਹੋ ਗਈ ਹੋਵੇ। ਇਕ ਹੀ ਗੱਲ ਜਾਂ ਮੁੱਦੇ ’ਤੇ ਕਈ-ਕਈ ਸਟੈਂਡ ਲੈ ਲੈਣਾ ਵਰਤਮਾਨ ਰਾਜਨੀਤੀ ਦਾ ਸ਼ਿਖਰ ਬਣ ਚੁੱਕਾ ਹੈ। ਇਥੇ ਜਿਵੇਂ ਖੁਦ ਨੂੰ ਫਿਟ ਬੈਠੇ, ਉਥੇ ਉਹੋ ਜਿਹਾ ਸਟੈਂਡ ਸ਼ਰ੍ਹੇਆਮ ਲੈ ਲਿਆ ਜਾਂਦਾ ਹੈ ਤਾਂ ਕਿ ਵਿਵਾਦ ਨਾ ਪੈਦਾ ਹੋਵੇ। ਜੇਕਰ ਵਿਵਾਦ ਵੀ ਪੈਦਾ ਹੋਵੇ ਤਾਂ ਖੁਦ ਦੀ ਸਾਖ ਚਮਕੇ ਅਤੇ ਪਾਰਟੀ ਦਾ ਵੋਟ ਬੈਂਕ ਵਧੇ ਜਾਂ ਫਿਰ ਸੁਰੱਖਿਅਤ ਰਹੇ। ਇਸ ਲਈ ਰਾਜਨੇਤਾ ਕਦੇ ਅਜਿਹਾ ਬੋਲਦੇ ਹਨ ਜੋ ਬੇਮਾਇਨਾ ਲੱਗਦਾ ਹੈ ਅਤੇ ਕਦੇ ਇੰਨਾ ਚੁੱਪ ਹੋ ਜਾਂਦੇ ਹਨ ਕਿ ਹੈਰਾਨੀ ਦੀ ਹੱਦ ਹੀ ਨਹੀਂ ਰਹਿੰਦੀ। ਬੋਲਣ ਅਤੇ ਨਾ ਬੋਲਣ ਵਿਚ ਕਮਾਲ ਦਾ ਨਾਪ-ਤੋਲ ਰੱਖਿਆ ਜਾਂਦਾ ਹੈ। ਅਸਲੀਅਤ ਇਹ ਹੈ ਕਿ ਅਜਿਹੇ ਨੇਤਾਵਾਂ ਨੂੰ ਸਭ ਤੋਂ ਸਫ਼ਲ ਨੇਤਾ ਮੰਨਿਆ ਜਾਂਦਾ ਹੈ ਕਿਉਂਕਿ ਜ਼ਿਆਦਾ ਬੋਲਣ ਵਾਲੇ ਨੇਤਾ ਦੀ ਜ਼ੁਬਾਨ ਕਦੋਂ ਫਿਸਲ ਜਾਏ ਕੁਝ ਨਹੀਂ ਕਿਹਾ ਜਾ ਸਕਦਾ। ਪੰਜਾਬ ਵਿਚ ਅਜਿਹੇ ਦਰਜਨਾਂ ਨੇਤਾ ਹਨ, ਜੋ ਬੇਮਿਸਾਲ ਬੁਲਾਰੇ ਹਨ, ਪਰ ਇਨ੍ਹੀਂ ਦਿਨੀਂ ਜਾਂ ਤਾਂ ਸਿਆਸੀ ਨਕਸ਼ੇ ਤੋਂ ‘ਆਊਟ’ ਹਨ ਅਤੇ ਜਾਂ ਫਿਰ ‘ਹਾਸ਼ੀਏ’ ’ਤੇ ਖਿਸਕ ਰਹੇ ਹਨ। ਦੂਸਰੇ ਪਾਸੇ ਸਫ਼ਲ ਨੇਤਾਵਾਂ ਦੀ ਸੂਚੀ ਵਿਚ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਦਾ ਨਾਮ ਚੋਟੀ ’ਤੇ ਹੈ। ਆਪਣੀ ਕਮਾਲ ਦੀ ਸਿਆਸੀ ਪਹੁੰਚ ਦੇ ਦਮ ’ਤੇ ਪ੍ਰਕਾਸ਼ ਸਿੰਘ ਬਾਦਲ ਨਾ ਕੇਵਲ ਪੰਜਾਬ ਬਲਕਿ ਦੇਸ਼ ਦੇ ਚੋਣਵੇਂ ‘ਸੀਨੀਅਰ’ ਨੇਤਾਵਾਂ ਵਿਚੋਂ ਇਕ ਹਨ। ‘ਸੀਨੀਅਰ’ ਕੇਵਲ ਇਸ ਲਈ ਨਹੀਂ ਕਿ ਉਹ ਪੰਜਵੀਂ ਵਾਰ ਮੁੱਖ ਮੰਤਰੀ ਬਣੇ ਹਨ, ਬਲਕਿ ਇਸ ਲਈ ਕਿ ਉਨ੍ਹਾਂ ਦੇ ਵੱਡੇ ਸਿਆਸੀ ਕੱਦ ਦਾ ‘ਔਰਾ’ ਉਨ੍ਹਾਂ ਦੇ ਪ੍ਰਤੱਖ-ਅਪ੍ਰਤੱਖ ਸੰਪਰਕ ਵਿਚ ਆਉਣ ਵਾਲੇ ਹਰ ਸਖਸ਼ ਨੂੰ ਪ੍ਰਭਾਵਤ ਕਰਨ ਦਾ ਜ਼ੋਰ ਰੱਖਦਾ ਹੈ। ਭਾਵੇਂ ਹੀ ਸਖਸ਼ ਆਮ ਆਦਮੀ ਹੋਵੇ ਜਾਂ ਫਿਰ ਕਾਂਗਰਸ ਦੀ ਅਗਵਾਈ ਵਾਲੀ ਕੇਂਦਰ ਸਰਕਾਰ ਦਾ ਪ੍ਰਧਾਨ ਮੰਤਰੀ ਡਾ. ਮਨਮੋਹਨ ਸਿੰਘ ਹੋਵੇ। ਅਜਿਹਾ ਕੀ ਹੈ ਉਨ੍ਹਾਂ ਵਿਚ? ਇਸ ਸਵਾਲ ਦਾ ਜਵਾਬ ਲੱਭਣਾ ਜਲੇਬੀ ਦਾ ਸਿਰਾ ਲੱਭਣ ਵਰਗਾ ਹੈ। ਫਿਰ ਵੀ ‘ਕਹੀ-ਸੁਣੀ’ ਦੇ ਹਿਸਾਬ ਨਾਲ ਉਨ੍ਹਾਂ ਦੀ ਸਿਆਸੀ ਪਹੁੰਚ ਦਾ ਅੰਦਾਜ਼ਾ ਲਾਉਣ ਦੀ ਕੋਸ਼ਿਸ਼ ਕਰਦੇ ਹਾਂ। ‘ਆਪ੍ਰੇਸ਼ਨ ਬਲੂਸਟਾਰ’ ਦੇ ਬਾਅਦ ਜੂਨ ਦਾ ਮਹੀਨਾ ਪੰਜਾਬ ਦੇ ਸਿਆਸੀ, ਸਮਾਜਕ ਅਤੇ ਸਿਆਸੀ ਮਾਹੌਲ ਵਿਚ ਵਿਸ਼ੇਸ਼ ਮਹੱਤਵ ਰੱਖਣ ਲੱਗਿਆ ਹੈ। ਭਿਆਨਕ ਗਰਮੀ ਵਿਚ ਧਾਰਮਕ-ਸਮਾਜਕ ਤੇ ਸਿਆਸੀ ਪਾਰੇ ਨੂੰ ਵੀ ਵਧਾ ਦਿੰਦਾ ਹੈ, ਪਰ ਇਸ ਵਾਰ ਤਾਂ ਹਰ ਹੱਦ ਟੁੱਟ ਗਈ। ਪਹਿਲਾਂ ਸਿੱਖਾਂ ਦੀ ਸਰਵਉਚ ਸੰਸਥਾ ਸ੍ਰੀ ਅਕਾਲ ਤਖ਼ਤ ਸਾਹਿਬ ਅਤੇ ਸਿੱਖ ਜਗਤ ਦੀ ‘ਮਿੰਨੀ ਪਾਰਲੀਮੈਂਟ’ ਕਹੀ ਜਾਣ ਵਾਲੀ ਸ਼੍ਰੋਮਣੀ ਅਕਾਲੀ ਦਲ ਵਲੋਂ ਸ੍ਰੀ ਹਰਿਮੰਦਰ ਸਾਹਿਬ ਕੰਪਲੈਕਸ ਵਿਚ ਆਪ੍ਰੇਸ਼ਨ ਬਲੂ ਸਟਾਰ ਸ਼ਹੀਦੀ ਯਾਦਗਾਰ ਨੂੰ ਲੈ ਕੇ ਵਿਵਾਦ ਹੋਇਆ। ਸਾਬਕਾ ਮੁੱਖ ਮੰਤਰੀ ਬੇਅੰਤ ਸਿੰਘ ਹੱਤਿਆ ਕਾਂਡ ਦੇ ਮੁੱਖ ਦੋਸ਼ੀਆਂ ਵਿਚ ਸ਼ਾਮਲ ਬਲਵੰਤ ਸਿੰਘ ਰਾਜੋਆਣਾ ਨੂੰ ‘ਜਿੰਦਾ ਸ਼ਹੀਦ’ ਦਾ ਰੁਤਬਾ ਦਿੱਤੇ ਜਾਣ ਨਾਲ ਇਹ ਵਿਵਾਦ ਨਵਾਂ ਸ਼ਿਖਰ ਛੂ ਗਿਆ। ਜਿਵੇਂ ਅਮਨ-ਸ਼ਾਂਤੀ, ਕਾਨੂੰਨ ਵਿਵਸਥਾ ਦੇ ਨਾਲ-ਨਾਲ ਆਪਸੀ ਸਦਭਾਵਨਾ ’ਤੇ ਖ਼ਤਰਾ ਮੰਡਰਾਉਣ ਲੱਗਿਆ ਹੋਵੇ। ਰਹਿੰਦੀ ਕਸਰ ਮਾਨਸਾ ਜ਼ਿਲ੍ਹੇ ਦੇ ਜੋਗਾ ਪਿੰਡ ਵਿਚ ਸਮੂਹਕ ਗਊ-ਹੱਤਿਆ ਕਾਂਡ ਨੇ ਕੱਢ ਦਿੱਤੀ। ਆਸਥਾ ਹਮਲਾਵਰ ਹੋ ਗਈ, ਕਰਫਿਊ ਤੱਕ ਲਗਾਉਣਾ ਪਿਆ। ਜਨਤਾ ਦਾ ਗੁੱਸਾ ਠੰਢਾ ਕਰਨ ਲਈ ਐਸ.ਐਸ.ਪੀ ਤਕ ਦੇ ਅਧਿਕਾਰੀ ਬਲੀ ਚੜ੍ਹ ਗਏ। ਹੁਣ ਇਸ ਚੁਣੌਤੀ ਤੋਂ ਪਹਿਲਾਂ ਜੂਨ ਵਿਚ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਦੀ ਪਹੁੰਚ ਦੇਖੋ। ਬਲੂਸਟਾਰ ਯਾਦਗਾਰਾਂ ਨੂੰ ਲੈ ਕੇ ਉਨ੍ਹਾਂ ਨੇ ‘ਇਕ ਚੁੱਪ ਸੌ ਸੁੱਖ’ ਦਾ ਸਿਧਾਂਤ ਅਪਣਾਇਆ। ਜਦੋਂ ਕਿਤੇ ਬੋਲਣਾ ਵੀ ਪਿਆ ਤਾਂ ਸੂਬਾ ਸਰਕਾਰ ਨੂੰ ਬਾਹਰ ਰੱਖਦੇ ਹੋਏ ਸ੍ਰੀ ਅਕਾਲ ਤਖ਼ਤ ਸਾਹਿਬ ਅਤੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦਾ ਹੀ ਫੈਸਲਾ ਦੱਸਿਆ ਗਿਆ। ਦੂਸਰੇ ਪਾਸੇ ਜੋਗਾ ਵਿਚ ਗਊ-ਹੱਤਿਆ ਕਾਂਡ ’ਤੇ ਬਿਆਨ ਦਾਗ ਦਿੱਤਾ ਕਿ ਪੰਜਾਬ ਸਰਕਾਰ ਜੋਗਾ ਵਿਚ ਗਊ-ਯਾਦਗਾਰ ਸਥਾਪਤ ਕਰੇਗੀ। ਵੱਡੇ ਬਾਦਲ ਦੀ ਸਿਆਸੀ ਰਣਨੀਤੀ ਨੂੰ ਸੁਣਨ-ਸਮਝਣ ਦੀ ਕੋਸ਼ਿਸ਼ ਕਰਨ ਵਾਲੇ ਹਰ ਸਖਸ਼ ਨੂੰ ਹੈਰਾਨ-ਪ੍ਰੇਸ਼ਾਨ ਕਰ ਦਿੱਤਾ ਕਿ ‘ਯਾਦਗਾਰਾਂ’ ਨੂੰ ਲੈ ਕੇ ਮੁੱਖ ਮੰਤਰੀ ਬਾਦਲ ਇੰਨੀ ਸਫ਼ਾਈ ਨਾਲ ਕਿਵੇਂ ਖੇਡ ਰਹੇ ਹਨ।

## ਧੁਖਦਾ ਕਾਲਮ

# ‘ਤਹਿਜ਼ੀਬ ਜਾਂਗਲੀ ਦੇ ਬੂਟੇ ਲਗਾ ਨਾ ਬੈਠੀਂ’

**ਸੁਸ਼ੀਲ ਦੁਸਾਂਝ**

‘ਈਟ ਕ੍ਰਿਕਟ, ਸਲੀਪ ਕ੍ਰਿਕਟ’ ਤੋਂ ਬਾਅਦ ਹੁਣ ਅਸੀਂ ‘ਪਲੇਅ ਮੋਬਾਇਲ, ਈਟ ਮੋਬਾਇਲ ਅਤੇ ਸਲੀਪ ਮੋਬਾਇਲ’ ਯੁੱਗ ਵਿਚ ਵਿਚਰ ਰਹੇ ਹਾਂ। ਵਿਕਾਸ ਦੇ ਇਸ ਅਤਿ-ਆਧੁਨਿਕ ਪੜਾਅ ’ਤੇ ਬਹੁਤ ਕੁੱਝ ਹੋ ਵਾਪਰ ਰਿਹਾ ਹੈ, ਜੋ ਹਰ ਚਿੰਤਨਸ਼ੀਲ ਵਿਅਕਤੀ ਦੇ ਮਨ-ਮਸਤਕ ’ਤੇ ਫ਼ਿਕਰਮੰਦੀ ਦੀਆਂ ਗੂੜੀਆਂ ਰੇਖਾਵਾਂ ਉੱਕਰ ਰਿਹਾ ਹੈ। ਤਕਨੀਕ ਦੀ ਵਰਤੋਂ ਜੇਕਰ ਸਮਾਜਕ ਕਦਰਾਂ-ਕੀਮਤਾਂ ਅਤੇ ਸਾਡੇ ਸਭਿਅਕ ਮੁੱਲ-ਵਿਧਾਨ ਮੁਤਾਬਕ ਹੋਵੇ ਤਾਂ ਇਹੀ ਤਕਨੀਕ ਜ਼ਿੰਦਗੀ ਦੀ ਉਡਾਨ ਨੂੰ ਨਵੀਂਆਂ ਉਚਾਈਆਂ ਬਖ਼ਸ਼ ਦਿੰਦੀ ਹੈ ਪਰ ਜੇਕਰ ਤਕਨੀਕ ਦੀ ਦੁਰਵਰਤੋਂ ਹੋਣ ਲੱਗੇ ਤਾਂ ਫੇਰ ਸਭ ਕੁੱਝ ਤਹਿਸ-ਨਹਿਸ ਹੋਇਆ ਸਮਝੋ। ਅੱਜ ਮੋਬਾਇਲ ਯੁੱਗ ਦੇ ਇਨੀਂ ਦਿਨੀ ਜਿਸ ਕਿਸਮ ਦੀਆਂ ਸ਼ਰਮਨਾਕ ਘਟਨਾਵਾਂ ਵਾਪਰ ਰਹੀਆਂ ਹਨ; ਉਸਨੇ ਮੋਬਾਇਲ ਦੀ ਵਰਤੋਂ/ਦੁਰਵਰਤੋਂ ਉਪਰ ਬਹੁਤ ਸਾਰੇ ਸਵਾਲ ਖੜੇ ਕਰ ਦਿੱਤੇ ਹਨ। ਅਸੀਂ ਉਨ੍ਹਾਂ ਲੋਕਾਂ ਨਾਲ ਕਤੱਈ ਸਹਿਮਤ ਨਹੀਂ ਹੋ ਸਕਦੇ ਜਿਹੜੇ ਆਧੁਨਿਕ ਤਕਨਾਲੌਜੀ ਦੀਆਂ ਮੋਬਾਇਲ ਸਹੂਲਤਾਂ ’ਤੇ ਪਾਬੰਦੀ ਲਾਉਣ ਵਰਗੀਆਂ ਗੱਲਾਂ ਕਰਨ ਲੱਗ ਪਏ ਹਨ। ਇੱਥੇ ਤਕਨੀਕ ਦੀ ਦੁਰਵਰਤੋਂ ਦਾ ਮਾਮਲਾ ਹੈ। ਇਸ ਮਾਮਲੇ ਨੂੰ ਤਕਨੀਕ ਦੇ ਵਿਰੋਧ ਵਜੋਂ ਨਹੀਂ ਲਿਆ ਜਾਣਾ ਚਾਹੀਦਾ; ਕਿਉਂਕਿ ਜੇਕਰ ਅਸੀਂ ਤਰੱਕੀ ਦੀਆਂ ਪੌੜੀਆਂ ਦੇ ਡੰਡੇ ਹੀ ਤੋੜਨ ਵੱਲ ਹੋ ਤੁਰੇ ਤਾਂ ਫੇਰ ਮਨੁੱਖੀ ਵਿਕਾਸ ਦੇ ਰਾਹ ਵਿਚ ਰੋੜੇ ਅਟਕਾਅ ਰਹੇ ਹੋਵਾਂਗੇ। ਦਰਅਸਲ ਮਾਮਲਾ ਵਿਰੋਧ ਦਾ ਨਹੀਂ ਹੈ; ਮਾਮਲਾ ਹੈ ਤਕਨੀਕ ਦੀ ਦੁਰਵਰਤੋਂ ਨੂੰ ਰੋਕਣ ਦਾ। ਮੋਬਾਇਲ ਦੀ ਸਹੀ ਵਰਤੋਂ ਹੋਵੇ ਤਾਂ ਇਹ ਤੁਹਾਡਾ ਨਿੱਕਾ ਜਿਹਾ ਕੰਪਿਊਟਰ ਆਉਂਦੇ ਦਿਨਾਂ ’ਚ ਤੁਹਾਡਾ ਹਰ ਕੰਮ ਕਰਨ ਲਈ ਤੁਹਾਡੇ ਸਹਾਇਕ ਤੋਂ ਵੱਧ ਹੋਵੇਗਾ। ਬਹੁਤ ਛੇਤੀ ਹੀ ਮੋਬਾਇਲ ਫੋਨ ਤੁਹਾਡੇ ਪਛਾਣ-ਪੱਤਰ, ਕ੍ਰੈਡਿਟ ਕਾਰਡ, ਡੈਬਿਟ-ਕਾਰਡ, ਖਜਾਨਚੀ, ਪਰਸਨਲ ਸੈਕਟਰੀ, ਟੀ.ਵੀ. ਅਤੇ ਗਾਈਡ ਵਜੋਂ ਤੁਹਾਡੇ ਨਾਲ ਹੋਇਆ ਕਰਨਗੇ। ਪਰ ਅਜੋਕੀ ਤਸਵੀਰ ਬਹੁਤ ਹੀ ਭਿਅੰਕਰ ਹੈ। ਆਧੁਨਿਕ ਤਕਨਾਲੌਜੀ ਦੀ ਦੁਰਵਰਤੋਂ ਨੇ ਭਾਰਤੀ ਸਭਿਆਚਾਰ ਦੇ ਪਰਖਚੇ ਉਡਾ ਕੇ ਰੱਖ ਦਿੱਤੇ ਹਨ। ਮੁਕਾਬਲੇਬਾਜ਼ੀ ਦੀ ਅੰਨ੍ਹੀ ਦੌੜ ਵਿਚ ਗਲਤਾਨ ਟੀ.ਵੀ. ਚੈਨਲਾਂ ਤੋਂ ਬਾਅਦ ‘ਮੋਬਾਇਲ ਕ੍ਰਾਂਤੀ’ ਦਾ ਤੂਫ਼ਾਨ ਸਾਡਾ ਸਭ ਕੁੱਝ ਫੀਤਾ-ਫੀਤਾ ਕਰੀ ਜਾ ਰਿਹਾ ਹੈ। ਕੈਮਰਾ ਮੋਬਾਇਲ ਨੇ ਤਾਂ ਸਭ ਹੱਦਾਂ ਬੰਨ੍ਹੇ ਹੀ ਤੋੜ ਛੱਡੇ ਹਨ। ਪੂਰੀ ਦੀ ਪੂਰੀ ਅਸ਼ਲੀਲਤਾ ਦੀ ਮਾਰਕੀਟ ਸਜੀ ਪਈ ਹੈ ਅਤੇ ਸਾਡੇ ਨੌਜਵਾਨ ਤਾਂ ਨੌਜਵਾਨ ਸਕੂਲੀ ਬੱਚੇ ਵੀ ਇਸ ਮਾਰਕੀਟ ਦੀ ਦਲਦਲ ਵਿਚ ਲਗਾਤਾਰ ਧੱਸਦੇ ਜਾ ਰਹੇ ਹਨ। ਇਸਦੀ ਵੱਡੀ ਮਿਸਾਲ ਪਿਛਲੇ ਦਿਨੀ ਉਦੋਂ ਸਾਹਮਣੇ ਆਈ ਜਦੋਂ ਦਿੱਲੀ ਪਬਲਿਕ ਸਕੂਲ ਆਰ.ਕੇ. ਪੂਰਮ ਦੇ ਇਕ ਵਿਦਿਆਰਥੀ ਅਤੇ ਵਿਦਿਆਰਥਣ ਨੇ ਆਪਣੇ ਕੈਮਰਾ ਫੋਨ ’ਤੇ ਪੋਨੋਗ੍ਰਾਫ਼ਿਕ ਵੀਡੀਓ ਫਿਲਮ ਬਣਾਈ ਜੋ ਪੂਰੀ ਦਿੱਲੀ ਹੀ ਨਹੀਂ ਸਗੋਂ ਮੁਲਕ ਦੇ ਹੋਰਨਾਂ ਹਿੱਸਿਆਂ ਵਿਚ ਵੀ ਐਸ.ਐਮ.ਐਸ. ਰਾਹੀਂ ਦੇਖੀ ਗਈ।

ਅੱਜ ਦੀ ਤਰੀਕ ਵਿਚ ਮੋਬਾਇਲ ਫੋਨ ਅਸ਼ਲੀਲਤਾ ਦੇ ਬਾਜ਼ਾਰ ਦੇ ਇਕ ਨਾਯਾਬ ਹਥਿਆਰ ਵਜੋਂ ਸਾਹਮਣੇ ਆ ਰਿਹਾ ਹੈ। ਅਖੌਤੀ ਆਧੁਨਿਕਤਾ ਦੇ ਘੋੜੇ ’ਤੇ ਸਵਾਰ ਸਾਡਾ ਨੌਜਵਾਨ ਮੋਬਾਇਲ ਐਸ.ਐਮ.ਐਸ. ਰਾਹੀਂ ਅਸ਼ਲੀਲ ਤਸਵੀਰਾਂ ਹੀ ਨਹੀਂ ਬਲਿਊ ਫਿਲਮਾਂ ਤੱਕ ਦਾ ਅਦਾਨ-ਪ੍ਰਦਾਨ ਕਰਨ ਵਿਚ ਰੁੱਝਾ ਹੋਇਆ ਹੈ। ਇਹ ਕਿਸੇ ਵੀ ਤਕਨੀਕ ਦੀ ਦੁਰਵਰਤੋਂ ਦਾ ਸਿਖਰ ਹੈ। ਪਰ ਕੀ ਇੱਥੇ ਹੀ ਬੱਸ ਹੋ ਸਕਦੀ ਹੈ; ਸ਼ਾਇਦ ਨਹੀਂ, ਕਿਉਂਕਿ ਹਰ ਦਿਨ ਹਰ ਪਲ ਤਕਨੀਕ ਨਵੇਂ ਰਸਤੇ ਖੋਲ੍ਹ ਰਹੀ ਹੈ ਅਤੇ ਤਕਨੀਕ ਦੀ ਦੁਰਵਰਤੋਂ ਕਰਨ ਵਿਚ ਮਾਹਿਰ ਲੋਕ ਇਨ੍ਹਾਂ ਰਸਤਿਆਂ ’ਤੇ ਸਾਡੀ ਨੌਜਵਾਨ ਪੀੜੀ ਨੂੰ ‘ਅਲਫ ਨੰਗੇ’ ਦੌੜਾਈ ਜਾ ਰਹੇ ਹਨ; ਬਿਨਾਂ ਕਿਸੇ ਰੋਕ-ਟੋਕ ਦੇ। ਅਸ਼ਲੀਲਤਾ ਅਤੇ ਕਾਮੁਕਤਾ ਦੇ ਇਨ੍ਹਾਂ ਵਪਾਰੀਆਂ ਲਈ ਕਿਸੇ ਵੀ ਸਮਾਜ ਦਾ ਮੁੱਲ-ਵਿਧਾਨ ਕੋਈ ਅਰਥ ਨਹੀਂ ਰੱਖਦਾ। ਹਾਲਾਤ ਏਨੇ ਗੰਭੀਰ ਹਨ ਕਿ ‘ਮੋਬਾਇਲ ਬਾਕਸ’ ਅਸ਼ਲੀਲ ਲਤੀਫ਼ਿਆਂ, ਤਸਵੀਰਾਂ ਨਾਲ ਭਰੇ ਪਏ ਹਨ। ਇਸਤੋਂ ਇਲਾਵਾ ਮੁਲਕ ਵਿਚ ਬਲਿਊ ਫਿਲਮਾਂ ਦਾ ਕਾਰੋਬਾਰ ਧੜੱਲੇ ਨਾਲ ਚਲਾਇਆ ਜਾ ਰਿਹਾ ਹੈ। ਰੀਮਿਕਸ ਦੇ ਦੌਰ ਵਿਚ ਸਾਡੇ ਘਰਾਂ ਵਿਚ ਪਏ ਟੀ.ਵੀ. ਸੈਟਾਂ ਵਿਚੋਂ ਅਸਲੀਲਤਾ ਦਾ ਪੂਰੇ ਦਾ ਪੂਰਾ ਬਾਜ਼ਾਰ ਹਰ ਰੋਜ਼ ਖੁਲ੍ਹਦਾ ਹੈ ਪਰ ਅਸੀਂ ਬੇਬੱਸ ਦਿਖਾਈ ਦਿੰਦੇ ਹਾਂ।

ਭਲਾ ਨੈਤਿਕ ਗਿਰਵਾਟ ਦੀਆਂ ਹੋਰ ਕਿਹੜੀਆਂ ਖਾਈਆਂ ਬਾਕੀ ਹਨ; ਜਿੱਥੇ ਅਸੀਂ ਡਿੱਗਣਾ ਹੈ? ਇਸਦਾ ਸਹੀ-ਸਹੀ ਜੁਆਬ ਦੇਣਾ ਸ਼ਾਇਦ ਮੁਮਕਿਨ ਨਾ ਹੋਵੇ ਪਰ ਇਹ ਸਵਾਲ ਜ਼ਰੂਰ ਹੀ ਡੂੰਘੇ ਵਿਚਾਰ ਦੀ ਮੰਗ ਕਰਦਾ ਹੈ ਕਿ ਇਨ੍ਹਾਂ ਭਿਅੰਕਰ ਸਥਿਤੀਆਂ ਲਈ ਜ਼ੁੰਮੇਵਾਰ ਕੌਣ ਹੈ? ਦਰਅਸਲ, ਇਸ ਸਾਰੇ ਵਰਤਾਰੇ ਦੀ ਜੜ ਵਿਚ ਤਾਂ ਮਰਦ-ਪ੍ਰਧਾਨਗੀ ਵਾਲਾ ਸਮਾਜਕ ਤਾਣਾ-ਬਾਣਾ ਹੀ ਬੈਠਾ ਹੋਇਆ ਹੈ। ਸਾਡੀ ਘੋਰ ਇਸਤਰੀ ਵਿਰੋਧੀ ਸਮਾਜਕ ਬਣਤਰ ਦਾ ਹੀ ਲਾਭ ਉਠਾ ਕੇ ਕੌਮਾਂਤਰੀ ਵਪਾਰੀਆਂ ਨੇ ਦੇਸੀ ਵਪਾਰੀਆਂ ਦੀ ਮਿਲੀਭੁਗਤ ਨਾਲ ਭਾਰਤੀ ਇਸਤਰੀ ਦੀ ਅਸਮਤ ਹੀ ਦਾਅ ਉਪਰ ਲਗਾ ਦਿੱਤੀ ਹੈ। ਇਹੀ ਕਾਰਣ ਹੈ ਕਿ ਇਸਤਰੀ ਅੱਜ ਇਕ ਨਿਰੋਲ ‘ਵਿਕਾਊ ਸ਼ੈਅ’ ਬਣਾ ਦਿੱਤੀ ਗਈ ਹੈ। ਇਸ਼ਤਿਹਾਰਾਂ ਵਿਚ ਔਰਤ ਦਾ ਜਿਸਮ ਹੀ ਪ੍ਰਦਰਸ਼ਿਤ ਕੀਤਾ ਜਾਂਦਾ ਹੈ। ਵੱਡੀ ਮਿਸਾਲ ਪੰਜਾਬੀ ਗੀਤਾਂ ਦੇ ਫਿਲਮਾਂਕਣ ਦੀ ਹੀ ਲਈ ਜਾ ਸਕਦੀ ਹੈ; ਜਿਨ੍ਹਾਂ ’ਚ ਗੱਲ ਤਾਂ ਭਾਵੇਂ ਪਰਾਂਦੇ ਦੀ ਹੋ ਰਹੀ ਹੋਵੇ ਪਰ ਕੈਮਰਾ ਕਿੱਥੇ ਹੁੰਦਾ ਹੈ; ਇਹ ਦੱਸਣ ਦੀ ਲੋੜ ਨਹੀਂ ਹੈ। ਇਲੈਕਟ੍ਰਾਨਿਕ ਮੀਡੀਏ ਦੇ ਨਾਲ-ਨਾਲ ਪ੍ਰਿੰਟ ਮੀਡੀਏ ਵਿਚ ਵੀ ਇਨ੍ਹਾਂ ਵਪਾਰੀਆਂ ਦੀ ਤਕੜੀ ਘੁਸਪੈਠ ਦੇਖਣ ਵਿਚ ਆ ਰਹੀ ਹੈ। ਪੰਜਾਬੀ ਪਤੱਰਕਾਰਤਾ ਦੇ ਇਕ ਹਿੱਸੇ ਦਾ ‘ਤੋਰੀ-ਫੁਲਕਾ’ ਵੀ ਇਸੇ ਦੇ ਸਿਰ ’ਤੇ ਚੱਲ ਰਿਹਾ ਹੈ। ਸਾਡੀ ਨੌਜਵਾਨ ਮਾਨਸਿਕਤਾ ਨੂੰ ਅਸ਼ਲੀਲਤਾ ਦੇ ਇਸ ਮਿੱਠੇ ਜ਼ਹਿਰ ਦੇ ਟੀਕਿਆਂ ਨੇ ਲਗਭਗ ਰੋਗੀ ਹੀ ਬਣਾ ਧਰਿਆ ਹੈ। ਇਸੇ ਦੇ ਨਤੀਜੇ ਵਜੋਂ ਮੋਬਾਇਲੀ ਅਸ਼ਲੀਲਤਾ ਦੇ  ਬਾਜ਼ਾਰ ਦੀ ਚੜ੍ਹਤ ਹੋ ਰਹੀ ਹੈ।

ਅਖੀਰ ’ਚ ਇਹ ਗੱਲ ਲਾਜ਼ਮੀ ਕਰਨੀ ਬਣਦੀ ਹੈ ਕਿ ਜੇਕਰ ਅਸੀਂ ਤਕਨੀਕਾਂ ਦੀ ਸੁਚੱਜੀ ਵਰਤੋਂ ਕਰਨ ਦੇ ਤੌਰ-ਤਰੀਕੇ ਨਾ ਸਿੱਖੇ ਤਾਂ ਛੇਤੀ ਹੀ  ਸਾਰਾ ਮੁਲਕ ਮਾਨਸਿਕ ਰੋਗੀਆਂ ਦਾ ਮੁਲਕ ਹੋਵੇਗਾ। ਸ਼ਰਮ-ਹਯਾ ਜਾਂ ਅਦਬ-ਸਤਿਕਾਰ ਵਰਗੇ ਸ਼ਬਦ ਲੱਭਿਆਂ ਵੀ ਨਹੀਂ ਲੱਭਣਗੇ। ਵੱਡੀ ਗੱਲ ਤਾਂ ਭਾਵੇਂ ਤਕਨੀਕ ਦੀ ਵਰਤੋਂ ਕਰਨ ਵਾਲਿਆਂ ਦੇ ਖ਼ੁਦ ਇਸ ਪ੍ਰਤੀ ਜਾਗਰੂਕ ਹੋਣ ਦੀ ਹੈ ਪਰ ਜੇਕਰ ਸਾਡੇ ਘਰਾਂ, ਸਕੂਲਾਂ ਅਤੇ ਆਲੇ-ਦੁਆਲੇ ਤੋਂ ਸਾਡੀ ਨਵੀਂ ਪਨੀਰੀ ਨੂੰ ਕੋਈ ਸਹੀ ਦਿਸ਼ਾ ਮਿਲੇ ਤਦ ਹੀ ਸਾਡਾ ਕਲ੍ਹ ਸੁਰੱਖਿਅਤ ਰਹਿ ਸਕੇਗਾ। ਸਭ ਤੋਂ ਜ਼ਰੂਰੀ ਹੈ ਸਕੂਲਾਂ ਵਿਚ ਬੱਚਿਆਂ ਨੂੰ ਸੈਕਸ-ਸਿਖਿਆ ਦੇਣ ਦਾ ਸੁਯੋਗ ਪ੍ਰਬੰਧ ਕਰਨਾ। ਨਾਲ-ਦੀ ਨਾਲ ਮਾਪਿਆਂ ਨੂੰ ਵੀ ਆਪਣੇ ਬੱਚਿਆਂ ਨੂੰ ਸੈਕਸ-ਸਿਖਿਆ ਦੇਣ ਲਈ ਆਪਣੇ-ਆਪ ਨੂੰ ਤਿਆਰ ਕਰਨਾ ਪਵੇਗਾ। ਘਰਾਂ ਵਿਚ ਬੱਚਿਆਂ ਨਾਲ ਦੋਸਤਾਨਾਂ ਮਾਹੌਲ ਉਸਾਰਨਾ ਤਾਂ ਸਾਡਾ ਸਭ ਦਾ ਕੰਮ ਹੀ ਹੈ ਪਰ ਸਕੂਲਾਂ ਵਿਚ ਸੈਕਸ-ਸਿਖਿਆ ਦੇਣ ਦਾ ਪ੍ਰਬੰਧ ਕਰਨਾ ਅਤੇ ਯੋਗ ਢੰਗ ਤਰੀਕੇ ਲੱਭਣਾਂ ਸਰਕਾਰਾਂ ਦਾ ਕੰਮ ਹੈ। ਪਰ ਕੀ ਹਾਕਮਾਂ ਨੂੰ ਇਸ ਪਾਸੇ ਗੰਭੀਰਤਾ ਨਾਲ ਸੋਚਣ ਦੀ ਵਿਹਲ ਹੈ? ਇਹਦੇ ਬਾਰੇ ਤੁਸੀਂ ਵੀ ਸੋਚੋ ਜ਼ਰਾ। ਆਖਰੀ ਸਤਰ ਲਿਖਦਿਆਂ ਮੈਨੂੰ ਯਾਦ ਆਇਆ ਆਪਣੀ ਹੀ ਗ਼ਜ਼ਲ ਦਾ ਇਕ ਸ਼ਿਅਰ ਤੁਸੀਂ ਵੀ ਸੁਣੋ-

*‘ਪੌਣਾਂ ’ਤੇ ਕਰ ਸਵਾਰੀ ਆਈ ਜੋ ਤੇਰੇ ਦਰ ’ਤੇ*
*ਤਹਿਜ਼ੀਬ ਜਾਂਗਲੀ ਦੇ ਬੂਟੇ ਲਗਾ ਨਾ ਬੈਠੀਂ।’*

# ਭਾਜਪਾ ਬੇਲੋੜੀ ਪਾਰਟੀ ਹੋ ਜਾਏਗੀ ਪੰਜਾਬ 'ਚ



ਸਤਨਾਮ ਚਾਨਾ
vichar_manch@yahoo.com

ਪੰਜਾਬ ਵਿਚ ਵਾਪਰ ਰਹੀਆਂ ਸਮਾਜਿਕ ਅਤੇ ਰਾਜਨੀਤਿਕ ਤਬਦੀਲੀਆਂ, ਭਾਵੇਂ ਉਪਰਲੀ ਨਜ਼ਰੇ ਦੇਖਿਆਂ ਆਪਣੇ ਸਹੀ ਅਰਥਾਂ ਨੂੰ ਬਿਆਨ ਕਰਦੀਆਂ ਦਿਖਾਈ ਨਹੀਂ ਦਿੰਦੀਆਂ ਪਰ ਇਹ ਜਲਦੀ ਹੀ ਵਾਪਰਨ ਵਾਲੇ ਬਹੁਤ ਵੱਡੇ ਬਦਲਾਓ ਵੱਲ ਸੰਕੇਤ ਕਰਦੀਆਂ ਹਨ। ਸਮਾਜਿਕ ਚੇਤਨਾ ਵਿਚ ਗੁਣਾਤਮਕ ਤਬਦੀਲੀ ਦਾ ਪ੍ਰਵੇਸ਼ ਹੋ ਚੁੱਕਾ ਹੈ, ਜਿਸ ਦੇ ਰਾਜਨੀਤਿਕ ਪ੍ਰਭਾਵ ਸਾਹਮਣੇ ਆ ਰਹੇ ਨੇ, ਜਿਨ੍ਹਾਂ ਦੀ ਪਹਿਚਾਣ ਕਰ ਸਕਣਾ ਅਜੇ ਏਨਾ ਅਸਾਨ ਨਹੀਂ ਲੱਗਦਾ। ਅੱਜ ਇਹ ਗੱਲ ਆਖਣੀ ਕਿੰਨੀ ਖ਼ਤਰੇ ਭਰਪੂਰ ਅਤੇ ਅਸਲੋਂ ਹੀ ਓਪਰੀ ਲੱਗੇਗੀ ਕਿ ਭਾਰਤੀ ਜਨਤਾ ਪਾਰਟੀ ਪੰਜਾਬ ਲਈ, ਵਿਸ਼ੇਸ਼ ਕਰਕੇ ਹਿੰਦੂ ਭਾਈਚਾਰੇ ਲਈ ਬੇਲੋੜੀ ਹੋਂਦ ਬਣਕੇ ਰਹਿ ਜਾਏਗੀ। ਕਿਉਂਕਿ ਉਹ ਇਕ ਅਜਿਹੀ ਕੌਮੀ ਪਾਰਟੀ ਦਾ ਅੰਗ ਹੈ, ਜਿਹੜੀ ਕਾਂਗਰਸ ਪਾਰਟੀ ਤੋਂ ਬਾਅਦ ਦੂਜੀ ਜ਼ਬਰਦਸਤ ਕੌਮੀ ਪਾਰਟੀ ਹੈ।

ਉਸ ਨੇ ਦੇਸ਼ ਉਪਰ ਰਾਜ ਕੀਤਾ ਹੈ ਅਤੇ ਹੁਣ ਵੀ ਅੱਧੀ ਦਰਜਨ ਦੇ ਕਰੀਬ ਸੂਬਿਆਂ ਵਿਚ ਰਾਜ ਕਰਦੀ ਹੈ। ਕਮਿਊਨਿਸ਼ਟ ਪਾਰਟੀਆਂ ਨੂੰ ਛੱਡ ਕੇ ਇਕੋ ਇਕ ਕੇਡਰ-ਅਧਾਰਿਤ ਰਾਜਨੀਤਿਕ ਪਾਰਟੀ ਹੈ। ਇਸਦੀ ਆਪਣੀ ਵਿਚਾਰਧਾਰਾ ਹੈ, ਜਿਹੜੀ ਪ੍ਰਮੁੱਖ ਤੌਰ 'ਤੇ ਹਿੰਦੂਵਾਦ ਵਿਚ ਯਕੀਨ ਰੱਖਦੀ ਹੈ। ਇਸਦਾ ਪਿਛੋਕੜ ਵੀ ਉਪਰੋਕਤ ਧਾਰਨਾ ਦੀ ਪੁਸ਼ਟੀ ਕਰਨ ਵਾਲਾ ਨਹੀਂ, ਸਗੋਂ ਇਸਨੇ ਆਪਣੇ ਆਪ ਨੂੰ ਫੈਲਾਇਆ ਹੈ ਅਤੇ ਦੂਰ-ਦੂਰ ਤੱਕ ਆਪਣੇ ਪੈਰ ਲਾਉਣ ਅਤੇ ਪ੍ਰਫੁੱਲਤ ਹੋਣ ਦੇ ਯਤਨ ਕੀਤੇ ਹਨ। ਤਾਂ ਫਿਰ ਪੰਜਾਬ ਬਾਰੇ ਇਹ ਕਿੰਝ ਸੋਚਿਆ ਜਾ ਸਕਦਾ ਹੈ ਕਿ ਭਾਜਪਾ ਬੇਲੋੜੀ ਬਣਕੇ ਰਹਿ ਜਾਏਗੀ?

ਪਰ ਇਹ ਇਕ ਸੱਚਾਈ ਹੈ, ਭਾਵੇਂ ਕਿੰਨੀ ਵੀ ਭੱਦੀ ਕਿਉਂ ਨਾ ਲੱਗਦੀ ਹੋਵੇ। ਸ਼੍ਰੋਮਣੀ ਅਕਾਲੀ ਦਲ ਉਸ ਦੀ ਥਾਂ ਲੈ ਲਵੇਗਾ। ਇਹ ਕਿਸੇ ਰਾਜਨੀਤਿਕ ਜੋੜ-ਤੋੜ ਕਰਕੇ ਨਹੀਂ ਸਗੋਂ ਤੇਜ਼ੀ ਨਾਲ ਵਾਪਰ ਰਹੀਆਂ ਸਮਾਜਿਕ ਅਤੇ ਭਾਈਚਾਰਕ ਤਬਦੀਲੀਆਂ ਕਾਰਨ ਹੈ।

ਸੱਚ ਇਹ ਹੈ ਕਿ ਭਾਰਤੀ ਜਨਤਾ ਪਾਰਟੀ ਪੰਜਾਬ ਦੀ ਸ਼ਹਿਰੀ ਵਸੋਂ ਦੇ ਹਿੰਦੂ ਤਬਕੇ ਦੇ ਹਿੱਤਾਂ ਦੀ ਰਾਖੀ ਲਈ ਹੋਂਦ ਵਿਚ ਆਈ ਸੀ। ਉਸਨੇ ਆਪਣੀ ਸਾਰਥਕਤਾ ਸਿੱਧ ਕਰਨ ਲਈ ਹਿੰਦੂ ਵਿਚਾਰਧਾਰਾ ਨੂੰ ਆਪਣਾ ਆਧਾਰ ਬਣਾਇਆ ਤਾਂ ਜੋ ਪੰਜਾਬ ਦੀ ਸਮੁੱਚੀ ਵਸੋਂ ਵਿਚ ਵੱਖਰੇ ਸਭਿਆਚਾਰ ਦਾ ਸੰਗਠਨਾਤਮਕ ਰੂਪ ਉਭਾਰਿਆ ਜਾਵੇ। ਦੂਜਾ ਉਸ ਦਾ ਆਧਾਰ ਛੋਟੇ ਅਤੇ ਵੱਡੇ ਵਪਾਰ ਦੀ ਰਾਖੀ ਸੀ ਜਿਸ ਦਾ ਕਿ ਕਿਸਾਨੀ ਅਤੇ ਦਸਤਕਾਰੀ ਨਾਲ-ਨਾਲ ਟਕਰਾਓ ਪੈਦਾ ਹੁੰਦਾ ਸੀ। ਹਿੰਦੂਆਂ ਦਾ ਜਿਹੜਾ ਹਿੱਸਾ ਸਨਅਤ ਵਿਚ ਪ੍ਰਵੇਸ਼ ਕਰ ਗਿਆ ਸੀ, ਉਸ ਦੀ ਵਫਾਦਾਰੀ ਪ੍ਰਮੁੱਖ ਤੌਰ 'ਤੇ ਕਾਂਗਰਸ ਪਾਰਟੀ ਨਾਲ ਰਹੀ ਸੀ। ਤਾਂ ਵੀ ਕਾਂਗਰਸ ਪਾਰਟੀ ਦਾ ਹਿੰਦੂ ਭਾਈਚਾਰੇ ਵਿਚ ਆਧਾਰ ਸਨਅਤਕਾਰ ਹੀ ਨਹੀਂ ਸੀ ਸਗੋਂ ਪਿੰਡਾਂ ਅਤੇ ਕਸਬਿਆਂ ਦਾ ਦੁਕਾਨਦਾਰ ਵੀ ਸੀ, ਜਿਨ੍ਹਾਂ ਦਾ ਕਾਰੋਬਾਰੀ ਟਕਰਾਓ ਸ਼ਹਿਰੀ ਥੋਕ ਵਪਾਰੀਆਂ ਨਾਲ ਸੀ। ਕਾਂਗਰਸ ਪਾਰਟੀ ਦਾ ਦੂਜਾ ਠੋਸ ਆਧਾਰ ਦਲਿਤ ਵਰਗਾਂ ਵਿਚ ਸੀ। ਦਲਿਤ ਵਰਗ ਵਿਚਾਰਧਾਰਕ ਤੌਰ 'ਤੇ ਹੀ ਹਿੰਦੂ ਭਾਈਚਾਰੇ ਤੋਂ ਦੂਰ ਅਤੇ ਕਿਸਾਨੀ ਨਾਲ ਨੇੜਤਾ ਅਤੇ ਟਕਰਾਓ ਵਿਚ ਸਨ।

ਪਰੰਤੂ ਪਿਛਲੇ ਦੋ ਦਹਾਕਿਆਂ ਵਿਚ ਪ੍ਰਸਥਿਤੀਆਂ ਨਾਟਕੀ ਢੰਗ ਨਾਲ ਤਬਦੀਲ ਹੋ ਗਈਆਂ। ਵੱਡੇ ਪੈਮਾਨੇ 'ਤੇ ਕਿੱਤਿਆਂ ਵਿਚ ਤਬਦੀਲੀਆਂ ਆਈਆਂ ਅਤੇ ਆਬਾਦੀ ਵਿਚ ਫੇਰ ਬਦਲ ਹੋ ਗਿਆ। ਇਸ ਫੇਰ-ਬਦਲ ਦਾ ਸਭ ਤੋਂ ਵੱਧ ਪ੍ਰਭਾਵ ਸਮਾਜ ਦੇ ਉਸ ਹਿੱਸੇ ਉਪਰ ਪਿਆ, ਜਿਹੜਾ ਪੇਂਡੂ ਅਤੇ ਆਕਾਲੀ ਆਧਾਰ ਵਾਲਾ ਸੀ। ਕਿੱਤਿਆਂ ਦੀ ਤਬਦੀਲੀ ਨੇ ਉਨ੍ਹਾਂ ਦੇ ਦ੍ਰਿਸ਼ਟੀਕੋਣ ਨੂੰ ਵੀ ਪ੍ਰਭਾਵਿਤ ਕੀਤਾ। ਬੜਾ ਵੱਡਾ ਹਿੱਸਾ ਮੰਡੀ ਅਤੇ ਸਨਅਤ ਵਿਚ ਵੀ ਪ੍ਰਵੇਸ਼ ਕਰ ਗਿਆ। ਵਿਚਾਰਧਾਰਕ ਦ੍ਰਿਸ਼ਟੀਕੋਣ ਤੋਂ ਇਹ ਸਿੱਖ ਧਰਮ ਤੇ ਸਿੱਖ ਫਲਸਫੇ ਤੋਂ ਪ੍ਰਭਾਵਿਤ ਸੀ। ਹਿੰਦੂ, ਸਿੱਖ ਅਤੇ ਦਲਿਤ ਕਾਰੋਬਾਰੀਆਂ ਅਤੇ ਸੇਵਾਕਰਮੀਆਂ ਦੀ ਇਕ ਦੂਜੇ ਨਾਲ ਨੇੜਤਾ ਅਤੇ ਇਕ ਦੂਜੇ ਉਪਰ ਨਿਰਭਰਤਾ ਨੇ ਕੁਝ ਇਕ ਬੇਲੋੜੀਆਂ ਹੋ ਚੁੱਕੀਆਂ ਮਨਘੜ੍ਹਤ ਦੀਵਾਰਾਂ ਅਤੇ ਵਿਰੋਧਾਂ ਦੀਆਂ ਮਿੱਥਾਂ ਨੂੰ ਢੈਅ ਢੇਰੀ ਕਰ ਦਿੱਤਾ। ਧਰਮਾਂ ਜਾਂ ਫਿਰਕਿਆਂ ਦੇ ਦ੍ਰਿਸ਼ਟੀਕੋਣ ਅੱਗੇ ਵਰਗਾਂ ਦੇ ਦ੍ਰਿਸ਼ਟੀਕੋਣ ਨੇ ਕਈ ਸਵਾਲ ਖੜ੍ਹੇ ਕਰ ਦਿੱਤੇ। ਭਾਈਚਾਰਕ ਰਿਸ਼ਤਿਆਂ ਵਿਚ ਸਾਂਝੇ ਆਰਥਿਕ ਹਿੱਤਾਂ ਨੇ ਹੌਲੀ-ਹੌਲੀ ਆਪਣੀ ਮੱਹਤਵਪੂਰਨ ਥਾਂ ਬਣਾ ਲਈ। ਅਜਿਹੀ ਸਥਿਤੀ ਵਿਚ ਕਿਰਿਆਸ਼ੀਲਤਾ ਦੀ ਸਾਂਝ ਨੂੰ ਕਿਸੇ ਵੀ ਅਣਯਥਾਰਥਕ




ਦ੍ਰਿਸ਼ਟੀਕੋਣ ਨਾਲ ਰੋਕਿਆ ਨਹੀਂ ਜਾ ਸਕਦਾ ਸੀ। ਅਜਿਹੀ ਸਾਂਝੀ ਕਿਰਿਆਸ਼ੀਲਤਾ ਨੂੰ ਫਿਰਕਾਪ੍ਰਸਤੀ ਤਾਂ ਨਹੀਂ ਰੋਕ ਸਕਦੀ ਸੀ, ਜਿਸਦਾ ਮੁੱਢਲਾ ਕਾਰਜ ਦੁਫੇੜ ਪਾਉਣਾ ਹੁੰਦਾ ਹੈ। ਇਹ ਪੰਜਾਬ ਵਿਚ ਹੋਏ ਆਰਥਿਕ, ਤਕਨੀਕੀ ਤੇ ਪ੍ਰਸ਼ਾਸਨਕ ਵਿਕਾਸ ਦੀ ਦੇਣ ਸੀ।

ਕੁਦਰਤੀ ਹੈ ਕਿ ਇਸ ਦਾ ਰਾਜਨੀਤਿਕ ਪ੍ਰਗਟਾਵਾ ਵੀ ਹੋਣਾ ਹੀ ਸੀ। ਜਿਸ ਦਾ ਪਹਿਲਾ ਪੜਾਅ, ਪਹਿਲੇ ਰਾਜਨੀਤਿਕ ਢਾਂਚਿਆਂ ਦਾ ਟੁੱਟਣਾ ਅਤੇ ਦੂਜਾ ਪੜਾਅ ਨਵੇਂ ਰਾਜਨੀਤਿਕ ਢਾਂਚਿਆਂ ਦਾ ਹੋਂਦ ਵਿਚ ਆਉਣਾ ਸੀ। ਇਹ ਹੀ ਕਾਰਨ ਹੈ ਕਿ ਟੁੱਟ ਰਹੇ ਸਮਾਜਿਕ ਪ੍ਰਬੰਧਾਂ ਨੂੰ ਠੱਲ ਪਾਉਣ ਦਾ ਯਤਨ ਕਰਨ ਵਾਲੇ ਸੰਗਠਨ ਹੋਂਦ ਵਿਚ ਆਏ। ਉਹ ਤਬਦੀਲੀ ਦੀ ਦੇਣ ਸਨ ਪਰੰਤੂ ਆਪਣੇ ਪਿਛੋਕੜ ਨਾਲ ਚੁੰਬੜੇ ਰਹਿਣ ਦੇ ਯਤਨਾਂ ਵਿਚ ਸਨ। ਅਜਿਹੀਆਂ ਹੋਂਦਾਂ ਵਿਰੋਧਾਤਾਈਆਂ ਦੇ ਵਾਤਾਵਰਨ ਵਿਚ ਲੰਬੀ ਦੇਰ ਤੱਕ ਕਾਇਮ ਨਹੀਂ ਰਹਿ ਸਕਦੀਆਂ, ਜਿਸ ਕਰਕੇ ਉਨ੍ਹਾਂ ਦਾ ਖਿੰਡਰਾਓ ਹੀ ਉਨ੍ਹਾਂ ਦਾ ਲਾਜ਼ਮੀ ਭਵਿੱਖ ਹੁੰਦਾ ਹੈ। ਇਸ ਕਰਕੇ ਜਾਤਾਂ ਅਤੇ ਫਿਰਕਿਆਂ ਦੇ ਦ੍ਰਿਸ਼ਟੀਕੋਣ ਤੋਂ ਬਣਿਆ ਕੋਈ ਵੀ ਸੰਗਠਨ ਜਿਸ ਦੇ ਪੈਰ ਭਵਿੱਖ ਵੱਲ ਚੱਲ ਰਹੇ ਹੋਣ ਅਤੇ ਦ੍ਰਿਸ਼ਟੀ ਪਿਛੋਕੜ ਵੱਲ ਦੇਖ ਰਹੀ ਹੋਵੇ, ਨਾ ਕੇਵਲ ਜਿਉਂਦਾ ਹੀ ਨਹੀਂ ਰਹਿ ਸਕਦਾ, ਸਗੋਂ ਉਸ ਦੀ ਉਮਰ ਬਹੁਤ ਘੱਟ ਹੁੰਦੀ ਹੈ। ਇਹ ਕੇਵਲ, ਹੋਂਦ ਵਿਚ ਆਉਂਦੇ ਨਵੇਂ ਸੰਗਠਨਾਂ ਲਈ ਹੀ ਸੱਚ ਨਹੀਂ ਹੁੰਦਾ ਸਗੋਂ ਨਿਰੰਤਰ ਚਲੇ ਆ ਰਹੇ ਉਨ੍ਹਾਂ ਵੱਡੇ ਛੋਟੇ ਸੰਗਠਨਾਂ ਲਈ ਵੀ ਸੱਚ ਹੁੰਦਾ ਹੈ ਜੋ ਬਦਲੀਆਂ ਹੋਈਆਂ ਪ੍ਰਸਥਿਤੀਆਂ ਦੀ ਪ੍ਰਤੀਨਿਧਤਾ ਨਹੀਂ ਕਰ ਸਕਦੇ।

ਇਸ ਪ੍ਰਸੰਗ ਵਿਚ ਜਦੋਂ ਪੰਜਾਬ ਦੇ ਸਿਆਸੀ ਘਟਨਾ ਕ੍ਰਮ ਦਾ ਇਤਿਹਾਸ ਦੇਖਦੇ ਹਾਂ ਤਾਂ ਕਈ ਉਲਝਣਾ ਸੁਲਝਦੀਆਂ ਨਜ਼ਰ ਆਉਂਦੀਆਂ ਹਨ। ਸਾਡੇ ਸਾਹਮਣੇ ਇਕ ਪ੍ਰਸ਼ਨ ਉਤਪੰਨ ਹੁੰਦਾ ਹੈ ਕਿ ਕੀ ਪੰਜਾਬ ਦੀਆਂ ਬਦਲੀਆਂ ਹੋਈਆਂ ਸਮਾਜਿਕ ਆਰਥਿਕ ਅਤੇ ਜਨਵਾਸ ਪਰਿਵਰਤ ਦੀਆਂ ਪ੍ਰਸਥਿਤੀਆਂ ਦੀ, ਪੰਜਾਬ ਦੀਆਂ ਸਿਆਸੀ ਪਾਰਟੀਆਂ ਪ੍ਰਤੀਨਿਧਤਾ ਕਰਦੀਆਂ ਹਨ। ਉਨ੍ਹਾਂ ਦੀ ਸਾਰਥਿਕਤਾ ਨੂੰ ਮਾਪਣ ਦਾ ਇਹੋ ਹੀ ਕਾਰਗਰ ਤਰੀਕਾ ਹੈ ਜਿਸ ਨੂੰ ਸਧਾਰਨ ਸ਼ਬਦਾਂ ਵਿਚ ਸਮੇਂ ਦੇ ਹਾਣ ਦਾ ਹੋਣਾ ਆਖ ਸਕਦੇ ਹਾਂ। ਇਹ ਜਾਨਣ ਵਾਸਤੇ, ਉਦਾਹਰਣ ਵਜੋਂ, ਵੱਡੀਆਂ ਪਾਰਟੀਆਂ ਦੇ ਕਿਰਦਾਰ ਉਪਰ ਸਰਸਰੀ ਨਜ਼ਰ ਮਾਰ ਸਕਦੇ ਹਾਂ।

ਪੰਜਾਬ ਵਿਚ ਕਾਂਗਰਸ ਪਾਰਟੀ ਦਾ ਜਿਊਂਦੇ ਰਹਿਣ ਦੀ ਵਜ੍ਹਾ ਕੇਵਲ ਅਜਿਹੇ ਸਿਆਸੀ ਸੰਗਠਨ ਦਾ ਹਿੱਸਾ ਹੋਣਾ ਹੈ ਜਿਹੜੀ ਸੰਸਾਰ ਵਿਆਪੀ ਦ੍ਰਿਸ਼ਟੀਕੋਣ ਤੋਂ ਅਧੁਨਿਕਤਾ ਅਤੇ ਉਤਰ-ਅਧੁਨਿਕਤਾ ਦੀ ਪੈੜ ਦੱਬਦਿਆਂ ਚੱਲਣ ਦੇ ਯਤਨਾਂ ਵਿਚ ਹੈ ਅਤੇ ਪਾਰਟੀ ਦੀ ਪੰਜਾਬ ਸ਼ਾਖਾ ਦੀਆਂ ਜੇਕਰ ਆਪਣੀਆਂ ਵੱਖਰੀਆਂ ਨੀਤੀਆਂ ਨੂੰ ਨਿਖੇੜ ਕੇ ਦੇਖਣਾ ਹੋਵੇ, ਜਿਹੜੀਆਂ ਪੰਜਾਬ ਦੀਆਂ ਵਿਸ਼ੇਸ਼ ਪ੍ਰਸਥਿਤੀਆਂ ਦੇ ਸੰਦਰਭ ਵਿਚ ਹੋਣ ਤਾਂ ਸ਼ਾਇਦ ਪਛਾਣ ਕਰਨੀ ਔਖੀ ਹੋ ਜਾਵੇ। ਰਾਜਨੀਤਿਕ ਪੱਧਰ ਉਪਰ ਵੀ ਅਤੇ ਜਥੇਬੰਦਕ ਪੱਧਰ ਉਪਰ ਵੀ ਕਾਰਪੋਰੇਟ ਦ੍ਰਿਸ਼ਣੀਕੋਣ ਦੇ ਸੰਚੇ ਵਿਚ ਢਲ ਚੁੱਕੀ ਪਾਰਟੀ ਨਜ਼ਰ ਆਉਂਦੀ ਹੈ।

ਜੋ ਸਮਾਜਿਕ ਤਬਦੀਲੀਆਂ ਪੰਜਾਬ ਦੇ ਸਮਾਜਿਕ ਢਾਂਚੇ ਵਿਚ ਹੋਈਆਂ ਉਸ ਦਾ ਝਲਕਾਰਾ ਪਾਰਟੀ ਦੀ ਬਣਤਰ ਵਿਚ ਨਹੀਂ ਦੇਖਿਆ ਜਾ ਸਕਦਾ। ਪੰਜਾਬ ਦਾ ਸਮਾਜ ਬਹੁਤ ਹੀ ਤੇਜ਼ ਟੁੱਟ ਭੱਜ ਵਿਚੋਂ ਗੁਜ਼ਰ ਰਿਹਾ ਹੈ। ਪਰੰਤੂ ਪਾਰਟੀ ਵਿਚ ਉਸਦਾ ਅਕਸ ਨਜ਼ਰ ਨਹੀਂ ਆਉਂਦਾ। ਕਾਂਗਰਸ ਪਾਰਟੀ ਜਥੇਬੰਦਕ ਬਣਤਰ ਵਿਚ ਵੀ ਕਾਰਪੋਰੇਟ ਲਹਿਜ਼ਾ ਅਪਣਾ ਚੁੱਕੀ ਹੈ। ਬੀ.ਐਸ.ਪੀ. ਸਮਾਜਿਕ ਪਰਿਵਰਤਨ ਦੀ ਉਪਜ ਹੈ। ਵਿਕਾਸ ਵੱਲੋਂ ਪੈਦਾ ਕੀਤੇ ਨਵੇਂ ਵਰਗਾਂ ਦਾ ਇਹ ਰਾਜਨੀਤਿਕ ਪ੍ਰਗਟਾਵਾ ਹੈ ਪਰੰਤੂ ਵਿਚਾਰਧਾਰਕ ਦ੍ਰਿਸ਼ਟੀਕੋਣ ਤੋਂ ਜਾਤਾਂ ਦੇ ਫਲਸਫੇ ਤੋਂ ਪ੍ਰਭਾਵਿਤ ਹੈ। ਇਸ ਕਰਕੇ ਇਸ ਦੇ ਹੋਂਦ ਵਿਚ ਆਉਣ ਦਾ ਸਬੱਬ ਦਲਿਤ ਸਮਾਜ ਵਿਚ ਨਵੇਂ ਵਰਗਾਂ ਦਾ ਪੈਦਾ ਹੋਣਾ ਹੈ। ਪਰੰਤੂ ਪੰਜਾਬ ਦੇ ਸਮੁੱਚੇ ਸਮਾਜ ਵਿਚ ਵਾਪਰੀਆਂ ਤਬਦੀਲੀਆਂ ਨੂੰ ਇਹ ਪ੍ਰਤੀਨਿੱਧ ਨਹੀਂ ਕਰਦੀ ਅਤੇ ਨਾ ਹੀ ਅਜਿਹਾ ਕਰਨ ਦੀਆਂ ਕੋਸ਼ਿਸ਼ਾਂ ਹੀ ਨਜ਼ਰ ਆ ਰਹੀਆਂ ਹਨ।

ਵਰਤਮਾਨ ਪ੍ਰਸਥਿਤੀਆਂ ਵਿਚ ਵਰਤਮਾਨ ਨੀਤੀਆਂ ਅਤੇ ਵਰਤਮਾਨ ਦ੍ਰਿਸ਼ਟੀਕੋਣ ਨਾਲ ਇਸ ਦਾ ਭਵਿੱਖ ਉਜਲ ਨਹੀਂ ਸਮਝਿਆ ਜਾ ਸਕਦਾ। ਸਗੋਂ ਇਸ ਦੇ ਉਲਟ ਦਲਿਤ ਵਰਗ, ਸਮਾਜ ਵਿਚ ਹੋਈ ਘੁਲਮਿਲਾਹਟ ਵਾਂਗ ਹੀ ਦੂਜੇ ਰਾਜਨੀਤਿਕ ਸੰਗਠਨਾਂ ਵਿਚ ਹੀ ਵਲੀਨ ਹੋ ਜਾਏਗਾ। ਇੰਝ ਪ੍ਰਤੀਤ ਨਹੀਂ ਹੋ ਰਿਹਾ ਕਿ ਬੀ.ਐਸ.ਪੀ. ਦਾ ਪੰਜਾਬ ਯੂਨਿਟ ਸਮਾਜ ਦੇ ਵੱਖ-ਵੱਖ ਭਾਈਚਾਰਿਆਂ ਦੇ ਦਲਿਤ ਵਰਗਾਂ ਦੇ ਹਿੱਤਾਂ ਦੀ ਰਾਖੀ ਦਾ ਇਰਾਦਾ ਰੱਖਦਾ ਹੈ। ਦੂਜੇ ਪਾਸੇ ਭਾਰਤੀ ਜਨਤਾ ਪਾਰਟੀ ਪੰਜਾਬ 'ਚ ਵਸਦੇ ਹਿੰਦੂਆਂ ਦੀ ਭਾਵਨਾਤਮਕ ਪ੍ਰਤੀਨਿਧ ਬਣਨ ਦੇ ਹੀ ਯਤਨਾਂ ਵਿਚ ਰਹਿੰਦੀ ਹੈ। ਉਹ ਭਾਵੇਂ ਅਜਿਹਾ ਸੋਚਣ ਦਾ ਯਤਨ ਕਰ ਰਹੀ ਹੈ ਕਿ ਪੰਜਾਬ 'ਚ ਉਸ ਦਾ ਪਸਾਰ ਦੂਜੇ ਵਰਗਾਂ ਵਿਚ ਵੀ ਹੋਵੇ ਪਰੰਤੂ ਨਜ਼ਰੀਆ ਫਿਰਕੂ ਹੀ ਹੈ। ਦੂਜੇ ਭਾਈਚਾਰਿਆਂ ਦੇ ਜੇਕਰ ਕੁਝ ਨਿੱਜੀ ਵਿਅਕਤੀ ਇਸ ਵਿਚ ਸ਼ਾਮਿਲ ਹੋਏ ਵੀ ਹਨ ਤਾਂ ਉਹ ਆਪਣੇ ਭਾਈਚਾਰੇ ਦੇ ਪ੍ਰਤੀਨਿਧ ਵਜੋਂ ਆਪਣੇ ਆਪ ਨੂੰ ਉਭਾਰ ਨਹੀਂ ਸਕੇ। ਉਨ੍ਹਾਂ ਦਾ ਅਕਸ ਨਿੱਜੀ ਹੀ ਰਿਹਾ ਜਿਵੇਂ ਨਿੱਜੀ ਹਿੱਤ ਵਾਸਤੇ ਪਾਰਟੀ ਵਿਚ ਹੀ ਗਏ ਹੋਣ। ਇਹ ਹੀ ਕਾਰਨ ਹੈ ਕਿ ਉਹ ਸ਼੍ਰੋਮਣੀ ਅਕਾਲੀ ਦਲ ਦੀ ਸੰਗਤ ਵਿਚ ਏਨੀ ਲੰਬੀ ਦੇਰ ਰਹਿਣ ਦੇ ਬਾਵਜੂਦ ਸਿੱਖਾਂ ਅਤੇ ਦਲਿਤਾਂ ਦੇ ਛੋਟੇ ਤੋਂ ਛੋਟੇ ਹਿੱਸੇ ਨੂੰ ਵੀ ਪ੍ਰਭਾਵਿਤ ਨਹੀਂ ਕਰ ਸਕੀ ਜਿਹੜੇ ਗਰੁੱਪਾਂ ਦੇ ਰੂਪ ਵਿਚ ਭਾਜਪਾ ਦੇ ਦ੍ਰਿਸ਼ਟੀਕੋਣ, ਸਮਾਜਿਕ ਅਤੇ ਆਰਥਿਕ ਪ੍ਰੋਗਰਾਮ ਤੋਂ ਪ੍ਰਭਾਵਿਤ ਹੋਏ ਹੋਣ। ਇਸ ਕਰਕੇ ਸਮਾਜਿਕ ਪਰਿਵਰਤਨ ਦੇ ਅਨੁਕੂਲ ਹੋਣਾ ਭਾਰਤੀ ਜਨਤਾ ਪਾਰਟੀ ਦੇ ਵੱਸ ਵਿਚ ਨਹੀਂ ਹੈ। ਉਸਨੂੰ ਹੋ ਚੁੱਕੇ ਅਤੇ ਹੋ ਰਹੇ ਸਮਾਜਿਕ ਘੁਲਮਿਲਾਹਟ ਦਾ ਅਹਿਸਾਸ ਤੱਕ ਨਹੀਂ। ਇਸ ਕਰਕੇ ਨੇੜ ਭਵਿੱਖ ਵਿਚ ਹੀ ਉਸਦੇ ਆਧਾਰ ਦਾ ਪੰਜਾਬ ਦੀਆਂ ਵੱਖ-ਵੱਖ ਪਾਰਟੀਆਂ ਵਿਚ ਖਿੰਡ ਜਾਣਾ ਕੋਈ ਸੁਪਨਾ ਨਹੀਂ ਸਗੋਂ ਹਕੀਕਤ ਜਾਪ ਰਿਹਾ ਹੈ।

ਪਾਰਟੀ ਜਿਸ ਨੇ ਪਰਿਵਰਤਨਸ਼ੀਲ ਪ੍ਰਸਥਿਤੀਆਂ ਨੂੰ ਸਾਹਮਣੇ ਰੱਖਕੇ ਅਪਣੇ ਆਪ ਨੂੰ ਸਭ ਤੋਂ ਵਧੇਰੇ ਤਬਦੀਲ ਕੀਤਾ ਹੈ, ਉਹ ਸ਼੍ਰੋਮਣੀ ਅਕਾਲੀ ਦਲ ਹੈ। ਉਸਨੇ ਆਪਣਾ ਅਕਸ ਫਿਰਕਾਪ੍ਰਸ਼ਤੀ ਤੋਂ ਉਭਾਰਿਆ ਹੈ ਅਤੇ ਕਿਸੇ ਵੇਲੇ ਇਹ ਸਿੱਖਾਂ ਦੀ ਹੀ ਪਾਰਟੀ ਬਣੇ ਰਹਿਣਾ ਚਾਹੁੰਦੀ ਸੀ। ਜੇਕਰ ਸੱਠਵਿਆਂ ਵਾਲੇ ਅਕਾਲੀ ਦਲ ਦਾ ਦ੍ਰਿਸ਼ਟੀਕੋਣ ਹੁਣ ਵਾਲਾ ਹੁੰਦਾ ਤਾਂ ਪੰਜਾਬ ਦੀ ਭੂਗੋਲਿਕ ਸ਼ਕਲ ਵੀ ਹੁਣ ਨਾਲੋਂ ਵੱਖਰੀ ਹੁੰਦੀ। ਜਿੰਨੀ ਤਿੱਖੀ ਤਬਦੀਲੀ ਅਕਾਲੀ ਦਲ ਵਿਚ ਦੇਖੀ ਜਾ ਸਕਦੀ ਹੈ, ਓਨੀ ਪੰਜਾਬ ਦੀ ਦੂਜੀ ਕਿਸੇ ਪਾਰਟੀ ਵਿਚ ਨਜ਼ਰ ਨਹੀਂ ਆਉਂਦੀ। ਇਸ ਨੇ ਜਾਤਾਂ ਅਤੇ ਫਿਰਕਿਆਂ ਦੀ ਭਾਵਨਾ ਨੂੰ ਵਿਗਿਆਨਕ ਨਜ਼ਰੀਏ ਤੋਂ ਸਮਝਿਆ ਪ੍ਰਤੀਤ ਹੁੰਦਾ ਹੈ। ਸਿਆਸਤ ਦੇ ਆਮ ਮਿਆਰਾਂ ਅਨੁਸਾਰ ਭਾਰਤੀ ਜਨਤਾ ਪਾਰਟੀ ਨੂੰ ਇਕ ਕੌਮੀ ਅਤੇ ਅਨੁਸ਼ਾਸਿਤ ਪਾਰਟੀ ਹੁੰਦਿਆਂ, ਅਕਾਲੀ ਦਲ ਨੂੰ ਹੁਣ ਤੱਕ ਸਮੇਟ ਕੇ ਸੁਕੇੜ ਦੇਣਾ ਚਾਹੀਦਾ ਸੀ ਪਰੰਤੂ ਨਤੀਜਾ ਇਸ ਦੇ ਉਲਟ ਨਿਕਲਿਆ ਹੈ।

ਇਹ ਸ਼ਾਇਦ ਅਕਾਲੀ ਦਲ ਵੱਲੋਂ ਤਬਦੀਲ ਕੀਤੇ ਗਏ ਦ੍ਰਿਸ਼ਟੀਕੋਣ ਦਾ ਨਤੀਜਾ ਹੈ। ਉਹ ਇਹ ਸਾਬਤ ਕਰਨ ਵਿਚ ਸਫਲ ਹੋਈ ਹੈ ਕਿ ਉਹ ਨਾ ਕੇਵਲ ਸਿੱਖਾਂ ਸਗੋਂ ਦਲਿਤਾਂ ਅਤੇ ਹਿੰਦੂਆਂ ਦੇ ਹਿੱਤਾਂ ਦੀ ਵੀ ਰਾਖੀ ਕਰਨ ਦੇ ਸਮਰੱਥ ਹੈ। ਵਿਧਾਨ ਸਭਾ ਦੀਆਂ ਚੋਣਾਂ ਅਤੇ ਹਾਲ ਹੀ ਵਿਚ ਹੋਈਆਂ ਨਿਗਮਾਂ ਦੀਆਂ ਚੋਣਾਂ ਵਿਚ ਵੀ ਜਿਹੜਾ ਦ੍ਰਿਸ਼ਟੀਕੋਣ ਅਕਾਲੀ ਦਲ ਨੇ ਅਪਣਾਇਆ ਸੀ, ਉਸ ਦੇ ਨਤੀਜੇ ਉਸ ਵਾਸਤੇ ਲਾਹੇਵੰਦ ਰਹੇ ਹਨ। ਇਹ ਆਖ ਲੈਣ ਨਾਲ ਹੀ ਸਥਿਤੀ ਸਮੱਸ਼ਟ ਨਹੀਂ ਹੋ ਜਾਏਗੀ ਕਿ ਅਕਾਲੀ ਦਲ ਸ਼ਹਿਰਾਂ ਦੀ ਸਭ ਤੋਂ ਵੱਡੀ ਪਾਰਟੀ ਬਣ ਕੇ ਉਭਰੀ ਹੈ। ਹਕੀਕਤ ਨੂੰ ਸਮਝਣ ਦਾ ਇਹ ਇਕ ਅੱਖੜ ਤਰੀਕਾ ਹੈ। ਉਸਨੇ ਸਭ ਤੋਂ ਵੱਧ ਦਲਿਤ ਅਤੇ ਵੱਡੀ ਗਿਣਤੀ ਵਿਚ ਹਿੰਦੂ ਆਪਣੇ ਬੈਨਰ ਹੇਠ, ਵਿਧਾਨ ਸਭਾ ਵਿਚ ਲਿਆਂਦੇ ਹਨ।

ਅਕਾਲੀ ਦਲ ਆਪਣਾ ਅਕਸ ਇਸ ਤਰ੍ਹਾਂ ਦਾ ਪੇਸ਼ ਕਰਨ ਵਿਚ ਸਫਲ ਹੋਇਆ ਹੈ ਕਿ ਉਹ ਪੰਜਾਬ ਦੀ ਵਰਤਮਾਨ ਸਮਾਜਿਕ ਰਚਨਾ ਦੇ ਅਨੁਕੂਲ ਆਪਣਾ ਜਥੇਬੰਦਕ ਢਾਂਚਾ ਬਣਾ ਸਕਿਆ ਹੈ ਅਤੇ ਇਸਦੇ ਅਨੁਕੂਲ ਦ੍ਰਿਸ਼ਟੀਕੋਣ ਅਪਣਾ ਸਕਿਆ ਹੈ। ਹਾਲਾਂਕਿ ਪਿਛਲੇ ਦਿਨਾਂ ਵਿਚ ਦਰਬਾਰ ਸਾਹਿਬ ਕੰਪਲੈਕਸ ਵਿਚ ਉਸਾਰਿਆ ਗਿਆ ਵਾਤਾਵਰਨ ਇਕ ਵਾਰ ਫਿਰ ਭੈਅ ਦਾ ਮਾਹੌਲ ਪੈਦਾ ਕਰਦਾ ਹੈ। ਇਸ ਵਿਚ ਅਕਾਲੀ ਦਲ ਦੀ ਮਰਜ਼ੀ ਸਪੱਸ਼ਟ ਨਜ਼ਰ ਆਉਂਦੀ ਹੈ। ਪਰੰਤੂ ਸੁਖਬੀਰ ਸਿੰਘ ਬਾਦਲ ਦਾ ਇਹ ਕਹਿ ਦੇਣਾ ਕਿ ਸਰਕਾਰ ਦਾ ਇਸ ਨਾਲ ਕੋਈ ਸਬੰਧ ਨਹੀਂ ਵੱਡੀ ਤਬਦੀਲੀ ਨੂੰ ਹੀ ਉਜ਼ਾਗਰ ਕਰਦਾ ਹੈ ਭਾਵੇਂ ਕਿ ਇਸਨੂੰ ਸਿਆਸੀ ਹਲਕਿਆਂ ਵੱਲੋਂ ਝੂਠੇ ਮਨ ਦੀ ਹੀ ਗੱਲ ਹੀ ਪੇਸ਼ ਕੀਤਾ ਜਾ ਰਿਹਾ ਹੈ। ਜੇਕਰ ਇਹ ਵਿਚਾਰਧਾਰਕ ਅਤੇ ਰਾਜਨੀਤਿਕ ਤਬਦੀਲੀ ਨਹੀਂ ਤਾਂ ਤਬਦੀਲੀ ਦੇ ਵਾਪਰਨ ਦੀ ਉਮੀਦ ਜ਼ਰੂਰ ਜਗਾਉਂਦਾ ਹੈ।

ਇਥੇ ਸਭ ਤੋਂ ਮਹੱਤਵਪੂਰਨ ਇਹ ਹੈ ਕਿ ਪੰਜਾਬ ਦੇ ਸਿਆਸੀ ਮੰਚ ਤੋਂ ਭਾਜਪਾ ਦਾ ਅਲੋਪ ਹੋ ਜਾਣਾ ਯਕੀਨੀ ਬਣਦਾ ਜਾ ਰਿਹਾ ਹੈ। ਪੰਜਾਬ ਦਾ ਹਿੰਦੂ ਵੀ ਆਪਣੀ ਚਾਲੇ ਹਿੰਦੂ ਫਿਰਕਾਪ੍ਰਸਤੀ ਤੋਂ ਦੂਰ ਹੋਣ ਦੇ ਯਤਨਾਂ ਵਿਚ ਹੈ। ਇਕ ਇਹ ਅਹਿਸਾਸ ਵੀ ਵਧਦਾ ਜਾ ਰਿਹਾ ਹੈ ਕਿ ਸ਼ਹਿਰੀ ਹਿੰਦੂ ਜਿਹੜੇ ਆਪਣੀ ਸੁਰੱਖਿਆ ਭਾਜਪਾ ਵਿਚ ਮਹਿਸੂਸ ਕਰਦੇ ਰਹੇ ਹਨ, ਉਨ੍ਹਾਂ ਨੂੰ ਅਕਾਲੀ ਦਲ ਵਧੇਰੇ ਸਹਾਈ ਰਹਿ ਸਕਦਾ ਹੈ ਅਤੇ ਅਕਾਲੀ ਦਲ ਅੰਦਰ ਹੀ ਉਨ੍ਹਾਂ ਦਾ ਯੋਗ ਸਥਾਨ ਬਣ ਸਕਦਾ ਹੈ।

ਇਥੇ ਇਹ ਸਵਾਲ ਅਤਿਅੰਤ ਮਹੱਤਵਪੂਰਨ ਹੈ ਕਿ ਪੰਜਾਬ ਵਿਚ ਭਾਜਪਾ ਦੇ ਬਰਕਰਾਰ ਰਹਿਣ ਦਾ ਕਿਹੜਾ ਆਧਾਰ ਬਚਿਆ ਹੋਇਆ ਹੈ। ਇਕ ਰਾਜਨੀਤਿਕ ਸੰਗਠਨ ਵਜੋਂ ਸਮਾਜ ਦੇ ਕਿਹੜੇ ਹਿੱਸੇ ਦੇ ਹਿੱਤਾਂ ਦੀ ਰਾਖੀ ਕਰਨ ਵਾਸਤੇ ਇਹ ਕਾਇਮ ਰਹੇਗੀ, ਜਿਸ ਦੇ ਹਿੱਤਾਂ ਨੂੰ ਕੋਈ ਹੋਰ ਸੁਰੱਖਿਅਤ ਨਹੀ ਰੱਖ ਸਕਦੀ। ਅਜਿਹਾ ਕੁਝ ਵੀ ਨਹੀਂ ਹੈ। ਇਸ ਕਰਕੇ ਯਕੀਨੀ ਬਣਦਾ ਜਾ ਰਿਹਾ ਹੈ ਕਿ ਭਾਜਪਾ ਦਾ ਸਾਰਾ ਹਿੰਦੂ ਆਧਾਰ ਕਾਂਗਰਸ ਪਾਰਟੀ ਅਤੇ ਅਕਾਲੀ ਦਲ ਵਿਚ ਹੀ ਵੰਡ ਹੋ ਜਾਏਗਾ ਅਤੇ ਉਹ ਕੋਈ ਵੀ ਭੂਮਿਕਾ, ਪੰਜਾਬ 'ਚ ਨਿਭਾਉਣ ਦੇ ਸਮਰੱਥ ਨਹੀਂ ਰਹਿ ਜਾਏਗੀ। ਇਕ ਕੌਮੀ ਪਾਰਟੀ ਦੇ ਅੰਗ ਵਜੋਂ ਭਾਵੇਂ ਉਸਦੀ ਛੋਟੀ ਮੋਟੀ ਹੋਂਦ ਰਹਿ ਵੀ ਜਾਵੇ।

# ਨਹੀਂ ਰਿਹਾ ਕਮਿਊਨਿਸਟ ਲਹਿਰ ਦਾ ਇਨਸਾਈਕਲੋਪੀਡੀਆ



ਡਾ: ਸੁਰਜੀਤ ਬਰਾੜ
+91-98553-71313



**ਕਾਮਰੇਡ ਸੁਰਜੀਤ ਗਿੱਲ ਦਾ ਅਚਾਨਕ ਹੀ ਸਦਾ ਲਈ ਤੁਰ ਜਾਣਾ ਜਿਥੇ ਪੰਜਾਬ ਦੀਆਂ ਸਮੁੱਚੀਆਂ ਖੱਬੀਆਂ ਧਿਰਾਂ ਨੂੰ ਉਦਾਸ ਕਰ ਗਿਆ ਹੈ, ਉਥੇ ਪੰਜਾਬੀ ਦੇ ਸਾਹਿਤਕ ਹਲਕਿਆਂ ਨੂੰ ਵੀ ਸੋਗਮਈ ਕਰ ਗਿਆ ਹੈ। ਕਾਮਰੇਡ ਸੁਰਜੀਤ ਗਿੱਲ ਜਿਥੇ ਇਕ ਸ਼ਾਨਦਾਰ ਸਖਸ਼ੀਅਤ ਦੇ ਮਾਲਕ ਸਨ, ਉਥੇ ਨਾਲ ਹੀ ਅਜਿਹੇ ਕਮਿਊਨਿਸਟ ਵੀ ਸਨ, ਜਿਨ੍ਹਾਂ ਦੀ ਸਾਰੀ ਜ਼ਿੰਦਗੀ ਲੋਕ ਘੋਲਾਂ ਦੀ ਅਗਵਾਈ ਕਰਦਿਆਂ ਬੀਤੀ। ਪੰਜਾਬੀ ਦੀ ਸਾਹਿਤਕ ਆਲੋਚਨਾ ਵਿਚ ਵੀ ਜਿਹੜੀ ਧਾਕ ਉਨ੍ਹਾਂ ਦੀ ਰਹੀ, ਸ਼ਾਇਦ ਹੀ ਕਿਸੇ ਹੋਰ ਮਾਰਕਸਵਾਦੀ ਆਲੋਚਕ ਦੀ ਰਹੀ ਹੋਵੇ। ਇਸ ਤੋਂ ਇਲਾਵਾ ਨਿਜੀ ਤੌਰ 'ਤੇ ਵੀ ਉਨ੍ਹਾਂ ਦੀ ਸਖਸ਼ੀਅਤ ਅਜਿਹੀ ਰਹੀ ਕਿ ਵਿਚਾਰਧਾਰਕ ਵਿਰੋਧੀ ਵੀ ਉਨ੍ਹਾਂ ਤੋਂ ਮੁਤਾਸਰ ਹੁੰਦੇ ਸਨ। ਅਦਾਰਾ 'ਨਵੀਂ ਦੁਨੀਆ' ਇਸ ਮਹਾਨ ਸਾਥੀ ਨੂੰ ਨਤਮਸਤਕ ਹੁੰਦਾ ਹੋਇਆ ਇਹ ਸਫ਼ੇ ਉਨ੍ਹਾਂ ਦੀ ਸ਼ਾਨਦਾਰ ਸਖਸ਼ੀਅਤ ਨੂੰ ਭੇਟ ਕਰ ਰਿਹਾ ਹੈ।**

**-ਸੰਪਾਦਕ**

ਕੀਹਦਾ-ਕੀਹਦਾ ਨਾਂਅ ਲਵਾਂ? ਇੱਕ ਤੋਂ ਬਾਅਦ ਇੱਕ ਅਨੇਕ ਸਾਡੇ ਨਾਇਕ ਮੌਤ ਦੇ ਪੰਜਿਆਂ 'ਚ ਜਕੜੇ ਜਾ ਚੁੱਕੇ ਹਨ। ਸੰਸਾਰ ਤੋਂ ਇਨ੍ਹਾਂ ਰੁਖਸਤ ਹੋ ਜਾਣ ਵਾਲੇ ਨਾਇਕਾਂ ਵਿੱਚ ਇੱਕ ਵਿਸ਼ੇਸ਼ ਹਸਤਾਖ਼ਰ ਕਾਮਰੇਡ ਸੁਰਜੀਤ ਗਿੱਲ ਵੀ ਨਹੀਂ ਰਿਹਾ। ਉਹ ਸ਼ੁੱਧ, ਪਵਿੱਤਰ-ਪਾਕ ਦਾਮਨ ਵਾਲਾ ਖਰਾ ਅਤੇ ਅਣਥੱਕ ਕਮਿਊਨਿਸਟ ਸੀ। ਇਸ ਹਸਤਾਖਰ ਨੂੰ ਸੁਰਜੀਤ ਗਿੱਲ ਦੀ ਥਾਂ ਕਾਮਰੇਡ ਕਹਾ ਕੇ ਬੇਹੱਦ ਖੁਸ਼ੀ ਹੁੰਦੀ ਸੀ। ਕਾਮਰੇਡ ਗਿੱਲ ਭਾਵੇਂ ਸਾਰੀ ਉਮਰ ਲੋਕ ਲਹਿਰਾਂ (ਕਮਿਊਨਿਸਟ ਲਹਿਰਾਂ) ਵਿੱਚ ਕਾਰਜਸ਼ੀਲ ਰਿਹਾ, ਇਸ ਦੇ ਬਾਵਜੂਦ ਸਾਹਿਤਕ ਖੇਤਰ ਵਿੱਚ ਉਹ ਇੱਕ ਮੰਨਿਆ-ਪ੍ਰਮੰਨਿਆ ਮਾਰਕਸਵਾਦੀ ਆਲੋਚਕ ਵੀ ਸੀ। ਕਮਿਊਨਿਸਟ ਲਹਿਰਾਂ ਅਤੇ ਸਾਹਿਤਕ ਲਹਿਰਾਂ ਵਿੱਚ ਕਾਮਰੇਡ ਸੁਰਜੀਤ ਗਿੱਲ ਦਾ ਰੋਲ ਅਤੇ ਯੋਗਦਾਨ ਬਰਾਬਰ ਸੀ। ਦੋਵਾਂ ਖੇਤਰਾਂ ਵਿੱਚ ਉਸ ਦੀ ਤੂਤੀ ਬੋਲਦੀ ਸੀ। ਰਾਜਨੀਤਕ ਸਟੇਜ ਹੁੰਦੀ ਜਾਂ ਸਾਹਿਤਕ ਸਟੇਜ, ਉਹ ਆਪਣੀ ਮਾਰਕਸੀ ਦ੍ਰਿਸ਼ਟੀ ਰਾਹੀਂ ਹੀ ਆਪਣਾ ਪੱਖ, ਆਪਣੀ ਗੱਲ ਪ੍ਰਸਤੁਤ ਕਰਦਾ। ਕਾਮਰੇਡ ਸੁਰਜੀਤ ਗਿੱਲ ਨੇ ਕਦੇ ਵੀ ਆਪਣੀ ਸੋਚ-ਦ੍ਰਿਸ਼ਟੀ ਨਾਲ ਕਿਸੇ ਵੀ ਥਾਂ (ਘਰ, ਪਾਰਟੀ, ਸਮਾਗਮ ਜਾਂ ਸਾਹਿਤਕ ਸਮਾਗਮ) ਕਦੇ ਵੀ ਸਮਝੌਤਾ ਨਹੀਂ ਕੀਤਾ ਸੀ। ਆਪਣੀ ਗੱਲ ਕਰਦਿਆਂ ਆਪਣਾ ਪੱਖ ਜਾਂ ਪਹਿਲੂ ਉਭਾਰਦਿਆਂ ਗਿੱਲ ਨੇ ਕਿਸੇ ਘਾਟੇ-ਵਾਧੇ ਦੀ ਕਦੇ ਪ੍ਰਵਾਹ ਨਾ ਕੀਤੀ। ਕਾਮਰੇਡ ਗਿੱਲ ਦੇ ਜੀਵਨ ਦੇ ਵਿਭਿੰਨ ਪਹਿਲੂਆਂ ਅਤੇ ਪੱਖਾਂ ਬਾਰੇ ਜਦ ਮੈਂ ਸੋਚਦਾ ਹਾਂ ਤਾਂ ਇਹ ਸਪੱਸ਼ਟ ਹੁੰਦਾ ਹੈ ਕਿ ਸੁਰਜੀਤ ਗਿੱਲ ਫੈਸ਼ਨ ਵਜੋਂ ਕਾਮਰੇਡ ਨਹੀਂ ਸੀ ਬਣਿਆ। ਗਿੱਲ ਦੀ ਮੁੱਢਲੀ ਆਯੂ ਵਿੱਚ ਉਸ ਦੀਆਂ ਘਰੇਲੂ ਸਥਿਤੀਆਂ-ਪ੍ਰਸਥਿਤੀਆਂ (ਆਰਥਿਕ ਪੱਖੋਂ ਨਹੀਂ) ਬਹੁਤ ਹੀ ਕਰੂਰ ਅਤੇ ਬਰਬਰ ਸਨ। ਗਿੱਲ ਨੂੰ ਇਨ੍ਹਾਂ ਕਰੂਰਤਮ ਬਰਬਰ ਸਥਿਤੀਆਂ-ਪ੍ਰਸਥਿਤੀਆਂ ਨੇ ਹੀ ਨਹੀਂ, ਸਗੋਂ ਸਮਾਜ ਦੀਆਂ ਬਦਤਰੀਨ ਹੋ ਚੁੱਕੀਆਂ ਸੰਰਚਨਾਵਾਂ (ਜਿਵੇਂ ਆਰਥਿਕ, ਸਮਾਜਕ, ਸੱਭਿਆਚਾਰਕ ਅਤੇ ਧਾਰਮਿਕ) ਨੇ ਵੀ ਉਸ ਨੂੰ ਕਮਿਊਨਿਸਟ ਬਣਾਇਆ ਸੀ। ਗਿੱਲ ਅਜੇ ਛੋਟੀ ਉਮਰ ਦਾ ਹੀ ਸੀ, ਜਦ ਉਸ ਦੀ ਮਾਂ ਦਾ ਦਿਹਾਂਤ ਹੋ ਗਿਆ ਸੀ। ਉਸ ਦੀ ਮਤਰੇਈ ਮਾਂ ਵੱਲੋਂ ਗਿੱਲ ਨੂੰ ਨਾ ਪਿਆਰ, ਨਾ ਹਮਦਰਦੀ ਮਿਲੀ, ਸਗੋਂ ਉਸ ਨੂੰ ਮਾਨਸਿਕ ਤੌਰ 'ਤੇ ਜ਼ਲੀਲ ਕੀਤਾ ਜਾਂਦਾ। ਉਸ ਨੇ ਸਰੀਰਕ ਅਤੇ ਮਾਨਸਿਕ ਤਸੀਹੇ ਵੀ ਜਰੇ। ਜਦ ਸਿਰ ਤੋਂ ਪਾਣੀ ਵਗਣ ਲੱਗ ਗਿਆ ਤਾਂ ਗਿੱਲ ਨੇ ਪੜ੍ਹਾਈ ਵਿੱਚ ਵਿਚਾਲੇ ਛੱਡ ਕੇ ਸਦਾ ਲਈ ਆਪਣਾ ਘਰ-ਪਰਵਾਰ ਤਿਆਗ ਦਿੱਤਾ। ਹੌਲੀ-ਹੌਲੀ ਉਹ ਤੇਜਾ ਸਿੰਘ ਸੁਤੰਤਰ ਵਰਗੇ ਕਾਮਰੇਡਾਂ ਦੇ ਸੰਪਰਕ ਵਿੱਚ ਚਲਾ ਗਿਆ, ਪਰ ਕਾਮਰੇਡ ਗਿੱਲ ਨੂੰ ਆਪਣੀ ਜੰਮਣਹਾਰੀ ਮਾਂ ਹਮੇਸ਼ਾ ਯਾਦ ਰਹੀ। ਜ਼ਿੰਦਗੀ ਦੇ ਅੰਤਲੇ ਪਲਾਂ ਤੱਕ ਕਾਮਰੇਡ ਆਪਣੀ ਮਾਂ ਨੂੰ ਜ਼ਿਹਨ ਤੋਂ ਨਹੀਂ ਵਿਸਾਰ ਸਕਿਆ। ਜਦ ਕਦੇ ਉਹ ਆਪਣੀ ਮਾਂ ਪ੍ਰਤੀ ਭਾਵੁਕ ਹੁੰਦਾ ਤਾਂ ਉਸ ਦੀਆਂ ਅੱਖਾਂ ਨਮ ਹੋ ਜਾਂਦੀਆਂ। ਸ਼ਾਇਦ ਇਹੀ ਕਾਰਨ (ਪਿਆਰ ਦੀ ਘਾਟ) ਹੋਵੇਗਾ ਕਿ ਕਾਮਰੇਡ ਗਿੱਲ ਨੂੰ ਰਿਸ਼ਤਿਆਂ ਦਾ ਹੇਰਵਾ ਸਾਰੀ ਉਮਰ ਬੇਚੈਨ ਕਰਦਾ ਰਿਹਾ। ਮੈਂ ਖੁਦ ਵੇਖਿਆ-ਪਰਖਿਆ ਹੈ ਕਿ ਕਾਮਰੇਡ ਗਿੱਲ ਰਿਸ਼ਤਿਆਂ ਪ੍ਰਤੀ ਭਾਵੁਕ ਹੀ ਨਹੀਂ ਸੰਵੇਦਨਸ਼ੀਲ ਵੀ ਸੀ। ਵੈਸੇ ਵੀ ਪੱਕੇ ਅਤੇ ਖਰੇ ਕਾਮਰੇਡ ਸੰਵੇਦਨਸ਼ੀਲ ਹੀ ਹੁੰਦੇ ਸਨ (ਹਨ)। ਨਿੱਜੀ, ਸਮਾਜਕ ਅਤੇ ਆਦਰਸ਼ਕ ਨਾਤਿਆਂ ਤੋਂ ਬਿਨਾਂ ਕਾਮਰੇਡ ਗਿੱਲ ਨੇ ਹਰ ਛੋਟੇ-ਵੱਡੇ ਕਮਿਊਨਿਸਟ ਨਾਲ ਵਿਚਾਰਧਾਰਕ ਸਾਂਝ ਹੀ ਨਹੀਂ ਬਣਾਈ, ਸਗੋਂ ਉਨ੍ਹਾਂ ਨਾਲ ਭਾਈਚਾਰਕ ਨਾਤੇ ਵੀ ਬਣਾਈ ਰੱਖੇ। ਦਲਿਤਾਂ (ਖਾਸਕਰ ਖੇਤ ਮਜ਼ਦੂਰਾਂ) ਦੇ ਘਰਾਂ ਵਿੱਚ ਉਸ ਦੀ ਆਉਣੀ-ਜਾਣੀ ਹੀ ਨਹੀਂ ਸੀ, ਸਗੋਂ ਉਨ੍ਹਾਂ ਨਾਲ ਵਰਤ ਵਰਤਾਰਾ ਵੀ ਸੀ। ਮੈਂ ਹੀ ਨਹੀਂ ਨਰਿੰਦਰ ਸ਼ਰਮਾ (ਜਦ ਨਰਿੰਦਰ ਸ਼ਰਮਾ ਦੇ ਘਰ ਕਾ. ਗਿੱਲ ਦੀ ਮੌਤ ਦੀ ਖਬਰ ਪਹੁੰਚੀ ਤਾਂ ਨਰਿੰਦਰ ਹੀ ਨਹੀਂ, ਉਸ ਦੀਆਂ ਲੜਕੀਆਂ, ਉਸ ਦੀ ਪਤਨੀ ਅਤੇ ਮਾਂ ਧਾਹਾਂ ਮਾਰ ਰੋਣ ਲੱਗ ਪਏ) ਵਰਗੇ ਬਹੁਤ ਸਾਰੇ ਉਸ ਦੇ ਆਦਰਸ਼ਕ ਨਾਤੇ ਸਨ, ਜਿਨ੍ਹਾਂ ਨੂੰ ਉਸ ਨੇ ਆਪਣੇ ਸੀਨੇ ਨਾਲ ਹੀ ਨਹੀਂ ਲਾਈ ਰੱਖਿਆ, ਸਗੋਂ ਕਮਿਊਨਿਸਟ ਵੀ ਬਣਾਇਆ। ਕਾਮਰੇਡ ਗਿੱਲ ਦੇ ਲੰਮੇ-ਚੌੜੇ ਰਿਸ਼ਤਿਆਂ ਦੇ ਘੇਰੇ ਨੂੰ ਦੇਖ ਕੇ ਮੈਂ ਅਕਸਰ ਕਹਿੰਦਾ ਹੁੰਦਾ ਸਾਂ ਕਿ ਸਾਡੇ ਖ਼ੂਨ ਦੇ ਰਿਸ਼ਤਿਆਂ ਨਾਲੋਂ ਸਾਡਾ ਇਹ ਆਦਰਸ਼ ਦਾ ਨਾਤਾ ਕਿਤੇ ਚੰਗਾ ਹੈ। ਅਸੀਂ ਹਜ਼ਾਰਾਂ ਨਾਤੇ ਉਸ ਦੇ ਆਦਰਸ਼ਾਂ ਦੀ ਪੈਦਾਇਸ਼ ਹਾਂ।

ਕਾਮਰੇਡ ਗਿੱਲ ਦਾ ਆਪਣਾ ਨਿੱਜੀ ਪਰਵਾਰ ਕੋਈ ਬਹੁਤਾ ਵੱਡਾ ਨਹੀਂ। ਛੋਟਾ ਜਿਹਾ ਪਰਵਾਰ ਹੈ-ਪੁੱਤਰ ਗੀਤਕਾਰ ਅਮਰਦੀਪ ਗਿੱਲ, ਪਤਨੀ ਜੁਗਿੰਦਰ ਕੌਰ, ਨੂੰਹ ਜਸਵੀਰ ਕੌਰ ਰਾਣੀ ਅਤੇ ਦੋ ਪੋਤੇ (ਪੂਨੂੰ ਅਤੇ ਸਾਵਲ)। ਉਹ ਆਪਣੇ ਪਰਵਾਰ 'ਤੇ ਕਦੇ ਬੋਝ ਨਹੀਂ ਬਣਿਆ ਸੀ। ਪਰਵਾਰਿਕ ਮਸਲਿਆਂ-ਝਮੇਲਿਆਂ 'ਚ ਉਹ ਘੱਟ ਹੀ ਦਖਲ-ਅੰਦਾਜ਼ੀ ਕਰਦਾ ਸੀ। ਕਿਸੇ ਖਾਸ ਲੋੜ ਸਮੇਂ ਜਾਂ ਮਸਲੇ ਸਮੇਂ ਹੀ ਪਰਵਾਰ ਨੂੰ ਸਲਾਹ ਦਿੰਦਾ ਸੀ ਜਾਂ ਰਹਿਨੁਮਾਈ ਕਰਦਾ ਸੀ। ਹੋਰ ਨਿੱਜੀ ਅਤੇ ਸਮਾਜਕ ਰਿਸ਼ਤਿਆਂ ਨਾਲ ਵੀ ਅਜਿਹਾ ਹੀ ਉਸ ਦਾ ਵਰਤ-ਵਰਤਾਰਾ ਅਤੇ ਵਿਹਾਰ ਸੀ। ਸਾਡੇ ਵਰਗੇ ਅਨੇਕ ਲੋਕ (ਆਦਰਸ਼ਕ ਨਾਤੇ) ਸਮੇਂ-ਸਮੇਂ ਉਸ ਤੋਂ ਅਗਵਾਈ ਲੈਂਦੇ । ਉਹ ਇਮਾਨਦਾਰੀ ਅਤੇ ਸੁਹਿਰਦਤਾ ਨਾਲ ਅਗਲੇ ਨੂੰ ਸਾਰਥਕ ਸੁਝਾਅ/ਸਲਾਹ ਹੀ ਨਹੀਂ ਦਿੰਦਾ ਸੀ, ਸਗੋਂ ਉਸ ਦੀਆਂ ਖੁੱਭੀਆਂ ਵੀ ਕੱਢ ਦਿੰਦਾ ਸੀ। ਗੁਰਮੀਤ ਕੜਿਆਲਵੀ+ ਸਿਮਰਜੀਤ ਸਿੰਮੀ ਦੇ ਅੰਤਰਜਾਤੀ ਵਿਆਹ ਵਿੱਚ ਕਾਮਰੇਡ ਗਿੱਲ ਦਾ ਰੋਲ ਉਸਾਰੂ ਅਤੇ ਹਾਂਦਰੂ ਸੀ। ਬੇਅੰਤ ਗਿੱਲ-ਅਨੰਤ ਗਿੱਲ ਦੇ ਵਿਆਹ ਨੂੰ ਨੇਪਰੇ ਹੀ ਨਹੀਂ ਚਾੜ੍ਹਿਆ ਸੀ, ਸਗੋਂ ਬਾਅਦ ਵਿੱਚ ਵੀ ਉਨ੍ਹਾਂ 'ਚ ਪੈਦਾ ਹੁੰਦੀਆਂ ਤਲਖ ਕਲਾਮੀਆਂ ਨੂੰ ਵੀ ਨਜਿੱਠਦਾ ਰਹਿੰਦਾ ਸੀ। ਗੁਰਮੀਤ+ਸਿੰਮੀ, ਬੇਅੰਤ+ਅਨੰਤ ਦਾ ਹੀ ਨਹੀਂ, ਉਹ ਹੋਰ ਅਨੇਕ ਮੁੰਡੇ-ਕੁੜੀਆਂ ਦਾ ਬਾਪੂ ਸੀ। ਦਰਸ਼ਨ ਗਿੱਲ, ਸ਼ਾਹ ਚਮਨ ਵਰਗੇ ਅਨੇਕ ਸਾਹਿਤਕਾਰ, ਕਮਿਊਨਿਸਟ ਉਸ ਦੇ ਧਰਮ ਭਰਾ ਸਨ। ਕਾਮਰੇਡ ਗਿੱਲ ਅਜਿਹਾ ਕਾਮਰੇਡ ਸੀ, ਜਿਸ ਨੂੰ ਸਾਮੰਤਵਾਦੀ, ਪੂੰਜੀਵਾਦੀ ਅਤੇ ਸਮਾਜਵਾਦੀ ਸੱਭਿਆਚਾਰ (ਖਾਸ ਕਰ ਇਨ੍ਹਾਂ ਪ੍ਰਬੰਧਾਂ ਦੇ ਰਿਸ਼ਤੇ) ਦੇ ਅੰਤਰ ਵਿਰੋਧਾਂ, ਸਰੋਕਾਰਾਂ ਅਤੇ ਸੰਕਲਪਾਂ ਦੀ ਡੂੰਘੀ ਸਮਝ ਸੀ। ਕਾਮਰੇਡ ਗਿੱਲ ਸਿਰਫ ਮਾਰਕਸੀ ਚਿੰਤਕਾਂ-ਦਾਰਸ਼ਨਿਕਤਾ ਦੀਆਂ ਸਿਧਾਂਤਕ ਪੁਸਤਕਾਂ ਹੀ ਨਹੀਂ ਪੜ੍ਹਦਾ-ਵਾਚਦਾ ਸੀ, ਸਗੋਂ ਉਹ ਪੰਜਾਬੀ, ਹਿੰਦੀ, ਬੰਗਾਲੀ, ਮਰਾਠੀ, ਅੰਗਰੇਜ਼ੀ, ਚੀਨੀ ਅਤੇ ਰੂਸੀ ਸਾਹਿਤ (ਖਾਸ ਕਰ ਕਥਾਵਾਂ, ਨਾਵਲ ਅਤੇ ਸਾਹਿਤ ਬਾਰੇ ਆਲੋਚਨਾ) ਵੀ ਪੜ੍ਹਦਾ ਰਹਿੰਦਾ ਸੀ। ਗਿੱਲ ਨੇ ਕਾਮਰੇਡ ਮਾਓ ਦੇ ਲੰਮੇ ਨਿਬੰਧ (ਜੋ ਸਾਹਿਤ ਅਤੇ ਕਲਾ ਬਾਰੇ ਸੀ) ਨੂੰ ਵੀ ਅੰਗਰੇਜ਼ੀ 'ਚੋਂ ਪੰਜਾਬੀ 'ਚ ਅਨੁਵਾਦ ਕੀਤਾ ਸੀ। ਕਾਮਰੇਡ ਗਿੱਲ ਨੇ ਭਾਰਤੀ ਕਲਾਸੀਕਲ ਫਿਲਾਸਫੀ ਦਾ ਵੀ ਅਧਿਐਨ ਕੀਤਾ। ਚਾਰ ਵਾਕ, ਬੁੱਧ ਵਾਦ, ਜੈਨ ਵਾਦ ਅਤੇ ਹੋਰ ਮੱਤਾਂ ਅਤੇ ਵਾਦਾਂ ਬਾਰੇ ਨਿਬੰਧ ਵੀ ਰਚੇ। ਵਾਸਤਵ ਵਿੱਚ ਕਾਮਰੇਡ ਗਿੱਲ ਨੇ ਭਾਰਤੀ ਫਿਲਾਸਫੀ ਦਾ ਮੁਲਾਂਕਣ ਵਿਗਿਆਨਕ ਅਤੇ ਪਦਾਰਥਵਾਦੀ ਦ੍ਰਿਸ਼ਟੀਕੋਣ ਰਾਹੀਂ ਕੀਤਾ ਸੀ। ਭਾਰਤੀ ਇਤਿਹਾਸ-ਮਿਥਿਹਾਸ, ਭਾਰਤੀ ਵਿਰਸੇ, ਭਾਰਤੀ ਦਰਸ਼ਨ ਬਾਰੇ ਕਾਮਰੇਡ ਗਿੱਲ ਦੇ ਵਿਚਾਰ ਗੌਰਤਲਬ ਸਨ। ਗਿੱਲ ਦੇ ਅਜਿਹੇ ਲਾਸਾਨੀ ਨਿਬੰਧਾਂ ਦੀ ਪੁਸਤਕ ਤਿਆਰ ਹੈ। ਕਾਮਰੇਡ ਗਿੱਲ ਦੀ ਇਹ ਆਦਤ ਸੀ ਕਿ ਜੋ ਵੀ ਉਹ ਪੜ੍ਹਦਾ ਸੀ, ਪੜ੍ਹ ਕੇ ਉਸ ਨੂੰ ਉਦੋਂ ਸਾਂਭਦਾ, ਜਦੋਂ ਉਸ ਪੁਸਤਕ ਪ੍ਰਤੀ ਉਸ ਦੀ ਸਮਝ ਨਾ ਬਣ ਜਾਂਦੀ। ਜਦ ਸਮਝ ਬਣ ਜਾਂਦੀ ਤਾਂ ਫਿਰ ਉਹ ਉਸ ਪੁਸਤਕ 'ਤੇ ਆਪਣੇ ਵਿਚਾਰ ਲਿਖਤੀ ਰੂਪ 'ਚ ਪ੍ਰਗਟਾ ਦਿੰਦਾ। ਕਾਮਰੇਡ ਗਿੱਲ ਨੂੰ ਜਿਉਣ ਲਈ ਜਿਵੇਂ ਰੋਟੀ (ਸਾਦੀ ਜਿਹੀ, ਜਿਹੋ ਜਿਹੀ ਵੀ ਮਿਲ ਗਈ) ਪਾਣੀ ਅਤੇ ਲੀੜੇ-ਲੱਤੇ (ਜਿਹੋ ਜਿਹੇ ਵੀ ਮਿਲ ਗਏ) ਦੀ ਲੋੜ ਸੀ, ਉਵੇਂ ਹੀ ਉਸ ਨੂੰ ਪੁਸਤਕਾਂ ਪੜ੍ਹਨ ਦੀ ਲੋੜ ਰਹਿੰਦੀ । ਉਹ ਪੁਸਤਕਾਂ ਨੂੰ ਟੌਨਿਕ ਸਮਝਦਾ ਸੀ, ਜਿਸ ਦਿਨ ਕਿਤੇ ਕੁਝ ਪੜ੍ਹਨ ਵੱਲੋਂ ਰਹਿ ਜਾਂਦਾ (ਵੈਸੇ ਸ਼ਾਇਦ ਹੀ ਕੋਈ ਅਜਿਹਾ ਦਿਨ ਹੋਵੇਗਾ) ਉਸ ਦਿਨ ਉਸ ਨੂੰ ਰੋਟੀ ਸੁਆਦ ਨਾ ਲੱਗਦੀ, ਸਗੋਂ ਇੱਕ ਤੋੜ ਜਿਹੀ ਲੱਗੀ ਰਹਿੰਦੀ। ਮੌਤ ਤੋਂ ਇੱਕ ਦਿਨ ਪਹਿਲਾਂ ਵੀ ਉਸ ਦੇ ਹੱਥ ਵਿੱਚ ਪੁਸਤਕ ਰਹੀ। ਮੈਂ ਅਤੇ ਨਛੱਤਰ ਗਿੱਲ (ਕੈਨੇਡਾ) ਦੋ ਕੁ ਮਹੀਨੇ ਪਹਿਲਾਂ ਉਸ ਨੂੰ ਉਚੇਚੇ ਤੌਰ 'ਤੇ ਮਿਲਣ ਗਏ। ਗੱਲਾਂਬਾਤਾਂ 'ਚ ਪੜ੍ਹਨ-ਲਿਖਣ ਬਾਰੇ ਗੱਲ ਚੱਲ ਪਈ। ਸਾਨੂੰ ਦੋਵਾਂ ਨੂੰ ਕੀ-ਕੀ ਪੜ੍ਹ ਰਹੇ ਹੋ ਬਾਰੇ ਪੁੱਛਿਆ ਤਾਂ ਸਾਡਾ ਉਤਰ ਸੁਣ ਕੇ ਉਸ ਨੂੰ ਸੰਤੁਸ਼ਟੀ ਹੋਈ ਫਿਰ ਵੀ ਸਾਨੂੰ ਸੁਝਾਅ ਦਿੱਤਾ ਕਿ ਵਿਦੇਸ਼ੀ ਸਾਹਿਤ ਅਤੇ ਫਲਸਫਾ ਪੜ੍ਹਿਆ ਕਰੋ। ਪੜ੍ਹ ਕੇ ਉਸ ਨੂੰ ਛੱਡੋ ਨਾ, ਉਸ ਬਾਰੇ ਚਿੰਤਨ ਕਰੋ, ਲਿਖੋ ਅਤੇ ਸਾਡੇ ਲੋਕਾਂ ਨੂੰ ਗਿਆਨ ਦੇਵੋ, ਚੇਤੰਨ ਕਰੋ। ਉਸ ਦੀ ਇਸ ਰਫਤਾਰ ਬਾਰੇ ਮੈਂ ਸੁਭਾਵਕ ਹੀ ਕਹਿ ਬੈਠਾ-ਗਿੱਲ ਸਾਹਿਬ ਹੁਣ ਤੁਸੀਂ ਬੁੱਢੇ ਹੋ ਗਏ ਓ, ਥੋੜ੍ਹਾ ਆਰਾਮ ਕਰ ਲਿਆ ਕਰੋ। ਸਾਰਾ ਦਿਨ ਪੁਸਤਕਾਂ ਨਾਲ ਮੱਥਾ ਨਾ ਮਾਰਿਆ ਕਰੋ। ਕਾਮਰੇਡ ਗਿੱਲ ਪਹਿਲਾਂ ਆਪਣੇ ਹੀ ਅੰਦਾਜ਼ ਵਿੱਚ ਉੱਚੀ ਸੁਰ 'ਚ ਹੱਸਿਆ, ਫਿਰ ਇਕਦਮ ਸੀਰੀਅਸ ਹੁੰਦਿਆਂ ਕਿਹਾ, ''ਇਸ ਰੂਹ ਨੂੰ ਆਰਾਮ ਕਿੱਥੇ, ਹੁਣ ਤਾਂ ਮਰ ਕੇ ਹੀ ਆਰਾਮ ਕਰਾਂਗਾ।'' ਸਹੀ ਗੱਲ ਸੀ, ਕਾਮਰੇਡ ਦੀ ਰੂਹ ਨੂੰ ਆਰਾਮ ਕਿੱਥੇ ਸੀ, ਉਸ ਦੇ ਸੁਪਨੇ ਸਾਕਾਰ ਨਹੀਂ ਹੋਏ ਸਨ। ਉਸ ਨੂੰ ਚਿੰਤਾ ਰਹਿੰਦੀ। ਸਾਡੀਆਂ ਬਲੰਡਰ ਗਲਤੀਆਂ ਕਾਰਨ 'ਬਰੂਹਾਂ' 'ਤੇ ਖੜਾ ਇਨਕਲਾਬ ਬਹੁਤ ਦੂਰ ਚਲਾ ਗਿਆ ਸੀ। ਕਾਮਰੇਡ ਗਿੱਲ ਦੀ ਇਹ ਇੱਕ ਅਜਿਹੀ ਚਿੰਤਾ ਸੀ ਜਿਹੜੀ ਸਾਡੀ ਸਾਰਿਆਂ ਦੀ ਚਿੰਤਾ ਬਣਨੀ ਚਾਹੀਦੀ ਸੀ, ਪਰ ਬਣੀ ਨਹੀਂ, ਸ਼ਾਇਦ ਕਦੇ ਬਣੇ ਵੀ ਨਾ।

ਕਾਮਰੇਡ ਗਿੱਲ ਤੇਰਾਂ-ਚੌਦਾਂ ਸਾਲਾਂ ਦੀ ਉਮਰ ਵਿੱਚ ਹੀ ਕਮਿਊਨਿਸਟ ਬਣ ਗਿਆ ਸੀ। ਕਾਮਰੇਡ ਗਿੱਲ ਸਾਰੀ ਉਮਰ ਪਾਰਟੀ ਪ੍ਰਤੀ ਸਮਰਪਿਤ ਰਿਹਾ, ਦਿਨ-ਰਾਤ ਕੰਮ ਕੀਤਾ। ਚਾਰ-ਪੰਜ ਸਾਲਾਂ ਤੋਂ ਗੋਡੇ-ਲੱਤਾਂ ਜਵਾਬ ਦੇ ਗਏ ਸਨ, ਜਿਸ ਕਰਕੇ ਉਹ ਪਾਰਟੀ ਲਈ ਸਰੀਰਕ ਕੰਮ ਤਾਂ ਨਾ ਕਰ ਸਕਿਆ, ਪਰ ਮਾਨਸਿਕ ਕੰਮ (ਭਾਵ ਸਿਧਾਂਤਕ ਕੰਮ) ਮਰਨ ਤੱਕ ਕਰਦਾ ਰਿਹਾ। ਉਹ ਲਾਲ ਕਮਿਊਨਿਸਟ ਪਾਰਟੀ ਤੋਂ ਲੈ ਕੇ ਸੀ ਪੀ ਐੱਮ (ਅੱਜਕੱਲ੍ਹ ਸੀ ਪੀ ਐੱਮ ਪਾਸਲਾ ਗਰੁੱਪ) 'ਚ ਸਾਰੀ ਉਮਰ ਕੁਲਵਕਤੀ ਦੇ ਤੌਰ 'ਤੇ ਕਾਰਜਰਤ ਅਤੇ ਸੰਘਰਸ਼ਰਤ ਰਿਹਾ। ਉਸ ਦੇ ਸੀ ਪੀ ਆਈ, ਸੀ ਪੀ ਐੱਮ ਅਤੇ ਨਕਸਲੀ ਪਾਰਟੀਆਂ ਅਤੇ ਗਰੁੱਪਾਂ ਨਾਲ ਡੂੰਘੇ ਅਤੇ ਤਿੱਖੇ ਮੱਤਭੇਦ ਸਨ, ਪਰ ਕਮਾਲ ਦੀ ਗੱਲ ਇਹ ਸੀ ਕਿ ਉਸ ਦਾ ਸਭ ਕਮਿਊਨਿਸਟ ਪਾਰਟੀਆਂ ਦੇ ਨੇਤਾਵਾਂ ਅਤੇ ਕਾਰਕੁਨਾਂ ਨਾਲ ਸਿੱਧਾ ਜਾਂ ਅਸਿੱਧਾ ਨਜ਼ਦੀਕੀ ਵਾਹ ਵਾਸਤਾ ਵੀ ਰਿਹਾ। ਕਾ. ਗਿੱਲ ਨੇ ਸਭ ਕਮਿਊਨਿਸਟਾਂ ਨਾਲ ਮੱਤਭੇਦ ਹੁੰਦਿਆਂ ਵੀ ਸਾਂਝ ਅਤੇ ਮਿਲਵਰਤਣ ਬਣਾਈ ਰੱਖੀ। ਹਰ ਕਮਿਊਨਿਸਟ ਪਾਰਟੀ ਦਾ ਨੇਤਾ ਅਤੇ ਕਾਰਕੁਨ ਉਸ ਨੂੰ ਇਸ ਤਰ੍ਹਾਂ ਮਿਲਦਾ ਜਿਵੇਂ ਉਹ ਉਨ੍ਹਾਂ ਦਾ ਆਪਣਾ ਹੁੰਦਾ। ਬਿਲਕੁਲ ਉਹ ਸਾਰਿਆਂ ਦਾ ਆਪਣਾ ਸੀ। ਮੈਨੂੰ ਉਸ ਸਮੇਂ ਬੜੀ ਹੈਰਾਨੀ ਹੁੰਦੀ ਕਿ ਕੋਈ ਨਕਸਲੀ ਵੀ ਜਦ ਗਿੱਲ ਨੂੰ ਮਿਲਦਾ ਤਾਂ ਉਹ ਉਸ ਦੇ ਪੈਰੀਂ ਹੱਥ ਲਾਉਂਦਾ। ਇੱਥੇ ਮੈਂ ਦੋ ਮਿਸਾਲਾਂ ਉਸ ਦੇ ਨਕਸਲੀਆਂ ਨਾਲ ਸੰਬੰਧਾਂ ਬਾਰੇ ਦੇਣੀਆਂ ਜ਼ਰੂਰੀ ਸਮਝਦਾ ਹਾਂ। ਮੈਂ 1977 ਵਿੱਚ ਡੀ ਏ ਵੀ ਕਾਲਜ ਅਬੋਹਰ ਦੇ ਹੋਸਟਲ ਵਿੱਚ ਸਾਂ। ਅਬੋਹਰ ਰੂਪੋਸ਼ ਨਕਸਲੀਆਂ ਦਾ ਛੁਪਣਗਾਹ ਅੱਡਾ ਸੀ। ਕਾਮਰੇਡ ਅਮਰ ਸਿੰਘ ਅੱਚਰਵਾਲ ਅਤੇ ਕਾ. ਬਘੇਰਾ ਮੇਰੇ ਕੋਲ ਹੋਸਟਲ ਵਿੱਚ ਠਹਿਰੇ ਹੋਏ ਸਨ। ਕਾਮਰੇਡ ਗਿੱਲ ਉਨ੍ਹੀਂ ਦਿਨੀਂ ਮੁਕਤਸਰ-ਮਲੋਟ ਦੇ ਏਰੀਏ ਵਿੱਚ ਸਰਗਰਮ ਸੀ। ਅਕਤੂਬਰ ਦੇ ਦਿਨ ਸਨ। ਕਾਮਰੇਡ ਗਿੱਲ ਵੀ ਘੁੰਮਦਾ-ਘੁੰਮਾਉਂਦਾ ਮੇਰੇ ਕੋਲ ਰਹਿਣ ਲਈ ਆ ਗਿਆ। ਕਾ. ਅੱਚਰਵਾਲ ਅਤੇ ਗਿੱਲ ਜੱਫੀ ਪਾ ਕੇ ਪੂਰੀ ਅਪਣੱਤ ਨਾਲ ਮਿਲੇ। ਰੋਟੀ ਵਗੈਰਾ ਖਾਣ ਤੋਂ ਬਾਅਦ ਮੈਨੂੰ ਚਾਹ ਲਿਆਉਣ ਦਾ ਹੁਕਮ ਕੀਤਾ। ਕਾਲਜ ਦੇ ਸਾਹਮਣੇ ਅਜ਼ੀਮਗੜ੍ਹ ਪਿੰਡ ਹੈ, ਮੈਂ ਉਥੋਂ ਆਪਣੀ ਇੱਕ ਰਿਸ਼ਤੇਦਾਰੀ 'ਚੋਂ ਚਾਹ ਬਣਾ ਕੇ ਥਰਮੋਸ ਭਰ ਲਿਆਂਦੀ। ਉਨ੍ਹਾਂ ਦਿਨਾਂ ਵਿੱਚ ਮੈਨੂੰ ਕਮਿਊਨਿਸਟ ਵਿਚਾਰਧਾਰਾ ਜਾਂ ਦਰਸ਼ਨ ਬਾਰੇ ਕੋਈ ਗਿਆਨ ਨਹੀਂ ਸੀ, ਮੈਂ ਤਾਂ ਮਾੜਾ ਮੋਟਾ ਪੀ ਐੱਸ ਯੂ ਦਾ ਵਰਕਰ ਸਾਂ। ਮੈਂ ਅਤੇ ਕਾ. ਬਘੇਰਾ 35-40 ਮਿੰਟਾਂ ਵਿੱਚ ਹੀ ਸੌਂ ਗਏ। ਕਾ. ਅੱਚਰਵਾਲ ਅਤੇ ਕਾ. ਗਿੱਲ ਸਾਰੀ ਰਾਤ ਸੁੱਤੇ ਨਹੀਂ, ਸਾਰੀ ਰਾਤ ਬਹਿਸ ਕਰਦੇ ਰਹੇ। ਸਵੇਰ ਹੋਣ ਸਾਰ ਕਾ. ਅੱਚਰਵਾਲ ਅਤੇ ਕਾ. ਬਘੇਰਾ ਚਲੇ ਗਏ। ਗਿੱਲ ਕੁਝ ਸਮਾਂ ਰਿਹਾ, ਮੈਂ ਗਿੱਲ ਨੂੰ ਪੁੱਛਿਆ, ''ਕੀ ਕੁਝ ਰਿੜਕਿਆ ਰਾਤ?'' ਗਿੱਲ ਦਾ ਜਵਾਬ ਸੀ, ਜੋ ਰਿੜਕਿਆ ਤੇਰੇ ਪੱਲੇ ਪੈਣ ਵਾਲਾ ਨਹੀਂ। ਇੱਕ ਹੋਰ ਅਹਿਮ ਘਟਨਾ- ਇੱਕ ਵਾਰ **ਬਾਕੀ ਸਫ਼ਾ 20 'ਤੇ**

Alberta Mortgage Centre
Best Rates, Choice of Lenders, Mortgage for Purchase, Construction, Renewal, Refinance
Rental or Commercial Property Good or Bad credit, New Immigrant or Self Employed
For FREE Consultation, please call
(780)479-2222
# 78, 4003-98 Street, Edmonton, AB www.albertamortgagecentre.com

Anuj Gupta
AMP, B.Com.
Associate Broker

Krishna(KK)Gupta, AMP
"Experienced, Knowledgeable, Committed"
Serving the Community Since 1999
CAAMP ACCHA AXIOM AMBA BBB think MORTGAGE think AMP™

ਸਫ਼ਾ 19 ਦੀ ਬਾਕੀ ਕਾ. ਗਿੱਲ ਕੋਲ ਘੋਲੀਆ ਕਲਾਂ ਵਿਖੇ ਪੰਜਾਬ ਦਾ ਮੰਨਿਆ-ਪ੍ਰਮੰਨਿਆ ਇੱਕ ਰੂਪੋਸ਼ ਨਕਸਲੀ ਨੇਤਾ ਆਇਆ ਹੋਇਆ ਸੀ। ਉਹ ਸਾਰਾ ਦਿਨ ਉਸ ਕੋਲ ਰਿਹਾ। ਜਨਵਰੀ ਦੇ ਅੰਤਲੇ ਦਿਨ ਸਨ। ਮੈਨੂੰ ਕਾ. ਗਿੱਲ ਨੇ ਸੱਦਿਆ ਅਤੇ ਹੁਕਮ ਕੀਤਾ ''ਏਸ ਬੰਦੇ (ਉਸ ਨੂੰ ਗਿੱਲ ਨੇ ਕਾਮਰੇਡ ਨਹੀਂ ਕਿਹਾ ਸੀ) ਨੂੰ ਸਕੂਟਰ 'ਤੇ ਰਾਮਪੁਰੇ ਫੂਲ ਛੱਡ ਕੇ ਆ।'' ਮੈਂ ਉਸ ਦੇ ਹੁਕਮ ਅਨੁਸਾਰ ਉਸ ਬੰਦੇ ਨੂੰ ਰਾਮਪੁਰੇ ਫੂਲ ਛੱਡ ਆਇਆ। ਮੈਨੂੰ ਹਨੇਰਾ ਹੋਣ ਕਰਕੇ ਥੋੜ੍ਹੀ ਦੇਰ ਹੋ ਗਈ ਸੀ। ਕਾ. ਗਿੱਲ ਇਸ ਦੇਰੀ ਕਾਰਨ ਫਿਕਰ ਵਿਚ ਸੁੱਕ ਰਿਹਾ ਸੀ। ਕਾਮਰੇਡ ਨੂੰ ਚਿੰਤਾ ਸੀ-ਭਾਵੇਂ ਅੱਤਵਾਦ ਦਾ ਦੌਰ ਖਤਮ ਹੋ ਚੁੱਕਾ ਸੀ, ਫਿਰ ਵੀ ਅਜੇ ਗਲਤ ਅਨਸਰਾਂ ਦੀ ਰਹਿੰਦ-ਖੂੰਹਦ ਬਾਕੀ ਸੀ। ਉਸ ਨੂੰ ਡਰ ਸੀ ਕਿ ਕਦੇ ਵੀ ਕੁਝ ਮਾੜਾ ਵਾਪਰ ਸਕਦੈ। ਮੈਂ ਜਦ ਸਹੀ-ਸਲਾਮਤ ਪਹੁੰਚ ਗਿਆ ਤਾਂ ਕਾਮਰੇਡ ਦਾ ਸਾਹ ਸੁਖਾਲਾ ਹੋ ਗਿਆ। ਮੈਂ ਆਪਣੇ ਘਰ ਜਾਣ ਲੱਗਿਆਂ ਪੁੱਛ ਲਿਆ, ''ਗਿੱਲ ਸਾਹਿਬ ! ਵੈਸੇ ਮੈਨੂੰ ਪੁੱਛਣਾ ਨਹੀਂ ਚਾਹੀਦਾ ਕਿ ਉਹ ਬੰਦਾ ਕੌਣ ਐ? ਕੀ ਉਹ ਕੋਈ ਖਾਸ ਬੰਦਾ ਸੀ, ਜੇ ਤੁਸੀਂ ਠੀਕ ਸਮਝੋ ਤਾਂ ਦੱਸ ਦਿਓ ਨਹੀਂ ਤਾਂ ਕੋਈ ਮਜਬੂਰੀ ਨਹੀਂ।'' ਕਾਮਰੇਡ ਆਪਣੇ ਅੰਦਾਜ਼ 'ਚ ਹੱਸਿਆ, ਫਿਰ ਗੰਭੀਰ ਮੁਦਰਾ ਵਿੱਚ ਹੋ ਕੇ ਮੈਨੂੰ ਹੌਲੀ ਜਿਹੇ ਕਿਹਾ, ਤੈਥੋਂ ਕੀ ਲੁਕੋਅ ਰੱਖਣਾ, ਉਹ ਥੋਡਾ ਈ ਬੰਦਾ ਸੀ- ਉਹ ਸੀ ਕਾਮਰੇਡ ਹਰਭਜਨ ਸਿੰਘ ਸੋਹੀ, ਮੇਰਾ ਬਠਿੰਡੇ ਵਾਲਾ ਯਾਰ'' (ਕਿਉਂਕਿ ਕਾਮਰੇਡ ਨੇ ਲੰਮਾ ਸਮਾਂ ਬਠਿੰਡੇ ਵਿੱਚ ਕੰਮ ਕੀਤਾ ਸੀ) ਮੈਂ ਅਚੰਭਤ ਹੋ ਗਿਆ, ਮੇਰੇ ਅਚੰਭੇ ਦਾ ਕਾਰਨ ਇਹ ਸੀ ਕਿ ਮੈਂ ਕਾਫੀ ਅਰਸੇ ਤੋਂ ਨਕਸਲੀ ਕਾਮਰੇਡਾਂ ਦੇ ਨੇੜੇ ਸਾਂ, ਪਰ ਪ੍ਰੋ. ਹਰਭਜਨ ਸਿੰਘ ਸੋਹੀ ਬਾਰੇ ਸਾਰਾ ਕੁਝ ਜਾਣਦਿਆਂ ਵੀ ਉਸ ਨੂੰ ਪਹਿਚਾਣ ਨਹੀਂ ਸਾਂ ਸਕਿਆ। ਸੋਹੀ ਦਾ ਭੇਸ ਬਦਲਿਆ ਹੋਇਆ ਸੀ। ਰਸਤੇ ਵਿੱਚ ਸੋਹੀ ਨੇ ਮੇਰੇ ਨਾਲ ਇੱਕ ਵੀ ਗੱਲ ਸਾਂਝੀ ਨਾ ਕੀਤੀ, ਨਾ ਹੀ ਮੈਂ ਉਸ ਨੂੰ ਕੁਝ ਪੁੱਛਿਆ। ਦਰਸ਼ਨ ਖਟਕੜ, ਦਰਸ਼ਨ ਕੂਹਲੀ, ਸੁਖਦੇਵ ਸੰਧੂ, ਅਮੋਲਕ ਸਿੰਘ ਅਤੇ ਜਸਪਾਲ ਜੱਸੀ ਵਰਗੇ ਨਕਸਲੀ ਵੀ ਗਿੱਲ ਦੀ ਇੱਜ਼ਤ ਕਰਦੇ ਸਨ। ਉਸ ਦੇ ਹਾਲ ਬਾਰੇ ਉਹ ਮੇਰੇ ਵਰਗੇ ਤੋਂ ਅਕਸਰ ਪੁੱਛਦੇ ਰਹਿੰਦੇ ਸਨ।

ਅੱਤਵਾਦ ਦੇ ਦੌਰ ਵਿੱਚ ਕਾਮਰੇਡ ਨੇ ਆਪਣੇ ਤਨ 'ਤੇ ਬਹੁਤ ਕਸ਼ਟ ਅਤੇ ਦੁੱਖ ਜਰੇ। ਅੱਤਵਾਦੀ ਉਸ ਦੇ ਹੱਥ ਧੋ ਕੇ ਪਿੱਛੇ ਪਏ ਹੋਏ ਸਨ। ਕਾਮਰੇਡ ਬਾਰੇ ਹਰ ਕੋਈ ਫਿਕਰ ਕਰਦਾ ਕਿ ਉਸ ਨੂੰ ਖੁੱਲ੍ਹੇਆਮ ਏਧਰ ਓਧਰ ਨਹੀਂ ਵਿਚਰਨਾ ਚਾਹੀਦਾ। ਉਹ ਸਾਡੇ ਵਰਗਿਆਂ ਦੇ ਤੌਖਲਿਆਂ ਨੂੰ ਕੱਟਦਾ ਅਤੇ ਧਾਰਨਾ ਦਿੰਦਾ-ਪਾਰਟੀ ਦੇ ਕੰਮ ਮੈਨੂੰ ਜ਼ਿਆਦਾ ਪਿਆਰੇ ਹਨ, ਮੌਤ ਨਹੀਂ। ਜੇ ਮੈਂ ਹੀ ਡਰ ਕੇ ਬਹਿ ਗਿਆ ਤਾਂ ਫਿਰ ਪਾਰਟੀ ਵਰਕਰਾਂ ਦੇ ਹੌਸਲੇ ਹੀ ਪਸਤ ਹੋ ਜਾਣਗੇ। ਨਾਲੇ ਮੌਤ, ਮੌਤ ਤੋਂ ਮੈਂ ਨਹੀਂ ਡਰਦਾ। ਮੌਤ ਤੋਂ ਵਾਕਈ ਕਾਮਰੇਡ ਗਿੱਲ ਡਰਦਾ ਨਹੀਂ ਸੀ। ਮੌਤ ਉਸ ਤੋਂ ਡਰਦੀ ਰਹੀ। ਅੱਤਵਾਦੀ ਦੌਰ ਵਿੱਚ ਦੋ ਘਟਨਾਵਾਂ ਦਾ ਜ਼ਿਕਰ ਕਰਨਾ ਜ਼ਰੂਰੀ ਹੈ। ਇੱਕ ਵਾਰ ਦੋ ਹਥਿਆਰਬੰਦ ਅੱਤਵਾਦੀਆਂ ਨਾਲ ਘੋਲੀਏ ਹੀ ਟਾਕਰਾ ਹੋ ਗਿਆ। ਕੁਦਰਤੀ ਉਨ੍ਹਾਂ ਦਾ ਹਥਿਆਰ ਨਾ ਚੱਲਿਆ, ਜਿਸ ਕਰਕੇ ਉਹ ਭੱਜ ਤੁਰੇ ਤੇ ਕਾਮਰੇਡ ਗਿੱਲ ਦੀ ਜਾਨ ਬਚ ਗਈ। ਕਾ. ਗਿੱਲ ਨੇ ਵੀ ਉਨ੍ਹਾਂ 'ਤੇ ਆਪਣੇ ਰੀਵਾਲਵਰ ਨਾਲ ਛੇ ਫਾਇਰ ਕੀਤੇ, ਪਰ ਬਦਕਿਸਮਤੀ ਇਹ ਰਹੀ ਕਿ ਇੱਕ ਵੀ ਗੋਲੀ ਕਿਸੇ ਅੱਤਵਾਦੀ ਦੇ ਨਾ ਲੱਗ ਸਕੀ। ਦੂਜੀ ਘਟਨਾ ਬੜੀ ਖੌਫ਼ਨਾਕ ਸੀ। ਬੱਧਨੀ ਕਲਾਂ ਅਤੇ ਬੁੱਟਰ ਪਿੰਡਾਂ ਦੇ ਵਿਚਾਲੇ ਕਾਮਰੇਡ ਗਿੱਲ ਦਾ ਅੱਤਵਾਦੀਆਂ ਨਾਲ ਮੁਕਾਬਲਾ ਹੋਇਆ। ਅਸਲ ਵਿੱਚ ਅੱਤਵਾਦੀ ਕਾ. ਗਿੱਲ ਦਾ ਪਿੱਛਾ ਕਰਦੇ ਆ ਰਹੇ ਸਨ। ਅੱਤਵਾਦੀ ਕਾਰ 'ਚ ਸਨ ਅਤੇ ਗਿੱਲ ਹੁਰੀਂ ਜੀਪ ਵਿੱਚ ਸਵਾਰ ਸਨ। ਮੁਕਾਬਲੇ ਸਮੇਂ ਸ਼ਾਮ ਦਾ ਘੁਸਮੁਸਾ ਜਿਹਾ ਸੀ, ਪਰ ਮੁਕਾਬਲੇ ਦੌਰਾਨ ਕਿਸੇ ਧਿਰ ਦਾ ਜਾਨੀ ਨੁਕਸਾਨ ਨਹੀਂ ਹੋਇਆ ਸੀ। ਮੁਕਾਬਲੇ ਦੌਰਾਨ ਕਾਮਰੇਡ ਗਿੱਲ ਨੇ ਮੈਦਾਨ ਨਹੀਂ ਛੱਡਿਆ, ਸਗੋਂ ਅੱਤਵਾਦੀਆਂ ਨੂੰ ਹੀ ਭੱਜਣਾ ਪਿਆ। ਕਾਮਰੇਡ ਗਿੱਲ ਨੇ ਆਪਣੇ ਆਪ ਨਾਲ ਫੈਸਲਾ ਕਰ ਲਿਆ ਸੀ, ਜੇ ਕੋਈ ਅੱਤਵਾਦੀ ਉਸ 'ਤੇ ਹਮਲਾ ਕਰੇਗਾ, ਉਹ ਭਾਵੇਂ ਮਰ ਜਾਵੇ ਪਰ ਇੱਕ-ਦੋ ਨੂੰ ਜ਼ਰੂਰ ਮਾਰ ਕੇ ਮਰੇਗਾ।


ਜੀਵਨ ਸਾਥਣ ਅਤੇ ਬੇਟੇ ਅਮਰਦੀਪ ਗਿੱਲ ਨਾਲ ਕਾਮਰੇਡ ਗਿੱਲ - 1976

ਪਿਛਲੇ ਦਿਨੀਂ ਕੇਂਦਰੀ ਲੇਖਕ ਸਭਾ ਦੀਆਂ ਚੋਣਾਂ ਹੋਈਆਂ ਸਨ। ਕਾ. ਗਿੱਲ ਸਾਨੂੰ ਚੋਣਾਂ ਤੋਂ ਪਹਿਲਾਂ ਵੀ ਹਦਾਇਤਾਂ ਕਰਦਾ ਰਿਹਾ, ਚੋਣਾਂ ਤੋਂ ਬਾਅਦ ਵੀ ਉਸ ਦੀਆਂ ਹਦਾਇਤਾਂ ਅਨੁਸਾਰ ਕੇਂਦਰੀ ਕਾਰਜਕਾਰਨੀ ਚੁਣੀ ਗਈ। ਗਿੱਲ ਦੀਆਂ ਹਦਾਇਤਾਂ ਅਨੁਸਾਰ ਸਭ ਜ਼ਿਲ੍ਹਿਆਂ ਦੇ ਸਰਗਰਮ ਲੇਖਕਾਂ ਨੂੰ ਨੁਮਾਇੰਦਗੀ ਦਿੱਤੀ ਗਈ। ਗਿੱਲ ਦੀ ਹਦਾਇਤ ਸੀ ਕਿ ਕਾਰਜਕਾਰਨੀ ਘੜਦਿਆਂ ਕਿਸੇ ਪਾਰਟੀ, ਕਿਸੇ ਗਰੁੱਪ, ਕਿਸੇ ਬੰਦੇ ਦਾ ਲਿਹਾਜ਼ ਨਹੀਂ ਕਰਨਾ। ਬਲਦੇਵ ਸਿੰਘ (ਪ੍ਰਧਾਨ ਕੇਂਦਰੀ) ਨੇ ਇੰਨ-ਬਿੰਨ ਸੁਰਜੀਤ ਗਿੱਲ ਦੀਆਂ ਸਲਾਹਾਂ ਨੂੰ ਅਮਲੀ ਰੂਪ ਦਿੱਤਾ। ਬਲਦੇਵ ਅਤੇ ਮੈਨੂੰ ਇਹ ਵੀ ਸੁਝਾਅ ਸੀ ਕਿ ਸਮਕਾਲੀ ਹਾਲਾਤ ਅਜਿਹੇ ਬਣੇ ਹੋਏ ਹਨ ਕਿ ਸਾਨੂੰ ਸਾਰੀਆਂ ਭਰਾਤਰੀ ਲੇਖਕ ਸਭਾਵਾਂ (ਸਾਹਿਤ ਅਕਾਦਮੀ ਲੁਧਿਆਣਾ, ਕੇਂਦਰੀ ਸਭਾ ਸੇਖੋਂ, ਪਲਸ ਮੰਚ, ਪੰਜਾਬ ਵਿਅੰਗ ਅਕਾਦਮੀ ਅਤੇ ਹੋਰ ਸਾਹਿਤਕ ਸੱਭਿਆਚਾਰਕ ਸਭਾਵਾਂ ਆਦਿ) ਨੂੰ ਇੱਕ ਮੰਚ 'ਤੇ ਇਕੱਠੇ ਹੋ ਕੇ ਸੰਘਰਸ਼ ਲੜਨੇ ਪੈਣਗੇ। ਪਿਛਲੇ ਸਮੇਂ ਕਾਮਰੇਡ ਗਿੱਲ ਨੇ ਬਹੁਤ ਸਾਰੇ ਕਾਮਰੇਡਾਂ (ਜੋ ਇਤਿਹਾਸ ਦੇ ਪੰਨਿਆਂ 'ਚ ਅਣਗੌਲੇ ਪਏ ਸਨ) ਦੇ ਕੰਮਾਂ-ਕਾਜਾਂ, ਉਨ੍ਹਾਂ ਦੀ ਦੇਣ ਬਾਰੇ 'ਮਿੱਟੀ ਤਾਂ ਫਰੋਲ ਜੋਗੀਆ' (ਨਵਾਂ ਜ਼ਮਾਨਾ) ਕਾਲਮ ਤਹਿਤ ਅਨੇਕ ਨਿਬੰਧ ਲਿਖੇ ਸਨ। ਅਜੇ ਉਸ ਨੇ ਹੋਰ ਅਜਿਹੇ ਨਿਬੰਧ ਰਚਣੇ ਸਨ। ਇਸ ਤੋਂ ਬਿਨਾਂ ਕਾਮਰੇਡ ਗਿੱਲ ਨੇ ਕਮਿਊਨਿਸਟ ਲਹਿਰ ਦਾ ਜੋ ਸੱਚ ਹੱਡੀਂ ਹੰਢਾਇਆ ਸੀ, ਜੋ ਉਸ ਨੂੰ ਇਸ ਲਹਿਰ ਤੋਂ ਤਜਰਬੇ ਅਤੇ ਅਨੁਭਵ ਹੋਏ ਸਨ, ਉਨ੍ਹਾਂ ਨੂੰ ਪੁਸਤਕ ਰੂਪ (ਕਮਿਊਨਿਸਟ ਲਹਿਰ ਦਾ ਇਤਿਹਾਸ) ਦੇਣਾ ਸੀ, ਉਹ ਕਾ. ਗਿੱਲ ਦੇ ਸੰਸਾਰ 'ਚੋਂ ਜਾਣ ਕਾਰਨ ਨਾਲ ਹੀ ਚਲਾ ਗਿਆ। ਅਸੀਂ ਕਿੰਨੇ ਅਭਾਗੇ ਹਾਂ ਕਿ ਉਸ ਅਣਮੁੱਲੇ ਕੀਮਤੀ ਖਜ਼ਾਨੇ ਤੋਂ ਵਾਂਝੇ ਰਹਿ ਗਏ ਹਾਂ। ਕਾਮਰੇਡ ਗਿੱਲ ਕੁਝ ਸਾਲਾਂ ਤੋਂ ਆਪਣੇ ਹੱਥਾਂ ਨਾਲ ਲਿਖਣ ਤੋਂ ਅਸਮਰੱਥ ਸੀ। ਉਹ ਬੋਲੀ ਜਾਂਦਾ ਅਤੇ ਹਰਿੰਦਰ ਬਰਾੜ ਲਿਖੀ ਜਾਂਦਾ। ਕਾਮਰੇਡ ਗਿੱਲ ਦੀ ਇਹ ਪ੍ਰਬਲ ਇੱਛਾ ਸੀ ਕਿ ਉਹ ਕਮਿਊਨਿਸਟ ਲਹਿਰ ਦਾ ਲੇਖਾ-ਜੋਖਾ ਕਰਦਾ, ਉਸ ਦੀਆਂ ਪ੍ਰਾਪਤੀਆਂ, ਉਸ ਦੀਆਂ ਘਾਟਾਂ-ਊਣਤਾਈਆਂ ਨੂੰ ਪੁਸਤਕ ਰੂਪ ਦਿੰਦਾ, ਪਰ ਉਸ ਦੇ ਹੱਥਾਂ ਕਾਰਨ ਅਜਿਹਾ ਸੰਭਵ ਨਾ ਹੋ ਸਕਿਆ। ਕਾਮਰੇਡ ਗਿੱਲ ਭਾਰਤੀ ਕਮਿਊਨਿਸਟ ਇਤਿਹਾਸ ਦਾ ਜੀਵੰਤ ਇਨਸਾਈਕਲੋਪੀਡੀਆ ਸੀ।

ਕਾਮਰੇਡ ਗਿੱਲ ਦੀ ਕਮਿਊਨਿਸਟ ਲਹਿਰ ਨੂੰ ਵੱਡਮੁੱਲੀ ਦੇਣ ਹੀ ਨਹੀਂ ਸੀ, ਸਗੋਂ ਉਸ ਦਾ ਪੰਜਾਬੀ ਮਾਰਕਸਵਾਦੀ ਆਲੋਚਨਾ ਖੇਤਰ ਨੂੰ ਦਿੱਤਾ ਯੋਗਦਾਨ ਵੀ ਯਾਦਗਾਰੀ ਸੀ। ਵੱਡੇ-ਵੱਡੇ ਧਨੰਤਰ ਨਾਵਲਕਾਰ ਤੋਂ ਲੈ ਕੇ ਨਵੇਂ ਉੱਭਰ ਰਹੇ ਨਾਵਲਕਾਰਾਂ (ਜਸਵੰਤ ਸਿੰਘ ਕੰਵਲ, ਗੁਰਦਿਆਲ ਸਿੰਘ, ਰਾਮ ਸਰੂਪ ਅਣਖੀ, ਬਲਦੇਵ ਸਿੰਘ, ਕੇ ਐੱਲ ਗਰਗ, ਮਿੱਤਰ ਸੈਨ ਮੀਤ, ਜਸਦੇਵ ਧਾਲੀਵਾਲ, ਅਵਤਾਰ ਬਿਲਿੰਗ, ਬਲਬੀਰ ਪਰਵਾਨਾ, ਜੋਰਾ ਸਿੰਘ ਸੰਧੂ, ਨਛੱਤਰ ਗਿੱਲ, ਮਹਿੰਦਰਪਾਲ ਲੰਡਨ, ਜੀਤ ਸਿੰਘ ਸੰਧੂ) ਤੱਕ ਉਨ੍ਹਾਂ ਬਾਰੇ ਜੋ ਗਿੱਲ ਨੇ ਧਾਰਨਾਵਾਂ ਦਿੱਤੀਆਂ, ਟਿੱਪਣੀਆਂ ਕੀਤੀਆਂ, ਰਾਵਾਂ ਦਿੱਤੀਆਂ, ਉਨ੍ਹਾਂ ਨੂੰ ਹਰ ਆਲੋਚਕ, ਹਰ ਲੇਖਕ ਨੇ ਸਵੀਕਾਰਿਆ। ਗਿੱਲ ਦੇ ਸਾਹਿਤ ਪ੍ਰਤੀ ਦਿੱਤੇ ਦ੍ਰਿਸ਼ਟੀਕੋਣ ਨੂੰ ਕੱਟਣਾ ਜਾਂ ਨਕਾਰਨਾ ਬੜਾ ਮੁਸ਼ਕਲ ਹੁੰਦਾ ਸੀ। ਮੇਰੀ ਧਾਰਨਾ ਅਨੁਸਾਰ ਪ੍ਰਿੰ. ਸੇਖੋਂ, ਡਾ. ਕੇਸਰ, ਡਾ. ਵਿਨੋਦ, ਡਾ. ਰਵੀ, ਪ੍ਰੋ. ਕਿਸ਼ਨ ਸਿੰਘ ਵਰਗੇ ਨਾਮਵਰ ਮਾਰਕਸਵਾਦੀ ਆਲੋਚਕਾਂ ਵਿੱਚ ਕਾਮਰੇਡ ਗਿੱਲ ਦਾ ਨਾਂਅ ਦਰਜ ਹੈ। ਮਾਰਕਸਵਾਦੀ ਆਲੋਚਕਾਂ ਦੀ ਅਗਲੀ ਪੀੜ੍ਹੀ (ਡਾ. ਜਸਵਿੰਦਰ, ਡਾ. ਨਾਹਰ, ਡਾ. ਦਵੇਸ਼ਵਰ, ਡਾ. ਸੁਰਜੀਤ, ਡਾ. ਰਜਿੰਦਰਪਾਲ, ਡਾ. ਆਰ ਬੀ ਸਿੰਘ, ਡਾ. ਹਰਭਜਨ ਭਾਟੀਆ, ਡਾ. ਬਲਕਾਰ, ਡਾ. ਯੋਗਰਾਜ ਅਤੇ ਮੇਰੇ ਵਰਗੇ ਕੁਝ ਹੋਰ ਆਲੋਚਕ) ਵੀ ਕਾਮਰੇਡ ਗਿੱਲ ਦੀ ਮਾਰਕਸੀ ਵਿਚਾਰਧਾਰਾ/ਮਾਰਕਸੀ ਪਹੁੰਚ ਅਤੇ ਦ੍ਰਿਸ਼ਟੀ ਦੀ ਹਮੇਸ਼ਾ ਕਾਇਲ ਰਹੇਗੀ।

ਕਾਮਰੇਡ ਗਿੱਲ ਭਾਵੇਂ ਕਮਿਊਨਿਸਟ ਪੱਕਾ ਸੀ, ਪਰ ਉਹ ਕੱਟੜਵਾਦੀ ਨਹੀਂ ਸੀ। ਮਾਰਕਸਵਾਦ ਨੂੰ ਉਹ ਅਜਿਹਾ ਵਿਗਿਆਨਕ ਫਲਸਫਾ ਗਰਦਾਨਦਾ ਸੀ, ਜਿਸ ਨਾਲ ਇੱਕ ਸਮਾਜ ਦੇ ਵਿਭਿੰਨ ਪ੍ਰਬੰਧਾਂ (ਆਰਥਿਕ, ਸਮਾਜਿਕ, ਰਾਜਨੀਤਕ, ਧਾਰਮਿਕ ਅਤੇ ਮਨੋਵਿਗਿਆਨਕ) ਨੂੰ ਸਮਝਿਆ ਜਾ ਸਕਦਾ ਹੈ। ਗਿੱਲ ਦੀ ਧਾਰਨਾ ਸੀ ਜਦ ਤੁਸੀਂ ਕਿਸੇ ਸਮਾਜ ਦੀ ਆਰਥਿਕ, ਰਾਜਨੀਤਕ ਸੰਰਚਨਾ ਦਾ ਇਤਿਹਾਸਕ ਦਵੰਦਵਾਦੀ, ਵਿਗਿਆਨਕ ਅਤੇ ਪਦਾਰਥਵਾਦੀ ਦ੍ਰਿਸ਼ਟੀ ਤੋਂ ਅਧਿਐਨ ਕਰੋਗੇ ਜਾਂ ਸਮਝੋਗੇ ਤਾਂ ਉਹ ਮਾਰਕਸਵਾਦ ਹੀ ਹੈ।

ਅੰਤਮ ਗੱਲ, ਘੋਲੀਆ ਕਲਾਂ (ਮੋਗਾ) ਉਸ ਦਾ ਪਿੰਡ ਸੀ। ਪਿੰਡ ਵਿੱਚ ਉਹ ਬਹੁਤ ਘੱਟ ਰਿਹਾ, ਪਰ ਫਿਰ ਵੀ ਪਿੰਡ ਵਿੱਚ ਉਸ ਦਾ ਪੂਰਾ ਸਤਿਕਾਰ ਸੀ, ਜਿਧਰੋਂ ਲੰਘਦਾ ਸੀ, ਸਲਾਮਾਂ ਹੁੰਦੀਆਂ ਸਨ। ਦੁੱਖ-ਸੁੱਖ ਵਿੱਚ ਸ਼ਾਮਲ ਹੋਣੋਂ ਨਾ ਰਹਿੰਦਾ। ਪਿੰਡ 'ਚ ਕਿਸੇ ਨਾਲ ਉਸ ਨੇ ਵਿਗਾੜੀ ਨਹੀਂ ਸੀ, ਜਿਸ ਨੂੰ ਜੋ ਕੰਮ ਕਹਿ ਦਿੰਦਾ ਉਹ ਉਸ ਨੂੰ ਤਨਦੇਹੀ ਨਾਲ ਸਿਰੇ ਲਾਉਂਦਾ। ਉਸ ਨਾਲ ਦੋ-ਚਾਰ ਬੰਦਿਆਂ (ਖਾਸ ਕਰ ਉਸ ਦੇ ਮਤਰੇਅ ਭਰਾ) ਨੇ ਧੋਖੇ ਵੀ ਕੀਤੇ, ਪਰ ਉਨ੍ਹਾਂ ਨੂੰ ਵੀ ਮੁਆਫ ਕਰ ਦਿੱਤਾ। ਪਿੰਡ ਦੀਆਂ ਕੁੜੀਆਂ ਨੂੰ ਉਹ ਅਥਾਹ ਪਿਆਰ ਹੀ ਨਹੀਂ ਦਿੰਦਾ ਸੀ, ਸਗੋਂ ਉਨ੍ਹਾਂ ਨੂੰ ਪੜ੍ਹਨ ਅਤੇ ਚੰਗੇ ਇਨਸਾਨ ਬਣਨ ਲਈ ਪ੍ਰੇਰਿਤ ਕਰਦਾ ਰਹਿੰਦਾ ਸੀ। ਨਰਿੰਦਰ ਸ਼ਰਮਾ ਦੀ ਲੜਕੀ ਸੋਨੀਆ ਨੂੰ ਜੀਨ ਲੈ ਕੇ ਦਿੱਤੀ, ਕਿਉਂਕਿ ਸੋਨੀਆ ਦੀ ਮੰਮੀ ਅਤੇ ਦਾਦੀ ਉਸ ਨੂੰ ਜੀਨ ਪਹਿਨਣ ਤੋਂ ਰੋਕਦੀਆਂ ਸਨ। ਇੱਕ ਦਿਨ ਇੱਕ ਲੜਕੀ ਬਾਈਕ 'ਤੇ ਜਾ ਰਹੀ ਸੀ, ਇਹ ਲੜਕੀ ਵੀ ਘੋਲੀਏ ਦੀ ਸੀ, ਉਸ ਲੜਕੀ ਨੂੰ ਰੋਕ ਕੇ ਸ਼ਾਬਾਸ਼ ਹੀ ਨਹੀਂ ਦਿੱਤੀ, ਸਗੋਂ ਸੌ ਰੁਪਏ ਪੁਰਸਕਾਰ ਵਜੋਂ ਵੀ ਦਿੱਤੇ। ਗਿੱਲ ਸਿਹਤਮੰਦ ਅਤੇ ਉਸਾਰੂ ਤਬਦੀਲੀ ਦੇ ਸਦਾ ਹੱਕ ਵਿੱਚ ਰਹਿੰਦਾ। ਘੋਲੀਆ ਕਲਾਂ ਵਿੱਚ ਮੇਰੇ ਵਰਗੇ ਅਨੇਕ ਕਾਮਰੇਡ ਹਨ, ਜਿਨ੍ਹਾਂ ਦੀ ਅਗਲੀ ਪੀੜ੍ਹੀ ਵੀ ਕਾਮਰੇਡ ਗਿੱਲ ਦੇ ਵਿਚਾਰਾਂ ਦੀ ਧਾਰਨੀ ਬਣ ਰਹੀ ਹੈ। ਬਠਿੰਡਾ, ਫਰੀਦਕੋਟ, ਮੁਕਤਸਰ ਅਤੇ ਮੋਗੇ ਆਦਿ ਜ਼ਿਲ੍ਹਿਆਂ ਵਿੱਚ ਕਾਮਰੇਡ ਗਿੱਲ ਦੀ ਬਹੁਤ ਮਾਨਤਾ ਸੀ। ਕਾਮਰੇਡ ਗਿੱਲ ਅਜਿਹੀ ਸ਼ਖਸੀਅਤ ਸੀ, ਲੋਕ ਉਸ ਨੂੰ ਸੰਭਾਲਦੇ, ਉਸ ਦੀ ਟਹਿਲ ਸੇਵਾ ਵੀ ਕਰਦੇ ਅਤੇ ਸਮਰੱਥਾ ਅਨੁਸਾਰ ਪਾਰਟੀ ਫੰਡ ਵੀ ਦਿੰਦੇ। ਕਾਮਰੇਡ ਗਿੱਲ ਨੂੰ ਤਾਂ ਦੂਜੀਆਂ ਕਮਿਊਨਿਸਟ ਪਾਰਟੀਆਂ ਦੇ ਕਾਰਕੁਨ ਵੀ ਖੁੱਲ੍ਹ ਕੇ ਫੰਡ ਦਿੰਦੇ ਸਨ। ਅਜਿਹਾ ਸੀ ਸਾਡਾ ਇਹ ਕਾਮਰੇਡ।

ਆਓ, ਕਾਮਰੇਡ ਗਿੱਲ ਵਰਗੇ ਕਮਿਊਨਿਸਟ ਬਣੀਏ। ਭਾਵੇਂ ਇਹ ਕਾਰਜ ਔਖਾ ਹੈ, ਪਰ ਇਸ ਤੋਂ ਬਿਨਾਂ ਦੂਜਾ ਹੋਰ ਕੋਈ ਰਸਤਾ ਨਹੀਂ, ਦੂਜਾ ਹੋਰ ਕੋਈ ਚਾਰਾ ਨਹੀਂ।

# ਮੇਰਾ ਧਰਮੀ ਬਾਬਲ -ਕਾਮਰੇਡ ਸੁਰਜੀਤ ਗਿੱਲ

ਇੱਕੀ ਜੂਨ ਦੀ ਮਨਹੂਸ ਸਵੇਰ ਨੂੰ ਮੇਰਾ ਬਾਪੂ ਸਕਿੰਟਾਂ ਵਿੱਚ ਹੀ ਮੇਰਾ ਸਾਥ ਛੱਡ ਗਿਆ , ਤੇਈਆਂ ਵਰਿ•ਆਂ ਦਾ ਸਾਥ। ਕਹਿੰਦੇ ਨੇ ਕਿ ਦੁੱਖ ਦੇ ਦਿਨ ਲੰਮੇ ਲੱਗਦੇ ਨੇ ਪਰ ਇੱਕੀ ਜੂਨ ਤਾਂ ਪਹਿਲਾਂ ਹੀ ਸਾਲ ਦਾ ਸਭ ਤੋਂ ਲੰਮਾ ਦਿਨ ਸਿੱਧ ਹੋ ਚੁੱਕਾ ਹੈ ਜੋ ਕਿ ਹੁਣ ਮੇਰੇ ਲਈ ਸਭ ਤੋਂ ਵੱਧ ਦੁਖਦਾਈ ਦਿਨ ਬਣ ਗਿਆ ਹੈ।

ਜਦ ਬਾਪੂ ਮੈਨੂੰ 1989 'ਚ ਮਿਲਿਆ ਸੀ ਤਾਂ ਮੈਂ ਸਿਰਫ ਮਾਸ ਦਾ ਇੱਕ ਲੋਥੜਾ ਜਿਹਾ ਸਾਂ ਜੋ ਸਾਹ ਲੈਂਦਾ ਸੀ, ਖਾਂਦਾ ਸੀ, ਪੀਂਦਾ ਸੀ। ਅੱਠ ਪਾਸ ਸਾਂ ਮੈਂ। ਭਵਿੱਖ ਸਿਰਫ ਹਨੇਰਾ। ਜ਼ਿੰਗਦੀ ਦੇ ਸਾਹ ਪੂਰੇ ਕਰਨ ਜੋਗੀ ਸਾਂ। ਮੇਰੀ ਮਾਸੀ ਦੇ ਹੌਂਸਲੇ ਅਤੇ ਕਾਮਰੇਡ ਗਿੱਲ ਦੀ ਸੇਧ ਨੇ ਮੇਰੀ ਰੁਕੀ ਹੋਈ ਜ਼ਿੰਦਗੀ ਵਿੱਚ ਰਵਾਨੀ ਭਰੀ। ਅੱਖਾਂ ਵਿੱਚ ਸੁਪਨੇ ਭਰੇ । ਦਿਮਾਗ ਵਿੱਚ ਸੋਚਾਂ ਭਰੀਆਂ। ਮੇਰੇ ਸੁਪਨਿਆਂ ਨੂੰ ਪਰਵਾਜ਼ ਭਰਨੀ ਸਿਖਾਈ ਤੇ ਮੇਰੀ ਰੂਹ ਨੂੰ 'ਸੁਰਜੀਤ' ਕਰ ਮੈਨੂੰ ਦੁਬਾਰਾ ਜਨਮ ਦਿੱਤਾ। . . ਤੇ ਹੁਣ ਤੱਕ ਤੇਈ ਸਾਲ ਬਾਪੂ ਨੇ ਮੈਨੂੰ ਪਲ ਪਲ ਅਗਵਾਈ ਦਿੱਤੀ। ਆਪਣੇ ਪੈਰਾਂ ਸਿਰ ਖੜ•ਾ ਕੀਤਾ। ਸਮਾਜਿਕ ਸੂਝ ਦਿੱਤੀ। ਸਾਹਿਤਕ ਸੂਝ ਦਿੱਤੀ। ਭਾਵਨਾਤਮਕਤਾ ਮੇਰੇ ਅੰਦਰ ਪੈਦਾ ਕੀਤੀ । ਮਾਨਵੀ ਦਰਦ ਨੂੰ ਮਹਿਸੂਸ ਕਰਨ ਦੀ ਜੋ ਸ਼ਿੱਦਤ ਮੈਂ ਬਾਪੂ ਜੀ ਅੰਦਰ ਦੇਖੀ ਉਹ ਮੈਨੂੰ ਹੋਰ ਕਿਤੇ ਵੀ ਨਹੀਂ ਦਿਸੀ। ਬਾਪੂ ਮੈਨੂੰ ਇਸ ਸਦੀ ਦਾ ਉਹ ਆਖਰੀ ਆਦਮੀ ਲੱਗਦਾ ਹੈ ਜਿਸ ਨੂੰ ਰੂਹਾਨੀ ਰਿਸ਼ਤਿਆਂ ਦੀ ਕਦਰ ਸੀ। ਜੋ ਅੱਤ ਦਰਜੇ ਦਾ ਭਾਵੁਕ ਵੀ ਸੀ । ਆਪ ਦੀ ਜੇਬ ਵਿੱਚ ਭਾਵੇਂ ਦਵਾਈ ਜੋਗੇ ਪੈਸੇ ਹੀ ਹੋਣ ਉਸ ਨਾਲ ਵੀ ਕਿਸੇ ਪਾਰਟੀ ਮੈਂਬਰ ਦੀ ਮਦਦ ਕਰ ਦੇਣੀ। ਕਿਸੇ ਸਾਥੀ ਦੇ ਪੈਰਾਂ ਵਿੱਚ ਟੁੱਟੀ ਜੁੱਤੀ ਵੇਖ ਕੇ ਆਪਣੇ ਬੂਟ ਤੱਕ ਪੈਰੋਂ ਲਾਹ ਕੇ ਦੇ ਦੇਣੇ। ਅਸੂਲਾਂ ਦਾ ਪੱਕਾ ਬਾਪੂ ਬੁਰੇ ਤੋਂ ਬੁਰੇ ਹਾਲਾਤਾਂ ਵਿੱਚੋਂ ਵੀ ਆਪਣੇ ਆਪ ਨੂੰ ਕੱਢ ਲੈਂਦਾ ਸੀ ਤੇ ਆਪਣੀ ਹੀ ਬੇਵੱਸੀ ਤੇ ਹੱਸ ਸਕਣ ਵਾਲਾ ਇਨਸਾਨ ਸੀ। ਮੇਰੇ ਲਈ ਤਾਂ ਭਾਵਨਾਤਮਕ ਤੇ ਰੂਹਾਨੀ ਰਿਸ਼ਤਿਆਂ ਦਾ ਯੁੱਗ ਉਸੇ ਦੇ ਨਾਲ ਹੀ ਬੀਤ ਗਿਆ ਹੈ।

ਉਸ ਦਿਨ ਮੈਂ , ਮੇਰੇ ਸਿਰ ਤੇ ਮਮਤਾ ਭਰਿਆ ਹੱਥ ਰੱਖਣ ਵਾਲੇ ਬਾਪੂ ਦੇ ਠੰਡੇ ਯੱਖ ਹੱਥਾਂ ਨੂੰ ਛੂਹ ਰਹੀ ਸੀ। ਉਸ ਦੀਆਂ ਮੁੜ ਚੁੱਕੀਆਂ ਉਂਗਲਾਂ ਨੂੰ ਵਾਰ ਵਾਰ ਖੋਲ• ਕੇ ਦੇਖ ਰਹੀ ਸਾਂ ਪਰ ਫਿਰ ਵੀ ਯਕੀਨ ਨਹੀਂ ਸੀ ਆ ਰਿਹਾ। ਲੱਗਦਾ ਸੀ ਕਿ ਬਾਪੂ ਸੁੱਤਾ ਪਿਆ ਹੈ।

ਹਾਲੇ ਵੀਹ ਜੂਨ ਦੀ ਸ਼ਾਮ ਨੂੰ ਸੱਤ ਵਜੇ ਤਾਂ ਬਾਪੂ ਆਪਣੇ ਘਰ ਦੇ ਬਾਹਰ ਬਣੀ ਥੜ•ੀ ਤੇ ਬੈਠਾ ਮੇਰੇ ਨਾਲ ਫੋਨ ਤੇ ਗੱਲਾਂ ਕਰ ਰਿਹਾ ਸੀ। ਮੈਨੂੰ ਪੁੱਛ ਰਿਹਾ ਸੀ, '' ਤੇਰੇ ਕੋਲ ਨਜ਼ਰੀਆ ਦਾ ਨਵਾਂ ਅੰਕ ਆ ਗਿਆ? ਜਮੰਟੋ ਵਿਸ਼ੇਸ਼ ਅੰਕ ਹੈ ''। ਮੈਂ ਕਿਹਾ ,' ਨਹੀਂ ਬਾਪੂ ਮੇਰਾ ਤਾਂ ਚੰਦਾ ਖ਼ਤਮ ਹੋ ਗਿਆ ਨਹੀਂ ਆਉਣਾ ਇਸ ਵਾਰ'। ਤਾਂ ਬਾਪੂ ਬੋਲਿਆ ਸੀ, '' ਚੱਲ ਕੋਈ ਨਈ ਮੈਂ ਪੜ• ਕੇ ਭੇਜ ਦੂ''। ਤੇ ਜਦ ਉਸ ਦਿਨ ਮੈਂ ਆਖਰੀ ਵਾਰ ਬਾਪੂ ਦਾ ਕਮਰਾ ਦੇਖਣ ਗਈ ਤਾਂ ਬਾਪੂ ਦੇ ਪੜ੍ਹਨ ਵਾਲੇ ਮੇਜ਼ ਤੇ ਉਹੀ ਅੰਕ ਖੋਲ ਕੇ ਮੂਧਾ ਮਾਰਿਆ ਪਿਆ ਸੀ। ਜਿਸ ਤੇ ਬਾਪੂ ਦੇ ਦਸਤਖਤ ਕੀਤੇ ਹੋਏ ਸਨ ਤੇ ਵੀਹ ਤਾਰੀਖ ਪਾਈ ਹੋਈ ਸੀ। ਮੈਂ ਚੁੱਪ ਚਾਪ ਉਹ ਮੈਗਜ਼ੀਨ ਉੱਥੋਂ ਚੁੱਕ ਲਿਆਈ ਕਿਉਂਕਿ ਉਸ ਵਿੱਚ ਬਾਪੂ ਦੀ ਆਖਰੀ ਛੋਹ ਸੀ।

ਬਾਪੂ ਇੰਝ ਤੁਰ ਜਾਵੇਗਾ ਮੈਂ ਕਦੇ ਵੀ ਯਕੀਨ ਨਹੀਂ ਕਰ ਸਕਦੀ। ਅਠਾਰਾਂ ਜੂਨ ਨੂੰ ਤਾਂ ਬਾਪੂ ਨੇ ਮੇਰੇ ਨਾਲ ਕੇਰਲਾ ਵਿੱਚ ਕਤਲ ਹੋਏ ਸਾਥੀ ਚੰਦਰਸ਼ੇਖਰਨ ਬਾਰੇ ਲੰਮੀ ਗੱਲ ਕੀਤੀ ਸੀ। ਉੱਨੀ ਜੂਨ ਨੂੰ ਰਾਤ ਨੌ ਵਜੇ ਮੇਰੀ ਵੀ ਮੇਰੀ ਗੱਲ ਹੋਈ । ਬਾਪੂ ਕੁਝ ਠੀਕ ਨਹੀਂ ਸੀ। ਉਸਨੇ ਦੱਸਿਆ ਕਿ,'' ਅਮਰਦੀਪ ਦਵਾਈ ਦੁਆ ਕੇ ਗਿਆ ਸੀ ਆਥਣੇ। ਲਈ ਆਂ ਹੁਣੇ ਪਰ ਮੈਂ ਸਰੀਰਕ ਨਾਲੋਂ ਮਾਨਸਿਕ ਤੌਰ ਤੇ ਔਖਾ ਹਾਂ। ਪਿਛਲੀ ਜ਼ਿੰਦਗੀ ਰਹਿ ਰਹਿ ਕੇ ਯਾਦ ਆ ਰਹੀ ਹੈ''। ਤੇ ਇਸ ਤੋਂ ਪਹਿਲਾਂ ਕਿ ਮੈਂ ਕੋਈ ਜਵਾਬ ਦਿੰਦੀ ਬਾਪੂ 'ਚੰਗਾ' ਆਖ ਫੋਨ ਕੱਟ ਗਿਆ। ਪਿਛਲੇ ਨੌ ਸਾਲਾਂ ਵਿੱਚ ਇੱਕ ਵੀ ਦਿਨ ਅਜਿਹਾ ਨਹੀਂ ਸੀ ਜਦੋਂ ਮੇਰੀ ਬਾਪੂ ਨਾਲ ਗੱਲ ਨਾ ਹੋਈ ਹੋਵੇ। ਵੀਹ ਜੂਨ ਨੂੰ ਮੈਂ ਦਿਨੇ ਦੋ ਵਾਰ ਫੋਨ ਕੀਤਾ ਪਰ ਬਾਪੂ ਨੇ ਅਟੈਂਡ ਨਾ ਕੀਤਾ। ਆਖਰ ਸ਼ਾਮ ਨੂੰ ਸੱਤ ਵਜੇ ਮੇਰੀ ਗੱਲ ਹੋਈ ਤਾਂ ਨਜ਼ਰੀਆ ਮੈਗਜ਼ੀਨ ਬਾਰੇ ਗੱਲ ਕਰਨ ਤੋਂ ਬਾਅਦ ਬਾਪੂ ਨੇ ਦੱਸਿਆ ਕਿ ਉਹ ਰਾਤ ਭਰ ਸੌਂ ਨਹੀਂ ਸਕਿਆ। ਮੈਂ ਪੁਛਿਆ ਤਾਂ ਉਸ ਇੱਕੋ ਹੀ ਮਾਮੂਲੀ ਜਿਹੀ ਗੱਲ ਦੱਸੀ ਤੇ ਕਿਹਾ ਤੇਰੇ ਲਈ ਇੰਨੀ ਹੀ ਕਾਫੀ ਹੈ। ਬਾਕੀ ਦੱਸਦੂਗਾ ਫੇਰ। ਮੈਂ ਜਦ ਜਿੰਦ ਕੀਤੀ ਤਾਂ ਉਸ ਕਿਹਾ ਕਿ ਚੰਗਾ ਸਵੇਰੇ ਦੱਸੂਗਾ ਹੁਣ ਮੇਰਾ ਗੱਲ ਕਰਨ ਦਾ ਮੂਡ ਨਹੀਂ . . . . ਪਰ ਹਾਏ !!! ਉਹ ਸਵੇਰ ਆਈ ਹੀ ਨਹੀਂ । ਸਾਰੀ ਉਮਰ ਅਫਸੋਸ ਰਹੇਗਾ ਮੈਨੂੰ। ਬਾਪੂ ਨੇ ਕਦੇ ਵੀ ਕੋਈ ਵੀ ਗੱਲ ਮੇਰੇ ਤੋਂ ਛੁਪਾਈ ਨਹੀਂ ਸੀ ਪਰ... . ਤੇ ਅਗਲੀ ਸਵੇਰ ਤਾਂ ਪੌਣੇ ਸੱਤ ਵਜੇ ਅਮਰਦੀਪ ਵੀਰੇ ਦਾ ਫੋਨ ਆ ਗਿਆ ,' ਰਿੰਪੀ ! ਬਾਪੂ ਗਿਆ . . . ''। ਫਿਰ ਨਾ ਉਸ ਤੋਂ ਗੱਲ ਹੋ ਸਕੀ ਨਾ ਮੇਰੇ ਤੋਂ। ਲੰਮੀ ਖਾਮੋਸ਼ੀ ਤੋਂ ਬਾਅਦ 'ਆਈ ਬਸ ਵੀਰੇ' ਆਖ ਫੋਨ ਕੱਟ ਦਿੱਤਾ। ਸਭ ਕੁਝ ਖਤਮ ਹੋ ਚੁੱਕਾ ਸੀ। ਸਾਰੀ ਉਮਰ ਦ੍ਰਿੜ ਤੇ ਨਿਰਭਉ ਜ਼ਿੰਦਗੀ ਗੁਜ਼ਾਰਨ ਵਾਲਾ ਹਮੇਸ਼ਾ ਲਈ ਹੱਥ ਛੁਡਾ ਗਿਆ ਸੀ। ਬਠਿੰਡੇ ਨੂੰ ਜਾਂਦਿਆਂ ਸਾਰੇ ਰਾਹ ਬਾਪੂ ਦੀ ਪਿਛਲੀ ਜ਼ਿੰਦਗੀ ਮੇਰੀ ਸੋਚ ਦੇ ਕੈਨਵਸ ਤੇ ਚਲਦੀ ਰਹੀ। ਹਾਲੇ ਚੌਦਾਂ ਜੂਨ ਨੂੰ ਹੀ ਤਾਂ ਮੈਂ ਉਹਨਾਂ ਦੀ ਜ਼ਿੰਦਗੀ ਤੇ ਆਧਾਰਤ ਆਪਣੀ ਰਚਨਾ 'ਰੀ ਰਾਈਟ' ਕੀਤੀ ਹੈ ਜਿਸਨੂੰ ਬਾਪੂ ਨੇ ਆਪ ਸੋਧਿਆ ਸੀ। ਹੁਣ ਬਸ ਛਪਣ ਵਾਸਤੇ ਹੀ ਭੇਜਣੀ ਸੀ ਪਰ ... ਹੁਣ ਕਿਸਨੂੰ ਭੇਂਟ ਕਰਾਂਗੀ? ਕਿੱਥੇ ਚਲਾ ਗਿਆ ਮੇਰਾ ਬਾਪੂ? ਮਜੇਰੇ ਪੱਲੇ ਤਾਂ ਹੁਣ ਸਿਰਫ ਯਾਦਾਂ ਹੀ ਨੇ ਤੇ ਜਾਂ ਫਿਰ ਮੇਰੇ ਮੋਬਾਇਲ 'ਚ ਰਿਕਾਰਡ ਕੀਤੀਆਂ ਉਹਨਾਂ ਦੀਆਂ ਕੁਝ ਗੱਲਾ ਬਾਤਾਂ। ਜੋ ਕਿ ਚੀਨ ਦੇ ਹਮਲੇ ਬਾਰੇ ਹਨ । ਇੱਕ ਰਿਕਾਰਡਿੰਗ ਵਿੱਚ ਉਹਨਾਂ ਨੇ ਉਸ ਘਟਨਾਂ ਦਾ ਜਿਕਰ ਕੀਤਾ ਹੈ ਜਦ ਉਹ 'ਲਾਲ ਪਾਰਟੀ' ਵਲੋਂ ਗੋਆ ਦੀ ਆਜ਼ਾਦੀ ਲਈ ਪੁਰਤਗਾਲੀਆਂ ਨਾਲ ਟੱਕਰ ਲੈਣ ਗਏ ਸਨ। ਮੈਂ ਉਸ ਦਿਨ ਤੋਂ ਹੀ ਇਹ ਗੱਲਾਂ ਵਾਰ ਵਾਰ ਸੁਣ ਰਹੀ ਹਾਂ ਤ ਬਾਪੂ ਮੈਨੂੰ ਜਿਉਂਦਾ ਲੱਗਦਾ ਹੈ। ਬਾਪੂ ਜੀ ਤੋਂ ਮੈਂ ਜ਼ਿੰਦਗੀ ਦੇ ਡੂੰਘੇ ਰਾਜ਼ ਸਿੱਖੇ ਨੇ । ਬਾਪੂ ਜੀ ਹਮੇਸ਼ਾ ਚਾਹੁੰਦੇ ਸਨ ਕਿ ਕੁੜੀਆਂ ਤਰੱਕੀ ਕਰਨ ਸਮਾਜ ਦੀਆਂ ਬੋਸੀਦਾ ਰਸਮਾਂ ਦੀ ਕੈਦ ਚੋਂ ਆਜ਼ਾਦ ਹੋਣ। ਭਾਵਨਾਤਮਕ ਰਿਸ਼ਤੇ ਬਣਾਉਣੇ ਤੇ ਫਿਰ ਨਿਭਾਉਣੇ ਬਾਪੂ ਜੀ ਚੰਗੀ ਤਰਾਂ ਜਾਣਦੇ ਸਨ। ਡੂੰਘੇ ਚਿੰਤਨ ਦਾ ਵੱਲ ਮੈਂ ਬਾਪੂ ਜੀ ਤੋਂ ਸਿੱਖਿਆ। ਆਪਣੀਆਂ ਨਾਕਾਮਯਾਬੀਆਂ ਤੇ ਮੁੜ ਤੋਂ ਅਧਿਐਨ ਕਰਨਾ, ਕਾਰਨ ਖੋਜ ਕੇ ਆਪਣੀ ਗਲਤੀ ਨੂੰ ਮੰਨ ਲੈਣਾ ਅਤੇ ਫਿਰ ਤੋਂ ਗਲਤੀ ਨੂੰ ਸੁਧਾਰ ਲੈਣਾ। ਤੇ ਜੇ ਗਲਤੀ ਨਾ ਸੁਧਰਨ ਵਾਲੀ ਹੋਵੇ ਤਾਂ ਉਸਦੇ ਮਾਰੂ ਨਤੀਜੇ ਖਿੜੇ ਮੱਥੇ ਭੁਗਤਨ ਲਈ ਤਿਆਰ ਰਹਿਣਾ ਦਾ ਮਹਾਨ ਗੁਣ ਮੈਂ ਬਾਪੂ ਜੀ ਅੰਦਰ ਵੇਖਿਆ। ਕਾਮਰੇਡ ਸੁਰਜੀਤ ਗਿਲ ਇੱਕ ਨਿਸਵਾਰਥ, ਨਿਰਭਉ ਅਤੇ ਨਿਰਵੈਰ ਸ਼ਖਸ਼ੀਅਤ ਸਨ। ਸਾਰੀ ਉਮਰ ਪਾਰਟੀ ਦੇ ਲੇਖੇ ਲਾ ਦਿੱਤੀ ਪਰ ਕਦੇ ਵੀ ਆਪਣੇ ਲਈ ਜਾਂ ਆਪਣਿਆਂ ਲਈ ਸਹੂਲਤਾਂ ਦੀ ਮੰਗ ਨਹੀਂ ਕੀਤੀ। ਜਦ ਤੋਂ ਬਾਪੂ ਜੀ ਨੇ ਆਪਣੀ ਵੱਡੀ ਉਮਰ ਕਰਕੇ ਪਾਰਟੀ ਪ੍ਰੋਗਰਾਮਾਂ ਵਿੱਚ ਸਰਗਰਮ ਹਿੱਸਾ ਲੈਣਾ ਛੱਡਿਆ ਸੀ ਉਦੋਂ ਤੋਂ ਉਹ ਅਕਾਦਮਿਕ ਤੌਰ ਤੇ ਕੰਮ ਕਰਦੇ ਸਨ। ਕਈ ਵਾਰ ਮੈਂ ਕਹਿੰਦੀ ਕਿ , 'ਬਾਪੂ ਜੀ ਪਾਰਟੀ ਨੂੰ ਚਾਹੀਦਾ ਹੈ ਕਿ ਉਹ ਆਪਣੇ ਕਾਮਿਆਂ ਦੀਆਂ ਸੇਵਾਵਾਂ ਬਦਲੇ ਉਹਨਾਂ ਦੇ ਬੁਢਾਪੇ ਨੂੰ ਸਰਲ ਤੇ ਸੁਖਦ ਬਣਾਉਣ ਲਈ ਇੱਕ ਅਜਿਹੇ ਨਿਵਾਸ ਦਾ ਪ੍ਰਬੰਧ ਕਰੇ ਜਿੱਥੇ ਉਨਾਂ ਨੂੰ ਆਪਣੇ ਵਿਚਾਰਾਂ ਵਾਲੇ ਹੋਰ ਸਾਥੀ ਤੇ ਸਭ ਤਰਾਂ ਦੀਆਂ ਸਹੂਲਤਾਂ ਮਿਲਣ।' ਮੇਰੀ ਇਸ ਗੱਲ ਤੇ ਬਾਪੂ ਨੇ ਭੜਕ ਜਾਣਾ ਤੇ ਕਹਿਣਾ ਕਿ ,' ਤੂੰ ਕਾਮਰੇਡ ਸੁਰਜੀਤ ਗਿੱਲ ਦੀ ਸਾਹਿਤਕ ਵਾਰਿਸ ਹੋ ਕੇ ਅਜਿਹੀਆਂ ਟੁੱਚੀਆਂ ਗੱਲਾਂ ਕਿਉਂ ਕਰਦੀ ਹੈ'। ਅਜਿਹਾ ਦੇਸ਼ ਭਗਤ ਸੀ ਮੇਰਾ ਧਰਮੀ ਬਾਬਲ ਜਿਸ ਦੀ ਲੋੜ ਧੀਆਂ ਨੂੰ ਹਮੇਸ਼ਾ ਰਹਿੰਦੀ ਹੈ। ਬਾਪੂ ਦੇ ਸ਼ਾਗਿਰਦ ਹਜ਼ਾਰਾਂ ਹਨ ਜੋ ਬਾਪੂ ਤੋਂ ਸੇਧ ਲੈ ਕੇ ਆਪਣੀ ਪੀ ਐਚ ਡੀ ਦੇ ਥੀਸਿਸ ਲਿਖਦੇ ਸਨ। ਪਵਨ ਟਿੱਬਾ ਤਾਂ ਉਹਨਾਂ ਨੂੰ ਕਾਮਰੇਡ ਦਰੋਣ ਕਹਿੰਦਾ ਹੁੰਦਾ ਹੈ ਕਿਉਂਕਿ ਉਨਾਂ ਨੇ ਕਦੇ ਵੀ ਕਿਸੇ ਭੀਲ ਏਕਲੱਵਿਆ ਤੋਂ ਗੁਰੂ ਦੱਖਣਾ ਵਿੱਚ ਉਸਦਾ ਅੰਗੂਠਾ ਨਹੀਂ ਸੀ ਮੰਗਿਆ। ਕਾਮਰੇਡ ਸੁਰਜੀਤ ਗਿੱਲ ਮੇਰੇ ਲਈ ਰੋਲ ਮਾਡਲ ਅਤੇ ਅੱਜ ਦਾ ਨਾਇਕ ਹਮੇਸ਼ਾ ਸੀ ਤੇ ਰਹੇਗਾ। ਅਜਿਹੇ ਇਨਸਾਨ ਕਦੇ ਵੀ ਮਰਦੇ ਨਹੀਂ। ਹਜ਼ਾਰਾਂ ਲੋਕਾਂ ਦੇ ਚੇਤਿਆਂ ਵਿੱਚ ਹਮੇਸ਼ਾ ਹਾਜ਼ਰ ਰਹਿੰਦੇ ਹਨ. . . . ਪਰ ਹੁਣ ਹਰ ਐਤਵਾਰ ਨੂੰ ਸਵੇਰੇ ਅੱਠ ਵਜੇ ਦੇ ਕਰੀਬ ਆਉਂਦੀ ਬਾਪੂ ਦੀ ਰਿੰਗ ਨਹੀਂ ਵੱਜੇਗੀ। ਉਹ ਹੁਣ ਨਹੀਂ ਪੁੱਛਣਗੇ ਕਿ ,' ਪ੍ਰੋਫੈਸਰ ਸਾਹਿਬ ਲਿਆਓ ਫਿਰ 'ਨਵਾਂ ਜ਼ਮਾਨਾ' ਦੇ ਦਰਸ਼ਨ ਕਰਾਓ'। ਬਾਪੂ ਮੈਨੂੰ ਅਕਸਰ ਪ੍ਰੋਫੈਸਰ ਹੀ ਕਹਿੰਦੇ ਸਨ ਪਰ ਮੈਂ ਆਪਣੀ ਮਜ਼ਬੂਰੀ ਕਾਰਨ ਪੀ.ਐਚ.ਡੀ ਵੀ ਨਹੀਂ ਕਰ ਸਕੀ। 'ਨਵਾਂ ਜ਼ਮਾਨਾ' ਬਾਪੂ ਕੋਲ ਡਾਕ ਰਾਹੀਂ ਤੀਜੇ ਚੌਥੇ ਦਿਨ ਆਉਂਦਾ ਸੀ ਸੋ ਮੈਂ ਉਹਨਾਂ ਨੂੰ ਛਪੇ ਹੋਏ ਆਰਟੀਕਲਜ਼ ਬਾਰੇ ਅਤੇ ਬਾਕੀ ਦੀਆਂ ਸਰਗਰਮੀਆਂ ਬਾਰੇ ਅਤੇ ਜਤਿੰਦਰ ਪਨੂੰ ਜੀ ਦੇ ਦ੍ਰਿਸ਼ਟੀਕੋਣ ਬਾਰੇ ਪੜ ਕੇ ਸੁਣਾਉਂਦੀ। ਤੇ ਇਸੇ ਨਵਾਂ ਜ਼ਮਾਨਾ ਵਿਚ ਕਦੇ ਕਦੇ ਛਪਦੇ ਕਾਲਮ 'ਮਿੱਟੀ ਤਾਂ ਫਰੋਲ ਜੋਗੀਆ' ਦਾ ਕਲਮਕਾਰ ਖੁਦ ਇੱਕ ਹੀਰੇ ਵਾਂਗ ਮੇਰੇ ਹੱਥੋਂ ਗੁਲਾਚ ਗਿਆ ਹੈ ਤੇ ਔਹ!! ਮਜੇਰੀ ਸੋਚ ਦੀ ਦਹਿਲੀਜ਼ 'ਤੇ ਖੜਾ ਕਹਿ ਰਿਹਾ ਹੈ ' ਮਿੱਟੀ ਨਾ ਫਰੋਲ ਕੁੜੀਏ , ਨਹੀਂਉ ਲੱਭਣੇ ਲਾਲ ਗਵਾਚੇ'।ਪਰ ਉਸ ਤੱਕ ਮੇਰਾ ਰੁਦਨ ਨਹੀਂ ਪਹੁੰਚ ਰਿਹਾ । ਮੇਰੀ ਧਾਹ ਉਸ ਤੱਕ ਨਹੀਂ ਪਹੁੰਚ ਰਹੀ। ਮੇਰੀ ਰੂਹ ਕੁਰਲਾ ਰਹੀ ਹੈ : ਮੈਨੂੰ ਤੇਰੀ ਸੀ ਹਰਦਮ ਲੋੜ ਵੇ ਧਰਮੀ ਬਾਬਲਾ!

ਕਾਹਤੋਂ ਗਿਐਂ ਤੂੰ ਨਾਤਾ ਤੋੜ ਵੇ ਧਰਮੀ ਬਾਬਲਾ !!


ਹਰਪਿੰਦਰ ਰਾਣਾ
+91-95010 09177
harpinderrana21@yahoo.com

# ਦਰਿਆ ਵਾਂਗ ਵਹਿੰਦਾ ਰਿਹਾ ਬਾਪੂ ਸੁਰਜੀਤ ਗਿੱਲ

ਅਮਰਦੀਪ ਸਿੰਘ ਗਿੱਲ
+91-99882-62870
amardeepgill66@gmail.com

ਗੱਲ 1940ਵਿਆਂ ਦੀ ਹੈ ਪਟਿਆਲਾ ਸ਼ਹਿਰ ਦੇ ਬਾਹਰ ਇੱਕ ਗੁਰਦੁਆਰੇ ਵੱਲ ਕੁੱਝ ਔਰਤਾਂ ਮੱਥਾ ਟੇਕਣ ਜਾ ਰਹੀਆਂ ਸਨ , ਕੁਝ ਕੁ ਜਵਾਨ ਕੁੜੀਆਂ, ਕੁਝ ਅੱਧੀ ਉਮਰ ਦੀਆਂ ਔਰਤਾਂ , ਕੁਝ ਬੁੱਢੀਆਂ। ਇਹਨਾਂ ਵਿੱਚ ਹੀ ਇੱਕ ਨਵ-ਵਿਆਹੀ ਮੁਟਿਆਰ ਥੋੜ੍ਹਾ ਲੰਗੜਾ ਕੇ ਚੱਲ ਰਹੀ ਸੀ। ਉਸ ਦਾ ਮਕਸਦ ਦਰਅਸਲ ਪਿੱਛੇ ਆ ਰਹੇ ਪੰਜ ਛੇ ਸਾਲ ਦੇ ਬੱਚੇ ਨਾਲ ਰਲਣਾ ਸੀ, ਬੱਚਾ ਜੋ ਹੱਥ 'ਚ ਅੱਕ ਦਾ ਡੰਡਾ ਜਿਹਾ ਫੜ ਉਸ ਨੂੰ ਰਾਹ ਦੇ ਆਸੇ-ਪਾਸੇ ਦੇ ਬੂਟਿਆਂ 'ਚ ਮਾਰਦਾ ਬੜੇ ਅਣਮੰਨੇ ਜਿਹੇ ਢੰਗ ਨਾਲ ਸਭ ਦੇ ਪਿੱਛੇ-ਪਿੱਛੇ ਤੁਰਿਆ ਆ ਰਿਹਾ ਸੀ। ਨਵ-ਵਿਆਹੀ ਮੁਟਿਆਰ ਹੌਲੀ-ਹੌਲੀ ਉਸ ਬਾਲ ਦੇ ਬਰਾਬਰ ਆ ਗਈ,' ਮੇਰੇ ਵਿਆਹ ਵਾਲੇ ਦਿਨ ਤੂੰ ਰੋਇਆ ਸੀ? ' ਉਸ ਨੇ ਅੱਖਾਂ ਤਰੇਰਦਿਆਂ ਬੱਚੇ ਨੂੰ ਸਵਾਲ ਕੀਤਾ,'ਹਾ...!' ਬੱਚੇ ਦਾ ਨਿਰਛਲ ਜਵਾਬ ਸੀ, 'ਕਿਉਂ ਰੋਇਆ ਸੀ? ' ਮੁਟਿਆਰ ਦਾ ਕਾਲਾ ਰੰਗ ਲਾਖਾ ਹੋ ਰਿਹਾ ਸੀ। ' ਮੈਨੂੰ..ਮੈਨੂੰ ਮੇਰੀ ਮਾਂ ਯਾਦ ਆ ਰਹੀ ਸੀ।' ਬੱਚਾ ਪੰਜ-ਛੇ ਮਹੀਨੇ ਪਹਿਲਾਂ ਮਰੀ ਆਪਣੀ ਮਾਂ ਨੂੰ ਯਾਦ ਕਰ ਅੱਖਾਂ ਭਰ ਆਇਆ ਸੀ, 'ਅੱਛਾ...ਤਾਂ ਫਿਰ ਹੁਣ ਸਾਰੀ ਉਮਰ ਰੋਂਦਾ ਹੀ ਰਹਿ..!' ਇਹ ਕਹਿ ਉਹ ਮੁਟਿਆਰ ਲੰਗੜਾਉਣਾ ਭੁੱਲ ਕੇ ਘੋੜੇ ਵਾਂਗ ਦੌੜੀ ਤੇ ਆਪਣੇ ਤੋਂ ਅੱਗੇ ਜਾ ਰਹੀਆਂ ਸਹੇਲੀਆਂ ਨਾਲ ਜਾ ਰਲੀ। ਬਾਲ ਮਾਸੂਮੀਅਤ ਨਾਲ ਖੜਾ ਆਪਣੀ ਨਵੀਂ ਮਾਂ ਨੂੰ ਵੇਖਦਾ ਰਿਹਾ, ਸ਼ਾਇਦ ਉਹ ਉਸ ਦੀ ਕਹੀ ਗੱਲ ਦੇ ਅਰਥ ਕੱਢਣ ਦੀ ਕੋਸ਼ਿਸ਼ ਕਰ ਰਿਹਾ ਸੀ ਜਾਂ ਉਸ ਦਾ ਬਾਲ-ਮਨ ਇਹ ਸੋਚ ਰਿਹਾ ਸੀ ਕਿ 'ਮਾਂ' ਤੇ 'ਮਤਰੇਈ ਮਾਂ' 'ਚ ਐਨਾ ਫਰਕ ਹੁੰਦੈ!

ਇਹ ਗੱਲ ਬਾਪੂ ਦੇ ਮਨ 'ਚੋਂ ਸਾਰੀ ਉਮਰ ਨਹੀ ਨਿੱਕਲੀ। ਆਪਣੇ ਦੁੱਖਾਂ ਲੱਦੇ ਬਚਪਨ ਦੀਆਂ ਘਟਨਾਵਾਂ ਸੁਣਾਉਂਦਾ ਅਕਸਰ ਉਹ ਇਸ ਗੱਲ ਦਾ ਜ਼ਿਕਰ ਜ਼ਰੂਰ ਕਰਦਾ, ਮੈਂ ਹਮੇਸ਼ਾ ਸੋਚਦਾ ਹਾਂ ਕਿ ਕਿਸੇ ਮਨੁੱਖ ਨੂੰ ਐਨੀ ਛੋਟੀ ਉਮਰ 'ਚ ਐਸੇ ਵਿਹਾਰ ਦਾ ਸਾਹਮਣਾ ਸ਼ਾਇਦ ਹੀ ਕਰਨਾ ਪਿਆ ਹੋਵੇ। 'ਮਾਂ' ਸ਼ਬਦ ਦੁਨੀਆ ਦਾ ਸਭ ਤੋ ਪਵਿੱਤਰ ਸ਼ਬਦ ਹੈ, ਪਰ ਜਦ ਇਸ ਦੇ ਅੱਗੇ ਸਿਰਫ 'ਮਤਰੇਈ' ਸ਼ਬਦ ਲੱਗ ਜਾਂਦਾ ਹੈ ਤਾ ਇਸ ਦੇ ਅਰਥ ਬਿਲਕੁੱਲ ਉਲਟੇ ਕਿਉਂ ਹੋ ਜਾਂਦੇ ਹਨ? ਬਾਪੂ ਸਾਰੀ ਉਮਰ 'ਆਪਣੀ ਮਾਂ' ਲੱਭਦਾ ਰਿਹਾ, ਪਰ ਮਾਂ ਉਸ ਨੂੰ ਕਦੇ ਨਹੀਂ ਮਿਲੀ , ਉਸ ਦੇ ਲਈ ਬਾਪ, ਭਰਾ ਵਰਗੇ ਰਿਸ਼ਤੇ ਵੀ ਮਤਰੇਈ ਮਾਂ ਵਾਂਗ ਮਤਰੇਏ ਹੀ ਬਣੇ ਰਹੇ, ਜੇ ਉਸ ਦਾ ਕੋਈ ਆਪਣਾ ਸੀ ਤਾਂ ਬੱਸ ਕਮਿਊਨਿਸਟ ਪਾਰਟੀ, ਜੇ ਉਸ ਦੇ ਰਿਸ਼ਤੇਦਾਰ ਸਨ ਤਾਂ ਹਮਖਿਆਲ ਕਮਿਊਨਿਸਟ ਸਾਥੀ।

ਸਾਰੀ ਜ਼ਿੰਦਗੀ ਉਸ ਨੇ ਨਿਰੰਤਰ ਸੰਘਰਸ਼ ਕੀਤਾ। ਕਾਮਰੇਡ ਤੇਜਾ ਸਿੰਘ ਸੁਤੰਤਰ ਹੁਰਾਂ ਦੇ ਪ੍ਰਭਾਵ ਹੇਠ ਕਮਿਊਨਿਸਟ ਵਿਚਾਰਧਾਰਾ ਨੂੰ ਅਪਣਾ ਕੇ ਸਾਰੀ ਜ਼ਿੰਦਗੀ ਇਸੇ ਵਿਚਾਰਧਾਰਾ ਨੂੰ ਸਮਰਪਿਤ ਕਰ ਦਿੱਤੀ, ਕਦੇ ਵੀ ਡੋਲਿਆ ਨਹੀਂ ਕਦੇ ਵੀ ਥਿੜਕਿਆ ਨਹੀਂ। ਕਮਿਊਨਿਸਟ ਪਾਰਟੀਆਂ ਦੀ ਅਜੋਕੀ ਹਾਲਤ ਬਾਰੇ ਉਹ ਸਪਸ਼ੱਟ ਸੀ, ਉਸ ਨੇ ਅਕਸਰ ਕਹਿਣਾ ਕਿ ਕਮਿਊਨਿਜ਼ਮ ਨਹੀਂ ਕਮਿਊਨਿਸਟ ਅਸਫਲ ਹੋਏ ਹਨ। ਮਾਰਕਸਵਾਦ ਦਾ ਉਹ ਬੜਾ ਲਾਇਕ ਅਤੇ ਪ੍ਰਤੀਬੱਧ ਵਿਦਿਆਰਥੀ ਸੀ। ਸਿਆਸਤ ਦੇ ਨਾਲ-ਨਾਲ ਸਾਹਿਤ ਵਿੱਚ ਵੀ ਉਸ ਨੇ ਮਾਰਕਸਵਾਦੀ ਵਿਚਾਰਧਾਰਾ ਅਨੁਸਾਰ ਆਪਣੀ ਸਮਝ ਬਣਾਈ। ਪੰਜਾਬੀ ਆਲੋਚਨਾ ਵਿੱਚ ਉਸ ਦੀਆਂ ਦੋ ਕਿਤਾਬਾਂ 'ਸਾਹਿਤ ਅਤੇ ਮਾਰਕਸਵਾਦ' ਅਤੇ 'ਮਾਰਕਸਵਾਦ ਅਤੇ ਪੰਜਾਬੀ ਨਾਵਲ' ਸਾਹਿਤ ਦੇ ਵਿਦਿਆਰਥੀਆਂ ਲਈ ਕਾਇਦੇ ਦਾ ਕੰਮ ਕਰਦੀਆਂ ਹਨ।



ਜੀਵਨ ਸਾਥਣ ਅਤੇ ਬੇਟੇ ਅਮਰਦੀਪ ਗਿੱਲ ਨਾਲ ਕਾਮਰੇਡ ਗਿੱਲ - ਫਰਵਰੀ 2012

ਬਾਪੂ ਨੂੰ ਬੇਸ਼ੱਕ ਅਕਾਦਮਿਕ ਤੌਰ 'ਤੇ ਬਹੁਤੀ ਪੜ੍ਹਾਈ ਕਰਨ ਦਾ ਮੌਕਾ ਨਹੀਂ ਮਿਲਿਆ, ਪਰ ਮਾਰਕਸਵਾਦੀ ਵਿਚਾਰਧਾਰਾ ਦੇ ਸਵਾਲ 'ਤੇ ਉਹ ਵੱਡੇ-ਵੱਡੇ 'ਡਾਕਟਰਾਂ' ਨਾਲ ਸਿੰਗ ਫਸਾ ਲੈਂਦਾ ਸੀ। ਵਿਚਾਰਧਾਰਾ ਦੇ ਅਸੂਲਾਂ ਦੇ ਸਵਾਲ 'ਤੇ ਫਾਨੇ ਵਾਂਗ ਅੜ ਜਾਣਾ ਹਰ ਸੱਚੇ-ਸੁੱਚੇ ਇਨਸਾਨ ਵਾਂਗ ਉਸ ਦੀ ਫਿਤਰਤ 'ਚ ਸ਼ਾਮਲ ਸੀ। ਬਾਪੂ ਤੇ ਬਾਪੂ ਦੀ ਸਮੁੱਚੀ ਪੀੜ੍ਹੀ ਬਾਰੇ ਮੈਂ ਅਕਸਰ ਕਹਿੰਨਾ ਹੁੰਨਾ ਕਿ ਇਹ ਪੀੜ੍ਹੀ ਦਲੇਰ, ਇਮਾਨਦਾਰ, ਸੱਚੇ ਤੇ ਪ੍ਰਤੀਬੱਧ ਲੋਕਾਂ ਦੀ ਆਖਰੀ ਪੀੜ੍ਹੀ ਹੈ, ਇਹਨਾਂ ਤੋਂ ਬਾਅਦ ਅਜਿਹੇ ਲੋਕ ਟਾਵੇਂ-ਟਾਵੇਂ ਦਿਖਿਆ ਕਰਨਗੇ ਤੇ ਲੋਕ ਇਹਨਾਂ ਨੂੰ ਹੈਰਾਨ ਹੋ ਕੇ ਵੇਖਿਆ ਕਰਨਗੇ। ਬਾਪੂ ਨੂੰ ਸਮਰਪਿਤ ਆਪਣੀ ਇੱਕ ਕਵਿਤਾ 'ਚ ਵੀ ਮੈਂ ਲਿਖਿਆ ਸੀ :

'ਉਹ ਬਾਪੂ ਜੋ ਹਥਿਆਰਬੰਦ ਲੜਾਈਆਂ ਲੜਦਾ
ਕਾਨੂੰਨਦਾਨਾਂ ਨੂੰ ਗਾਲ੍ਹਾਂ ਕੱਢਦਾ
ਹਰ ਹੈਂਕੜ ਦੀ ਦਾਹੜੀ ਨੂੰ ਪੈ ਨਿਕਲਦਾ ਸੀ
ਜੋ ਟਿੱਚ ਜਾਣਦਾ ਸੀ ਕੁਰਸੀਆਂ ਦੀ ਧੌਂਸ ਨੂੰ
ਹਵੇਲੀਆਂ ਦੀ ਛਾਂਅ ਨੂੰ
ਜੋ ਕਦੇ ਨਹੀਂ ਹੱਸਿਆ
ਨੋਟਾਂ 'ਤੇ ਹੱਸਦੇ ਗਾਂਧੀ ਦੇ ਹਾਸੇ ਵਿੱਚ
ਜਿਸ ਨੇ ਲਗਾਇਆ ਹਰ ਵੇਰ ਠਹਾਕਾ
ਆਪਣੇ ਹੀ ਪਾਟੇ ਖੀਸੇ 'ਚੋਂ ਨਿਕਲ ਗਏ
ਆਪਣੇ ਹੀ ਖਾਲੀ ਹੱਥ ਉੱਤੇ!
ਉਹ ਬਾਪੂ ਹੁਣ ਆਪਣੇ ਸਮਿਆਂ ਦਾ ਅਜਾਇਬ-ਘਰ ਹੈ,
ਆਓ, ਮਿਲੋ ਤੇ ਵੇਖੋ
ਕਿਉਂਕਿ ਦੁਨੀਆ ਵਿੱਚ ਇੱਕ ਦਿਨ
ਅਜਾਇਬ-ਘਰ ਵੀ ਨਹੀਂ ਹੋਣੇ।'

ਅੱਜ ਮੈਂ ਵੇਖਦਾ ਹਾਂ, ਸੁਣਦਾ ਹਾਂ ਕਿ ਹਰ ਲੰਡੀ-ਬੁੱਚੀ ਉੱਠ ਕੇ ਕਾਮਰੇਡਾਂ ਨੂੰ ਗਾਲ੍ਹਾਂ ਕੱਢਣ ਲੱਗ ਜਾਂਦੀ ਹੈ। ਬੁਰਾ-ਭਲਾ ਬੋਲਣ ਲੱਗ ਜਾਂਦੀ ਹੈ, ਮਜ਼ਾਕ ਉਡਾਉਣ ਲੱਗ ਜਾਂਦੀ ਹੈ, ਇਸ ਵਿੱਚ ਉਹਨਾਂ ਕਾਮਰੇਡਾਂ ਦੀ ਵੀ ਗਲਤੀ ਹੈ, ਜਿਹਨਾਂ 'ਕਾਮਰੇਡ' ਸ਼ਬਦ ਦੇ ਅਸਲ ਅਰਥਾਂ ਨੂੰ ਢਾਹ ਲਾਈ ਹੈ, ਪਰ ਬਾਪੂ ਉਹਨਾਂ ਗਿਣੇ-ਚੁਣੇ ਲੋਕਾਂ 'ਚੋਂ ਇੱਕ ਸੀ, ਜਿਹਨਾਂ ਨੇ 'ਕਾਮਰੇਡ' ਸ਼ਬਦ ਦੇ ਅਰਥਾਂ ਦੀ ਸ਼ਾਨ ਅੰਤ ਤੀਕ ਕਾਇਮ ਰੱਖੀ। ਅੱਜ ਤਾਂ ਕਾਮਰੇਡ ਵੀ ਆਪਣੇ ਨਾਂਅ ਅੱਗੇ ਕਾਮਰੇਡ ਲਾਉਣ ਤੋਂ ਝਿਜਕਦੇ ਹਨ, ਪਰ ਬਾਪੂ ਮਾਣ ਨਾਲ ਲਿਖਦਾ ਤੇ ਲਿਖਵਾਉਂਦਾ ਸੀ ਕਾਮਰੇਡ ਸੁਰਜੀਤ ਗਿੱਲ !

ਬਾਪੂ ਨੇ ਕਦੇ ਇਹ ਆਸ ਜਾਂ ਸੋਚ ਨਹੀਂ ਰੱਖੀ ਕਿ ਪਾਰਟੀ ਮੇਰੇ ਲਈ ਕੀ ਕਰਦੀ ਹੈ, ਉਹ ਕਹਿੰਦਾ ਹੁੰਦਾ ਸੀ ਕਿ ਪਾਰਟੀ ਤੋਂ ਲਈਦਾ ਨਹੀਂ ਬਲਕਿ ਪਾਰਟੀ ਨੂੰ ਦੇਈਦਾ ਹੈ, ਨਹੀਂ ਤਾਂ ਮੈਂ ਅਨੇਕਾਂ ਅਜਿਹੇ ਕਾਮਰੇਡਾਂ ਨੂੰ ਜਾਣਦਾ ਹਾਂ ਜਿਹਨਾਂ ਪਾਰਟੀ ਸਿਰਫ ਰੂਸ 'ਚ ਆਪਣੇ ਜਵਾਕ ਪੜ੍ਹਾਉਣ ਲਈ ਹੀ ਵਰਤੀ ਜਾਂ ਜੋ ਐੱਨ ਆਰ ਆਈ ਕਾਮਰੇਡਾਂ ਦੇ ਬੱਚਿਆਂ ਨਾਲ ਆਪਣੇ ਬੱਚੇ ਵਿਆਹ ਕੇ ਆਪ ਵੀ ਬਾਹਰਲੇ ਦੇਸ਼ਾਂ 'ਚ ਸੈਟ ਹੋ ਗਏ। ਬਾਪੂ ਦੇ ਆਪਣੇ ਹੱਥੀਂ ਪਾਰਟੀ 'ਚ ਲਿਆਂਦੇ ਲੋਕ ਵੀ ਅਜਿਹੇ ਸੌਦੇ ਕਰ ਗਏ, ਬਾਪੂ ਅਕਸਰ ਆਖਦਾ ਹੁੰਦਾ, 'ਏਸ ਮੱਧਵਰਗ ਤੋਂ ਆਸ ਰੱਖਣਾ ਹੀ ਗਲਤ ਹੈ।' ਬਾਪੂ ਜਮਾਤੀ ਖਾਸੇ ਨੂੰ ਬਹੁਤ ਡੂੰਘੀ ਤਰ੍ਹਾਂ ਸਮਝਦਾ ਸੀ, ਪਰ ਉਹ ਖੁਦ ਅਜਿਹੇ 'ਕੰਪਲੈਕਸਜ਼' ਤੋਂ ਬਹੁਤ ਹੱਦ ਤੀਕ ਰਹਿਤ ਸੀ। ਮੈਂ ਇਸ ਸੰਦਰਭ 'ਚ ਬਾਪੂ ਤੋਂ ਬਹੁਤ ਕੁਝ ਗ੍ਰਹਿਣ ਕੀਤਾ। ਬਾਪੂ ਨਾਲ ਮੇਰੀ ਯਾਰੀ ਸੀ, ਜਦ ਅਸੀਂ ਗੱਲਾਂ ਕਰਦੇ ਹੁੰਦੇ ਤਾਂ ਵੇਖਣ-ਸੁਣਨ ਵਾਲੇ ਨੂੰ ਪਤਾ ਨਹੀਂ ਸੀ ਲੱਗਦਾ ਕਿ ਇਹ ਬਾਪ-ਬੇਟਾ ਹਨ। ਪਰ ਬਾਪੂ ਦੀ ਪਹੁੰਚ ਕਦੇ ਵੀ ਮੇਰੇ ਵੱਲ ਭਾਵੁਕ ਨਹੀਂ ਸੀ, ਜਦ ਮੈਂ ਜ਼ਿੰਦਗੀ 'ਚ ਕੋਈ ਗਲਤੀ ਕੀਤੀ ਤਾਂ ਸਭ ਤੋਂ ਪਹਿਲਾਂ ਮੇਰੇ ਬਾਪੂ ਨੇ ਚੌਰਾਹੇ 'ਚ ਖੜ ਕੇ ਮੈਨੂੰ ਭੰਡਿਆ। ਉਸ ਨੂੰ ਸੱਚ ਲੁਕਾ ਕੇ ਝੂਠ ਬੋਲਣਾ ਨਹੀਂ ਸੀ ਆਉਂਦਾ, ਕਿਸੇ ਦੀ ਢੱਕੀ-ਧਰੀ ਨਹੀਂ ਸੀ ਰਹਿਣ ਦਿੰਦਾ ਉਹ।

ਮੈਨੂੰ ਬਚਪਨ 'ਚ ਹੀ ਇਹ ਗੱਲ ਸਮਝ ਆ ਗਈ ਸੀ ਕਿ ਮੇਰਾ ਬਾਪੂ ਬਹੁਤ ਮਹਾਨ ਬੰਦਾ ਹੈ, ਉਸ ਦੇ ਕਾਰਨ ਹੀ ਮੈਂ ਬਚਪਨ ਵਿੱਚ ਸਾਹਿਤ ਪੜ੍ਹਿਆ ਜੋ ਮੇਰੇ ਲਿਖਣ 'ਚ ਸਹਾਈ ਹੋਇਆ। ਬਾਪੂ ਨੂੰ ਬੇਸ਼ੱਕ ਘਰ ਦੇ ਕੰਮਾਂ-ਕਾਰਾਂ ਦਾ ਪਤਾ ਨਹੀਂ ਸੀ ਜਾਂ ਉਸ ਨੇ ਬੇਸ਼ੱਕ ਪਾਰਟੀ ਦੇ ਕੰਮਾਂ 'ਚ ਮੈਨੂੰ, ਮੇਰੀ ਮਾਂ ਨੂੰ ਤੇ ਘਰ ਨੂੰ ਨਜ਼ਰ-ਅੰਦਾਜ਼ ਕਰੀ ਰੱਖਿਆ, ਪਰ ਮੈਂ ਜਾਂ ਮੇਰੀ ਮਾਂ ਨੇ ਇੱਕ ਦਿਨ ਵੀ ਉਸ ਕੋਲ ਜਾਂ ਦੁਨੀਆ ਕੋਲ ਇਹ ਗਿਲਾ ਪ੍ਰਗਟ ਨਹੀਂ ਕੀਤਾ। ਮੈਨੂੰ ਸਦਾ ਮਾਣ ਰਿਹਾ ਹੈ ਕਿ ਮੈਂ ਕਾਮਰੇਡ ਸੁਰਜੀਤ ਗਿੱਲ ਦਾ ਪੁੱਤ ਹਾਂ, ਪਰ ਮੈਂ ਕਦੇ ਇਹ ਨਾਂਅ ਆਪਣੀ ਪਛਾਣ ਬਣਾਉਣ ਲਈ ਇਸਤੇਮਾਲ ਨਹੀਂ ਕੀਤਾ। ਬਾਪੂ ਵਾਲੀ ਭਾਵੁਕਤਾ ਮੇਰੇ ਵਿੱਚ ਵੀ ਹੈ, ਉਹ ਭਾਵੁਕਤਾ ਜਿਸ ਨੂੰ ਕਦੇ ਅਖੌਤੀ ਕਾਮਰੇਡ ਬਾਪੂ ਦਾ ਔਗੁਣ ਬਣਾ ਕੇ ਪੇਸ਼ ਕਰਦੇ ਰਹੇ। ਮੈਨੂੰ ਮਾਣ ਹੈ ਮੇਰੇ ਬਾਪੂ ਦੀ ਉਸ ਭਾਵੁਕਤਾ 'ਤੇ ਇਹ ਵਿਚਾਰੇ ਦਕਿਆਨੂਸੀ ਕਾਮਰੇਡ ਤਾਂ ਬਾਪੂ ਦੇ ਕਿਤਾਬਾਂ ਪੜ੍ਹਨ ਤੇ ਲਿਖਣ ਦੇ ਰੁਝਾਨ 'ਤੇ ਵੀ ਤਵਾ ਲਾਉਂਦੇ ਸਨ, ਮੈਂ ਇਹਨਾਂ ਦੀ ਅਕਲ 'ਤੇ ਸਿਰਫ ਤਰਸ ਹੀ ਕਰ ਸਕਦਾ ਹਾਂ। ਕਈ ਬੰਦੇ ਬਾਪੂ ਦੀ ਰੁੱਖੀ ਬੋਲ-ਬਾਣੀ ਨੂੰ, ਉਸ ਦੇ ਗੁੱਸੇ ਨੂੰ ਵੀ ਉਸ ਦੀ ਕਮਜ਼ੋਰੀ ਦੱਸਦੇ ਸਨ, ਪਰ ਸੱਚੇ ਲੋਕ ਅਜਿਹੇ ਹੀ ਹੁੰਦੇ ਹਨ, ਉਹ ਕੋਈ ਗਲਤ ਵਰਤਾਰਾ ਬਰਦਾਸ਼ਤ ਨਹੀਂ ਕਰ ਸਕਦੇ, ਤਾਂ ਕਰਕੇ ਉਹਨਾਂ ਦੀ ਬੋਲ-ਬਾਣੀ ਇਸ ਤਰ੍ਹਾਂ ਦੀ ਹੋ ਜਾਂਦੀ ਹੈ, ਉਹ ਸਿੱਧੇ, ਸਪੱਸ਼ਟ ਤੇ ਬੇਲਾਗ ਹੁੰਦੇ ਹਨ, ਉਹਨਾਂ ਨੂੰ ਮੂੰਹ 'ਚ ਰਾਮ-ਰਾਮ ਤੇ ਬਗਲ 'ਚ ਛੁਰੀ ਰੱਖਣੀ ਨਹੀਂ ਆਉਂਦੀ ਹੁੰਦੀ, ਜਿਸ ਕਾਮਰੇਡ ਸੁਰਜੀਤ ਗਿੱਲ ਦਾ ਬਚਪਨ ਮਤਰੇਈ ਮਾਂ ਦੀਆਂ ਗਾਲ੍ਹਾਂ ਖਾ ਕੇ ਤੇ ਪਿਓ ਦੀ ਕੁੱਟ ਖਾ ਕੇ ਗੁਜ਼ਰਿਆ, ਜਿਸ ਨੂੰ ਨਾ ਮਾਮੇ ਨੇ ਸੰਭਾਲਿਆ ਨਾ ਨਾਨੇ ਨੇ, ਜਿਸ ਨੂੰ ਨੰਗੇ ਪੈਰੀਂ ਤਪਦੀਆਂ ਧੁੱਪਾਂ 'ਚ ਸੜਨਾ ਪਿਆ ਤੇ ਕਮੇਟੀ ਦੇ ਨਲਕੇ ਤੋਂ ਪਾਣੀ ਪੀ ਕੇ ਭੁੱਖਾ ਢਿੱਡ ਭਰਨਾ ਪਿਆ, ਉਸ ਦੀ ਬੋਲ-ਚਾਲ 'ਚ 'ਲਖਨਵੀ ਨਫਾਸਤ' ਕਿਵੇਂ ਹੋ ਸਕਦੀ ਸੀ? ਸ਼ੁਕਰ ਕਰੋ ਉਹ ਬੱਚਾ ਕਾਮਰੇਡ ਤੇਜਾ ਸਿੰਘ ਸੁਤੰਤਰ ਨੂੰ ਮਿਲ ਗਿਆ ਤਾਂ ਕਮਿਊਨਿਸਟ ਲਹਿਰ ਦਾ ਅੰਗ ਬਣ ਗਿਆ। ਜੇ ਚੋਰ-ਡਾਕੂਆਂ ਨੂੰ ਮਿਲ ਜਾਂਦਾ ਤਾਂ ਉਸ ਨੇ ਚੋਰ ਬਣ ਜਾਣਾ ਸੀ, ਇਹ ਗੱਲ ਬਾਪੂ ਆਪ ਮੰਨਦਾ ਹੁੰਦਾ ਸੀ।

ਅੱਜ ਬਾਪੂ ਸਰੀਰਕ ਰੂਪ 'ਚ ਇਸ ਦੁਨੀਆ 'ਚ ਨਹੀਂ ਹੈ, ਪਰ ਉਸ ਮਾਂ-ਮਹਿੱਟਰ ਦਾ (ਜਿਵੇਂ ਕਿ ਉਹ ਖੁਦ ਨੂੰ ਬਿਆਨ ਕਰਦਾ ਹੁੰਦਾ ਸੀ) ਇੱਕ ਘਰ ਹੈ, ਬੇਟਾ ਹੈ , ਪਤਨੀ ਹੈ, ਨੂੰਹ ਹੈ , ਦੋ ਪੋਤੇ ਹਨ, ਅਨੇਕਾਂ ਧਰਮ ਦੇ ਪੁੱਤਰ, ਧੀਆਂ ਹਨ, ਸਿਆਸੀ ਤੇ ਸਾਹਿਤਕ ਚੇਲੇ ਹਨ ਤੇ ਪੂਰੀ ਦੁਨੀਆ 'ਚ ਬੈਠਾ ਹਰ ਰੌਸ਼ਨ ਦਿਮਾਗ ਉਸ ਦਾ ਰਿਸ਼ਤੇਦਾਰ ਹੈ, ਇਹ ਉਸ ਲਈ ਬਹੁਤ ਵੱਡੀ ਪ੍ਰਾਪਤੀ ਹੈ। ਬਾਪੂ ਦੀ ਵਿਰਾਸਤ ਦੇ ਇਹ ਸਾਰੇ ਲੋਕ ਵਾਰਿਸ ਹਨ, ਬਾਪੂ ਦੀ ਅਣਮੁੱਲੀ ਲਾਇਬਰੇਰੀ, ਜੋ ਕਿ ਉਸ ਦੇ ਜਿਉਂਦੇ ਜੀਅ ਹੀ ਮੇਰੀ ਹੋ ਗਈ ਸੀ, ਉਸ ਦਾ ਉਸ ਦੇ ਪੁਰਾਣੇ ਸਾਥੀ ਫਿਕਰ ਨਾ ਕਰਨ। ਕੀ ਹੋਇਆ ਜੇ ਮੈਂ ਉਨ੍ਹਾ ਵਾਂਗ ਬਹੁਤੀ ਦੇਰ ਲਾਲ ਝੰਡਾ ਚੁੱਕ ਕੇ ਨਹੀਂ ਤੁਰਿਆ, ਹਾਂ ਮੈਂ ਵੀ ਉਸੇ ਸੋਚ ਦਾ ਧਾਰਨੀ , ਉਸੇ ਮੰਜ਼ਲ ਦਾ ਰਾਹੀ, ਬੇਸ਼ੱਕ ਮੇਰਾ ਰਾਹ ਥੋੜ੍ਹਾ ਵੱਖਰਾ ਹੈ, ਜੋ ਰਵਾਇਤੀ ਕਾਮਰੇਡਾਂ ਨੂੰ ਸਮਝ ਨਹੀਂ ਆਉਂਦਾ, ਪਰ ਮੇਰੇ ਬਾਪੂ ਨੂੰ ਇਸ ਦੀ ਭਲੀ-ਭਾਂਤ ਸਮਝ ਸੀ, ਕਿਉਂਕਿ ਉਹ ਰਵਾਇਤੀ ਨਹੀਂ ਸੀ। ਆਪਣੇ ਅੰਤਮ ਸਮੇਂ 'ਚ ਮੇਰਾ ਬਾਪੂ ਮੈਨੂੰ ਪਿਆਰ ਵੀ ਕਰਦਾ ਸੀ ਤੇ ਮੇਰੇ 'ਤੇ ਮਾਣ ਵੀ ਕਰਦਾ ਸੀ। ਉਹ ਮੰਜੇ 'ਤੇ ਪੈ ਕੇ ਨਹੀਂ ਮਰਿਆ, ਤੁਰਿਆ-ਫਿਰਦਾ, ਚੇਤੰਨ ਤੇ ਮਾਨਸਕ ਤੌਰ 'ਤੇ ਸਰਗਰਮ ਹੀ ਗਿਆ ਹੈ। ਅੰਤਮ ਸਮੇਂ ਵੀ ਉਸ ਦੇ ਪੜ੍ਹਨ ਮੇਜ਼ 'ਤੇ ਨਵੀਂਆਂ ਕਿਤਾਬਾਂ ਪਈਆਂ ਸਨ, ਟਰਾਟਸਕੀ ਦੀ, ਹਰਪਾਲ ਸਿੰਘ ਪਨੂੰ ਦੀ, ਬਲਦੇਵ ਸਿੰਘ ਦੀ ਕਾਮਰੇਡ ਰੁਲਦੂ ਖਾਨ ਦੀ ਜੀਵਨੀ, ਪੰਡਤ ਕਿਸ਼ੋਰੀ ਲਾਲ ਜੀ ਦੀ ਜੀਵਨੀ, ਬਾਬਾ ਭਗਤ ਸਿੰਘ ਬਿਲਗਾ ਜੀ ਦੀ ਕਿਤਾਬ , ਜੋ ਕੁਝ ਦਿਨ ਪਹਿਲਾਂ ਮੈਂ ਹੀ ਦੇਸ਼ ਭਗਤ ਯਾਦਗਾਰ ਹਾਲ ਜਲੰਧਰੋਂ ਲਿਆ ਕੇ ਦਿੱਤੀ ਸੀ। ਬਾਪੂ ਖੜਾ ਪਾਣੀ ਨਹੀਂ ਸੀ, ਭਰ ਵਹਿੰਦਾ ਦਰਿਆ ਸੀ, ਨਵਾਂ ਪੜ੍ਹਨ ਤੇ ਸਿੱਖਣ ਦੀ ਲਲਕ ਉਸ 'ਚ ਜਨੂੰਨ ਦੀ ਹੱਦ ਤੀਕ ਸੀ। ਮੈਨੂੰ ਅਕਸਰ ਆਖਦਾ ਹੁੰਦਾਂ,'ਯਾਰ ਰੂਸ ਬਾਰੇ ਆਪਾਂ ਭਾਵੁਕ ਤੇ ਇੱਕ ਪਾਸੜ ਪਹੁੰਚ ਹੀ ਰੱਖਦੇ ਰਹੇ...ਹੁਣ ਸਟਾਲਿਨ ਦੇ ਸਮੇਂ ਦੇ ਉਸ ਦੇ ਵਿਰੋਧੀਆਂ ਦੀਆਂ ਲਿਖਤਾਂ ਵੀ ਪੜ੍ਹ ਰਿਹਾਂ ਮੈਂ।' ਬਾਪੂ ਦਾ ਇਹ ਪੱਖ ਮੈਨੂੰ ਸਭ ਤੋਂ ਵੱਧ ਪਿਆਰਾ ਸੀ, ਬਾਪੂ ਨੇ 'ਨਵਾਂ ਜ਼ਮਾਨਾ' 'ਚ ਜੋ ਕਾਲਮ ਲਿਖਿਆ ' ਮਿੱਟੀ ਤਾਂ ਫਰੋਲ ਜੋਗੀਆ' ਉਹ ਵੀ ਬਾਪੂ ਦਾ ਕਮਾਲ ਦਾ ਕੰਮ ਹੈ। ਅਸੀਂ ਸਾਰੇ ਚਾਹੁੰਦੇ ਹਾਂ ਕਿ ਇਹ ਕਿਤਾਬੀ ਰੂਪ 'ਚ ਛਪ ਕੇ ਆਵੇ। ਬਾਪੂ ਦੀਆਂ ਹੋਰ ਬਹੁਤ ਸਾਰੀਆਂ ਲਿਖਤਾਂ ਦਰਸ਼ਨ ਸਿੰਘ ਗਿੱਲ ਦੇ ਸਹਿਯੋਗ ਨਾਲ ਅਸੀਂ ਜਲਦ ਹੀ ਪਾਠਕਾਂ ਤੱਕ ਪਹੁੰਚਾਵਾਂਗੇ। ਬਾਪੂ ਇੱਕ ਐਸੀ ਬਾਤ ਪਾ ਗਿਆ ਹੈ, ਜਿਸ ਨੂੰ ਦੁਹਰਾ-ਦੁਹਰਾ ਕੇ ਵੀ ਸਾਰੀ ਉਮਰ ਦੁਨੀਆ ਸਵਾਦ ਲੈ ਸਕਦੀ ਹੈ, ਸਿੱਖ ਸਕਦੀ ਹੈ, ਪਰ ਇਹ ਵੀ ਸੱਚ ਹੈ ਕਿ ਬਹੁਤ ਕੁੱਝ ਬਾਪੂ ਨਾਲ ਵੀ ਲੈ ਗਿਆ ਹੈ, ਜਿਸ ਦਾ ਸਿਰਫ ਉਸ ਨੂੰ ਪਤਾ ਸੀ, ਹੁਣ ਨਾ ਕੋਈ ਉਸ ਵਾਂਗ ਮਿੱਟੀ ਫਰੋਲ ਸਕਦਾ ਹੈ, ਨਾ ਹੀ ਲਾਲ ਲੱਭ ਸਕਦਾ ਹੈ।

---

## ਸ਼ਰਧਾਂਜਲੀ ਅਦਾਰਾ 'ਸੰਗਰਾਮੀ ਲਹਿਰ'

# ਇਕ ਚੇਤਨ ਤੇ ਅਡੋਲ ਸੰਗਰਾਮੀਏ ਦਾ ਸਦੀਵੀ ਵਿਛੋੜਾ

ਪਿਛਲੇ 6 ਦਹਾਕਿਆਂ ਤੋਂ ਵੀ ਵੱਧ ਸਮੇਂ ਤੋਂ ਲੋਕ ਪੱਖੀ ਰਾਜਨੀਤੀ 'ਚ ਸਰਗਰਮ ਰਹਿਣ ਵਾਲਾ, ਪੰਜਾਬ 'ਚ ਉਠੀ ਹਰ ਲਹਿਰ 'ਚ ਦਰਿੜਤਾ ਤੇ ਨਿਡਰਤਾ ਨਾਲ ਕੁੱਦਣ ਵਾਲਾ, ਮਾਰਕਸਵਾਦੀ ਸਿਧਾਂਤ ਤੇ ਜਨਵਾਦੀ ਸਾਹਿਤ ਦਾ ਰਸੀਆ, ਪੰਜਾਬੀ ਪੱਤਰਕਾਰੀ ਦਾ ਜਾਣਿਆ-ਪਛਾਣਿਆ ਚਿਹਰਾ ਅਤੇ ਸਾਹਿਤਕ ਮੋਰਚੇ 'ਤੇ ਲੇਖਕਾਂ ਦੀ ਜਥੇਬੰਦੀ ਉਸਾਰਨ ਲਈ ਸਦਾ ਤਤਪਰ ਰਹਿਣ ਵਾਲਾ 81 ਵਰ੍ਹਿਆਂ ਦੀ ਸਿਰੇ ਦੀ ਸੰਵੇਦਨਸ਼ੀਲ ਸਖਸ਼ੀਅਤ, ਚੇਤਨ ਤੇ ਅਡੋਲ ਸੰਗਰਾਮੀਆਂ, ਸੀ.ਪੀ.ਐਮ. ਪੰਜਾਬ ਦਾ ਸੂਬਾ ਕਮੇਟੀ ਮੈਂਬਰ ਸਾਥੀ ਸੁਰਜੀਤ ਗਿੱਲ 21 ਜੂਨ ਨੂੰ ਦਿਲ ਦਾ ਦੌਰਾ ਪੈਣ ਕਾਰਨ ਸਦੀਵੀ ਵਿਛੋੜਾ ਦੇ ਗਿਆ ਹੈ। ਭਰ ਜਵਾਨੀ ਤੋਂ ਆਪਣੇ ਆਖਰੀ ਸਾਹਵਾਂ ਤੱਕ ਉਸ ਨੇ ਇਕ ਭਰਪੂਰ ਕਮਿਊਨਿਸਟ ਜੀਵਨ ਜੀਵਿਆ। ਜਿਲ੍ਹਾ ਮੋਗਾ ਦੇ ਪਿੰਡ ਘੋਲੀਆ ਕਲਾਂ ਵਿਖੇ ਇਕ ਦਰਮਿਆਨੇ ਕਿਸਾਨ ਪਰਿਵਾਰ 'ਚ 1931 'ਚ ਪੈਦਾ ਹੋਏ ਸੁਰਜੀਤ ਗਿੱਲ ਦਾ ਬਚਪਨ ਦੁਸ਼ਵਾਰੀਆਂ ਭਰਪੂਰ ਸੀ। ਅਜੇ ਉਹਦੇ ਸੁਪਨਿਆਂ 'ਚ ਲੋਰੀਆਂ ਦੀ ਮਹਿਕ ਸੀ ਕਿ ਉਸ ਦੀ ਮਾਤਾ ਦਾ ਦਿਹਾਂਤ ਹੋ ਗਿਆ ਅਤੇ ਉਸ ਦੇ ਪਿਤਾ ਨੇ ਦੂਜਾ ਵਿਆਹ ਕਰਵਾ ਲਿਆ। ਆਪਣੇ ਲਾਡਲੇ ਦੀ ਘਰ 'ਚ ਉਡੀਕ ਕਰਨ ਵਾਲੀ ਮਾਂ ਦੀ ਮੌਤ ਨਾਲ ਬਾਲ ਸੁਰਜੀਤ ਗਿੱਲ ਦਾ ਮਨ ਵਲੂੰਧਰਿਆ ਗਿਆ। ਉਸ ਨੂੰ ਘਰ ਨਾਲੋਂ ਬਾਹਰ ਰਹਿਣਾ ਚੰਗਾ ਲੱਗਣ ਲੱਗ ਪਿਆ। ਮੈਟ੍ਰਿਕ ਪਾਸ ਕਰਨ ਪਿਛੋਂ ਉਸ ਦਾ ਵਿਆਹ ਹੋ ਗਿਆ ਪਰ ਵਿਆਹੁਤਾ ਜੀਵਨ ਵੀ ਇਸ ਪੱਖੋਂ ਸਹਾਇਕ ਕਾਰਕ ਸਿੱਧ ਨਾ ਹੋਇਆ ਅਤੇ ਉਹ ਇਕ ਤਰ੍ਹਾਂ ਨਾਲ ਬਾਗੀ ਤਬੀਅਤ ਵਾਲਾ ਬਣਦਾ ਚਲਾ ਗਿਆ। ਐਪਰ ਜਦੋਂ ਪਿਛਲੀ ਸਦੀ ਦੇ ਪੰਜਾਹਵਿਆਂ ਦੌਰਾਨ ਉਸ ਦਾ ਸੰਪਰਕ ਪੰਜਾਬ ਦੀ ਲਾਲ ਕਮਿਊਨਿਸਟ ਪਾਰਟੀ ਦੇ ਕਾਰਕੁੰਨਾਂ ਨਾਲ ਪਿਆ ਤਾਂ ਤੀਖਣ ਬੁੱਧੀ ਵਾਲਾ ਤੇ ਜਜ਼ਬਾਤੀ ਹੋਣ ਕਾਰਨ ਉਹ ਕਮਿਊਨਿਸਟ ਲਹਿਰ ਵੱਲ ਖਿੱਚਿਆ ਗਿਆ ਤੇ ਇਸ ਵਿਚ ਸ਼ਾਮਲ ਹੋ ਗਿਆ। ਇਸ ਸਮੇਂ ਦੌਰਾਨ ਹੀ ਉਸਨੇ ਪੈਪਸੂ ਦੇ ਹਥਿਆਰਬੰਦ ਕਿਸਾਨੀ ਸੰਘਰਸ਼ ਅਤੇ ਮੁਜ਼ਾਰਾ ਲਹਿਰ ਵਿਚ ਸਰਗਰਮ ਹਿੱਸਾ ਲਿਆ ਅਤੇ ਨਿੱਡਰਤਾ ਤੇ ਪ੍ਰਤੀਬੱਧਤਾ ਦੇ ਗੁਣਾਂ ਸਦਕਾ ਉਹ ਲਹਿਰ ਦੀ ਲੀਡਰਸ਼ਿਪ ਦੇ ਨੇੜੇ ਪੁੱਜ ਗਿਆ। ਲਾਲ ਕਮਿਊਨਿਸਟ ਪਾਰਟੀ ਦਾ 1952 ਵਿਚ ਸੀ.ਪੀ.ਆਈ. ਵਿਚ ਰਲੇਵਾਂ ਹੋ ਜਾਣ 'ਤੇ ਉਹ ਵੀ ਸੀ.ਪੀ.ਆਈ. ਵਿਚ ਆ ਗਿਆ ਤੇ 1964 ਤੱਕ ਸੀ.ਪੀ.ਆਈ. 'ਚ ਹੀ ਰਿਹਾ। ਇਸ ਤੱਥ ਤੋਂ ਹਰ ਕੋਈ ਜਾਣੂ ਹੈ ਕਿ ਸਾਥੀ ਸੁਰਜੀਤ ਗਿੱਲ, ਕਾਮਰੇਡ ਤੇਜਾ ਸਿੰਘ ਸੁਤੰਤਰ ਦੀ ਸ਼ਖਸ਼ੀਅਤ ਤੋਂ ਬਹੁਤ ਪ੍ਰਭਾਵਤ ਸੀ ਅਤੇ ਉਹ ਉਹਨਾਂ ਨੂੰ ਇਕ ਤਰ੍ਹਾਂ ਨਾਲ ਆਪਣਾ ਮਾਡਲ ਸਮਝਦਾ ਸੀ। ਐਪਰ ਜਦੋਂ ਭਾਰਤ ਦੀ ਕਮਿਊਨਿਸਟ ਲਹਿਰ 'ਚ ਮੀਲ ਪੱਥਰ ਜਾਣੇ ਜਾਂਦੇ 1964 ਦੇ ਇਤਿਹਾਸਕ ਵਰ੍ਹੇ 'ਚ, ਸੋਧਵਾਦੀ ਤੇ ਇਨਕਲਾਬੀ ਮਾਰਗਾਂ 'ਚੋਂ ਇਕ ਦੀ ਚੋਣ ਕਰਨ ਦਾ ਸਵਾਲ ਆਇਆ ਤਾਂ 33 ਵਰ੍ਹਿਆਂ ਦਾ ਗਭਰੂ ਸਾਥੀ ਗਿੱਲ ਆਪਣੇ ਮਾਡਲ ਤੋਂ ਉਲਟ ਜਾ ਕੇ ਇਨਕਲਾਬੀ ਲਾਈਨ ਦੇ ਸਮਰੱਥਕਾਂ ਨਾਲ ਸੀ.ਪੀ.ਆਈ. (ਐਮ) ਵਿਚ ਸ਼ਾਮਲ ਹੋ ਗਿਆ। ਇਹ ਤੱਥ ਉਸ ਦੀ ਵਿਕਸਤ ਚੇਤਨਾ ਅਤੇ ਸਿਧਾਂਤਕ ਸੂਝ ਦੀ ਜਾਮਨੀ ਭਰਦਾ ਹੈ। ਉਹ ਸੀ.ਪੀ.ਆਈ.(ਐਮ) ਵਿਚ ਵੀ ਸੂਬਾ ਕਮੇਟੀ ਮੈਂਬਰ ਰਿਹਾ। ਸੀ.ਪੀ.ਆਈ. (ਐਮ) ਵਲੋਂ ਇਨਕਲਾਬੀ ਲਾਈਨ ਨੂੰ ਤਿਲਾਂਜਲੀ ਦੇ ਕੇ ਸੋਧਵਾਦ ਦੀ ਪਟੜੀ ਚੜ੍ਹ ਜਾਣ ਦੇ ਸਿੱਟੇ ਵਜੋਂ ਉਹ 2001 'ਚ ਪੰਜਾਬ 'ਚ ਉਸਾਰੀ ਗਈ ਇਨਕਲਾਬੀ ਪਾਰਟੀ ਸੀ.ਪੀ.ਐਮ. ਪੰਜਾਬ ਦੇ ਮੁੱਢਲੇ ਸਾਥੀਆਂ ਵਿਚੋਂ ਇਕ ਸਨ।

ਪਾਰਟੀ ਸਮੇਤ ਕਿਸੇ ਵੀ ਸਭਾ/ਸੰਸਥਾ ਅੰਦਰ ਗਲਤ ਵਿਚਾਰ ਤੇ ਪਹੁੰਚਾਂ ਦਾ ਪ੍ਰਗਟਾਵਾ ਕਰਨ ਵਾਲਿਆਂ ਵਿਰੁੱਧ ਬੇਲਿਹਾਜਾ ਤੇ ਸਮਝੌਤਾ-ਰਹਿਤ ਵਤੀਰਾ, ਵੱਡੇ ਤੋਂ ਵੱਡੇ ਆਗੂ ਦੇ ਮੂੰਹ 'ਤੇ ਵੀ ਸਪੱਸ਼ਟ ਗੱਲ ਕਹਿਣ ਦੀ ਜੁਰੱਅਤ, ਆਪਣੇ ਸਾਥੀਆਂ ਦੀਆਂ ਲੋੜਾਂ-ਥੋੜਾਂ ਅਤੇ ਮੁਸ਼ਕਲਾਂ ਪ੍ਰਤੀ ਸਦਾ ਫਿਕਰਮੰਦ ਰਹਿਣਾ ਤੇ ਉਹਨਾਂ ਦੀ ਮਦਦ ਕਰਨੀ ਸਾਥੀ ਸੁਰਜੀਤ ਗਿੱਲ ਦੀ ਸ਼ਖਸ਼ੀਅਤ ਦੇ ਉਭਰਵੇਂ ਪੱਖਾਂ ਵਿਚ ਸ਼ਾਮਲ ਸਨ। ਸਮੁੱਚੇ ਪ੍ਰਾਂਤ ਵਿਚ ਵੱਖ ਵੱਖ ਥਾਵਾਂ 'ਤੇ ਦਰਜਨਾਂ ਪਰਵਾਰ ਅਜਿਹੇ ਹਨ ਜਿਹਨਾਂ ਨਾਲ ਉਹਨਾਂ ਦੇ ਸਿਖਰ ਦੇ ਮੋਹ ਭਰੇ ਪੀਡੇ ਪਰਵਾਰਕ ਸਬੰਧ ਸਨ। ਇਹ ਐਵੇਂ ਹੀ ਨਹੀਂ ਹੈ ਕਿ ਇਹਨਾਂ ਪਰਵਾਰਾਂ ਦੇ ਮੈਂਬਰ ਸਾਥੀ ਗਿੱਲ ਨੂੰ ਦਿਲੋਂ ਆਪਣਾ ਸਾਥੀ, ਦੋਸਤ, ਭਰਾ ਜਾਂ ਬਾਪੂ ਸਮਝਦੇ ਰਹੇ ਹਨ ਅਤੇ ਉਹਨਾਂ ਦੇ ਦਿਹਾਂਤ 'ਤੇ ਧਾਹਾਂ ਮਾਰ ਕੇ ਰੋਏ ਸਨ।

ਸਾਥੀ ਸੁਰਜੀਤ ਗਿੱਲ ਇਕ ਬਹੁਪੱਖੀ ਪ੍ਰਤਿਭਾ ਦੇ ਮਾਲਕ ਸਨ। ਉਹਨਾਂ ਨੇ ਮੁਜਾਰਿਆਂ ਤੇ ਕਿਸਾਨਾਂ ਦੇ ਸੰਘਰਸ਼ਾਂ ਵਿਚ ਸਰਗਰਮੀ ਨਾਲ ਅਮਲੀ ਹਿੱਸਾ ਪਾਇਆ ਅਤੇ ਇਹਨਾਂ ਲਹਿਰਾਂ ਨੂੰ ਜਥੇਬੰਦ ਕਰਨ ਵਿਚ ਵੀ ਆਪਣਾ ਯੋਗਦਾਨ ਪਾਇਆ। ਇਸ ਤੋਂ ਇਲਾਵਾ 1964 ਤੋਂ ਪਹਿਲਾਂ 'ਰੋਜਾਨਾ ਨਵਾਂ ਜਮਾਨਾ' ਦੇ ਸਟਾਫ ਵਿਚ ਸ਼ਾਮਲ ਹੋ ਕੇ ਇਹ ਪਰਚਾ ਕੱਢਣ ਵਿਚ ਮਦਦ ਕੀਤੀ ਤੇ ਫਿਰ 1964 ਤੋਂ ਪਿਛੋਂ ਸੀ.ਪੀ.ਆਈ.(ਐਮ) ਦੇ ਅਖਬਾਰ 'ਲੋਕ ਲਹਿਰ' ਦੇ ਸਟਾਫ ਵਿਚ ਸ਼ਾਮਲ ਹੋ ਗਏ। ਸੀ.ਪੀ.ਐਮ. ਪੰਜਾਬ ਦੇ ਮਾਸਕ ਬੁਲਾਰੇ 'ਸੰਗਰਾਮੀ ਲਹਿਰ' ਲਈ ਵੀ ਉਹ ਆਪਣੀਆਂ ਲਿਖਤਾਂ, ਵਿਸ਼ੇਸ਼ ਕਰਕੇ ਪੈਪਸੂ ਦੀ ਮੁਜ਼ਾਰਾ ਤੇ ਕਮਿਊਨਿਸਟ ਲਹਿਰ ਦੇ ਸੰਘਰਸ਼ਾਂ ਬਾਰੇ, ਭੇਜਦੇ ਰਹੇ। ਇਹਨਾਂ ਦਿਨਾਂ ਵਿਚ ਉਹਨਾਂ ਦੀਆਂ ਲਿਖਤਾਂ 'ਨਵਾਂ ਜ਼ਮਾਨਾ' 'ਚ 'ਮਿੱਟੀ ਨੂੰ ਫਰੋਲ ਜੋਗੀਆ' ਨਾਂਅ ਦੇ ਕਾਲਮ ਹੇਠ ਛਪਦੀਆਂ ਸਨ, ਜੋ ਉਹਨਾਂ ਦੇ ਯੁੱਧ ਸਾਥੀਆਂ ਦੀਆਂ ਯਾਦਾਂ ਨਾਲ ਸਬੰਧਤ ਸਨ। ਪਾਠਕਾਂ ਵਲੋਂ ਉਹਨਾਂ ਦੀਆਂ ਲਿਖਤਾਂ ਨੂੰ ਬੜਾ ਪਸੰਦ ਕੀਤਾ ਜਾਂਦਾ ਰਿਹਾ ਹੈ। ਸਾਥੀ ਹੋ ਚੀ ਮਿੰਨ ਨੇ ਕਿਹਾ ਹੈ ਕਿ, ''ਇਕ ਇਨਕਲਾਬੀ ਨੂੰ ਪਰਖਣ ਲਈ ਪ੍ਰਮੁੱਖ ਕਸੌਟੀ, ਉਸ ਵਲੋਂ ਆਪਣੀ ਪਾਰਟੀ ਅਤੇ ਇਨਕਲਾਬ ਲਈ ਉਮਰ ਭਰ ਜੂਝਣ ਦਾ ਦ੍ਰਿੜ ਨਿਸ਼ਚਾ ਹੁੰਦੀ ਹੈ।'' ਸਾਥੀ ਸੁਰਜੀਤ ਗਿੱਲ 60 ਵਰ੍ਹਿਆਂ ਤੋਂ ਵੀ ਵੱਧ ਸਮੇਂ ਲਈ ਪਾਰਟੀ ਲਈ ਤੇ ਇਨਕਲਾਬ ਲਈ ਸਮਰੱਥਾ ਅਨੁਸਾਰ ਜੂਝਦਾ ਰਿਹਾ ਅਤੇ ਆਪਣੇ ਸਾਥੀਆਂ ਤੇ ਲੋਕਾਂ ਕੋਲੋਂ ਇਕ ਇਨਕਲਾਬੀ ਵਜੋਂ ਵਿਦਾ ਹੋਇਆ ਹੈ।

ਮਹਾਨ ਮਾਓ-ਜੇ-ਤੁੰਗ ਦਾ ਕਥਨ ਕਿ ''ਮੌਤ ਇਕ ਆਮ ਵਰਤਾਰਾ ਹੈ। ਐਪਰ ਜਦੋਂ ਕੋਈ ਲੋਕਾਂ ਦੇ ਕਾਜ ਲਈ ਸੇਵਾ ਕਰਦਿਆਂ ਸਾਹ ਤਿਆਗਦਾ ਹੈ ਤਾਂ ਇਹ ਮਾਣ ਕਰਨਯੋਗ ਮੌਤ ਹੁੰਦੀ ਹੈ।'' ਸਾਥੀ ਗਿੱਲ ਦੀ ਮੌਤ ਨਿਸ਼ਚੇ ਹੀ ਮਾਣ ਕਰਨਯੋਗ ਮੌਤ ਹੈ। ਜਦੋਂ ਉਹਨਾਂ ਦੀ ਦੇਹ ਨੂੰ ਉਹਨਾਂ ਦੇ ਪੁੱਤਰ ਅਮਰਦੀਪ ਗਿੱਲ ਵਲੋਂ ਅਗਨੀ ਸਪੁਰਦ ਕੀਤਾ ਗਿਆ ਤਾਂ ਇਸ ਮੌਕੇ ਉਹਨਾਂ ਦੀ ਪਾਰਟੀ ਦੇ ਮੁੱਖੀ ਆਗੂਆਂ ਤੇ ਕਾਰਕੁੰਨਾਂ ਤੋਂ ਇਲਾਵਾ ਸੈਂਕੜੇ ਮਜ਼ਦੂਰਾਂ, ਕਿਸਾਨਾਂ, ਬੁੱਧੀਜੀਵੀਆਂ, ਲੇਖਕਾਂ ਤੇ ਕਲਾਕਾਰਾਂ ਨੇ ਸੇਜਲ ਅੱਖਾਂ ਨਾਲ ਉਹਨਾਂ ਨੂੰ ਅੰਤਿਮ ਵਿਦਾਇਗੀ ਦਿੱਤੀ।

ਅਸੀਂ ਸਾਥੀ ਸੁਰਜੀਤ ਗਿੱਲ ਦੇ ਸਦੀਵੀ ਵਿਛੋੜੇ 'ਤੇ ਡੂੰਘੇ ਦੁੱਖ ਦਾ ਪ੍ਰਗਟਾਵਾ ਕਰਦੇ ਹੋਏ ਉਹਨਾਂ ਦੀ ਯਾਦ ਵਿਚ ਸਿਰ ਝੁਕਾਉਂਦੇ ਹਾਂ ਅਤੇ ਉਹਨਾਂ ਦੇ ਪਰਵਾਰ ਨਾਲ ਦਿਲੀ ਹਮਦਰਦੀ ਦਾ ਇਜ਼ਹਾਰ ਕਰਦੇ ਹਾਂ।

ਲੋਕ ਗੀਤਾਂ ਦੇ ਨਾਲ ਨਾਲ

ਲੜੀ ਨੰ: 31

# ਹੰਸਾ-ਹੰਸੀ, ਭੈਣ-ਭਰਾ



ਡਾ. ਕਰਮਜੀਤ ਸਿੰਘ
+91-99927 32006
kjskurukshetra@yahoo.com

ਔਰਤ ਦਾ ਮਾਂ ਤੋਂ ਬਾਅਦ ਜੇ ਕੋਈ ਸਭ ਤੋਂ ਨਜ਼ਦੀਕੀ ਭਾਵੁਕ ਰਿਸ਼ਤਾ ਹੈ, ਤਾਂ ਉਹ ਹੈ ਭਰਾ ਦਾ। ਕਈ ਵਾਰ ਤਾਂ ਇਉਂ ਲੱਗਦਾ ਹੈ ਕਿ ਗੀਤ ਵਿਚ ਪ੍ਰੇਮੀ ਜਾਂ ਪਤੀ ਦੀ ਥਾਂ ਭਰਾ ਸ਼ਬਦ ਨੂੰ ਟਿਕਾ ਕੇ ਉਸ ਤਰ੍ਹਾਂ ਦੇ ਵਿਛੋੜੇ ਵਿਚ ਉਦਰੇਵਾਂ ਪ੍ਰਗਟ ਕੀਤਾ ਗਿਆ ਹੈ। ਜਿਵੇਂ ਦਾ ਪ੍ਰੇਮੀ ਲਈ ਕੀਤਾ ਜਾਂਦਾ ਹੈ। ਕਈ ਵਾਰ ਪ੍ਰੇਮੀ-ਪਤੀ ਲਈ ਇਨ੍ਹਾਂ ਭਾਵਨਾਵਾਂ ਦੇ ਪ੍ਰਗਟਾਅ ਵਿਚ ਓਹਲਾ ਲੈ ਲਿਆ ਜਾਂਦਾ ਹੈ, ਪਰ ਭਰਾ ਦੇ ਮੋਹ-ਪ੍ਰਗਟਾਅ ਲਈ ਅਜਿਹੇ ਓਹਲੇ ਦੀ ਕਤਈ ਲੋੜ ਮਹਿਸੂਸ ਨਹੀਂ ਹੁੰਦੀ। ਉਦਾਹਰਣ ਲਈ ਇਹ ਪੰਗਤੀਆਂ ਵੇਖੀਆਂ ਜਾ ਸਕਦੀਆਂ ਹਨ :

ਬੀਰੇ ਮੈਅਲ ਪੁਆਏ, ਪੈਲੀ ਇੱਟ ਮੈਂ ਲਾਉਨੀ ਆਂ।
ਮੇਰਿਆ ਬਾਂਕਿਆਂ ਬੀਰਾ, ਤੇਰੇ ਡਿੱਠੇ ਮੈਂ ਜੀਨੀ ਆਂ।
ਬੀਰਾ ਰੁੱਸਿਆ ਨਾ ਜਾ ਵੇ, ਮਹੁਰਾ ਖਾ ਕੇ ਮਾਰ ਜਾਨੀ ਆਂ
ਕੋਈ ਮੋੜ ਲਿਆਵੇ, ਡਿੱਗਦੀ ਢਹਿੰਦੀ ਉੱਠ ਬੈਨ੍ਹੀਆਂ।
ਜਿਅਨੀ ਰਾਹੀਂ ਮਾਏ ਵੀਰਾ ਆਵੇ, ਨੀ ਵੀਰਾ ਆ ਵੇ।
ਓਅਨੀ ਰਾਹੀਂ ਮਾਏ ਸੜਕ ਪੁਆ ਦੇ;
ਸੜਕ ਪੁਆ ਦੇ ਮਾਏ, ਰੋੜ ਕੁਟਾ ਨੀ ਰੋੜ ਕੁਟਾ ਦੇ।
ਬਹਿੰਦਾ ਉੱਠਦਾ ਮਾਏ ਵੀਰਾ ਆਵੇ।

ਗੀਤਾਂ ਦੀਆਂ ਬਿਰਹਾ ਭਾਵਨਾਵਾਂ ਅਨੁਸਾਰ ਇਨ੍ਹਾਂ ਗੀਤਾਂ ਦੀਆਂ ਲੈਆਂ ਵੀ ਬੜੀਆਂ ਦਰਦੀਲੀਆਂ ਹਨ। ਸੈਂਕੜੇ ਗੀਤ, ਬੋਲੀਆਂ ਭੈਣ ਨੇ ਭਰਾ ਦੇ ਮੋਹ ਪ੍ਰਗਟਾਵੇ ਲਈ ਸਿਰਜੀਆਂ ਹਨ। ਲੋਕ ਗੀਤਾਂ ਵਿਚ ਪੇਸ਼ ਹੋ ਰਹੇ ਰਿਸ਼ਤਿਆਂ ਦੀ ਵਿਸ਼ੇਸ਼ਤਾ ਇਹ ਹੈ ਕਿ ਜਿਹੜਾ ਰਿਸ਼ਤਾ ਜਾਇਦਾਦੀ ਰਿਸ਼ਤਿਆਂ ਤੋਂ ਉੱਪਰ ਹੈ, ਉਸ ਵਿਚ ਅਸਲੀ ਮਾਨਵੀ ਮੋਹ ਦੀ ਖ਼ੁਸ਼ਬੋ ਵਧੇਰੇ ਹੈ। ਮਾਂ ਤੇ ਧੀ ਦਾ ਰਿਸ਼ਤਾ ਇਸੇ ਲਈ ਸਭ ਤੋਂ ਵਧੇਰੇ ਖਿੱਚ ਵਾਲਾ ਤੇ ਪਵਿੱਤਰ ਹੈ। ਭੈਣ ਜਦੋਂ ਤੱਕ ਭਰਾ ਨਾਲ ਜਾਇਦਾਦ ਵੰਡਾਉਣ ਦੀ ਗੱਲ ਨਹੀਂ ਕਰਦੀ ਉਨੀਂ ਦੇਰ ਇਸ ਰਿਸ਼ਤੇ ਵਿਚ ਕੋਈ ਤਰੇੜ ਨਹੀਂ ਆਉਂਦੀ ਜਾਂ ਮੋਹ ਵਿਚ ਭਰਾ ਦੀ ਘਰ ਵਾਲੀ ਦੀ ਵੰਡ ਸ਼ਾਮਿਲ ਨਹੀਂ ਹੋ ਜਾਂਦੀ।

ਇੱਥੇ ਇੰਜ ਗੀਤ ਦੀ ਮੈਂ ਗੱਲ ਕਰ ਰਿਹਾ ਹਾਂ ਉਸ ਵਿਚ ਇਕ ਛੋਟਾ ਜਿਹਾ ਬਿਰਤਾਂਤ ਵੀ ਹੈ। ਭਰਾ ਭੈਣ ਘਰ ਜਾਂਦਾ ਹੈ, ਉਸ ਨੂੰ ਭੈਣ ਦੀ ਨਣਾਨ ਪਸੰਦ ਆ ਜਾਂਦੀ ਹੈ। ਉਹ ਉਸ ਨੂੰ ਉਧਾਲ ਕੇ ਲੈ ਜਾਂਦਾ ਹੈ। ਭੈਣ ਪਹਿਲਾਂ ਤਾਂ ਭਰਾ ਨੂੰ ਸਮਝਾਉਂਦੀ ਹੈ, ਪਰ ਉਸ ਦੇ ਚਲੇ ਜਾਣ ਬਾਅਦ ਨਣਾਨ ਦੇ ਭਰਾ ਨਾਲ ਉਧਾਲੇ ਦੀ ਸੂਚਨਾ ਕੋਠੇ ਚੜ੍ਹ ਕੇ ਸਾਰੇ ਪਿੰਡ ਨੂੰ ਸੁਣਾ ਕੇ ਸੁਆਦ ਲੈਂਦੀ ਹੈ। ਬਿਰਤਾਂਤ ਆਪਣੇ ਆਪ ਵਿਚ ਨਿਵੇਕਲਾ ਹੈ, ਇਸ ਲਈ ਸ੍ਰੋਤਾ ਖ਼ੁਦ-ਬਖ਼ੁਦ ਇਸ ਵੱਲ ਖਿੱਚਿਆ ਜਾਂਦਾ ਹੈ। ਗੀਤ ਦੀ ਲੈਅ ਬਹੁਤ ਦਿਲ ਖਿੱਚਵੀਂ ਭਾਵੇਂ ਨਹੀਂ, ਪਰੰਤੂ ਬਿਰਤਾਂਤ ਨਾਲ ਮਿਲ ਕੇ ਗੀਤ ਨੂੰ ਨਵੀਂ ਦਿੱਖ ਪ੍ਰਦਾਨ ਕਰਦੀ ਹੈ। ਗੀਤ ਦੀ ਸ਼ੁਰੂਆਤ, ਭੈਣ ਭਰਾ ਦੇ ਸੰਵਾਦ ਨਾਲ ਹੁੰਦੀ ਹੈ।

ਹੁਣ ਕਦ ਆਵੇਂਗਾ ਵੇ ਹੰਸਾ ਵੀਰ ਮੇਰਾ,
ਹੁਣ ਕਦ ਆਵੇਂਗਾ, ਵੀਰਾ ਮੇਰੇ ਦੇਸ ਨੂੰ।
ਹੁਣ ਮੈਂ ਆਵਾਂਗਾ ਨੀ ਹੰਸੀ ਭੈਣ ਮੇਰੀ,
ਹੁਣ ਆਵਾਂਗਾ ਭੈਣੇ ਫੱਗਣ ਚੇਤ ਨੂੰ।

ਬਿਰਤਾਂਤਕ ਗੀਤ ਵਿਚ ਅਜੇ ਤੁਕਾਂਤ ਵੀ ਪੂਰੀ ਤਰ੍ਹਾਂ ਮੁਲਾਇਮ ਨਹੀਂ ਹੋਏ। ਭੈਣ ਦੇ ਜਵਾਬ ਵਿਚ ਫੱਗਣ-ਚੇਤ ਦਾ ਵਾਅਦਾ ਕਰਕੇ, ਸੀਨ ਬਦਲੀ ਤੋਂ ਪਹਿਲਾਂ ਭੈਣ ਵੀਰ ਦੇ ਆਉਣ 'ਤੇ ਤਿਆਰ-ਬਰ-ਤਿਆਰ ਰਹਿਣ ਦੀ ਸੂਚਨਾ ਦਿੰਦੀ ਹੈ।

ਟਿੱਕੀਆਂ ਪਕਾ ਲਵਾਂਗੀ, ਹੰਸਾ ਵੀਰ ਮੇਰਾ,
ਹੁਣ ਵੇ ਆ ਜਾ ਵੀਰਾ ਮੇਰੇ ਦੇਸ ਨੂੰ।

ਬਿਰਤਾਂਤ ਦੀ ਅਗਲੀ ਘਟਨਾ ਹੈ, ਵੀਰ ਦਾ ਭੈਣ ਘਰ ਪਹੁੰਚਣਾ। ਇਹ ਗੱਲ ਹਮੇਸ਼ਾ ਧਿਆਨ ਵਿਚ ਰੱਖਣ ਵਾਲੀ ਹੈ ਕਿ ਬਿਰਤਾਂਤ ਲੋਕ-ਗੀਤ ਵਾਰਤਾਲਾਪ ਰਾਹੀਂ ਹੀ ਨੇਪਰੇ ਚੜ੍ਹਦੇ ਹਨ। ਦ੍ਰਿਸ਼ ਬਦਲੀ ਦਾ ਅੰਦਾਜ਼ਾ ਸ੍ਰੋਤੇ ਨੂੰ ਖ਼ੁਦ ਲਾਉਣਾ ਪੈਂਦਾ ਹੈ, ਕਦੇ-ਕਦਾਈਂ ਹੀ ਬਿਰਤਾਂਤਕਾਰ ਆਪਣੀ ਵੱਲੋਂ ਇਕ ਅੱਧ ਪੰਗਤੀ ਅਟੱਲ ਸੱਚਾਈ ਵਾਂਗ ਉਚਾਰਦਾ ਹੈ। ਇਹ ਆਪਣੇ ਆਪ ਵਿਚ ਇਕ ਸੂਤ੍ਰਿਕ ਵਾਕ ਹੁੰਦਾ ਹੈ। ਵੈਸੇ ਦੋ ਪਾਤਰਾਂ ਵਿਚੋਂ ਜੋ ਦੋ ਪਾਤਰ ਵਾਰਤਾਲਾਪ ਉਚਾਰਦੇ ਹਨ ਉਨ੍ਹਾਂ ਵਿਚੋਂ ਇਕ ਪਾਤਰ ਆਪ ਹੀ ਬਿਰਤਾਂਤਕਾਰ ਹੁੰਦਾ ਹੈ। ਇਸ ਗੀਤ ਦੀ ਅਗਲੀ ਸਥਿਤੀ ਵੀ ਵਾਰਤਾਲਾਪ ਰਾਹੀਂ ਸਪੱਸ਼ਟ ਹੁੰਦੀ ਹੈ।

ਕੁੰਡਾ ਖੋਲ੍ਹਦੇ ਨੀ ਹੰਸੀ ਭੈਣ ਮੇਰੀ,
ਕੁੰਡਾ ਖੋਲ੍ਹਦੇ ਭੈਣੇ ਆਪਣੀ ਡੇਹੜੀ ਦਾ,
ਕੁੰਡਾ ਸੱਸ ਦਾ ਵੇ, ਹੰਸਾ ਵੀਰ ਮੇਰਾ,
ਕੰਧ ਟੱਪ ਆ ਜਾ ਵੀਰਾ, ਮੇਰੇ ਘਰ ਨੂੰ।
ਕੰਧ ਟੱਪ ਆਵਾਂ ਨਾ ਹੰਸੀ ਭੈਣ ਮੇਰੀ,
ਚੋਰ ਕਹਾਵਾਂਗਾ ਭੈਣੇ ਤੇਰੇ ਦੇਸ ਦਾ।

ਗੱਲ ਚੱਲ ਰਹੀ ਸੀ, ਕੁੰਡਾ ਖੋਲ੍ਹਣ ਦੀ ਕਿ ਵਿਚ ਸੱਸ ਦਾ ਪਾਤਰ ਆ ਸ਼ਾਮਿਲ ਹੋਇਆ। ਭੈਣ ਕੰਧ ਟੱਪ ਕੇ ਆਉਣ ਦਾ ਕਹਿੰਦੀ ਹੈ ਤਾਂ ਇਕ ਨੈਤਿਕਤਾ ਵਿਚ ਆ ਖਲੋਂਦੀ ਹੈ। ਭੈਣ ਦੀ ਕੰਧ ਟੱਪ ਕੇ ਚੋਰ ਕਹਾਉਣ ਨੂੰ ਭਰਾ ਤਿਆਰ ਨਹੀਂ। ਅਗਾਂਹ ਗੀਤ ਚੁੱਪ ਹੈ। ਪਰ ਉਸ ਤੋਂ ਸੁਝਾ ਮਿਲਦਾ ਹੈ ਕਿ ਭਰਾ ਮੁੱਖ ਦਰਵਾਜ਼ੇ ਰਾਹੀਂ ਹੀ ਘਰ ਵਿਚ ਦਾਖ਼ਲ ਹੁੰਦਾ ਹੈ। ਭੈਣ ਤੁਰਦੀ-ਤੁਰਦੀ ਇਕ ਅਜਿਹੀ ਟਿੱਪਣੀ ਕਰਦੀ ਹੈ ਜੋ ਅਸਪੱਸ਼ਟ ਜਿਹੀ ਹੈ। ਲੱਗਦਾ ਹੈ ਗਾਇਕਾਵਾਂ ਇੱਥੇ ਕੁਝ ਭੁੱਲ ਗਈਆਂ ਹਨ। ਇਹ ਮੌਖਿਕ ਸਾਹਿਤ ਦੀ ਹੋਣੀ ਹੈ।

ਦੋਅਰੇ ਕੱਪੜੇ ਵੇ ਗਲ ਅਸਾਡੇ ਵੇ, ਹੰਸਾ ਵੀਰ ਮੇਰਾ,
ਤੇਰੇ ਕੱਪੜੇ ਵੀਰਾ ਚਿੱਟੇ ਦੁੱਧ ਵੇ।

ਮੋਟੇ ਤੌਰ 'ਤੇ ਭਰਾ ਦੇ ਕੱਪੜਿਆਂ ਦੀ ਆਪਣਿਆਂ ਕਪੜਿਆਂ ਦੀ ਤੁਲਨਾ ਵਿਚ ਸਿਫ਼ਤ ਕੀਤੀ ਜਾ ਰਹੀ ਹੈ।

ਕਿੱਥੇ ਰੱਖਾਂ ਨੀ ਸੁੱਚਾ ਤੇਵਰ ਨੀ, ਹੰਸੀ ਭੈਣ ਮੇਰੀ,
ਕਿੱਥੇ ਰੱਖਣਾ ਭੈਣੇ ਰਾਣੀ ਹਾਰ ਨੀ।
ਪੀੜ੍ਹੇ ਰੱਖਦੇ ਵੇ ਸੁੱਚਾ ਤੇਵਰ ਵੇ, ਹੰਸਾ ਵੀਰ ਮੇਰਾ,
ਕੀਲੀ ਟੰਗਦੇ ਵੀਰਾ ਰਾਣੀ ਹਾਰ ਵੇ।

ਭੈਣ ਭਰਾ ਦੀ ਇਹ ਮੁੱਢਲੀ ਵਾਰਤਾਲਾਪ ਪੰਜਾਬੀ ਸਭਿਆਚਾਰ ਦੀਆਂ ਕਈ ਝਾਕੀਆਂ ਪ੍ਰਸਤੁਤ ਕਰ ਦਿੰਦੀ ਹੈ। ਭੈਣ ਲਈ ਭਰਾ ਤੇਵਰ (ਤਿੰਨੇ ਕੱਪੜੇ) ਲੈ ਕੇ ਆਇਆ ਹੈ, ਉਹ ਵੀ 'ਸੁੱਚੇ' ਬਹੁਮੁੱਲੇ। ਰਾਣੀ ਹਾਰ। ਭਾਵੇਂ ਆਰਥਿਕ ਸਥਿਤੀ ਅਜਿਹੀ ਨਾ ਵੀ ਹੋਵੇ, ਪਰ ਕਲਪਨਾ ਵਿਚ ਅਜਿਹੀ ਅਤਿਕਥਨੀ ਅਵੱਸ਼ ਆ ਰਲਦੀ ਹੈ। ਫਿਰ ਆਉਂਦਾ ਹੈ, ਪੀੜ੍ਹਾ ਤੇ ਕੀਲੀ। ਭੈਣ-ਭਰਾ ਵੱਲੋਂ ਲਿਆਂਦੀਆਂ ਕੀਮਤੀ ਚੀਜ਼ਾਂ ਦਾ ਵਿਖਾਲਾ ਕਰਦੀ ਹੈ, ਛੁਪਾ ਕੇ ਨਹੀਂ ਰੱਖਦੀ। ਇਸ ਲਈ ਸੁੱਚਾ ਤੇਵਰ ਪੀੜ੍ਹੀ 'ਤੇ ਰਖਵਾਉਂਦੀ ਹੈ ਤੇ ਕੀਲੀ 'ਤੇ ਰਾਣੀ-ਹਾਰ।

ਭਰਾ ਦੇ ਆਉਂਦਿਆਂ ਹੀ ਸੱਸ ਦਾ ਜ਼ਿਕਰ ਮਾਤਰ ਹੈ, ਇਸ ਤੋਂ ਬਾਅਦ ਉਹ 'ਵੀਰ ਨੂੰ ਸੁੱਕੀ ਖੰਡ' ਪਾਉਣ ਲਈ ਵੀ ਹਾਜ਼ਿਰ ਨਹੀਂ। ਬਿਰਤਾਂਤ ਸਾਡੀ ਨਿਗਾਹ ਕਿਸੇ ਹੋਰ ਥਾਂ ਟਿਕਾਉਣਾ ਚਾਹੁੰਦਾ ਹੈ, ਇਸ ਲਈ ਗ਼ੈਰ-ਜ਼ਰੂਰੀ ਚੀਜ਼ਾਂ ਦਾ ਜ਼ਿਕਰ ਤੱਕ ਕਰਕੇ ਅਗਾਂਹ ਲੰਘਦਾ ਜਾਂਦਾ ਹੈ। ਭਰਾ ਵਿਹੜੇ ਬੈਠੀ ਭੈਣ ਦੀ ਨਣਾਨ ਬਾਰੇ ਪੁੱਛਣਾ ਸ਼ੁਰੂ ਕਰ ਦਿੰਦਾ ਹੈ।

ਆਹ ਕੌਣ ਕੱਤਦੀ ਨੀ, ਹੰਸੀ ਭੈਣ ਮੇਰੀ,
ਆਹ ਕੌਣ ਕੱਤਦੀ, ਭੈਣੇ ਸੁੰਦਰ ਮੋਰਨੀ।
ਇਹ ਮੇਰੀ ਨਣਦੀ ਵੇ, ਹੰਸਾ ਵੀਰ ਮੇਰਾ,
ਇਹ ਮੇਰੀ ਨਣਦ ਐ, ਵੀਰਾ ਕਾ਼ਲੀ ਭੂਤਨੀ।

ਘਰ ਅੰਦਰ ਕਿਰਤ ਵਿਚ ਲੱਗੀ ਨਣਦ (ਜਾਂ ਕੋਈ ਹੋਰ ਔਰਤ) ਪੰਜਾਬੀ ਸਭਿਆਚਾਰ ਦਾ ਬੜਾ ਮਹੱਤਵਪੂਰਨ ਵੇਰਵਾ ਹੈ। ਔਰਤ ਪਾਣੀ ਲਿਆਉਂਦੀ, ਕੱਤਦੀ, ਸੀਂਦੀ-ਪਰੋਂਦੀ, ਤਣਦੀ-ਬੁਣਦੀ, ਕਢਾਈ ਕੱਢਦੀ, ਆਟਾ ਛਾਣਦੀ, ਛੱਟਦੀ-ਪੀਂਹਦੀ ਭਾਵ ਹਰ ਵੇਲੇ ਕਿਰਤ ਕਮਾਈ ਵਿਚ ਲੱਗੀ ਵਿਖਾਈ ਦਿੰਦੀ ਹੈ। ਇਸ ਗੀਤ ਵਿਚ ਨਣਦ ਵੀ ਆਹਰੇ ਲੱਗੀ ਹੋਈ ਹੈ, ਪਰੰਹਤੂ ਭਰਜਾਈ ਦਾ ਨਣਾਨ ਪ੍ਰਤਿ ਵਤੀਰਾ ਇਸ ਕਿਰਤ ਨੂੰ ਕੋਈ ਮਹੱਤਵ ਨਹੀਂ ਦੇਣ ਦਿੰਦਾ। ਭਰਾ ਨੂੰ ਨਣਾਨ ਜੱਚ ਗਈ ਹੈ ਇਸ ਲਈ ਉਹ ਉਸ ਨੂੰ 'ਸੁੰਦਰ ਮੋਰਨੀ' ਦਾ ਖਿਤਾਬ ਦਿੰਦਾ ਹੈ। ਸੁੰਦਰਤਾ ਮੋਰ ਨੂੰ ਹੀ ਮਿਲੀ ਦੱਸੀ ਜਾਂਦੀ ਹੈ, ਪਰ ਇੱਥੇ ਪਹਿਲੀ ਬਾਰ 'ਮੋਰਨੀ ਦੀ ਸੁੰਦਰਤਾ' ਨੂੰ ਸਲਾਹਿਆ ਗਿਆ ਹੈ। ਭੈਣ ਈਰਖਾ ਨਾਲ ਭਰੀ ਇਸ ਤੁਲਨਾ ਤੇ ਉਲਟ ਉਸ ਨੂੰ 'ਕਾਲੀ ਭੂਤਨੀ' ਨਾਲ ਉਪਮਾ ਦਿੰਦੀ ਹੈ। ਇਕੋ ਵਿਅਕਤੀ ਦੂਸਰਿਆਂ ਦੋਂਹ ਨੂੰ ਪ੍ਰੇਮ ਤੇ ਈਰਖਾ ਕਾਰਨ ਬਿਲਕੁੱਲ ਵੱਖਰੀ ਤਰ੍ਹਾਂ ਦਾ ਵਿਖਾਈ ਦੇ ਰਿਹਾ ਹੈ।

ਇਹ ਮੈਨੂੰ ਮੰਗਦੇ ਨੀਂ, ਹੰਸੀ ਭੈਣ ਮੇਰੀ,
ਇਹ ਮੈਨੂੰ ਮੰਗਦੇ, ਭੈਣੇ ਸੁੰਦਰ ਮੋਰਨੀ।
ਸੱਤ ਕੁੜਮਾਈਆਂ ਮੈਨੂੰ ਆਈਆਂ, ਹੰਸਾ ਵੀਰ ਮੇਰਾ।
ਇਹ ਕੀ ਕਰਨੀ ਕਾ਼ਲੀ ਭੂੰਡ ਵੇ।

ਭਰਾ ਤਾਂ 'ਕਾ਼ਲੀ ਭੂਤਨੀ' ਜਾਂ 'ਕਾ਼ਲੀ ਭੂੰਡ' ਨੂੰ ਘਰ ਵਾਲੀ ਬਣਾਉਣ ਲਈ ਕਾਹਲਾ ਹੈ, ਪਰ ਭੈਣ ਨਣਾਨ ਨੂੰ ਕਰੂਪ ਦਰਸਾ ਕੇ ਇਹ ਰਿਸ਼ਤਾ ਰੋਕਣ ਦੀ ਕੋਸ਼ਿਸ਼ ਕਰਦੀ ਹੈ। ਕੁੜਮਾਈ ਕਰਵਾਉਣ ਤੋਂ ਪਹਿਲਾਂ ਹੀ ਭਰਾ 'ਸੁੰਦਰ ਮੋਰਨੀ' ਲੈ ਜਾਣ ਲਈ ਕਾਹਲਾ ਪੈ ਗਿਆ ਹੈ।

ਸੱਤ ਕੁੜਮਾਈਆਂ ਮੈਨੂੰ ਆਈਆਂ, ਹੰਸੀ ਭੈਣ ਮੇਰੀ,
ਇਹ ਲੈ ਜਾਵਣੀ ਸੁੰਦਰ ਮੋਰਨੀ।

ਇੱਥੇ ਇਹ ਤੱਥ ਧਿਆਨ ਯੋਗ ਹੈ ਕਿ ਨਣਾਨ ਦਾ ਪਾਤਰ ਚਰਖਾ ਕੱਤਦਾ ਹੈ, ਉਸ ਬਾਰੇ ਚੰਗੇ ਮਾੜੇ, ਪ੍ਰੇਮ-ਈਰਖਾ ਦੇ ਭਾਵ ਤਿੱਖੇ ਰੂਪ ਵਿਚ ਉਚਾਰੇ ਜਾ ਰਹੇ ਹਨ, ਪਰ ਉਹ 'ਚੁੱਪ' ਹੈ, ਬਿਲਕੁੱਲ ਅਸਲੀ 'ਅਣਹੋਇਆ' ਹੈ, ਹਾਜ਼ਰ ਹੋ ਕੇ ਵੀ। ਬਿਰਤਾਂਤਕਾਰ ਭੈਣ ਨੇ ਉਸ ਨੂੰ ਕੁਝ ਵੀ ਉਚਾਰਣ ਦਾ ਮੌਕਾ ਤੱਕ ਨਹੀਂ ਦਿੱਤਾ। ਜੇ ਨਣਾਨ ਨੂੰ ਅਜਿਹਾ ਮੌਕਾ ਮਿਲਦਾ ਤਾਂ ਇਕ ਗੁੰਝਲਦਾਰ ਸਥਿਤੀ ਪੈਦਾ ਹੋ ਜਾਣੀ ਸੀ, ਜਿਸ ਤੋਂ ਲੋਕ ਬਿਰਤਾਂਤ ਬਚ ਕੇ ਚੱਲਦਾ ਹੈ।

ਇਸ ਵਾਰਤਾਲਾਪ ਤੋਂ ਬਾਅਦ ਇਹ ਮੰਨ ਲਿਆ ਗਿਆ ਹੈ ਕਿ ਘਟਨਾ ਵਾਪਰ ਗਈ ਹੈ। ਭਰਾ 'ਸੁੰਦਰ ਮੋਰਨੀ' ਨਣਾਨ ਨੂੰ ਉਧਾਲ ਕੇ ਲੈ ਗਿਆ ਹੈ, ਜਿਸ ਨੇ ਕੋਈ ਉਜਰ ਨਹੀਂ ਕੀਤਾ, ਜਿਸ ਦਾ ਅਰਥ ਇਹ ਹੈ ਕਿ ਉਸ ਦੀ ਮਰਜ਼ੀ ਵੀ ਵਿਆਹ ਦੇ ਹੱਕ ਵਿਚ ਹੈ। ਇਸੇ ਲਈ ਭੈਣ ਦੇ ਅਖੀਰਲੇ ਸ਼ਬਦ ਦੰਭ ਵਿਖਾਈ ਦਿੰਦੇ ਹਨ।

ਕੋਠੇ ਚੜ੍ਹਦੀ ਆਂ ਹਾਕਾਂ ਮਾਰਦੀ ਆਂ,
ਓ ਸਰਦਾਰ ਸਹੁਰਿਆ।
ਧੀ ਤੇਰੀ ਤੁਰ ਗਈ ਸਹੁਰਿਆ,
ਹੰਸੇ ਵੀਰ ਨਾਲ।

'ਸਰਦਾਰ ਸਹੁਰੇ' ਦਾ ਮਜ਼ਾਕ ਉਡਾਉਂਦੇ ਇਨ੍ਹਾਂ ਸ਼ਬਦਾਂ ਨਾਲ ਗੀਤ ਸਮਾਪਤ ਹੋ ਜਾਂਦਾ ਹੈ। ਪਿੱਛੇ ਛੱਡ ਜਾਂਦਾ ਹੈ ਬਹੁਤ ਕੁਝ ਸੋਚਣ ਨੂੰ ਕਿ ਰਿਤਾਂਤਕ ਲੋਕ ਗੀਤਾਂ ਦਾ ਆਪਣਾ ਵੱਖਰਾ ਬਿਰਤਾਂਤ-ਸ਼ਾਸਤਰ ਹੈ, ਜਿਸ ਨੂੰ ਵਧੇਰੇ ਬਾਰੀਕੀ ਨਾਲ ਸਮਝਣ ਦੀ ਲੋੜ ਹੁੰਦੀ ਹੈ। ਇਨ੍ਹਾਂ ਗੀਤਾਂ ਵਿਚ ਨਾ ਕੇਵਲ ਸਭਿਆਚਾਰ ਹੀ ਤਾਣੇ-ਪੇਟੇ ਵਿਚ ਸਮਾਇਆ ਹੁੰਦਾ ਹੈ ਸਗੋਂ ਲੋਕ-ਨੈਤਿਕਤਾ, ਰਿਸ਼ਤਿਆਂ ਦੀਆਂ ਸਥਿਤੀਆਂ ਤੇ ਈਰਖਾਵਾਂ ਕਈ ਪੱਧਰ 'ਤੇ ਨਵੀਆਂ ਸਿਰਜਣਾਵਾਂ ਕਰਦੀਆਂ ਹਨ।

# ਵਜ਼ੀਰ ਨਾਲ ਗਲਵੱਕੜੀ

ਰਜਿੰਦਰਪਾਲ ਸ਼ਰਮਾ

ਮਨੁੱਖੀ ਸੁਭਾਅ ਦੀ ਕਮਜ਼ੋਰੀ ਹੈ ਕਿ ਉਹ ਟੌਹਰ ਵਿਖਾਵੇ ਦਾ ਸ਼ੌਕੀਨ ਹੈ। ਜੇਕਰ ਸਧਾਰਨ ਬੰਦੇ ਨਾਲ ਮੇਲ ਹੋ ਜਾਵੇ ਤਾਂ ਹੱਥ ਵੀ ਮਸਾਂ ਹੀ ਮਿਲਾਇਆ ਜਾਂਦਾ ਹੈ ਤੇ ਜੇਕਰ ਕਿਸੇ ਵੱਡੇ ਬੰਦੇ ਨਾਲ ਮੇਲ ਹੋ ਜਾਵੇ ਤਾਂ ਉਸ ਨਾਲ ਹੱਥ ਮਿਲ ਜਾਣ ਨਾਲ ਸਵਰਗ ਦੇ ਝੂਟੇ ਆਉਣ ਲੱਗ ਪੈਂਦੇ ਹਨ। ਜੇ ਕਿਤੇ ਗਲਵੱਕੜੀ ਪੈ ਜਾਵੇ ਤਾਂ ਆਸੇ-ਪਾਸੇ ਧਮਕ ਪੈ ਜਾਂਦੀ ਹੈ। ਸਾਰੇ ਉਸ ਦਾ ਪ੍ਰਭਾਵ ਕਬੂਲਣ ਲੱਗ ਪੈਂਦੇ ਹਨ। ਵਜ਼ੀਰ ਨਾਲ ਗਲਵੱਕੜੀ ਪੈਣ ਨਾਲ ਜੇਕਰ ਅਖ਼ਬਾਰ ਵਿਚ ਫੋਟੋ ਵੀ ਛਪ ਜਾਵੇ ਤਾਂ ਸਾਰੇ ਰਾਜ ਵਿਚ ਹੀ ਧਮਕ ਪੈ ਜਾਂਦੀ ਹੈ।

ਸਾਡੇ ਕਾਨੂੰਨ ਦੀ ਸਰਵਉਚਤਾ ਨਾ ਹੋਣ ਕਾਰਨ ਬੰਦਿਆਂ ਦੀ ਸਰਵਉਚਤਾ ਹੀ ਚਲਦੀ ਹੈ। ਇਹੋ ਗੱਲ ਭ੍ਰਿਸ਼ਟਾਚਾਰ ਦੀ ਜੜ੍ਹ ਹੈ। ਚਲੋ ਭ੍ਰਿਸ਼ਟਾਚਾਰ ਤਾਂ ਜਦੋਂ ਖ਼ਤਮ ਹਾਊ ਦੇਖੀ ਜਾਊ, ਪਰ ਹੁਣ ਦੇ ਹਲਾਤ ਮੁਤਾਬਕ ਵਜ਼ੀਰ ਦੀ ਨੇੜਤਾ ਨਾਲ ਬੱਲੇ-ਬੱਲੇ ਹੋ ਜਾਂਦੀ ਹੈ। ਕੋਈ ਕੰਮ ਨਹੀਂ ਅੜਦਾ ਚਾਹੇ ਕੰਮ ਪੁੱਠਾ ਹੋਵੇ ਜਾਂ ਸਿੱਧਾ। ਉਂਜ ਵਜ਼ੀਰ ਨਾਲ ਗਲਵੱਕੜੀ ਕੋਈ ਸੌਖੀ ਗੱਲ ਨਹੀਂ। ਘਾਲਣਾ ਘਾਲ ਕੇ ਹੀ ਇਸ ਮੁਕਮ ਤੱਕ ਪਹੁੰਚਿਆ ਜਾ ਸਕਦਾ ਹੈ। ਸਾਲਾਂ ਬੱਧੀ ਕਿਸੇ ਪਾਰਟੀ ਲਈ ਅੱਡੀਆਂ ਰਗੜਨੀਆਂ ਪੈਂਦੀਆਂ ਹਨ ਤੇ ਜਾਂ ਬੰਦਾ ਉਂਜ ਹੀ ਬਹੁਤ ਅਮੀਰ ਹੋਵੇ ਜੋ ਪਾਰਟੀ ਫੰਡ ਦੇ ਕੇ ਵਜ਼ੀਰ ਛੱਡ ਕੇ ਮੁੱਖ ਮੰਤਰੀ ਨਾਲ ਗਲਵੱਕੜੀ ਪਾਉਣ ਜੋਗਾ ਹੋ ਜਾਂਦਾ ਹੈ। ਅਸੀਂ ਗੱਲ ਕਰਨੀ ਹੈ ਸਧਾਰਨ ਪੱਧਰ ਦੇ ਆਦਮੀ ਦੀ। ਸਾਡੇ ਇਕ ਦੋਸਤ ਵਜ਼ੀਰ ਨਾਲ ਗਲਵੱਕੜੀ ਪਾਉਣ ਲਈ ਵਿਆਕੁਲ ਸਨ। ਸਿਫਾਰਿਸ਼ ਕਰਨ ਕਰਾਉਣ ਤੇ ਪਹੁੰਚ ਪੈਦਾ ਕਰਨ ਦਾ ਇਸ਼ਕ ਹਕੀਕੀ ਉਨ੍ਹਾਂ 'ਤੇ ਪੂਰੀ ਤਰ੍ਹਾਂ ਸਵਾਰ ਸੀ, ਪਰ ਸਰਕਾਰੀ ਨੌਕਰੀ ਤੇ ਉਹ ਵੀ ਸਧਾਰਨ ਪੱਧਰ ਦੀ, ਨਾ ਤਾਂ ਖੁੱਲ੍ਹ ਦਿੰਦੀ ਹੈ ਤੇ ਨਾ ਸਾਧਨ। ਹੁਣ ਰਿਟਾਇਰ ਹੋਣ ਪਿੱਛੋਂ। ਉਹ ਸਮਾਜਿਕ ਗਤੀਵਿਧੀਆਂ ਵਿਚ ਵੱਧ-ਚੜ੍ਹ ਕੇ ਹਿੱਸਾ ਲੈਣ ਲੱਗ ਪਏ। ਕਮੇਟੀ ਮੈਂਬਰਾਂ ਤੇ ਪ੍ਰਧਾਨ ਤੱਕ ਤਾਂ ਉਨ੍ਹਾਂ ਨੇ ਸੋਹਣੀ ਪਹੁੰਚ ਬਣਾ ਲਈ, ਪਰ ਕਿਸੇ ਵਜ਼ੀਰ ਨਾਲ ਨੇੜਤਾ ਦਾ ਸਰਟੀਫਿਕੇਟ ਅਜੇ ਦੂਰ ਦੀ ਗੱਲ ਸੀ। ਇਸ ਖਾਹਿਸ਼ ਦੀ ਪੂਰਤੀ ਲਈ ਉਹ ਇਕ ਸਿਆਸੀ ਪਾਰਟੀ ਦੇ ਮੈਂਬਰ ਬਣ ਗਏ। ਧਰਨੇ, ਮੁਜ਼ਹਰੇ ਜਦੋਂ ਵੀ ਪਾਰਟੀ ਕਰਦੀ ਤਾਂ ਉਹ ਪੂਰਾ ਹਿੱਸਾ ਲੈਣ ਲੱਗ ਪਏ। ਹੋਲੀ-ਹੋਲੀ ਪਾਰਟੀ ਵਿਚ ਇਕ ਅਹੁਦਾ ਵੀ ਹਾਸਲ ਕਰ ਲਿਆ। ਪਹਿਲਾਂ ਉਨ੍ਹਾਂ ਦੀ ਪਾਰਟੀ ਵਿਰੋਧੀ ਧਿਰ ਦੀ ਸੀ ਪਰ ਚੋਣਾਂ ਹੋਣ ਪਿਛੋਂ ਸੱਤਾ ਵਿਚ ਆ ਗਈ। ਸਾਡੇ ਮਿੱਤਰ ਨੇ ਚੋਣ ਪ੍ਰਚਾਰ ਵਿਚ ਵੱਧ ਚੜ੍ਹ ਕੇ ਹਿੱਸਾ ਲਿਆ। ਪਾਰਟੀ ਉਮੀਦਵਾਰ ਦੀ ਮਾਲੀ ਸਹਾਇਤਾ ਵੀ ਥੋੜ੍ਹੀ ਬਹੁਤੀ ਕੀਤੀ। ਉਂਜ ਇਸ ਭੱਜ ਨੱਠ ਕਾਰਨ ਉਸ ਦੇ ਪਰਿਵਾਰ ਵਾਲੇ ਬਹੁਤ ਦੁਖੀ ਸਨ ਤੇ ਉਨ੍ਹਾਂ ਨੇ ਸਾਨੂੰ ਇਸ ਭਲੇਮਾਣਸ ਨੂੰ ਸਮਝਾਉਣ ਲਈ ਵੀ ਕਿਹਾ ਸੀ ਪਰ ਸਾਡੇ ਮਿੱਤਰ 'ਤੇ ਭੂਤ ਪੂਰੀ ਤਰ੍ਹਾਂ ਸਵਾਰ ਸੀ ਅਤੇ ਉਹ ਕਿਸੇ ਦੀ ਗੱਲ ਹੀ ਨਹੀਂ ਸੀ ਸੁਣਦਾ। ਸਾਡੇ ਮਿੱਤਰ ਦੀ ਪਾਰਟੀ ਦਾ ਰਾਜ ਆ ਗਿਆ। ਇਲਾਕੇ ਵਿਚ ਹਰ ਸਿਆਸੀ ਸਮਾਗਮ ਵਿਚ ਉਸ ਦੀ ਪੁੱਛ ਪ੍ਰਤੀਤ ਹੋ ਗਈ। ਵਜ਼ੀਰ ਆਉਣ 'ਤੇ ਉਹ ਹਾਰ ਫੜ ਕੇ ਖੜ੍ਹੋਣ ਵਾਲਿਆਂ ਦੇ ਵਿਚ ਆਮ ਹੀ ਖੜ੍ਹੋਂਦਾ ਸੀ। ਕਈ ਵਾਰ ਸਟੇਜ 'ਤੇ ਵਜੀਰ ਦੇ ਬਰਾਬਰ ਬੈਠਣ ਦਾ ਮੌਕਾ ਵੀ ਮਿਲਣ ਲੱਗਾ। ਦੋ ਤਿੰਨ ਵਜ਼ੀਰਾਂ ਨਾਲ ਉਨ੍ਹਾਂ ਦੀਆਂ ਗਲਵੱਕੜੀ ਵਾਲੀਆਂ ਤਸਵੀਰਾਂ ਵੀ ਹੋ ਗਈਆਂ ਤੇ ਇਹ ਉਨ੍ਹਾਂ ਦੇ ਡਰਾਇੰਗ ਰੂਮ ਦਾ ਸ਼ਿੰਗਾਰ ਵੀ ਬਣ ਗਈਆਂ। ਸਾਡੇ ਪਿਆਰੇ ਮਿੱਤਰ ਦੀ ਰੂਹ ਬਾਗ਼ੋ-ਬਾਗ ਸੀ। ਜਿਥੇ ਚਾਹ, ਉਥੇ ਰਾਹ ਵਾਲੀ ਗੱਲ ਸਹੀ ਸਾਬਤ ਹੋਈ। ਦੋ-ਚਾਰ ਮਹੀਨੇ ਬਾਅਦ ਸਾਡਾ ਮਿੱਤਰ ਕੁਝ ਉਦਾਸ ਦਿਖਾਈ ਦੇਣ ਲੱਗਾ। ਇਕ ਦਿਨ ਪੁੱਛਣ 'ਤੇ ਆਖਣ ਲੱਗਾ, 'ਯਾਰ, ਕੰਮ ਤਾਂ ਪੈਸੇ ਬਗੈਰ ਮੇਰਾ ਵੀ ਨਹੀਂ ਹੋ ਰਿਹਾ ਤੇ ਵਜ਼ੀਰ ਨਾਲ ਨੇੜਤਾ ਖ਼ਾਤਰ ਤਾਂ ਐਵੇਂ ਖੁੱਚਾਂ ਹੀ ਭਨਾਈਆਂ। ਉਨ੍ਹਾਂ ਦਾ ਲੜਕਾ ਬੀ.ਏ. ਪਾਸ ਤੇ ਵਿਹਲਾ ਤੁਰਿਆ ਫਿਰਦਾ ਸੀ। ਵਜ਼ੀਰ ਨਾਲ ਗਲਵੱਕੜੀ ਪੈਣ ਕਾਰਨ ਉਨ੍ਹਾਂ ਨੂੰ ਲਗਦਾ ਸੀ ਕਿ ਉਨ੍ਹਾਂ ਦਾ ਲੜਕਾ ਕਿਸੇ ਨੌਕਰੀ 'ਤੇ ਲੱਗ ਜਾਵੇਗਾ, ਸਗੋਂ ਰਿਸ਼ਤੇਦਾਰਾਂ ਦੇ ਕੰਮ ਵੀ ਕਰਾਏ ਜਾ ਸਕਣਗੇ। ਲੜਕੀ ਵੀ ਉਨ੍ਹਾਂ ਦੀ ਕੋਰਸ ਕਰੀ ਬੈਠੀ ਸੀ ਪਰ ਨੌਕਰੀ ਕਿਤੇ ਨਹੀਂ ਸੀ ਮਿਲੀ। ਸਾਡੇ ਮਿੱਤਰ ਨੂੰ ਇੰਝ ਲੱਗਣ ਲੱਗ ਪਿਆ ਸੀ ਕਿ ਜੱਫੀ ਜਾਂ ਗਲਵੱਕੜੀ ਨਾਲ ਕੋਈ ਠੋਸ ਫਾਇਦਾ ਨਹੀਂ ਹੁੰਦਾ। ਕੰਮ ਤਾਂ ਪੈਸੇ ਵਾਲਿਆਂ ਦੇ ਹੁੰਦੇ ਹਨ ਜਾਂ ਫਿਰ ਵਜ਼ੀਰ ਦੇ ਬਹੁਤ ਨੇੜਤਾ ਵਾਲਿਆਂ ਦੇ। ਵਜ਼ੀਰਾਂ ਨਾਲ ਨੇੜਤਾ ਦਾ ਹੋਕਾ, ਬਲਕਿ ਢੰਡੋਰਾ ਤਾਂ ਸੈਂਕੜੇ ਲੋਕ ਪਿੱਟਦੇ ਰਹਿੰਦੇ ਹਨ ਪਰ ਇਹ ਕੰਮ ਗਿਣੇ ਚੁਣੇ ਬੰਦਿਆਂ ਦਾ ਹੀ ਕਰਾਉਂਦੇ ਹਨ ਜਾਂ ਕਰਾਉਣ ਜੋਗੇ ਹੁੰਦੇ ਹਨ। ਸਾਧਾਰਨ ਤੇ ਬਹੁਗਿਣਤੀ ਸੱਜਣ ਤਾਂ ਨੇੜਤਾ ਸਥਾਪਤ ਕਰਨ ਵਿਚ ਹੀ ਜ਼ੋਰ ਲਾਉਂਦੇ ਥੱਕ ਜਾਂਦੇ ਹਨ ਤੇ ਪੱਲੇ ਕੁਝ ਨਹੀਂ ਪੈਂਦਾ, ਸਗੋਂ ਪਛਤਾਵਾ ਹੁੰਦਾ ਹੈ। ਸਾਡੇ ਮਿੱਤਰ ਨਾਲ ਵੀ ਇਹੋ ਹੀ ਹੋਇਆ। ਵਜ਼ੀਰ ਨਾਲ ਗਲਵੱਕੜੀ ਤਾਂ ਪੈ ਗਈ ਪਰ ਪੂਰਾ ਨਿੱਘ ਉਕਾ ਹੀ ਨਾ ਆਇਆ। ਖਰਚਾ ਵੀ ਕਰ ਬੈਠੇ ਤੇ ਪਰਿਵਾਰ ਵੀ ਨਰਾਜ਼ ਹੋਇਆ। ਭਾਵ ਨਾ ਘਰ ਦੇ ਰਹੇ ਤੇ ਨਾ ਘਾਟ ਦੇ। ਸੋ ਗਲਵੱਕੜੀ ਖ਼ਾਹਸ਼ ਤੋਂ ਆਮ ਬੰਦਾ ਬਗੈਰ ਹੀ ਚੰਗਾ ਹੈ।



# ਜੀਵਨ ਦੇ ਸਮੁੱਚੇ ਰੰਗਾਂ ਦਾ ਸ਼ਾਇਰ ਸੁਬੇਗ ਸੱਧਰ



ਸੁਬੇਗ ਸੱਧਰ
+91-98107-55963

ਫਰੀਦਾਬਾਦ ਵਸਦੇ ਸੁਬੇਗ ਸੱਧਰ ਦੀਆਂ ਗ਼ਜ਼ਲਾਂ ਵਿਚ ਜੀਵਨ ਦੇ ਸਾਰੇ ਰੰਗ ਹਨ। ਉਸ ਦੇ ਸ਼ਿਅਰਾਂ ਵਿਚ ਸਗੋਂ ਜ਼ਰਾ ਵੀ ਉਚੇਚ ਨਹੀਂ। ਦਿਲ ਦੇ ਖਿੜਣ ਵਰਗੀ ਸਹਿਜ ਸੁਭਾਵਿਕਤਾ ਹੈ। ਉਸ ਦੇ ਸ਼ਿਅਰ ਇਸ ਤਰ੍ਹਾਂ ਪ੍ਰਗਟ ਹੋ ਜਾਂਦੇ ਹਨ ਜਿਵੇਂ ਸੁਬ੍ਹਾ ਸਵੇਰੇ ਕਲੀ ਖਿੜ ਉਠੀ ਹੋਵੇ। ਉਸ ਕੋਲ ਅਮੀਰ ਆਮਦ ਹੈ ਤੇ ਇਸੇ ਲਈ ਸ਼ਿਅਰ ਘੜਨ ਵਿਚ ਉਸ ਨੂੰ ਤਰੱਦਦ ਨਹੀਂ ਕਰਨਾ ਪੈਂਦਾ। ਉਹ ਇਕ ਠੰਡੇ ਪਾਣੀ ਦੀ ਕੂਲ ਹੈ ਜੋ ਲਗਾਤਾਰ ਤ੍ਰਿਪਤੀਆਂ ਵੰਡਦੀ ਹੈ। ਉਸ ਦੇ ਸ਼ਿਅਰ ਸੱਚ ਦੇ ਧਾਰਨੀ ਅਤੇ ਸ਼ਿਵਮ ਭਾਵ ਕਲਿਆਣਕਾਰੀ ਹਨ। ਪਰ ਸਭ ਤੋਂ ਵੱਡੀ ਖੂਬੀ ਕਿ ਉਹ ਸੁੰਦਰਤਾ ਦਾ ਜਲੌਅ ਹਨ। ਸ਼ਿਅਰ ਕੰਨਾਂ ਵਿਚ ਤੇ ਅਗਾਂਹ ਦਿਲ ਵਿਚ ਰਸ ਪੈਦਾ ਕਰਕੇ ਠਨੰਬਰੀ ਚੇਤਨਾ ਨੂੰ ਹਲੂਣਾ ਦਿੰਦੇ ਹਨ। ਉਹ ਸ਼ੋਰ ਸ਼ਰਾਬਾ ਨਹੀਂ ਕਰਦਾ, ਨਾ ਰੁਦਨ, ਨਾ ਚੀਕ ਬੁਲਬੁਲੀ ਬਸ ਸਹਿਜ ਤੇ ਸੂਹਜ ਨਾਲ ਤੁਹਾਨੂੰ ਬਾਹੋਂ ਫੜ ਕੇ ਕੰਨ ਵਿਚ ਗੱਲ ਕਰਦਾ ਹੈ ਜਿਸ ਦਾ ਤਰਕ ਤੁਹਾਨੂੰ ਮੰਨਣਾ ਪੈਂਦਾ ਹੈ ਕਿਉਂਕਿ ਤਰਕ ਤਾਂ ਤਰਕ ਹੈ। ਉਹ ਜ਼ਮਾਨੇ ਦੇ ਕਿਸੇ ਵੀ ਰੰਗ ਦੀ ਗੱਲ ਕਰੇ ਗ਼ਜ਼ਲ ਦੇ ਰੰਗ 'ਚ ਰੰਗ ਕੇ ਕਰਦਾ ਹੈ। ਸਾਦਗੀ ਉਸ ਦੀ ਗ਼ਜ਼ਲ ਦਾ ਪ੍ਰਧਾਨ ਗੁਣ ਹੈ। ਸਾਦਗੀ ਐਸੀ ਕਿ ਜਿਵੇਂ ਸੱਚ ਦੀ ਹੁੰਦੀ ਹੈ। ਸੁਬੇਗ ਸੱਧਰ ਦੀਆਂ ਗ਼ਜ਼ਲਾਂ ਵਿਚ ਉਹ ਸਾਰੇ ਗੁਣ ਹਨ ਜੋ ਅਜੋਕੀ ਗ਼ਜ਼ਲ ਵਿਚ ਲੋੜੀਂਦੇ ਹਨ, ਉਸ ਦੇ ਇਕ ਸ਼ਿਅਰ ਨਾਲ ਵਿਦਾ :

**ਮੈਂ ਹਮੇਸ਼ਾਂ ਰੇਤ 'ਚ ਬਸ ਪਿਆਸ ਹੀ ਸਾਂ ਦੇਖਦਾ**
**ਉਸਨੇ ਜਦ ਵੀ ਦੇਖਿਆ ਇਕ ਪਿਆਰ ਦੀ ਨਦੀ ਉਠੇ।**



ਸੁਲੱਖਣ ਸਰਹੱਦੀ
+91-94174-84337
sulakhansarhaddi@gmail.com

# ਸੁਬੇਗ ਸੱਧਰ ਦੀਆਂ 6 ਗ਼ਜ਼ਲਾਂ

ਪੈਰਾਂ ਦੇ ਛਾਲੇ ਸਫਰ ਵਿਚ ਮੇਰੇ ਵੀ ਨਾਲ ਹਨ
ਮੰਜ਼ਲਾਂ ਨੂੰ ਪਾਉਣ ਵਾਸਤੇ ਕਿੰਨੇ ਸੁਆਲ ਹਨ।

ਮੁੱਠੀ 'ਚੋਂ ਰੇਤੇ ਦੀ ਤਰ੍ਹਾਂ ਕਈ ਸਾਲ ਕਿਰ ਗਏ
ਅਜੇ ਵੀ ਮੇਰੇ ਸਾਹਮਣੇ ਕਈ ਨਵੇਂ ਸਾਲ ਹਨ।

ਕੁਈ ਬੀਮਾਰ ਬੁੱਧ ਨੂੰ ਮੁਖਾਤਬ ਹੋਣ ਲੱਗਾ
ਬਸ ਤੇਰੇ ਆਸ਼ੀਰਵਾਦ ਥੀਂ ਸਾਰੇ ਨਿਹਾਲ ਹਨ।

ਦੋਸਤੀ ਦੇ ਰੇਗਮਾਰ ਦੀ ਰਹੇ ਕੋਈ ਤਲਾਸ਼
ਇਸ ਜੀਵਨ ਦੇ ਲੋਹੇ ਨੂੰ ਲੱਗੇ ਜੰਗਾਲ ਹਨ।

ਕਹਿੰਦੇਅਮੀਰੀਦਾਇਸਸ਼ਹਿਰਵਿਚਜੁੱਗਆਗਿਆ
ਇਸਦੀ ਹਰ ਗਲੀ 'ਚ ਦਿਲ ਦੇ ਰਹਿੰਦੇ ਕੰਗਾਲ ਹਨ।

ਆਪਣੀ ਮੁਸ਼ੱਕਤ ਤੇ ਹੀ ਸਾਨੂੰ ਮਾਣ ਹੋ ਰਿਹਾ
ਕੁਝ ਸਾਗਰ ਦਰਦ ਦੇ ਅਸਾਂ ਵੀ ਦਿੱਤੇ ਹੰਗਾਲ ਹਨ।

ਮਸੀਹਾ ਮੈਨੂੰ ਹੀ ਕਹਿਣਾ ਆਦਤ ਹੈ ਸ਼ਹਿਰ ਨੂੰ
ਸੁਬੇਗ ਭਾਵੇਂ ਹਰ ਤਰਫ ਹੀ ਮੇਰੇ ਕੰਕਾਲ ਹਨ।
-----

ਦਿਲ ਦੀਆਂ ਗੱਲਾਂ ਕਰਾਂਗੇ ਦੇਰ ਤੱਕ
ਯਾਦਾਂ ਦੇ ਸਰਵਰ ਤਰਾਂਗੇ ਦੇਰ ਤੱਕ।

ਚੁੱਪ ਦੇ ਅੰਬਰਾਂ 'ਚ ਉਡਣਾ ਲੋਚੀਏ
ਸ਼ੋਰ ਨੂੰ ਲਾਂਭੇ ਕਰਾਂਗੇ ਦੇਰ ਤੱਕ।

ਦਰਦ ਨੂੰ ਸਾਂਭਾਂਗੇ ਦਿਲ ਵਿਚ ਦੋਸਤੋ
ਚੁੱਪ ਚੁੱਪ ਆਹਾਂ ਭਰਾਂਗੇ ਦੇਰ ਤੱਕ।

ਪਿੰਡਾਂ ਦੀ ਮਿੱਟੀ ਦਾ ਬਾਵਾ ਸਿਰਜਕੇ
ਉਸ ਦੀ ਹੀ ਪੂਜਾ ਕਰਾਂਗੇ ਦੇਰ ਤੱਕ।

ਖਿੰਡੀਆਂ ਪੱਤੀਆਂ ਵਾਂਗ ਹੀ ਹਜ਼ੂਰ
ਰੇਤੇ ਦੇ ਉਤੇ ਝਰਾਂਗੇ ਦੇਰ ਤੱਕ।

ਪਿਆਰ ਦੇ ਹੁੰਦੇ ਨੇ ਕੁਝ ਕੁ ਮਾਮਲੇ
ਯਾਰੋ ਜਦ ਚਾਹੇ ਜਰਾਂਗੇ ਦੇਰ ਤੱਕ।

ਸੁਬੇਗ ਸੇਜ ਦਰਦ ਦੀ ਜਦੋਂ ਵੀ ਮਿਲੇ
ਸੁਪਨਿਆਂ ਵਿਚ ਰੰਗ ਭਰਾਂਗੇ ਦੇਰ ਤੱਕ।
-----

ਵਕਤ ਫਿਰ ਪੁੰਗਰੇਗਾ ਨਵਾਂ ਹੋ ਕੇ ਇਕ ਦਿਨ
ਛਿਣ ਛਿਣ ਆਏਗਾ ਵਾਪਸ ਜੁ ਖੋ ਕੇ ਇਕ ਦਿਨ।

ਹੱਸ ਪਵੇਗਾ ਹਰ ਫੁੱਲ ਡਾਲੀ ਡਾਲੀ 'ਤੇ
ਪੱਤਝੜਾਂ ਦੇ ਗਲ ਲੱਗ ਕੇ ਰੋ ਕੇ ਇਕ ਦਿਨ।

ਚਲਾ ਜਾਏਗਾ ਕੁਈ ਅਕਾਸ਼ ਤੋਂ ਅੱਗੇ
ਰਫ਼ਤਾਰ ਦਾ ਆਖ਼ਰੀ ਸਿਰਾ ਛੋ ਕੇ ਇਕ ਦਿਨ।

ਧਰਤੀ ਫਿਰ ਨਿੱਖਰੇਗੀ ਰੂਪਹਿਲੀ ਹੋ ਕੇ।
ਬਾਰਸ਼ ਦੇ ਵਿਚ ਕਣ ਕਣ ਨੂੰ ਧੋ ਕੇ ਇਕ ਦਿਨ।

ਸੁਬੇਗ ਹੋ ਜਾਣਾ ਫਿੱਕਾ ਸ਼ਬਾਬ ਦਾ ਸਿਖਰ
ਰੁਲ ਜਾਣਗੇ ਇਹ ਕਾਂਟੇ ਤੇ ਕੋਕੇ ਇਕ ਦਿਨ।
-----

ਟਿਮਟਿਮਾਉਂਦੀ ਕਹਿਕਸ਼ਾਂ ਹੁਸੀਨ ਰਾਤ 'ਚ
ਕੁਛ ਕੁ ਵਕਤ ਹੈ ਆਪਣੀ ਮੁਲਾਕਾਤ 'ਚ।

ਝੂਠ ਬਾਰੇ ਸ਼ਹਿਰ 'ਚ ਹੈ ਬੜੀ ਚਰਚਾ
ਪਰ ਕਿੰਨਾ ਸੱਚ ਹੈ ਇਸ ਵਾਕਿਆਤ 'ਚ।

ਰਤੀ ਭਰ ਸੱਚਾਈ ਨ ਕਿਤੋਂ ਮਿਲ ਸਕੀ
ਪਰ ਕਰਾਂ ਯਕੀਂ ਆਪਣੇ ਹਾਲਾਤ 'ਚ।

ਕੰਬ ਉਠੇ ਆਵਾਜ਼ ਤੇਰੀ ਹੀ ਕਿਉਂ
ਤੇਰੇ ਬਾਰੇ ਹੋ ਰਹੀ ਬਾਤ ਬਾਤ 'ਚ।

ਖਿੱਲਰੇ ਲੱਖਾਂ ਹੀਰੇ ਜਵਾਹਰਾਤ
ਪਤਾ ਨਹੀਂ ਕਦੋਂ ਤੇਰੀ ਕਾਇਨਾਤ 'ਚ।

ਸੁਬੇਗ ਕਿੰਨੀ ਰਾਤ ਬਾਕੀ ਹੈ ਅਜੇ
ਕਿੰਨਾ ਕੁ ਵਕਤ ਬਾਕੀ ਹੈ ਪਰਭਾਤ 'ਚ।

-----

ਕੁਛ ਸਬਰ ਕਰ ਗਿਆ ਕੁਛ ਸਹਿਨ ਕਰ ਗਿਆ
ਆਦਮੀ ਰਕੀਬਾਂ ਤੋਂ ਬਹੁਤ ਡਰ ਗਿਆ।

ਜਦ ਲੱਗਾ ਫਟ ਡੂੰਘਾ ਲਗਾ ਦਿਲ 'ਚ
ਕੁਛ ਦੇਰ ਹਰਾ ਰਹਿਣ ਪਿੱਛੋਂ ਭਰ ਗਿਆ।

ਤਪਨ ਮਾਰੂਥਲਾਂ ਦੀ ਨ ਦੂਰ ਹੋ ਸਕੀ
ਸਾਵਨ 'ਚ ਬੱਦਲ ਕਿਤੇ ਦੂਰ ਵਰ੍ਹ ਗਿਆ।

ਹਰ ਵਾਰੀ ਦਰਵਾਜ਼ੇ ਬੰਦ ਹੀ ਮਿਲੇ
ਮਿਲਣ ਵਾਸਤੇ ਮਾਂ ਨੂੰ ਮੈਂ ਘਰ ਗਿਆ।

ਤੂਫਾਨਾਂ ਦੀ ਪਰਵਾਹ ਕਰੇ ਬਗੈਰ
ਸਾਗਰ ਬਿਨਾਂ ਕਿਸ਼ਤੀ ਸੁਬੇਗ ਤਰ ਗਿਆ।
-----

ਜਗੇ ਦੀਵੇ ਨ ਬੁਝਾਓ ਨਾ ਕਰੋ ਹਨੇਰਾ
ਇਸ ਸ਼ਹਿਰ ਦੀਓ ਹਵਾਓ ਨਾ ਕਰੋ ਹਨੇਰਾ।

ਬਿਨਾ ਸੂਰਜ ਮਿਲਣੀ ਸਵੇਰ ਅਸੰਭਵ ਹੈ
ਤਾਰੇ ਰਾਤੀਂ ਸਜਾਓ ਨਾ ਕਰੋ ਹਨੇਰਾ।

ਰਾਤਾਂ ਦੀ ਸਿਆਹੀ 'ਚ ਦਿਖਣ ਕਹਿਕਸ਼ਾਵਾਂ
ਨੂਰ ਹੀ ਨੂਰ ਫਲਾਓ ਨਾ ਕਰੋ ਹਨੇਰਾ।

ਰੁਕ ਜਾਣਾ ਨਾ ਬੁਝਾਣਾ ਚਿਰਾਗ ਘਰਾਂ ਦੇ
ਸੁਣੋ ਮਿਰੇ ਐ ਭਰਾਓ ਨਾ ਕਰੋ ਹਨੇਰਾ।

ਸੁਬੇਗ ਚਾਨਣ ਹੀ ਰਹੇ ਚਾਰੋਂ ਚੁਫੇਰੇ
ਤੁਸੀਂ ਮਸ਼ਾਲਾਂ ਉਠਾਓ ਨਾ ਕਰੋ ਹਨੇਰਾ।
-----

BLITZ AUTO CANADA
3207-97 Street, Edmonton, Alberta, T6N 1B7, Canada
Full Maintenance Service
❖ Breaks
❖ Muffler
❖ Suspension
❖ Lube & Oil
❖ Tires
❖ Batteries
Umesh Amin
email: unamin@gmail.com
Phone:780 463 2886

WE CARE YOUR CAR BETTER

C.J. Auto
& Transmission Repair Ltd.
& Body Shop
Specialize in Propane Repair & Body Shop

Nindy Rao (Manager)
Tel.: 780-434-9912 Fax: 780-434-6706
9504-62 Avenue Edmonton, AB. T6E 0C9
* Import & Domestic Repairs * Insurance Claims

BeLL
STUCCO & RENOVATION
Residential
Commertial
ਰੇਨੋਵੇਸ਼ਨ ਦੇ ਕੰਮ ਲਈ ਵਰਕਰ ਦੀ ਲੋੜ ਹੈ ।
• ਹਰੇਕ ਕਿਸਮ ਦੀ ਰੈਨੋਵੇਸ਼ਨ
• ਸਾਇਡਿੰਗ ਸੌਫਟ, ਫੇਸਿਆ
• ਕਿਸੇ ਵੀ ਕਿਸਮ ਦੀ ਨਵੀਂ ਸੱਟਕੋ ਕਰਵਾਉਣ ਲਈ
FACIA
SOCKET
RENOVATION
Call: ਅਮਰ (AMAR)
780 271 2266
Fax: 780 463 7363

# ਜ਼ਿੰਦਗੀ ਬੜੀ ਬੇਵਫ਼ਾ ਹੈ, ਇਸਦਾ ਇਕ ਪਲ ਦਾ ਵੀ ਭਰੋਸਾ ਨਾ ਕਰੋ




ਸਾਡੇ ਨਾਲ ਕੰਮ ਕਰਨ ਲਈ ਜਾਂ ਆਪਣੇ ਸ਼ਹਿਰ ਵਿੱਚ ਦਫ਼ਤਰ ਖੋਲ੍ਹਣ ਲਈ ਸੰਪਰਕ ਕਰੋ

## ਜ਼ਰਾ ਸੋਚੋ ! !

| Age ਉਮਰ | Per Month Rate / ਪ੍ਰਤੀ ਮਹੀਨਾ ਰੇਟ* | | | |
|---|---|---|---|---|
| | 100,000 | 250,000 | 500,000 | 1,000,000 |
| 25 | 11.34 | 18.23 | 29.70 | 52.65 |
| 35 | 11.70 | 19.70 | 31.50 | 56.65 |
| 45 | 16.20 | 30.38 | 54.00 | 101.25 |
| 55 | 30.60 | 66.38 | 126.00 | 245.25 |
| 65 | 67.68 | 159.08 | 311.40 | 616.05 |

* Rates may change without notice

ਕੀ ਤੁਸੀਂ ਉਕਤ ਲਿਖੇ ਰੇਟਾਂ ਨਾਲੋਂ ਜ਼ਿਆਦਾ ਪੇਮੈਂਟ ਦੇ ਰਹੇ ਹੋ ?

- ✦ ਕੀ ਤੁਸੀਂ ਹਾਲ ਹੀ ਵਿਚ ਘਰ ਖ਼ਰੀਦਿਆ ਹੈ ? ✦ ਕੀ ਤੁਹਾਡੇ ਘਰ ਉੱਪਰ ਮੌਰਗੇਜ਼ ਹੈ ?
- ✦ ਕੀ ਤੁਸੀਂ ਬੈਂਕ ਤੋਂ ਮੌਰਗੇਜ਼ ਇੰਸ਼ੋਰੈਂਸ ਲਈ ਹੈ ਅਤੇ ਬੈਂਕ ਨਾਲੋਂ ਸਸਤੀ ਮੌਰਗੇਜ਼ ਇੰਸ਼ੋਰੈਂਸ ਲੈਣੀ ਚਾਹੁੰਦੇ ਹੋ?
- ✦ ਕੀ ਤੁਸੀਂ ਘਰ ਦੇ ਮੁਖੀ ਹੋ ?
- ✦ ਕੀ ਤੁਹਾਡੇ ਬੱਚੇ ਅਜੇ ਛੋਟੇ ਹਨ ਅਤੇ ਉਨ੍ਹਾਂ ਦੀ ਦੇਖ-ਭਾਲ ਦੀ ਜ਼ਿੰਮੇਵਾਰੀ ਤੁਹਾਡੇ ਉੱਪਰ ਹੈ ?
- ✦ ਕੀ ਤੁਹਾਡੀ ਲਾਈਫ਼ ਇੰਸ਼ੋਰੈਂਸ ਵੀ ਰਿਨਿਊ ਹੋਣ ਵਾਲੀ ਹੈ ?

ਜੇਕਰ, ਉੱਪਰ ਲਿਖੇ ਕਿਸੇ ਵੀ ਸਵਾਲ ਦਾ ਜਵਾਬ ਹਾਂ ਵਿੱਚ ਹੈ ਤਾਂ ਤੁਹਾਨੂੰ ਦੇਰ ਨਹੀਂ ਕਰਨੀ ਚਾਹੀਦੀ। ਮੁਫ਼ਤ ਸਲਾਹ ਅਤੇ ਵਧੀਆ ਰੇਟ ਲਈ ਅੱਜ ਹੀ **ਜੀਵਨ ਬੀਮਾ ਇੰਕ.** ਦੇ ਨੇੜਲੇ ਦਫ਼ਤਰ ਨਾਲ ਸੰਪਰਕ ਕਰੋ।

**ਅਸੀਂ ਹਾਰਟ ਅਟੈਕ, ਕੈਂਸਰ, ਸਟ੍ਰੋਕ ਵਰਗੀਆਂ 20 ਤੋਂ ਵੱਧ ਨਾ-ਮੁਰਾਦ ਬੀਮਾਰੀਆਂ ਲਈ ਇੰਸ਼ੋਰੈਂਸ ਵੀ ਕਰਦੇ ਹਾਂ । ਜੇ ਤੁਹਾਨੂੰ ਇਨ੍ਹਾਂ ਬੀਮਾਰੀਆਂ ਵਿੱਚੋਂ ਕੋਈ ਬੀਮਾਰੀ ਨਾ ਹੋਵੇ ਤਾਂ ਅਖ਼ੀਰ ਵਿਚ ਤੁਹਾਡੇ ਪੈਸੇ ਵਾਪਿਸ ਮਿਲ ਸਕਦੇ ਹਨ ।**



**Jessie Singh**
(C.A.I.B)

- ✦ Life Insurance
- ✦ Mortgage Insurance
- ✦ Disability Insurance
- ✦ Critical Illness Insurance
- ✦ Longterm Care Insurance
- ✦ Travel Insurance
- ✦ Health Plans



**Jasvir Deol**

*For All Insurance Needs Book Appointment Today.*

## Calgary

Bus: (403) 717 - 0666
Cell: (403) 830 - 7007

## Edmonton

Bus: (780) 465 - 6900
Cell: (780) 906 - 4497


MILLBOURNE ROAD
MEDICAL CLINIC
WALK-INS WELCOME
FAMILY PHYSICIANS
Dr. V.K. Thapar (M.D., CCFP)*
By Appointments Only
Dr. B.S. Jassar (M.D., Ph.D, CCFP)*
Cell: 780 918 0516
Dr. S. Bananda (M.D.)
Dr. Farhat Siddiqui (M.D.)
ਤੁਹਡੀ ਸਹਾਇਤਾ ਲਈ ਮਾਹਿਰ ਡਾਕਟਰਾਂ ਦੀ ਟੀਮ ਹਾਜ਼ਰ ਹੈ।
ਹੁਣ ਤੁਸੀ ਸਲਾਹ ਮਸ਼ਵਰੇ ਲਈ ਲੇਡੀ ਡਾਕਟਰ ਸਦੀਕੀ ਨੂੰ ਵੀ ਮਿਲ ਸਕਦੇ ਹੋ।
Ph: 780 462 4229 Fax: 780 462 3315
131 Millbourne Road East, Lee Ridge Plaza Edmonton, AB T6K 1P6
* Professional Corporation


WESTFORK Interiors
Specializing in Cabinets & Counter tops
Kitchen & Vanities, Custom Cabinets, Staining & Spraying Doors
Endless Options
On site full custom designing and manufacturing.
Consultation for Kitchens, Bathrooms, Offices, Dens, Storage etc.
Quality installation and delivery.
One Location - Multiple Considerations
Complete Range of Counter tops including laminate.
Custom Cabinetry
Exceptional Quality Customised Solutions
Premium Construction at Competitive Price.
ਕੈਬਨਿਟ ਅਤੇ ਕਾਊਂਟਰ ਟੌਪ ਬਨਾਉਣ ਦੇ ਮਾਹਿਰ
Westfork Interiors, 8307 Argyll Road, Edmonton T6C 4B2
Tel:
Fax:
www.westforkinteriors.com
info@westforkinteriors.com
Gurmail Matharu : 780-990-9349
Ranjit Matharu : 780-907-9889


Passport
Photos
by:
Kanwal Lyall
All types of Immigration, Passport, PIO, Citizenship Photos
Phone: 780-952-8017
lyallstudio@gmail com


Auto Shine
Interior Shampooing ✦ Power Polishing ✦ Engine Cleaning ✦ Fabric Guard ✦ Tar Ramoval
DAVE VIRK
Ph: 780 485 1253
Cell: 780 902 3727
Fax: 780 485 1353
autoshinedetailing@gmail com
5424-36 Street, Edmonton, Alberta T6B 3P3


Fancy
DOORS & MOULDINGS LTD.
SPRING SALE!
START THE SEASON WITH SAVINGS!
Interior Doors
Cheyenne
Smooth, H/C, Pre-Hung
18" x 36"
MDF Jamb, 3 Hinges
ONLY $49.99
Bostonian
6-Panel, Pre-Hung
18" to 36"
MDF Jamb, 3 Hinges
ONLY $55.99
Exterior Doors
Fibreglass "Parliament"
Pre-Hung
(32" or 36" x 80")
with 4.5" Jamb
ONLY $299.99
6-Panel Steel Door
with Brick Moulding
Pre-Hung (32" or 36")
with 4.5" Jamb
ONLY $149.99
A 3-Panel Mission Shaker, Fir
B 3-Panel Equal Shaker, MDF
C 5-Panel Shaker, MDF
French Doors
Single or Double "Paris" Doors
Circle Ring
Square Ring with Band
Pantry Slab
ONLY $99.99
Exterior Wood Doors
THESE THREE DOORS ONLY $4500.00 EACH
Interior & Exterior, Prehung Units, Locks & Hardware, French Doors, Bi-Folds, Mouldings & Accessories
Commercial Doors & Hardware, Custom Railing Supplied & Installed
Come visit our new, remodeled showroom!
Alberta Location: 9129 - 35 Avenue, Edmonton, AB T6E 5Y1
Ph: 780-432-7700
Fax: 780-432-7710 www.fancydoors.net
Limited time offer Expires


SAVE ON DOOR KNOBS AND HANDLES!
Taymor
Tofino Knob
ONLY $12.99
Superior Door Lock and Handle Set
ONLY $49.99
2 Piece Deadbolt
ONLY $24.99
Villa Passage Knob
ONLY $13.99
MOULDING & MILLWORK
HIGHLAND PARK SERIES ~ CLEAN, MODERN & ELEGANT!
#546 Casing ONLY $1.99
#8039 Casing MDF Primed ONLY $0.59
#8237 Baseboard MDF Primed ONLY $0.69
#8081 Casing MDF Primed ONLY $0.59
#8281 Baseboard MDF Primed ONLY $0.69
ALEXANDRIA Moulding
MOULDING SPECIALS!
#5010 MDF Primed ONLY $1.29
#412 MDF Primed ONLY $0.55
#411 MDF Primed ONLY $0.45
#3140 MDF Primed ONLY $0.29
#356 MDF Primed ONLY $0.19
SAVE ON BATHROOM FIXTURES!
Infinity 4 Piece Bath Set
ONLY $29.99
Robe Hook
Towel Bar
Paper Holder
Towel Ring
Sunglow 4 Piece Bath Set
ONLY $24.99

# ਫ਼ੋਟੋ ਗੈਲਰੀ

## ਪੰਜਾਬੀ ਆਰਟ ਐਸੋਸੀਏਸ਼ਨ ਆਫ਼ ਐਡਮਿੰਟਨ ਵੱਲੋਂ ਕਰਵਾਏ ਗਏ ਨਾਟਕ 'ਫ਼ਾਈਲ ਚਲਦੀ ਰਹੀ' ਅਤੇ 'ਛਿਪਣ ਤੋਂ ਪਹਿਲਾਂ' ਦੀਆਂ ਵੱਖ-ਵੱਖ ਝਲਕੀਆਂ














ਨਾਟਕਾਂ 'ਚ ਵਰਤੇ ਗਏ ਸੈਟ ਤੇ ਤਸਵੀਰਾਂ: ਬਲਜੀਤ ਲੱਲ


ਮਿਲਵੁਡਜ ਸਜੂਕੀ ਵੱਲੋਂ ਡੈਰਕ ਗੋਲਫ਼ ਐਂਡ ਕੰਟਰੀ ਕਲੱਬ ਵਿਖੇ ਕਰਵਾਏ ਗਏ ਬੈਡਮਿੰਟਨ ਮੈਚ ਉਪਰੰਤ ਖਿਡਾਰੀ ਤੇ ਪ੍ਰਬੰਧਕ।



ਦੇਸ਼-ਵਿਦੇਸ਼ ਟਾਇਮਜ਼ ਵੱਲੋਂ ਕਰਵਾਏ ਗਏ ਸਭਿਆਚਾਰਕ ਮੇਲੇ ਦੌਰਾਨ ਆਪਣੇ ਫ਼ਨ ਦਾ ਮੁਜ਼ਾਹਰਾ ਕਰਦੇ ਹੋਏ ਵਾਰਸ ਭਰਾ


ਕੈਪੀਲੈਨੋ ਕਾਨਫ਼ਰੈਂਸ ਸੈਂਟਰ ਤੇ ਬਲੂ ਤਾਜ ਰੈਸਟਰੋਰੈਂਟ ਵੱਲੋਂ ਕਰਵਾਏ ਗਏ ਸਤਿੰਦਰ ਸਰਤਾਜ ਦੇ ਸ਼ੋ ਦੌਰਾਨ ਸਤਿੰਦਰ ਸਰਤਾਜ ਨੂੰ ਸਨਮਾਨਿਤ ਕਰਦੇ ਹੋਏ ਪ੍ਰਬੰਧਕ


ਗੁਰਦੁਆਰਾ ਮਿਲਵੁਡਜ਼ ਵਿਖੇ ਪੰਜਵੀਂ ਪਾਤਸ਼ਾਹੀ ਨੂੰ ਸਮਰਪਿਤ ਲਗਾਈ ਗਈ ਛਬੀਲ ਦੌਰਾਨ ਹਾਜ਼ਰ ਪ੍ਰਬੰਧਕ ਤੇ ਹੋਰ।


ਐਮ. ਐਲ.ਏ. ਨਰੇਸ਼ ਭਾਰਦਵਾਜ ਵੱਲੋਂ ਕਰਵਾਏ ਗਏ ਬਾਰਬੀਕਿਊ ਦੌਰਾਨ ਇਕੱਤਰਤ ਐਮ.ਐਲ.ਏ. ਸੋਹੇਲ ਕਾਦਰੀ, ਮੈਂਬਰ ਪਾਰਲੀਮੈਂਟ ਮਾਈਕ, ਗੁਰਚਰਨ ਗਰਚਾ, ਜਲੰਧਰ ਸਿੰਘ, ਅਖ਼ਤਰ ਅਲੀ, ਮਨਜੀਤ ਸਿੰਘ ਤੇ ਹੋਰ।


ਅਕਾਲ ਯੂਨੀਵਰਸਿਟੀ ਤਲਵੰਡੀ ਸਾਬੋ ਵੱਲੋਂ ਕਰਵਾਏ ਗਏ ਐਜੂਕੇਸ਼ਨ ਸੈਮੀਨਾਰ ਤੇ ਫ਼ੰਡ ਰੇਜ਼ਿਗ ਡਿਨਰ ਦੌਰਾਨ ਯੂਨੀਵਰਸਿਟੀ ਦੇ ਨੁਮਾਇਦਿਆਂ ਨੂੰ ਸਨਮਾਨਿਤ ਕੀਤੇ ਜਾਣ ਦਾ ਦ੍ਰਿਸ਼।


6TH Anniversary Special
NIRVANA
NIRVANA ENTERTAINMENT INC.
NIRVANA
Lunch & Dinner Buffet
7 Days a Week
(Veg. & Non-Veg.)
$9.99
From March 1 - May 1 2012
Holi & Vaisakhi Specials
KHOYA MITHAI $6.99/LB
JALEBI $1.99
LADDO $2.99
SAMOSAS 3 for $1
Catering $10/head
Book Any Banquet Party
$ 20.00
per person
NIRVANA
1009 - 5075 Falconridge Blvd, N.E.
403-590-9797
www.nirvanacalgary.com / nirvanaentertainmentinc.com

ਪਿਛਲੇ ਅੰਕ ਦੀ ਬਾਕੀ

# ਭਾਸ਼ਾ ਮਨੁੱਖ, ਸਾਹਿਤ ਅਤੇ ਸਭਿਆਚਾਰ ਦਾ ਆਧਾਰ ਹੈ : ਗੁਰਬਚਨ ਸਿੰਘ ਭੁੱਲਰ



ਮੁਲਾਕਾਤੀ
ਅਵਤਾਰ ਜੰਡਿਆਲਵੀ ਤੇ ਸੁਸ਼ੀਲ ਦੁਸਾਂਝ

**ਵਗਦੀ ਗੰਗਾ ਵਿਚ ਅਸ਼ਨਾਨ**

? : ਪਰ ਪਰਚਾਰ ਉੱਤੇ ਪੈਸਾ ਤਾਂ ਰੂਸੀ ਬਹੁਤਾ ਖਰਚਦੇ ਸਨ। ਕਈ ਨੇਤਾਵਾਂ ਨੇ ਜੋਗ-ਅਜੋਗ ਢੰਗ ਨਾਲ ਹੱਥ ਵੀ ਰੰਗੇ ਕਹੇ ਜਾਂਦੇ ਹਨ। ਸੁਣਨ ਵਿਚ ਆਉਂਦਾ ਹੈ ਕਿ ਕਈ ਪ੍ਰਕਾਸ਼ਕਾਂ, ਲੇਖਕਾਂ, ਅਨੁਵਾਦਕਾਂ ਨੇ ਵੀ ਵਗਦੀ ਗੰਗਾ ਵਿਚ ਖ਼ੂਬ ਅਸ਼ਨਾਨ ਕੀਤਾ। ਤੁਸੀਂ ਇਸ ਬਾਰੇ ਕਿੰਨਾ ਕੁ ਜਾਣਦੇ ਹੋ? ਕੀ ਹੁਣ ਇਹਨਾਂ ਗੱਲਾਂ ਉੱਤੋਂ ਪਰਦਾ ਲਾਹੁਣ ਦਾ ਸਮਾਂ ਨਹੀਂ ਆ ਗਿਆ?

ਭੁੱਲਰ: ਨੇਤਾਵਾਂ ਦੇ ਕਥਿਤ ਲੈਣ-ਦੇਣ ਦੀ ਸਿੱਧੀ ਜਾਣਕਾਰੀ ਦਾ ਭਲਾ ਮੇਰੇ ਕੋਲ ਕੀ ਵਸੀਲਾ ਹੋ ਸਕਦਾ ਸੀ? ਵੱਧ ਤੋਂ ਵੱਧ ਇਹ ਕਹਿ ਸਕਦਾ ਹਾਂ ਕਿ ਮੈਂ ਵੀ ਤੁਹਾਡੇ ਵਾਂਗ ਸੁਣਿਆ ਹੀ ਹੈ। ਰਹੀ ਗੱਲ ਪ੍ਰਕਾਸ਼ਕਾਂ, ਲੇਖਕਾਂ ਤੇ ਅਨੁਵਾਦਕਾਂ ਦੀ, ਇਹ ਤਾਂ ਕੰਮ ਉੱਤੇ ਆਧਾਰਿਤ ਸੌਦੇ ਹੁੰਦੇ ਸਨ। ਹੋ ਸਕਦਾ ਹੈ ਕੋਈ ਕਿਸੇ ਆਧਾਰ ਉੱਤੇ ਸੌਦੇਬਾਜੀ ਕਰ ਕੇ ਕਿਸੇ ਹੋਰ ਨਾਲੋਂ ਵੱਧ ਦਰ ਲੈ ਜਾਂਦਾ ਹੋਵੇ। ਉਹਨਾਂ ਨੇ ਪੈਸੇ ਦੇ ਕੇ ਕੰਮ ਕਰਵਾਉਣਾ, ਇਹਨਾਂ ਨੇ ਪੈਸੇ ਲੈ ਕੇ ਕੰਮ ਕਰਨਾ, ਇਸ ਨੂੰ ਗੰਗਾ ਅਸ਼ਨਾਨ ਕਹਿਣਾ ਵਾਜਬ ਨਹੀਂ। ਰਹੀ ਗੱਲ ਪ੍ਰਚਾਰ ਉੱਤੇ ਬਹੁਤਾ ਧਨ ਖਰਚਣ ਦੀ, ਇਹ ਆਮ ਬੰਦੇ ਨੂੰ ਰਸਾਲਿਆਂ ਤੇ ਕਿਤਾਬਚਿਆਂ ਦੀ ਭਰਮਾਰ ਕਾਰਨ ਲਗਦਾ ਹੈ ਜਿਨ੍ਹਾਂ ਨੂੰ ਬਹੁਤੇ ਕਮਿਊਨਿਸਟ ਵੀ ਨਹੀਂ ਸਨ ਪੜ੍ਹਦੇ। ਪੜ੍ਹਦੇ ਕੀ, ਰੈਪਰ ਵੀ ਨਹੀਂ ਸਨ ਖੋਲ੍ਹਦੇ! ਜੇ ਕੋਈ ਗੱਲ ਮੇਜ਼ਬਾਨ ਦੇਸ ਜਾਂ ਉਹਦੇ ਕਿਸੇ ਮਿੱਤਰ ਦੇਸ ਦੇ ਵਿਰੁੱਧ ਨਾ ਲਿਖੀ ਜਾਵੇ, ਅਜਿਹੇ ਪ੍ਰਚਾਰ ਦਾ ਕਾਨੂੰਨੀ ਹੱਕ ਹੁੰਦਾ ਹੈ। ਰੂਸੀ ਇਸ ਹੱਕ ਦਾ ਲਾਭ ਲੈਂਦੇ ਸਨ। ਇਹ ਤਾਂ ਜੀ ਬਹੁਤ ਲੰਮੀਆਂ ਕਹਾਣੀਆਂ ਹਨ। ਵੈਸੇ ਅਮਰੀਕਾ ਵਾਲੇ ਰੂਸੀਆਂ ਨਾਲੋਂ ਬਹੁਤ ਵੱਧ ਕਾਰਗਰ ਤਰੀਕਿਆਂ ਨਾਲ ਤੇ ਖੁੱਲ੍ਹੇ ਦਿਲ ਨਾਲ ਕਦੀ ਕੰਮ ਆ ਸਕਣ ਵਾਲੇ ਲੋਕਾਂ ਨੂੰ ਪ੍ਰਭਾਵਿਤ ਕਰਦੇ ਸਨ। ਰੂਸੀ ਜਨਤਕ ਵਿਹਾਰ ਦੇ ਪੱਖੋਂ ਕੰਗਲੇ ਸਨ। ਇਕ ਵਾਰ ਮੇਰੇ ਸਹਿਕਰਮੀ ਹਿੰਦੀ ਲੇਖਕ ਦਯਾਨੰਦ ਅਨੰਤ ਕੋਲ ਇਕ ਪ੍ਰਸਿੱਧ ਹਿੰਦੀ ਲੇਖਕ ਕਿਸੇ ਕਾਰਨ ਅਪਣੀਆਂ ਰੰਗਬਰੰਗੀਆਂ ਦਰੀਆਂ ਵਰਗੀ ਬੁਣਤੀ ਵਾਲੀ ਉਜ਼ਬੇਕ ਟੋਪੀ ਦੀ ਇੱਛਾ ਲੈ ਕੇ ਆ ਗਿਆ। ਉਹਦਾ ਮੁਖੀ ਰੂਸੀ ਬੋਲਿਆ, ਬਦਲੇ ਵਿਚ ਉਹ ਸਾਡੇ ਲਈ ਕੀ ਕਰੇਗਾ? ਇਕ ਨਿਮਾਣੀ ਟੋਪੀ ਦਾ ਮੁੱਲ! ਦੂਜਾ ਪਾਸਾ ਦੇਖੋ। ਠੇਕੇ ਬੰਦ ਵਾਲੇ ਇਕ ਦਿਨ ਇਕ ਅੰਗਰੇਜ਼ੀ ਅਖ਼ਬਾਰ ਦੇ ਇਕ ਪੱਤਰਕਾਰ ਦੇ ਕੁਛ ਦੋਸਤ ਆ ਗਏ। ਘਰੇ ਬੂੰਦ ਵੀ ਸ਼ਰਾਬ ਨਾ। ਉਹਨੇ ਅਮਰੀਕੀ ਸੂਚਨਾ ਵਿਭਾਗ ਦੇ ਇਕ ਜਾਣਕਾਰ ਅਧਿਕਾਰੀ ਨੂੰ ਫ਼ੋਨ ਉੱਤੇ ਅਪਣੀ ਮਜਬੂਰੀ ਦੱਸ ਕੇ ਇਕ ਬੋਤਲ ਦੀ ਬੇਨਤੀ ਕੀਤੀ। ਅਧਿਕਾਰੀ ਨੇ ਪਤਾ ਪੁੱਛਿਆ ਤੇ ਅੱਧੇ ਘੰਟੇ ਵਿਚ ਮਹਿੰਗੀ ਵਿਸਕੀ ਦੀਆਂ ਅੱਧੀ ਦਰਜਨ ਬੋਤਲਾਂ ਉਹਦੇ ਘਰ ਪੁੱਜ ਗਈਆਂ। ਜਦੋਂ ਮੈਂ ਅਜੇ ਨਵਾਂ ਨਵਾਂ ਲਿਖਣ ਲੱਗਿਆ ਸੀ, ਅਸੀਂ ਕੁਛ ਦੋਸਤਾਂ ਨੇ ਮਿਲ ਕੇ ਪੁਸਤਕ-ਵਟਾਂਦਰਾ ਸ਼ੁਰੂ ਕੀਤਾ ਹੋਇਆ ਸੀ। ਇਕ ਵਾਰ ਅਸੀਂ ਰੂਸੀ, ਅਮਰੀਕੀ ਤੇ ਕੁਛ ਹੋਰ ਦੂਤਾਵਾਸਾਂ ਨੂੰ ਸਾਹਿਤ ਦੀ ਮੰਗ ਲਿਖ ਭੇਜੀ। ਰੂਸੀਆਂ ਨੇ 'ਸੋਵੀਅਤ ਦੇਸ' ਲਾ ਦਿੱਤਾ ਤੇ ਕੁਛ ਬਿਲਕੁਲ ਹੀ ਰਾਜਨੀਤਕ ਕਿਤਾਬਚੇ ਭੇਜ ਦਿੱਤੇ, ਅਮਰੀਕੀਆਂ ਦਾ ਕੋਈ ਦੋ ਦਰਜਨ ਪੁਸਤਕਾਂ ਦਾ ਗੱਠੜ ਆ ਗਿਆ। ਕਮਾਲ ਇਹ ਕਿ ਉਹ ਚਾਲੂ ਰਾਜਨੀਤੀ ਦੀਆਂ ਪ੍ਰਚਾਰਕ ਪੁਸਤਕਾਂ ਨਹੀਂ ਸਨ ਸਗੋਂ ਵਡਮੁੱਲੀਆਂ ਸਾਹਿਤਕ-ਸਭਿਆਚਾਰਕ ਪੁਸਤਕਾਂ ਸਨ। ਉਹਨਾਂ ਵਿਚੋਂ ਇਕ ਤਾਂ ਮੈਨੂੰ ਅੱਜ ਵੀ ਯਾਦ ਹੈ, ਦੇਖਣ, ਸੁਣਨ ਤੇ ਬੋਲਣ ਤੋਂ ਜਮਾਂਦਰੂ ਵਿਰਵੀ ਜਗਤ-ਪ੍ਰਸਿੱਧ ਹਸਤੀ ਹੈਲਨ ਕੈਲਰ ਦੀ ਜੀਵਨੀ!

ਜਿਸਨੂੰ ਤੁਸੀਂ ਪੰਜਾਬੀ ਵਿਚ ਘੁਸਪੈਠ ਆਖਦੇ ਹੋ, ਇਹਦਾ ਪੰਜਾਬੀ ਨੂੰ ਭਾਸ਼ਾਈ ਪੱਖੋਂ ਬਹੁਤ ਲਾਭ ਹੋਇਆ। ਮੇਰਾ ਖ਼ਿਆਲ ਨਹੀਂ ਪੰਜਾਬੀ ਵਿਚ ਅਨੁਵਾਦ ਲਈ ਕਿਸੇ ਯੂਨੀਵਰਸਿਟੀ ਦੇ ਜਾਂ ਹੋਰ ਵਿਭਾਗ ਨੇ ਏਨਾਂ ਕਾਰਜ ਕੀਤਾ ਹੋਵੇ ਜਿੰਨਾ ਉਥੇ ਅਸੀਂ ਕੀਤਾ। ਰਸਾਲੇ 'ਸੋਵੀਅਤ ਦੇਸ' ਤੇ 'ਸੋਵੀਅਤ ਦਰਪਨ', ਹਰ ਰੋਜ਼ ਪੰਜਾਬੀ ਅਖ਼ਬਾਰਾਂ ਨੂੰ ਭੇਜੇ ਜਾਂਦੇ ਸਮਾਚਾਰ ਤੇ ਲੇਖ ਅਤੇ ਸੋਵੀਅਤ ਯੂਨੀਅਨ ਦੇ ਸਮਾਜਕ, ਆਰਥਕ ਤੇ ਰਾਜਨੀਤਕ ਹਾਲਾਤ ਸੰਬੰਧੀ ਲਗਾਤਾਰ ਛਪਦੀਆਂ ਰਹਿੰਦੀਆਂ ਪੁਸਤਕਾਂ! ਇਸ ਸਾਰੇ ਅਨੁਵਾਦ-ਕਾਰਜ ਦਾ ਆਕਾਰ ਬਹੁਤ ਵੱਡਾ ਸੀ। ਸਾਨੂੰ ਦੇਸੀ ਵਿਭਾਗਾਂ ਵਾਂਗ ਸਾਲਾਂ ਦੇ ਸਾਲ ਕੁਛ ਵੀ ਨਾ ਕਰ ਕੇ ਤਨਖ਼ਾਹ ਲੈਣ ਦੀ ਮੌਜ ਵੀ ਹਾਸਲ ਨਹੀਂ ਸੀ। ਅਸੀਂ ਤਾਂ ਹਰ ਹਾਲਤ ਬੱਝਵੀਂ ਤਾਰੀਖ਼ ਤੱਕ ਕੰਮ ਮੁਕਾਉਣਾ ਹੀ ਹੁੰਦਾ ਸੀ। ਸਾਨੂੰ ਅਨੇਕ ਵਾਰ ਸਮਾਨਾਰਥੀ ਸ਼ਬਦ ਸੋਚਣੇ, ਲੱਭਣੇ ਤੇ ਬਣਾਉਣੇ ਵੀ ਪੈਂਦੇ ਸਨ। ਇਸੇ ਕੰਮ ਵਿਚੋਂ ਅੱਗੇ ਚੱਲ ਕੇ ਮੇਰੇ ਰਚੇ 'ਅਰਥ-ਸ਼ਾਸਤਰ ਅਤੇ ਰਾਜਨੀਤੀ ਦਾ ਸ਼ਬਦਕੋਸ਼' ਨੇ ਸ਼ਕਲ ਫੜੀ। ਸਾਡਾ ਕੰਮ ਤਾਂ ਹੋਰ ਅਨੁਵਾਦਕਾਂ ਲਈ ਸਹਾਇਕ ਬਣਦਾ ਸੀ।

**ਸਾਹਿਤ ਤੇ ਰਾਜਨੀਤੀ**

? : ਤੁਸੀਂ ਕਿਹਾ ਹੈ ਕਿ ਕਈ ਦਹਾਕੇ ਕਮਿਊਨਿਸਟ ਪਾਰਟੀ ਦੇ ਮੈਂਬਰ ਰਹੇ। ਹੁਣ ਵੀ ਰਾਜਨੀਤੀ ਵਿਚ ਤੁਹਾਡੀ ਲਗਾਤਾਰ ਦਿਲਚਸਪੀ ਹੈ। ਸਾਹਿਤ ਤੇ ਰਾਜਨੀਤੀ ਦਾ ਕੀ ਸੰਬੰਧ ਸਮਝਦੇ ਹੋ?

ਭੁੱਲਰ: ਜਦੋਂ ਤਿੱਖੀ ਰਾਜਨੀਤਕ ਉਥਲ-ਪੁਥਲ ਦੇ ਸਮੇਂ ਆਉਂਦੇ ਹਨ, ਸਿੱਧੇ ਰਾਜਨੀਤਕ ਵਿਸ਼ਿਆਂ ਨੂੰ ਲੈ ਕੇ ਸਾਹਿਤ ਰਚਿਆ ਜਾਣਾ ਸੁਭਾਵਿਕ ਹੈ। ਪ੍ਰਤਿਭਾ ਵਾਲੇ ਲੇਖਕਾਂ ਦਾ ਰਚਿਆ ਅਜਿਹਾ ਸਾਹਿਤ ਉੱਤਮ ਵੀ ਹੋ ਨਿੱਬੜਦਾ ਹੈ। ਗੋਰਕੀ ਦੇ ਨਾਵਲ 'ਮਾਂ' ਦੀ ਜਗਤ-ਪ੍ਰਸਿੱਧੀ ਇਕ ਉਦਾਹਰਨ ਹੈ। ਪਰ ਆਮ ਲੇਖਕ ਤੋਂ ਇਹ ਡਰ ਬਣਿਆ ਰਹਿੰਦਾ ਹੈ ਕਿ ਅਜਿਹੀ ਰਚਨਾ ਪਰਚਾਰ ਦੇ ਜਾਂ ਪੱਤਰਕਾਰੀ ਦੇ ਪੱਧਰ ਉੱਤੇ ਨਾ ਰਹਿ ਜਾਵੇ! ਮੇਰਾ ਮੱਤ ਹੈ ਕਿ ਵਿਚਾਰਧਾਰਾ ਤੇ ਰਾਜਨੀਤੀ ਸਾਹਿਤਕਾਰ ਲਈ ਸਮਾਜ ਨੂੰ, ਮਨੁੱਖੀ ਸੁਭਾਅ ਨੂੰ ਸਮਝਣ ਦਾ ਤੇ ਇਸ ਆਧਾਰ ਉੱਤੇ ਅਪਣੀ ਸੋਚ ਨੂੰ ਪੁਣ ਕੇ, ਨਿਤਾਰ ਕੇ ਮਾਨਵ-ਹਿਤੈਸ਼ੀ ਬਣਾਉਣ ਦਾ ਸਾਧਨ ਤੇ ਸੰਦ ਹੋਣੀਆਂ ਚਾਹੀਦੀਆਂ ਹਨ। ਅਜਿਹੀ ਸਪੱਸ਼ਟ ਸੋਚ ਵਾਲਾ ਸਾਹਿਤਕਾਰ ਕਿਸੇ ਵੀ ਵਿਸ਼ੇ ਨੂੰ ਲੈ ਕੇ ਲਿਖੇ, ਮਨੁੱਖੀ ਗੌਰਵ ਦੇ ਵਿਰੁੱਧ ਨਹੀਂ ਭੁਗਤੇਗਾ। ਉਸਦੀ ਰਚਨਾ ਵਿਚ ਰਾਜਨੀਤੀ ਤੇ ਵਿਚਾਰਧਾਰਾ ਦੀ ਝਲਕ ਕਿਤੇ ਨਹੀਂ ਪਵੇਗੀ ਪਰ ਇਹਨਾਂ ਕਾਰਨ ਉਹ ਮਾਨਵ-ਹਿਤੈਸ਼ੀ ਬਣੀ ਰਹੇਗੀ। ਇਥੋਂ ਤੱਕ ਕਿ ਇਹ ਗੱਲ ਵਿਚਾਰਧਾਰਾ ਤੇ ਰਾਜਨੀਤੀ ਨਾਲ ਕੋਈ ਸਿੱਧਾ ਸੰਬੰਧ ਨਾ ਰੱਖਣ ਵਾਲੀਆਂ ਇਸਤਰੀ-ਪੁਰਸ਼ ਸੰਬੰਧਾਂ ਦੀਆਂ ਕਹਾਣੀਆਂ ਉੱਤੇ ਵੀ ਲਾਗੂ ਹੁੰਦੀ ਹੈ। ਜੇ ਲੇਖਕ ਇਸਤਰੀ ਨੂੰ ਜਾਇਦਾਦ ਸਮਝਣ ਵਾਲੀ ਜਗੀਰੂ ਸੋਚ ਜਾਂ ਮੰਡੀ ਦਾ ਮਾਲ ਸਮਝਣ ਵਾਲੀ ਪੂੰਜੀਵਾਦੀ ਸੋਚ ਦਾ ਮਾਲਕ ਹੋਵੇਗਾ, ਉਹਨੂੰ ਕਾਮ-ਤ੍ਰਿਪਤੀ ਦੇ ਇਕ ਵਸੀਲੇ ਵਜੋਂ ਇਸਤਰੀ ਤੇ ਕਿਸੇ ਮਦੀਨ ਪਸ਼ੂ ਵਿਚ ਕੋਈ ਫ਼ਰਕ ਨਜ਼ਰ ਨਹੀਂ ਆਵੇਗਾ। ਪਰ ਮਾਨਵੀ ਸੋਚ ਦਾ ਮਾਲਕ ਅੱਗੇਵਧੂ ਸਾਹਿਤਕਾਰ ਇਸ ਵਿਸ਼ੇ ਦੀਆਂ ਕਹਾਣੀਆਂ ਲਿਖਦਿਆਂ ਵੀ ਪਾਤਰ ਨੂੰ ਚਿੱਕੜ ਵਿਚ ਨਹੀਂ ਸੁੱਟੇਗਾ ਸਗੋਂ ਉਸ ਦੇ ਤਿਲ੍ਹਕਣ ਦੇ ਕਾਰਨਾਂ ਤੱਕ ਜਾਵੇਗਾ। ਮਿਸਾਲ ਲਈ ਇਥੇ ਮੈਂ ਅਪਣੀਆਂ ਕਹਾਣੀਆਂ 'ਓਪਰਾ ਮਰਦ' ਤੇ 'ਚਗ਼ਲ' ਪੇਸ਼ ਕਰਾਂਗਾ। ਮੈਂ ਤਾਂ 'ਦੀਵੇ ਵਾਂਗ ਬਲਦੀ ਅੱਖ' ਦੀ ਭਾਬੀ ਮਹਿੰਦਰੋ ਨੂੰ ਵੀ, ਉਸ ਵੱਲੋਂ ਆਪ ਪੰਗਾ ਲਏ ਜਾਣ ਦੇ ਬਾਵਜੂਦ, ਪਾਠਕ ਦੀ ਨਜ਼ਰ ਵਿਚ ਡਿੱਗਣ ਨਹੀਂ ਦਿੱਤਾ!

**ਭਾਸ਼ਾ ਤੇ ਸਾਹਿਤ ਦਾ ਨਾਤਾ**

? : ਤੁਸੀਂ 'ਹੁਣ' ਵਿਚ ਪੰਜਾਬੀ ਬਾਰੇ ਬੜੇ ਹੀ ਪਾਇਦਾਰ ਵਿਚਾਰ ਪੇਸ਼ ਕੀਤੇ ਹਨ ਜਿਨ੍ਹਾਂ ਦੀ ਬੜੀ ਚਰਚਾ ਹੋਈ ਹੈ ਤੇ ਹੋ ਰਹੀ ਹੈ। ਤੁਸੀਂ ਸਮੇਂ ਸਮੇਂ ਅਖ਼ਬਾਰਾਂ-ਰਸਾਲਿਆਂ ਵਿਚ ਤੇ ਸਾਹਿਤਕ ਮੰਚਾਂ ਤੋਂ ਵੀ ਵਿਚਾਰ ਸਾਂਝੇ ਕਰਦੇ ਰਹੇ ਹੋ। ਕੀ ਤੁਹਾਨੂੰ ਸਦਾ ਹੀ ਪੰਜਾਬੀ ਭਾਸ਼ਾ ਤੇ ਇਸਦੇ ਸੁਧਾਰ ਬਾਰੇ ਫ਼ਿਕਰ ਰਿਹਾ ਹੈ? ਤੁਸੀਂ ਭਾਸ਼ਾ ਤੇ ਸਾਹਿਤ ਦਾ ਆਪਸੀ ਨਾਤਾ ਕਿਵੇਂ ਚਿਤਵਦੇ ਹੋ?

ਭੁੱਲਰ: ਗੱਲ ਭਾਸ਼ਾ ਅਤੇ ਇਸਦੇ ਸੁਧਾਰ ਬਾਰੇ ਫ਼ਿਕਰ ਦੀ ਨਹੀਂ। ਭਾਸ਼ਾ ਤਾਂ ਅਸਾਹਿਤਕ ਸਗੋਂ ਅਨਪੜ੍ਹ ਮਨੁੱਖ ਦੇ ਜੀਵਨ ਵਿਚ ਵੀ ਵੱਡੀ ਭੂਮਿਕਾ ਨਿਭਾਉਂਦੀ ਹੈ। ਲੇਖਕ ਲਈ ਤਾਂ ਸਾਹਿਤ-ਰਚਨਾ ਦਾ ਮਾਧਿਅਮ ਹੀ ਭਾਸ਼ਾ ਹੈ ਜਿਸ ਕਰਕੇ ਉਹਦਾ ਵਿਸ਼ੇਸ਼ ਮਹੱਤਵ ਬਣ ਜਾਂਦਾ ਹੈ। ਤਾਂ ਵੀ ਇਸ ਵਿਸ਼ੇਸ਼ ਮਹੱਤਵ ਦੇ ਬਾਵਜੂਦ ਸਭ ਭਾਸ਼ਾਵਾਂ ਦੇ ਲੇਖਕ ਆਪਣੀ ਭਾਸ਼ਾ ਨੂੰ ਸਹਿਜਤਾ ਨਾਲ ਉਸਦੇ ਕੁਦਰਤੀ ਰੂਪ ਵਿਚ ਹੀ ਲੈਂਦੇ ਹਨ। ਪਰ ਪੰਜਾਬੀ ਦੀ ਹਾਲਤ ਇਤਿਹਾਸਕ ਕਾਰਨਾਂ ਕਰਕੇ ਬੜੀ ਅਜੀਬ ਹੋ ਗਈ ਹੈ। ਸੰਖੇਪ ਵਿਚ ਕਹਿਣਾ ਹੋਵੇ ਤਾਂ ਇਸਦਾ ਵਿਕਾਸ ਤੇ ਵੇਗ ਪਟੜੀਉਂ ਲਾਹ ਦਿੱਤੇ ਗਏ। ਫੇਰ ਪਟੜੀ ਉੱਤੇ ਪੈਣ ਲਈ ਇਹ ਉਚੇਚਾ ਧਿਆਨ ਤੇ ਜਤਨ ਲੋੜਦੀ ਹੈ। ਪੰਜਾਬੀ ਲੇਖਕ ਹੋਣ ਦੇ ਨਾਤੇ ਮੈਨੂੰ ਓਨਾਂ ਕੁ ਫ਼ਿਕਰ ਜ਼ਰੂਰ ਹੈ ਜਿੰਨਾ ਹਰ ਲੇਖਕ, ਭਾਸ਼ਾ ਦੇ ਹਰ ਸੂਝਵਾਨ ਨੂੰ ਹੋਣਾ ਚਾਹੀਦਾ ਹੈ। ਮੇਰਾ ਖ਼ਿਆਲ ਹੈ, ਭਾਸ਼ਾ ਦਾ ਮਹੱਤਵ ਤੇ ਸਾਹਿਤ ਨਾਲ ਇਹਦਾ ਨਾਤਾ ਏਨਾਂ ਸਪੱਸ਼ਟ ਹੈ ਕਿ ਇਸ ਉੱਤੇ ਜ਼ੋਰ ਦੇਣਾ ਬੇਲੋੜਾ ਹੈ। ਹਰਮਨ ਹੈੱਸ ਦਾ ਕਹਿਣਾ ਹੈ,"ਸ਼ਬਦਾਂ ਤੋਂ ਬਿਨਾਂ, ਲਿਖਤਾਂ ਤੋਂ ਬਿਨਾਂ, ਪੁਸਤਕਾਂ ਤੋਂ ਬਿਨਾਂ ਕੋਈ ਇਤਿਹਾਸ ਨਾ ਹੁੰਦਾ, ਮਨੁੱਖਜਾਤੀ ਦਾ ਕੋਈ ਸੰਕਲਪ ਹੀ ਨਾ ਹੁੰਦਾ!" ਭਾਸ਼ਾ ਮਨੁੱਖ ਦਾ, ਸਾਹਿਤ ਦਾ, ਸਭਿਆਚਾਰ ਦਾ ਆਧਾਰ ਹੈ। ਭਾਸ਼ਾ ਨਾ ਹੁੰਦੀ, ਸਾਹਿਤ ਤੇ ਸਭਿਆਚਾਰ ਦੀ ਗੱਲ ਤਾਂ ਛੱਡੋ, ਮਨੁੱਖ ਹੀ ਅੱਜ ਵਾਲਾ ਮਨੁੱਖ ਨਾ ਹੁੰਦਾ। ਉਹ ਹੋਰ ਜਾਨਵਰਾਂ ਵਾਂਗ ਜੰਗਲਾਂ ਵਿਚ ਹੀ ਵਿਚਰ ਰਿਹਾ ਹੁੰਦਾ। ਇਹ ਵਿਸ਼ਾ ਹੈ ਤਾਂ ਬਹੁਤ ਲੰਮਾ ਪਰ ਸੰਖੇਪ ਵਿਚ ਮੁਕਾਉਣ ਦਾ ਜਤਨ ਕਰਦੇ ਹਾਂ।

ਭਾਸ਼ਾ ਦਾ ਆਧਾਰ ਕਿਰਤ ਹੈ ਤੇ ਕਿਰਤ ਦਾ ਆਧਾਰ ਮਨੁੱਖੀ ਹੱਥ ਦਾ ਗੂਠਾ ਜੋ ਬਾਕੀ ਉਂਗਲਾਂ ਨਾਲ ਨੱਬੇ ਦਰਜੇ ਦਾ ਕੋਣ ਬਣਾਉਂਦਾ ਹੈ। ਅਜੇ ਕੱਲ੍ਹ-ਪਰਸੋਂ ਦੇ ਅਖ਼ਬਾਰਾਂ ਵਿਚ ਅਫ਼ਰੀਕਾ ਵਿਚੋਂ ਮਿਲੇ ਵੀਹ ਲੱਖ ਸਾਲ ਪੁਰਾਣੇ ਇਕ ਅਧਮਨੁੱਖੀ ਪੰਜੇ ਦੀਆਂ ਹੱਡੀਆਂ ਦੀ ਤਸਵੀਰ ਛਪੀ ਸੀ। ਦੁਨੀਆ ਭਰ ਦੇ ਮਾਨਵਨਸਲ-ਵਿਗਿਆਨੀ ਬੇਹੱਦ ਖ਼ੁਸ਼ ਹਨ ਕਿ ਇਹ ਪੰਜਾ ਮਨੁੱਖੀ ਨਸਲ ਦੇ ਵਿਕਾਸ ਵਿਚ ਅਜੇ ਤੱਕ ਸਬੂਤਾਂ ਤੋਂ ਵਿਰਵੇ ਉਸ ਦੌਰ ਦਾ ਪ੍ਰਮਾਣ ਹੈ ਜਦੋਂ ਉਹ ਅਪਣੇ ਵਣਮਾਨਸੀ ਪੁਰਖਿਆਂ ਤੋਂ ਵੱਖ ਹੋ ਕੇ ਮਨੁੱਖ ਬਨਣ ਦੇ ਰਾਹ ਪੈ ਗਿਆ ਸੀ ਕਿਉਂਕਿ ਇਸ ਪੰਜੇ ਵਿਚ ਗੂਠਾ ਬਾਕੀ ਉਂਗਲਾਂ ਨਾਲੋਂ ਵੱਖ ਹੋ ਕੇ ਚਾਲੀ-ਪੰਜਾਹ ਦਰਜੇ ਦਾ ਕੋਣ ਬਣਾਉਂਦਾ ਹੈ ਤੇ ਇਉਂ ਨੱਬੇ ਦਰਜੇ ਦਾ ਕੋਣ ਬਣਾਉਣ ਦੇ ਰਾਹ ਪਿਆ ਹੋਇਆ ਹੈ। ਇਸ ਰਾਹ ਪਏ ਹੋਏ ਗੂਠੇ ਨੇ ਮੁੱਢਲੇ ਮਨੁੱਖ ਦੇ ਹੱਥ ਨੂੰ ਪਕੜ ਦੀ ਵਧਦੀ ਹੋਈ ਸ਼ਕਤੀ ਦਿੱਤੀ। ਉਹ ਡਲੇ, ਰੋੜੇ, ਪੱਥਰ ਜਾਂ ਡਾਹਣੀ, ਮੋਹਤੀ ਚੁੱਕ ਕੇ ਫਲ ਤੋੜਨ ਲੱਗਿਆ ਜਾਂ ਜੀਵਜੰਤੂ ਮਾਰਨ ਲੱਗਿਆ। ਹੋਰ ਅੱਗੇ ਚੱਲ ਕੇ ਉਹਨੇ ਪੱਥਰ ਘੜਨੇ ਤੇ ਡਾਹਣੀਆਂ ਛਾਂਗ ਕੇ ਟੰਬੇ ਬਣਾਉਣੇ ਸ਼ੁਰੂ ਕੀਤੇ। ਹੱਥਾਂ ਦੀ ਅਜਿਹੀ ਵਰਤੋਂ ਉਹਦੇ ਦਿਮਾਗ਼ ਵਿਚ ਵਿਚਾਰ ਜਗਾਉਣ ਲੱਗੀ ਤੇ ਉਹਨਾਂ ਵਿਚਾਰਾਂ ਦੇ ਪ੍ਰਗਟਾਵੇ ਲਈ ਭਾਸ਼ਾ ਦਾ ਜਨਮ ਹੋਇਆ। ਮਨੁੱਖ ਕਿਰਤ, ਵਿਚਾਰ ਤੇ ਭਾਸ਼ਾ ਦੇ ਮਹਾਂਮਾਰਗ ਉੱਤੇ ਤੁਰ ਕੇ ਅੱਜ ਵਾਲੇ ਮੁਕਾਮ ਉੱਤੇ ਪੁੱਜਿਆ ਹੈ। ਹੁਣ ਵੀ ਕਿਰਤ ਤੇ ਵਿਚਾਰ ਦੇ ਸੁਮੇਲ ਵਿਚੋਂ ਨਵੇਂ ਸ਼ਬਦ ਜਨਮਦੇ ਰਹਿੰਦੇ ਹਨ। ਕੰਪਿਊਟਰ ਤੇ ਉਸ ਨਾਲ ਸੰਬੰਧਿਤ ਸਾਰਾ ਖਿਲਾਰਾ ਇਸਦੀ ਇਕ ਵਧੀਆ ਅਜੋਕੀ ਮਿਸਾਲ ਹੈ। ਇਸੇ ਕਰਕੇ ਮੈਂ ਆਖਦਾ ਹਾਂ, ਕਿਰਤ, ਵਿਚਾਰ ਤੇ ਭਾਸ਼ਾ, ਤਿੰਨੇ ਪੂਜਣਜੋਗ ਹਨ। ਗੂਠੇ ਨੂੰ ਮਨੁੱਖੀ ਬੁੱਧੀ ਦਾ ਸਗੋਂ ਮਨੁੱਖੀ ਹੋਂਦ ਦਾ ਆਧਾਰੀ ਪ੍ਰਤੀਕ ਮੰਨਦਿਆਂ ਹੀ ਤਾਂ ਗੁਰੂ ਦਰੋਣਾਚਾਰੀਆ ਨੇ ਏਕਲੱਵਿਆ ਤੋਂ ਇਸੇ ਦੀ ਭੇਟ ਮੰਗੀ ਸੀ! ਇਹ ਕਿਰਤੀ ਮਨੁੱਖ ਨੂੰ ਕੇਵਲ ਆਦੇਸ਼ਪਾਲਕ ਬਣਾਈ ਰੱਖਣ ਲਈ ਬੁੱਧੀ ਤੇ ਕਲਾ ਤੋਂ ਵਿਰਵਾ ਕਰਨ ਦੀ ਬੁੱਧੀਭੋਗੀ ਜਮਾਤ ਦੀ ਦੂਰਮਾਰ ਸਾਜ਼ਿਸ਼ ਸੀ। ਅੱਜ ਦੇ ਕਿਰਤੀਆਂ, ਅੱਜ ਦੇ ਦਲਿਤਾਂ, ਅੱਜ ਦੇ ਪਛੜਿਆਂ ਨੂੰ ਵਿੱਦਿਆ ਤੇ ਬੁੱਧੀ ਤੋਂ ਦੂਰ ਰੱਖ ਕੇ ਉਹਨਾਂ ਦੇ ਬੌਧਿਕ ਗੂਠੇ ਇਸੇ ਪ੍ਰੰਪਰਾ ਅਨੁਸਾਰ ਹੀ ਤਾਂ ਜ਼ੋਰੀਂ ਮੰਗੇ ਦਾਨ ਵਜੋਂ ਕੱਟੇ ਜਾਂਦੇ ਹਨ!

? : ਇਸ ਲੰਮੇ ਇਤਿਹਾਸ ਵਿਚ ਮੌਖਿਕਤਾ ਤੋਂ ਤੁਰੇ ਸਾਹਿਤ ਲਈ ਭਾਸ਼ਾ ਦੀ ਕੀ ਮਹੱਤਤਾ ਬਣੀ?

ਭੁੱਲਰ: ਮੌਖਿਕਤਾ ਦੇ ਟਾਕਰੇ ਲਿਖਿਤ ਭਾਸ਼ਾ ਸਾਹਿਤ ਦਾ ਚਿਰਸਥਾਈ ਮਾਧਿਅਮ ਹੈ। ਦੁਰਭਾਗ ਦੇਖੋ ਤੇ ਜ਼ੁਲਮ ਦੇਖੋ, ਹੁਣ ਅਨੇਕ ਪੰਜਾਬੀ ਲੇਖਕ ਤੇ ਆਲੋਚਕ ਸਿੱਧੇ-ਅਸਿੱਧੇ ਢੰਗ ਨਾਲ ਇਹ ਮੱਤ ਪੇਸ਼ ਕਰਦੇ ਹਨ ਕਿ ਭਾਸ਼ਾ ਦਾ ਕੀ ਹੈ, ਗੱਲ ਤਾਂ ਗੱਲ ਦੀ ਹੈ। ਭਾਵ, ਗੱਲ ਪਾਠਕ ਤੱਕ ਪੁਜਦੀ ਕਰਨ ਤੋਂ ਇਲਾਵਾ ਭਾਸ਼ਾ ਦਾ ਆਪਣਾ ਕੋਈ ਮਹੱਤਵ ਨਹੀਂ। ਮੈਂ ਇਸ ਮੱਤ ਨਾਲ ਉੱਕਾ ਹੀ ਸਹਿਮਤ ਨਹੀਂ ਸਗੋਂ ਇਸਦਾ ਕੱਟੜ ਵਿਰੋਧੀ ਤੇ ਨਿੰਦਕ ਹਾਂ। ਮੇਰਾ ਮੰਨਣਾ ਹੈ ਕਿ ਅਜਿਹੇ ਲੋਕ ਅਸਲ ਵਿਚ ਭਾਸ਼ਾ ਬਾਰੇ ਅਪਣੇ ਅਗਿਆਨ ਨੂੰ ਲੁਕੋਣ ਦਾ ਜਤਨ ਕਰ ਰਹੇ ਹੁੰਦੇ ਹਨ। ਇਸੇ ਕਰਕੇ ਮੌਕਾ ਮਿਲਦਿਆਂ ਮੈਂ ਭਾਸ਼ਾ ਬਾਰੇ ਆਪਣੀ ਬੁੱਧੀ ਅਨੁਸਾਰ ਗੱਲ ਕਰਦਾ ਰਹਿੰਦਾ ਹਾਂ। ਕਦੀ ਕੋਈ ਚਿਤਰਕਾਰ ਦੇਖਿਆ ਹੈ ਜੋ ਚਿਤਰ ਦੀ ਰੰਗਾਵਲੀ ਅਤੇ ਉਹਦੇ ਸਮੁੱਚੇ ਪ੍ਰਭਾਵ ਦਾ ਖ਼ਿਆਲ ਕੀਤੇ ਬਿਨਾਂ ਜਿਸ ਰੰਗ ਵਿਚ ਡੁੱਬੇ, ਤੂਲਿਕਾ ਡੋਬ ਲਵੇ? ਕਿਸੇ ਗਾਇਕ ਨੂੰ ਇਹ ਵਾਰਾ ਖਾ ਸਕਦਾ ਹੈ ਕਿ ਉਹ ਰਾਗ ਦੀ ਨਿਸਚਿਤ ਸੁਰ, ਤਾਲ, ਲੈਅ ਦੀ ਥਾਂ ਜਿਹੋ ਜੇਹੀ ਮਰਜ਼ੀ ਹੇਕ ਕੱਢ ਲਵੇ? ਕੋਈ ਨ੍ਰਿਤਕਾਰ ਹੋਵੇਗਾ ਜਿਸਦੇ ਹਾਵਭਾਵ ਕੁਛ ਹੋਰ ਪ੍ਰਗਟ ਕਰ ਰਹੇ ਹੋਣ ਤੇ ਪੈਰ ਕਿਧਰੇ ਹੋਰ ਪੈ ਰਹੇ ਹੋਣ? ਲਖ਼ਨਊ ਖ਼ੂਬਸੂਰਤ ਉਰਦੂ ਲਈ ਇਕ ਜ਼ਮਾਨੇ ਤੋਂ ਪ੍ਰਸਿੱਧ ਹੈ। ਕਹਿੰਦੇ ਟਾਂਗੇ ਵਿਚ ਬੈਠਾ ਇਕ ਗਲਤੀ ਦੂਜੀਆਂ ਸਵਾਰੀਆਂ ਨਾਲ ਗੱਲਾਂ ਮਾਰ ਰਿਹਾ ਸੀ। ਘੋੜਾ ਸੜਕ ਵਿਹਲੀ ਹੋਣ ਦੇ ਬਾਵਜੂਦ ਵਾਰ ਵਾਰ ਰੁਕ ਕੇ ਸਿਰ ਹਿਲਾਉਣ ਤੇ ਸੜਕ ਉੱਤੇ ਪੌੜ ਮਾਰਨ ਲੱਗ ਜਾਵੇ। ਗਾਲਤੀ ਕਹਿੰਦਾ,"ਯਾਰ ਤੇਰਾ ਘੋੜਾ ਅਜੀਬ ਹੈ! ਚਾਰ ਕਦਮ ਤੁਰਦਾ ਹੈ, ਰੁਕ ਜਾਂਦਾ ਹੈ, ਅੱਚਵੀ ਕਰਦਾ ਹੈ। ਵਿਹਲੀ ਸੜਕ ਹੈ, ਇਹ ਆਰਾਮ ਨਾਲ ਤੁਰਿਆ ਕਿਉਂ ਨਹੀਂ ਜਾਂਦਾ!" ਟਾਂਗੇਵਾਲਾ ਹੱਸਿਆ,"ਜਨਾਬ, ਅਜੀਬ ਮੇਰਾ ਘੋੜਾ ਨਹੀਂ, ਅਜੀਬ ਤੁਹਾਡੀ ਉਰਦੂ ਹੈ। ਮੇਰੇ ਘੋੜੇ ਨੂੰ ਖ਼ੂਬਸੂਰਤ ਲਖ਼ਨਵੀ ਉਰਦੂ ਸੁਣਨ ਦੀ ਆਦਤ ਪਈ ਹੋਈ ਹੈ। ਜਦੋਂ ਜਦੋਂ ਤੁਸੀਂ ਜ਼ੁਬਾਨ ਦੀ ਟੰਗ ਤੋੜਦੇ ਹੋ, ਇਹ ਬਿਚਾਰਾ ਮਾਸੂਮ ਪ੍ਰੇਸ਼ਾਨ ਹੋ ਉਠਦਾ ਹੈ। ਜੇ ਜ਼ੁਬਾਨ ਨਹੀਂ ਆਉਂਦੀ, ਚੁੱਪ ਹੀ ਕਰ ਰਹੋ ਤਾਂ ਜੋ ਇਹ ਤੁਹਾਡੇ ਕਹਿਣ ਅਨੁਸਾਰ ਆਰਾਮ ਨਾਲ ਤੁਰਿਆ ਜਾਵੇ!" ਲੇਖਕ ਲਈ ਲਾਜ਼ਮੀ ਹੈ ਕਿ ਵਿਚਾਰ ਦੇ ਹਾਣ ਦੀ, ਵਿਚਾਰ ਲਈ ਢੁੱਕਵੀਂ, ਵਿਚਾਰ ਨੂੰ ਸਹੀ ਤੇ ਸੰਪੂਰਨ ਪ੍ਰਗਟਾਵਾ ਦੇਣ ਵਾਲੀ ਖ਼ੂਬਸੂਰਤ, ਰਸੀਲੀ ਤੇ ਮਨਮੋਹਕ ਭਾਸ਼ਾ ਦੀ ਵਰਤੋਂ ਕਰੇ। ਮਹਾਂਕਵੀ ਕਬੀਰ ਕਹਿੰਦੇ ਹਨ,"ਐਸੀ ਵਾਣੀ ਬੋਲੀਏ, ਮਨ ਕਾ ਆਪਾ ਖੋਏ। ਅਪਨਾ ਤਨ ਸ਼ੀਤਲ ਕਰੇ, ਔਰਨ ਕੋ ਸੁਖ ਹੋਏ!"

ਵਿਚਾਰ ਅੰਮ੍ਰਿਤ ਹੈ ਤੇ ਉਹ ਉੱਤਮ ਭਾਸ਼ਾ ਦੇ ਸੋਨ-ਕਟੋਰੇ ਵਿਚ ਪੇਸ਼ ਕੀਤਾ ਹੀ ਸੋਭਦਾ ਹੈ। ਜੇ ਭਾਸ਼ਾ ਦੀ ਸੂਝ ਨਹੀਂ, ਵਿਚਾਰ ਨਰੋਆ ਵੀ ਹੋਵੇ, ਉਹ ਠੀਕਰੇ ਵਿਚ ਖੀਰ ਪਰੋਸਣ ਵਾਲੀ ਗੱਲ ਹੋਵੇਗੀ। ਜੇ ਭਾਸ਼ਾ ਦੀ ਤਾਂ ਸਮਝ ਹੈ ਪਰ ਵਿਚਾਰ ਬੇਤੁਕਾ ਹੈ, ਉਹ ਕਟੋਰੇ ਵਿਚ ਦਲੀਆ ਪਾਉਣ ਵਾਲੀ ਗੱਲ ਹੋਵੇਗੀ। ਜੇ ਲੇਖਕ ਦੋਵਾਂ ਪੱਖਾਂ ਤੋਂ ਹੀ ਸਤਿਨਾਮ ਹੈ, ਉਹ ਠੀਕਰੇ ਵਿਚ ਦਲੀਆ ਪਰੋਸੇਗਾ। ਇਹਨਾਂ ਤਿੰਨਾਂ ਕਿਸਮਾਂ ਦੇ ਲੇਖਕਾਂ ਨੂੰ ਪਾਠਕਾਂ ਦੀ ਪ੍ਰਵਾਨਗੀ ਨਾ ਮਿਲਣ ਦਾ ਗਿਲਾ ਨਹੀਂ ਕਰਨਾ ਚਾਹੀਦਾ। ਰਚਨਾ ਸਾਰ-ਤੱਤ ਦੇ ਪੱਖੋਂ ਵਿਚਾਰ-ਉਤੇਜਕ ਵੀ ਹੋਣੀ ਚਾਹੀਦੀ ਹੈ ਅਤੇ ਭਾਸ਼ਾ ਦੇ ਪੱਖੋਂ ਮਾਨਣਜੋਗ ਤੇ ਆਨੰਦਦਾਇਕ ਵੀ!

**ਭਾਸ਼ਾ ਦਾ ਰਿਆਜ਼**

? : ਤੁਸੀਂ ਅਕਸਰ ਭਾਸ਼ਾ ਦੀ ਅਲੌਕਿਕਤਾ ਦੀ, ਚਮਤਕਾਰੀ ਸ਼ਕਤੀ ਦੀ ਗੱਲ ਕਰਦੇ ਹੋ!

ਭੁੱਲਰ: ਮੈਂ ਸਾਹਿਤ ਦਾ ਸਦੀਵੀ ਸਿਖਿਆਰਥੀ ਹੋਣ ਵਾਂਗ ਭਾਸ਼ਾ ਦਾ ਵੀ ਸਦੀਵੀ ਵਿਦਿਆਰਥੀ ਹਾਂ। ਭਾਸ਼ਾ ਦਾ ਤਾਂ ਸਿੱਧਾ ਰਿਸ਼ਤਾ ਹੀ ਆਤਮਾ ਨਾਲ ਹੈ। ਸਾਡੇ ਸਮੇਂ ਦੇ ਇਕ ਵੱਡੇ ਦਾਰਸ਼ਨਿਕ-ਚਿੰਤਕ, ਡਾ. ਰਾਧਾਕ੍ਰਿਸ਼ਨਣ ਨੇ ਝੋਰਾ ਕੀਤਾ ਸੀ,"ਸਾਡੀਆਂ ਬਹੁਤੀਆਂ ਆਧੁਨਿਕ ਰਚਨਾਵਾਂ ਸਾਡੀ ਬੁੱਧੀ ਵਿਚੋਂ ਆਕਾਰ ਧਾਰਦੀਆਂ ਹਨ, ਸਾਡੀ ਆਤਮਾ ਵਿਚੋਂ ਨਹੀਂ!" ਪੰਜਾਬੀ ਸਾਹਿਤ ਵਿਚ ਤਾਂ ਹਾਲਤ ਕੁਛ ਹੋਰ ਵੀ ਨਿੱਘਰ ਗਈ ਹੈ। ਪਹਿਲਾਂ ਬੁੱਧੀ ਦੀ ਥਾਂ ਵੀ ਸ਼ਿਲਪ ਨੇ ਲੈ ਲਈ ਤੇ ਹੁਣ ਗੱਲ ਜੁਗਾੜ ਤੱਕ ਤਿਲ੍ਹਕ ਗਈ ਹੈ। ਮੈਨੂੰ ਭਾਸ਼ਾ ਬਾਰੇ ਹੋਰ ਹੋਰ ਜਾਣਦਿਆਂ, ਇਸ ਟੂਣੇਹਾਰੀ ਦੇ ਵੱਸ ਵਿਚ ਆਉਂਦਿਆਂ ਬੜਾ ਆਨੰਦ, ਬੜਾ ਨਸ਼ਾ ਆਉਂਦਾ ਹੈ! ਇਕ ਸ਼ਬਦ, ਕੁੱਲ ਇਕ ਸ਼ਬਦ ਮਨੁੱਖਾਂ ਦਾ, ਦੇਸਾਂ ਦਾ ਭਵਿੱਖ ਬਦਲ ਸਕਦਾ

ਬਾਕੀ ਸਫ਼ਾ 29 'ਤੇ

ਹੈ। ਯੁਗਾਂਡਾ ਦਾ ਤਾਨਾਸ਼ਾਹ ਹੁੰਦਾ ਸੀ, ਈਡੀ ਅਮੀਨ, ਬੇਕਿਰਕ, ਨਿਰਦਈ। ਇਕ ਦਿਨ ਅਪਣੇ ਬਦੇਸ ਮੰਤਰੀ ਨੂੰ ਕਹਿਣ ਲੱਗਿਆ, ਅਗਲੇ ਹਫ਼ਤੇ ਤੋਂ ਦੇਸ ਦਾ ਨਾਂ ਯੁਗਾਂਡਾ ਦੀ ਥਾਂ ਮੇਰੇ ਨਾਂ ਅਨੁਸਾਰ ਈਡੀ ਹੋਵੇਗਾ, ਅੱਜ ਹੀ ਸੰਯੁਕਤ ਰਾਸ਼ਟਰ, ਹੋਰ ਸਭ ਕੌਮਾਂਤਰੀ ਸੰਗਠਨਾਂ, ਦੂਤਾਵਾਸਾਂ, ਏਅਰਲਾਈਨਾਂ ਆਦਿ ਨੂੰ ਜਾਣਕਾਰੀ ਦੇ ਦਿਉ। ਵਜ਼ੀਰ ਸਿਆਣਾ ਸੀ, ਜਿਵੇਂ ਸਾਡੀਆਂ ਬਾਤਾਂ ਵਿਚ ਮੂਰਖ ਰਾਜਿਆਂ ਦੇ ਬੁੱਧੀਮਾਨ ਵਜ਼ੀਰ ਹੁੰਦੇ ਸਨ। ਉਹਨੂੰ ਚਿੰਤਾ ਹੋਈ, ਇਹ ਹੈਂਕੜਬਾਜ਼ ਕੇਹੀ ਮੂਰਖਤਾ ਕਰਨ ਲੱਗਿਆ ਹੈ! ਈਡੀ ਨੇ ਹਫ਼ਤੇ ਮਗਰੋਂ ਪੁੱਛਿਆ ਤਾਂ ਵਜ਼ੀਰ ਬੋਲਿਆ,"ਹਜ਼ੂਰ, ਮੈਂ ਸਭ ਨੂੰ ਨਵੇਂ ਨਾਂ ਬਾਰੇ ਦੱਸਣ ਹੀ ਲੱਗਿਆ ਸੀ ਕਿ ਇਕ ਬੜੀ ਗੰਭੀਰ ਸਮੱਸਿਆ ਤੇ ਉਲਝਣ ਖੜ੍ਹੀ ਹੋ ਗਈ। ਇਹ ਜਿਹੜਾ ਸਾਈਪਰਸ ਦੇਸ ਹੈ, ਉਥੋਂ ਦੇ ਲੋਕਾਂ ਨੂੰ ਸਿਪਰੀਅਟ ਕਿਹਾ ਜਾਂਦਾ ਹੈ। ਜੇ ਆਪਾਂ ਦੇਸ ਦਾ ਨਾਂ ਈਡੀ ਰੱਖ ਦਿੱਤਾ, ਸਾਰੀ ਦੁਨੀਆ ਸਾਨੂੰ ਈਡੀਅਟ ਕਿਹਾ ਕਰੇਗੀ!" ਈਡੀ ਸਾਹਿਬ ਅਜਿਹੇ ਚੁੱਪ ਕੀਤੇ ਕਿ ਇਸ ਬਾਰੇ ਦੁਬਾਰਾ ਕਦੀ ਬੋਲੇ ਹੀ ਨਾ! ਭਾਸ਼ਾ ਦਾ ਇਕ ਹੋਰ ਚਮਤਕਾਰ ਸੁਣੋ। ਐਹ ਚਾਰ ਸਤੰਬਰ ਦੀ ਗੱਲ ਹੈ, ਦਿੱਲੀ ਦੇ ਇਕ ਐਡੀਸ਼ਨਲ ਸੈਸ਼ਨ ਜੱਜ ਦੀ ਅਦਾਲਤ ਵਿਚ ਭਾਸ਼ਾ ਨੇ ਪੰਜ ਕਥਿਤ ਕਾਤਲਾਂ ਦੇ ਗਲੋਂ ਸੰਭਵ ਫਾਂਸੀ-ਫੰਧਾ ਲੂਹਾ ਦਿੱਤਾ। ਸਾਰਾ ਮੁਕੱਦਮਾ ਮਕਤੂਲ ਦੇ ਮਰਨ ਤੋਂ ਪਹਿਲਾਂ ਦਿੱਤੇ ਬਿਆਨ ਉੱਤੇ ਉੱਸਰਿਆ ਹੋਇਆ ਸੀ ਤੇ ਉਸ ਵਿਚ ਉਹਦੇ ਮੂੰਹੋਂ 'ਉਪਰੋਕਤ', 'ਯਕਮੁਸ਼ਤ' ਜਿਹੇ ਸ਼ਬਦ ਬੁਲਵਾਏ ਗਏ ਸਨ। ਜੱਜ ਕਹਿੰਦਾ,"ਆਖ਼ਰੀ ਸਾਹ ਲੈ ਰਿਹਾ ਵਿਅਕਤੀ ਰੋਜ਼ਾਨਾ ਜੀਵਨ ਵਿਚ ਵਰਤੋਂ ਵਿਚ ਨਾ ਆਉਣ ਵਾਲੇ ਅਜਿਹੇ ਸ਼ਬਦ ਨਹੀਂ ਬੋਲ ਸਕਦਾ। ਮਰਨ ਲੱਗੇ ਵਿਅਕਤੀ ਦਾ ਬਿਆਨ ਉਹਦੇ ਬੋਲੇ ਹੋਏ ਸ਼ਬਦਾਂ ਵਿਚ ਹੀ ਹੂਬਹੂ ਲਿਖਿਆ ਜਾਣਾ ਚਾਹੀਦਾ ਹੈ। ਇਹ ਬਿਆਨ ਪੁਲਿਸ ਦਾ ਆਪਣਾ ਲਿਖਿਆ ਹੋਇਆ ਹੈ।" ਤੇ ਉਹਨੇ ਪੰਜੇ ਦੋਸ਼ੀ ਬਰੀ ਕਰ ਦਿੱਤੇ। ਇਹ ਤਾਂ ਆਮ ਜ਼ਿੰਦਗੀ ਵਿਚੋਂ ਮਿਸਾਲਾਂ ਹਨ, ਜੇ ਮੈਂ ਸਾਹਿਤ ਵਿਚ ਭਾਸ਼ਾ ਦੀ ਜਾਦੂਗਰੀ ਦੀਆਂ ਮਿਸਾਲਾਂ ਦੇਣ ਲੱਗ ਪਿਆ, 'ਬਾਤ ਨਿਕਲੇਗੀ ਤੋ ਦੂਰ ਤਲਕ ਜਾਏਗੀ' ਵਾਲੀ ਗੱਲ ਹੋ ਜਾਵੇਗੀ। ਤੁਸੀਂ ਸੀਸ ਕੱਜ ਕੇ, ਹੱਥ ਜੋੜ ਕੇ, ਨੰਗੇ ਚਰਨੀਂ ਭਾਸ਼ਾ ਦੇ ਹਜ਼ੂਰ ਜਾਓ ਤਾਂ ਸਹੀ, ਇਕ ਇਕ ਸ਼ਬਦ ਦਾ ਆਕਾਰ ਬੂੰਦ ਤੋਂ ਫੈਲਦਾ ਫੈਲਦਾ ਸਾਗਰ ਬਣਨ ਦੇ ਰਾਹ ਪੈ ਜਾਵੇਗਾ ਤੇ ਅਰਥ ਲਹਿਰਾਂ ਵਾਂਗ ਇਕ ਪਿੱਛੋਂ ਇਕ ਤੁਹਾਡੇ ਵੱਲ ਵਧੇ ਆਉਣਗੇ! ਮੈਂ ਗਾਇਕ ਵੱਲੋਂ ਗਾਇਕੀ ਦੇ ਕੀਤੇ ਜਾਂਦੇ ਰਿਆਜ਼ ਵਾਂਗ ਭਾਸ਼ਾ ਦਾ ਰਿਆਜ਼ ਕਰਦਾ ਹਾਂ।

? : ਪਰ ਹੁਣ ਤਾਂ ਬਹੁਤੇ ਲੋਕਾਂ ਦਾ ਕਹਿਣਾ ਹੈ ਕਿ ਭਾਸ਼ਾ ਇਕ ਦੂਜੇ ਨਾਲ ਗੱਲ ਕਰਨ ਦਾ ਸਾਧਨ ਹੈ ਤੇ ਗੱਲ ਕਿਸੇ ਵੀ ਭਾਸ਼ਾ ਵਿਚ ਕੀਤੀ ਜਾ ਸਕਦੀ ਹੈ। ਫੇਰ ਮਾਤਭਾਸ਼ਾ ਦਾ ਦੂਜੀਆਂ ਭਾਸ਼ਾਵਾਂ ਦੇ ਟਾਕਰੇ ਕੀ ਮਹੱਤਵ ਹੋਇਆ?

ਭੁੱਲਰ: ਇਕ ਦੂਜੇ ਨਾਲ ਕਿਹੜੀ ਗੱਲ? ਕੀ ਹਰ ਗੱਲ ਕਿਸੇ ਵੀ ਭਾਸ਼ਾ ਵਿਚ ਕੀਤੀ ਜਾ ਸਕਦੀ ਹੈ। ਨਹੀਂ! ਦੂਜੀ ਭਾਸ਼ਾ ਵਿਚ ਤੁਸੀਂ ਕੋਈ ਸਾਧਾਰਨ ਗੱਲ ਜਾਂ ਫੇਰ ਗਿਆਨ-ਵਿਗਿਆਨ ਦੀ ਗੱਲ ਕਰ ਸਕਦੇ ਹੋ, ਰੂਹ ਤੇ ਆਤਮਾ ਦੀ ਨਹੀਂ। ਤੁਸੀਂ 'ਅੱਧਾ ਕਿਲੋ ਆਲੂ ਦੇਣਾ' ਦੀ ਥਾਂ 'ਆਧਾ ਕਿਲੋ ਆਲੂ ਦੀਜੀਏ' ਕਹਿ ਸਕਦੇ ਹੋ। ਅਸੀਂ ਵਿਗਿਆਨ ਤੇ ਤਕਨਾਲੋਜੀ ਦਾ ਗਿਆਨ ਵੀ ਵੱਡੀ ਹੱਦ ਤੱਕ ਅੰਗਰੇਜ਼ੀ ਰਾਹੀਂ ਪ੍ਰਾਪਤ ਕਰ ਰਹੇ ਹਾਂ ਤੇ ਸਾਡੇ ਕੋਲ ਅਜਿਹੇ ਗਿਆਨ ਦੀ ਘਾਟ ਕਾਰਨ ਇਹ ਠੀਕ ਵੀ ਹੈ। ਪਰ ਜੇ, ਮਿਸਾਲ ਵਜੋਂ, ਭਾਈ ਵੀਰ ਸਿੰਘ ਦਾ ਇਕ ਸ਼ਬਦ ਬਦਲਦਿਆਂ "ਜੁੱਗ ਬੀਤਿਆਂ ਤੁਸੀਂ ਮਿਲੇ ਅਸਾਨੂੰ, ਅਸੀਂ ਧਾਹ ਗਲਵੱਕੜੀ ਪਾਈ" ਵਾਲੀ ਹਾਲਤ ਬਣ ਜਾਵੇ, ਕੋਈ ਓਪਰੀ ਭਾਸ਼ਾ ਜਜ਼ਬਿਆਂ ਦੇ ਪ੍ਰਗਟਾਵੇ ਦਾ ਸਾਧਨ ਬਣੇਗੀ? ਬਿਲਕੁਲ ਨਹੀਂ! ਇਕ ਭਾਸ਼ਾ ਸਾਡੇ ਦਿਮਾਗ਼ ਦਾ ਵਸੀਲਾ ਬਣਦੀ ਹੈ, ਇਕ ਦਿਲ ਦਾ। ਦਿਮਾਗ਼ ਕਿਸੇ ਹੱਦ ਤੱਕ ਕੋਈ ਵੀ ਭਾਸ਼ਾ ਵਰਤ ਸਕਦਾ ਹੈ, ਦਿਲ ਨਹੀਂ। ਤੇ ਸਮਝਣ-ਵਿਚਾਰਨ ਤੇ ਯਾਦ ਰੱਖਣ ਵਾਲੀ ਗੱਲ ਇਹ ਹੈ ਕਿ ਮਨੁੱਖ ਪਹਿਲਾਂ ਦਿਲ ਹੈ, ਫੇਰ ਦਿਮਾਗ਼। ਜੇ ਕਹੀਏ, ਦਿਲ ਹੀ ਮਨੁੱਖ ਹੈ, ਇਹ ਝੂਠ ਨਹੀਂ ਹੋਵੇਗਾ। ਦਿਲ ਤੋਂ ਬਿਨਾਂ ਇਕੱਲੇ ਦਿਮਾਗ਼ ਦੇ ਸਹਾਰੇ ਤਾਂ ਮਨੁੱਖ ਵਿਚਾਰਕ-ਭਾਸ਼ਾਈ ਮਸ਼ੀਨ ਬਣ ਜਾਵੇਗਾ। ਦਿਲ ਦੀਆਂ ਗੱਲਾਂ, ਸੂਖਮ ਭਾਵਨਾਵਾਂ, ਲੋਰੀਆਂ, ਗੀਤ, ਵੈਣ, ਪ੍ਰੰਪਰਾ, ਵਿਰਸਾ, ਵਗੈਰਾ ਵਗੈਰਾ ਸਭ ਮਾਤਭਾਸ਼ਾ ਦਾ ਅਧਿਕਾਰ-ਖੇਤਰ ਹਨ। ਰਸੂਲ ਹਮਜ਼ਾਤੋਵ ਦੀ ਗੁਆਂਢਣ ਮਾਂ ਦਾ ਉਸਤੋਂ ਅਪਣੇ ਫ਼ਰਾਂਸ ਵਸਦੇ ਪੁੱਤਰ ਵੱਲੋਂ ਰਸੂਲ ਨਾਲ ਮਾਤਭਾਸ਼ਾ ਦੀ ਥਾਂ ਫ਼ਰਾਂਸੀਸੀ ਬੋਲੇ ਜਾਣਾ ਸੁਣ ਕੇ, ਉਸ ਸਮਾਜ ਵਿਚ ਸੋਗ ਦੀ ਸੁਣਾਉਣੀ ਦਾ ਚਿੰਨ੍ਹ, ਘੁੰਡ ਕੱਢ ਲੈਣਾ ਅਸੀਂ ਸਭ ਨੇ ਪੜ੍ਹਿਆ-ਸੁਣਿਆ ਹੈ। ਦਿਲ ਤੇ ਮਾਤਭਾਸ਼ਾ ਦੇ ਨਾਤੇ ਨੂੰ ਉਜਾਗਰ ਕਰਦੀਆਂ ਅਣਗਿਣਤ ਦਲੀਲਾਂ ਤੇ ਮਿਸਾਲਾਂ ਦਿੱਤੀਆਂ ਜਾ ਸਕਦੀਆਂ ਹਨ। ਜਦੋਂ ਭਾਸ਼ਾ ਤੇ ਸਭਿਆਚਾਰ ਨਵੀਂ ਕੰਧ ਉੱਤੇ ਕੀਤੇ ਪਹਿਲੇ, ਮੂਲ, ਪੱਕੇ ਰੰਗ ਵਾਂਗ ਹੁੰਦੇ ਹਨ ਜੋ ਮਗਰੋਂ ਉਸ ਉੱਤੇ ਕੀਤੇ ਗਏ ਹੋਰ ਸਭ ਰੰਗਾਂ ਦੀਆਂ ਪੇਪੜੀਆਂ ਹੇਠੋਂ ਸਮੇਂ ਸਮੇਂ ਕਿਤੋਂ ਨਾ ਕਿਤੋਂ ਝਾਕਣ ਲੱਗ ਪੈਂਦਾ ਹੈ। ਮਿਸਾਲ ਵਜੋਂ ਇਕ ਦਿਲਚਸਪ ਗੱਲ ਸੁਣੋ।

ਦਲੀਪ ਕੁਮਾਰ ਪੰਜਾਬੀ ਹੈ ਪਰ ਉਹਨੂੰ ਫ਼ਿਲਮੀ ਨਗਰੀ ਦਾ ਸਭ ਤੋਂ ਖ਼ੂਬਸੂਰਤ ਉਰਦੂ ਬੋਲਣ ਵਾਲਾ ਮੰਨਿਆ ਜਾਂਦਾ ਹੈ। ਅੰਤਲੇ ਸਾਹਾਂ ਤੱਕ ਪੰਜਾਬੀ ਨੂੰ ਪਿਆਰਦੇ ਰਹੇ ਪ੍ਰਿਥਵੀ ਰਾਜ ਕਪੂਰ ਦੇ ਵਿਚਕਾਰਲੇ ਪੁੱਤਰ ਸ਼ੰਮੀ ਕਪੂਰ ਦਾ ਵਾਹ ਵੀ ਸਾਰੀ ਉਮਰ ਹਿੰਦੀ ਨਾਲ ਰਿਹਾ। ਪਿਛਲੇ ਦਿਨੀਂ ਆਮਿਰ ਖਾਂ ਨੇ ਅਪਣੇ ਭਾਣਜੇ ਐਕਟਰ ਇਮਰਾਨ ਖਾਂ ਦੇ ਵਿਆਹ ਦੀ ਦਾਅਵਤ ਦਿੱਤੀ। ਦਲੀਪ ਕੁਮਾਰ ਤੇ ਸਾਇਰਾ ਬਾਨੋ ਦੀਆਂ ਕੁਰਸੀਆਂ ਦੁਆਲੇ ਸ਼ੁਭਚਿੰਤਕਾਂ ਤੇ ਪ੍ਰਸੰਸਕਾਂ ਦੀ ਭੀੜ ਹੋਣੀ ਕੁਦਰਤੀ ਸੀ। ਭੀੜ ਵਿਚੋਂ ਦੀ ਰਾਹ ਬਣਾਉਂਦਿਆਂ ਆਮਿਰ ਖਾਂ ਨੇ ਸ਼ੰਮੀ ਕਪੂਰ ਦੀ ਪਹੀਆ ਕੁਰਸੀ ਉਹਨਾਂ ਦੇ ਸਾਹਮਣੇ ਲਿਆ ਖੜ੍ਹੀ ਕੀਤੀ। ਭੁੱਲਣ-ਰੋਗ ਦਾ ਪ੍ਰਭਾਵ, ਪਛਾਨਣੋਂ ਅਸਮਰੱਥ ਰਹਿ ਕੇ ਦਲੀਪ ਦਾ ਚਿਹਰਾ ਨਿਰਪ੍ਰਭਾਵ ਰਿਹਾ ਤੇ ਉਹ ਖਾਲੀ ਖਾਲੀ ਨਜ਼ਰਾਂ ਨਾਲ ਝਾਕਦਾ ਰਿਹਾ। ਸ਼ੰਮੀ ਵੀ ਸ਼ਰਾਰਤੀ ਮੁਸਕਰਾਹਟ ਨਾਲ ਚੁੱਪ ਰਿਹਾ। ਆਮਿਰ ਖਾਂ ਨੇ ਉੱਚੀ ਆਵਾਜ਼ ਵਿਚ ਚੁੱਪ ਤੋੜੀ,"ਯੂਸਫ਼ ਸਾਹਿਬ, ਸ਼ੰਮੀ ਅੰਕਲ!" ਦਲੀਪ ਨੇ ਸੁਰਤੀ ਇਕਾਗਰ ਕੀਤੀ। ਉਸਦੀਆਂ ਅੱਖਾਂ ਚਮਕੀਆਂ ਤੇ ਉਹ ਉਹਦਾ ਹੱਥ ਫੜਨ ਲਈ ਹੱਥ ਵਧਾਉਂਦਿਆਂ ਮੁਸਕਰਾ ਕੇ ਅੰਗਰੇਜ਼ੀ ਵਿਚ ਬੋਲਿਆ,"ਸ਼ੰਮੀ? ਕਿਵੇਂ ਹੈਂ ਤੂੰ?" ਸ਼ੰਮੀ ਨੇ ਜਜ਼ਬਾਤੀ ਹੋ ਕੇ ਸ਼ੁੱਧ ਪੰਜਾਬੀ ਵਿਚ ਜਵਾਬ ਦਿੱਤਾ,"ਜਦੋਂ ਤੂੰ ਮੈਨੂੰ ਪਛਾਣਦਾ ਹੀ ਨਹੀਂ, ਕੇਹੋ ਜਿਹਾ ਹੋਵਾਂਗਾ ਮੈਂ!"...ਤੇ ਫੇਰ ਚਿਰਾਂ ਤੋਂ ਪੰਜਾਬੀ ਨਾਲੋਂ ਟੁੱਟੇ ਹੋਏ ਦੋਵੇਂ ਪੰਜਾਬੀ ਕਿੰਨਾ ਹੀ ਚਿਰ ਪੰਜਾਬੀ ਵਿਚ ਲੰਮੀਆਂ ਦਿਲੀ ਗੱਲਾਂ ਕਰਦੇ ਰਹੇ।

? : ਤੁਹਾਨੂੰ ਰਾਜਨੀਤੀ ਨਾਲ ਜੁੜਿਆ ਦੇਖ-ਸਮਝ ਕੇ ਕਦੀ ਤੁਹਾਡੀ ਰਚਨਾ ਨੂੰ ਵੀ ਰਾਜਨੀਤੀ ਨਾਲ ਜੋੜਿਆ ਗਿਆ?

ਭੁੱਲਰ: ਪੰਜਾਬੀ ਸਾਹਿਤ ਦੀਆਂ ਅਨੇਕ ਬਦਕਿਸਮਤੀਆਂ ਵਿਚੋਂ ਇਕ ਰਚਨਾਵਾਂ ਨੂੰ ਚੰਗੀ ਤਰ੍ਹਾਂ ਪੜ੍ਹੇ ਬਿਨਾਂ, ਸਗੋਂ ਪੜ੍ਹੇ ਤੋਂ ਬਿਨਾਂ ਹੀ ਟਿੱਪਣੀਆਂ ਕਰਨ ਦਾ ਰਿਵਾਜ ਹੈ। ਇਕ ਵਾਰ ਇਥੇ ਦਿੱਲੀ ਭਾਸ਼ਾ ਵਿਭਾਗ ਨੇ ਕਹਾਣੀ-ਦਰਬਾਰ ਕਰਵਾਇਆ। ਮੇਰਾ ਮਿੱਤਰ ਗੁਲਵੰਤ ਫ਼ਾਰਿਗ਼ ਉਸ ਸਮੇਂ ਪਹੁੰਚਿਆ ਜਦੋਂ ਮੇਰੀ ਕਹਾਣੀ ਮੁੱਕਣ ਵਾਲੀ ਸੀ। ਉਹ ਆਲੋਚਨਾ ਨੂੰ ਵੀ ਮੂੰਹ ਮਾਰਦਾ ਸੀ, ਇਸ ਲਈ ਉਹਦਾ ਬੋਲਣਾ ਵੀ ਜ਼ਰੂਰੀ ਸੀ ਸਗੋਂ ਮਜਬੂਰੀ ਸੀ। ਬੋਲਿਆ, ਭੁੱਲਰ ਦੀ ਕਹਾਣੀ ਤਾਂ ਮੈਂ ਨਹੀਂ ਸੁਣੀ ਪਰ ਇਕ ਗੱਲ ਮੈਂ ਦਾਅਵੇ ਨਾਲ ਕਹਿ ਸਕਦਾ ਹਾਂ ਕਿ ਇਹਦੀ ਹਰ ਕਹਾਣੀ ਵਿਚ ਇਕ ਪਾਰਟੀ ਹੋਲਟਾਈਮਰ ਤਾਂ ਹੁੰਦਾ ਹੀ ਹੈ। ਮੈਂ ਹੈਰਾਨ ਰਹਿ ਗਿਆ, ਇਸਦਾ ਮਤਲਬ ਹੈ, ਇਹਨੇ ਮੇਰੀ ਇਕ ਵੀ ਕਹਾਣੀ ਨਹੀਂ ਪੜ੍ਹੀ ਹੋਈ! ਅਪਣੀ ਗੱਲ ਕਰਨ-ਕਹਿਣ ਸਮੇਂ ਮੈਂ ਕਿਹਾ, ਫ਼ਾਰਿਗ਼ ਜੀ ਨੂੰ ਮੈਂ ਅਪਣੀਆਂ ਸਾਰੀਆਂ ਕਹਾਣੀਆਂ ਭੇਜ ਦੇਵਾਂਗਾ, ਉਹਨਾਂ ਵਿਚੋਂ ਇਹ ਜਿੰਨੇ ਹੋਲਟਾਈਮਰ ਲੱਭ ਦੇਣਗੇ, ਮੈਂ ਭਾਸ਼ਾ ਵਿਭਾਗ ਦੀ ਅਗਲੀ ਸਾਹਿਤਕ ਬੈਠਕ ਵਿਚ ਇਹਨਾਂ ਨੂੰ ਪੰਜ ਸੌ ਰੁਪਏ ਪ੍ਰਤੀ ਹੋਲਟਾਈਮਰ ਦੇ ਹਿਸਾਬ ਇਨਾਮੀ ਥੈਲੀ ਭੇਟ ਕਰਾਂਗਾ। ਸਾਰੇ ਲੋਕ ਹੱਸ ਪਏ।

**ਆਲੋਚਕਾਂ ਨਾਲ ਸੰਬੰਧ**

? : ਤੁਹਾਡਾ ਕਹਿਣਾ ਹੈ ਕਿ ਇਹ ਬਦੇਸੀ ਆਲੋਚਕ ਸਾਡੇ ਕਿਸੇ ਕੰਮ ਦੇ ਨਹੀਂ? ਇਹ ਪੜ੍ਹਨੇ ਨਹੀਂ ਚਾਹੀਦੇ?

ਭੁੱਲਰ: ਮੈਂ ਤਾਂ ਉਲਟਾ ਇਹ ਕਹਿੰਦਾ ਹਾਂ ਕਿ ਪੜ੍ਹਨੇ ਚਾਹੀਦੇ ਹਨ । ਪਰ ਸਾਡੇ ਆਲੋਚਕ ਤਾਂ ਇਹਨਾਂ ਦੇ ਨਾਂ ਪਾਠਕ ਉੱਤੇ ਰੁਅਬ ਪਾਉਣ ਲਈ ਵਰਤਦੇ ਹਨ। ਉਹ ਇਹ ਨਹੀਂ ਕਰਦੇ ਕਿ ਇਹਨਾਂ ਨੂੰ ਪੜ੍ਹਨ, ਇਹਨਾਂ ਦਾ ਮੱਤ ਸਮਝਣ, ਉਸ ਸਮਝ ਦੇ ਆਧਾਰ ਉੱਤੇ ਅਪਣੇ ਵਿਚਾਰ ਬਣਾਉਣ ਅਤੇ ਇਹ ਦੇਖਣ ਕਿ ਕਿਹੜੀ ਗੱਲ ਪੰਜਾਬੀ ਆਲੋਚਨਾ ਲਈ ਪ੍ਰਸੰਗਕ ਹੈ ਤੇ ਕਿਹੜੀ ਨਹੀਂ। ਗਊ-ਮੱਝ ਵੀ ਚਾਰਾ ਖਾ ਕੇ ਉਹਨੂੰ ਪਚਾਉਣ ਲਈ, ਉਹਦਾ ਸਤ ਕੱਢਣ ਲਈ ਆਰਾਮ ਨਾਲ ਇਕ-ਚਿੱਤ ਹੋ ਕੇ ਉਗਾਲੀ ਕਰਦੀ ਹੈ। ਇਸ ਬਦੇਸੀ ਗਿਆਨ ਦੀ ਕੁਛ ਤਾਂ ਉਗਾਲੀ ਕਰੋ ਭਾਈ; ਅਣਪਚਿਆ ਤਾਂ ਸਾਡੇ ਸਾਹਮਣੇ ਨਾ ਪਰੋਸੋ! ਕੋਈ ਪ੍ਰਸਿੱਧ ਆਲੋਚਕ ਕਿੰਨਾ ਹੀ ਵੱਡਾ ਗਿਆਨੀ ਹੋਵੇ, ਇਹ ਕਿਵੇਂ ਹੋ ਸਕਦਾ ਹੈ ਕਿ ਉਹਦੀ ਗੱਲ ਸਮੁੱਚੇ ਸੰਸਾਰ ਦੀਆਂ ਅਣਗਿਣਤ ਭਾਸ਼ਾਵਾਂ ਦੇ ਸਾਹਿਤ ਉੱਤੇ ਲਾਗੂ ਹੁੰਦੀ ਹੋਵੇ। ਹਰ ਆਲੋਚਕ ਦੀ ਸੋਚ ਦੀ ਤੇ ਉਹਦੇ ਸਿਧਾਂਤ ਦੀ ਮੁੱਖ ਟੇਕ ਉਹਦੀ ਅਪਣੀ ਭਾਸ਼ਾ ਦਾ ਸਾਹਿਤ ਹੁੰਦਾ ਹੈ ਅਤੇ ਇਹ ਸਾਹਿਤ ਸੰਬੰਧਿਤ ਜਨਸਮੂਹ ਦੇ ਸਭਿਆਚਾਰ ਦਾ ਪਰਤੌ ਹੁੰਦਾ ਹੈ। ਇਹ ਦੱਸਣ ਦੀ ਤਾਂ ਲੋੜ ਹੀ ਨਹੀਂ ਕਿ ਇਕ ਸਭਿਆਚਾਰ ਲਈ ਸਾਧਾਰਨ ਗੱਲਾਂ ਦੂਜੇ ਸਭਿਆਚਾਰ ਲਈ ਅਣਹੋਣੀਆਂ ਹੁੰਦੀਆਂ ਹਨ। ਇਕ ਵਾਰ ਅਫ਼ਰੀਕਾ ਦੇ ਇਕ ਦੇਸ ਵਿਚ ਰਹਿ ਕੇ ਆਏ ਇਕ ਲੇਖਕ ਨੇ ਗੱਲ ਸੁਣਾਈ ਕਿ ਉਹ ਕੰਮ ਤੋਂ ਪਰਤਿਆ ਤਾਂ ਸਥਾਨਕ ਜਵਾਨ ਨੌਕਰ ਘਰੋਂ ਬਾਹਰ ਕੰਧ ਨਾਲ ਬੈਠਾ ਰੋ ਰਿਹਾ ਸੀ। ਬੋਲਿਆ,"ਬੀਬੀ ਜੀ ਮੈਨੂੰ ਲਭਦੇ ਹੋਏ ਮੇਰੇ ਕਮਰੇ ਵਿਚ ਆਏ ਤੇ, ਪਤਾ ਨਹੀਂ ਕਿਉਂ, ਅੱਗਬਗੋਲਾ ਹੋ ਕੇ ਮੁੜ ਗਏ। ਮਗਰੋਂ ਮੈਨੂੰ ਜੁੱਤੀਆਂ ਨਾਲ ਕੁੱਟਿਆ।" ਲੇਖਕ ਨੇ ਪੁੱਛਿਆ,"ਕਮਰੇ ਵਿਚ ਤੂੰ ਕੀ ਕਰ ਰਿਹਾ ਸੀ?" ਕਹਿੰਦਾ,"ਏਹੋ ਜਿਹਾ ਕੁਛ ਵੀ ਨਹੀਂ। ਮੇਰੀ ਦੋਸਤ ਆਈ ਹੋਈ ਸੀ । ਅਸੀਂ ਤਾਂ ਬੱਸ 'ਮੇਲ-ਮਿਲਾਪ' ਕਰ ਰਹੇ ਸੀ।" ਸਭਿਆਚਾਰਾਂ ਦਾ ਇਹ ਪਾੜਾ ਇਕ ਵਾਰ

ਮੈਨੂੰ ਅੱਖੀਂ ਦੇਖਣ ਦਾ ਵੀ ਮੌਕਾ ਮਿਲਿਆ। ਦਿੱਲੀ ਵਿਚ ਇਕ ਅਫ਼ਰੀਕੀ ਸਭਿਆਚਾਰਕ ਮੰਡਲੀ ਨ੍ਰਿਤ ਪੇਸ਼ ਕਰ ਰਹੀ ਸੀ। ਜਦੋਂ ਮੁਟਿਆਰ ਨ੍ਰਤਕੀਆਂ ਨਚਦੀਆਂ ਹੋਈਆਂ ਪਰਦੇ ਪਿੱਛੋਂ ਮੰਚ ਉੱਤੇ ਆਈਆਂ, ਉਹਨਾਂ ਨੇ ਬੱਸ ਛੋਟੀਆਂ ਛੋਟੀਆਂ ਘੱਗਰੀਆਂ ਪਾਈਆਂ ਹੋਈਆਂ ਸਨ ਤੇ ਉਹਨਾਂ ਦੀਆਂ ਛਾਤੀਆਂ ਬਿਲਕੁਲ ਨੰਗੀਆਂ ਸਨ। ਸੰਚਾਲਕਾਂ ਨੇ ਫਟਾਫਟ ਰੌਸ਼ਨੀਆਂ ਬੁਝਾਈਆਂ ਤੇ ਉਹਨਾਂ ਨੂੰ ਧੱਕ ਕੇ ਅੰਦਰ ਲੈ ਗਏ!

ਕਿਸੇ ਸਾਹਿਤ ਲਈ ਜੋ ਮੁੱਲ ਤੇ ਮਾਪ ਹੋਂਦ ਵਿਚ ਆਉਂਦੇ ਹਨ, ਉਹ ਉਥੋਂ ਦੇ ਸਮਾਜਕ-ਸਭਿਆਚਾਰਕ ਚੌਖਟੇ ਅਨੁਸਾਰ ਹੀ ਹੁੰਦੇ ਹਨ। ਕੁਛ ਸਰਬਸਾਂਝੀਆਂ ਗੱਲਾਂ ਨੂੰ ਛੱਡ ਕੇ ਬਾਕੀ ਸਭ ਰੰਗ ਸਥਾਨਕ ਹੁੰਦੇ ਹਨ। ਜੇ ਤੁਸੀਂ ਪੰਜਾਬੀ ਸਾਹਿਤ ਦੇ ਆਲੋਚਕ ਬਨਣਾ ਹੈ, ਬਾਹਰਲਿਆਂ ਦੀਆਂ ਇਹ ਸਰਬਸਾਂਝੀਆਂ ਗੱਲਾਂ ਜਾਣ-ਸਿੱਖ ਕੇ ਅਪਣੀ ਆਲੋਚਕੀ ਸੋਚ-ਸਮਝ ਤਾਂ ਪੰਜਾਬੀ ਸਭਿਆਚਾਰ ਤੇ ਪ੍ਰੰਪਰਾ ਬਨਾਮ ਪੰਜਾਬੀ ਸਾਹਿਤ ਹੀ ਉਸਾਰਨੀ ਪਵੇਗੀ। ਸਾਹਿਤ ਦੇ ਚੰਗੇ ਗਿਆਨਵਾਨ ਮੇਰੇ ਮਿੱਤਰ ਜਗਜੀਤ ਬਰਾੜ ਨੇ ਕਹਾਣੀ ਸੰਬੰਧੀ ਅਪਣੇ ਇਕ ਲੇਖ ਵਿਚ ਅੰਗਰੇਜ਼ੀ ਦੀ ਇਕ ਪ੍ਰਸਿੱਧ ਕਹਾਣੀਕਾਰ ਓਡੋਰਾ ਵੈੱਲਟੀ ਦਾ ਇਕ ਕਥਨ ਦਿੱਤਾ ਹੈ:"ਜੇ ਕੋਈ ਕਹਾਣੀ ਅਪਣੇ ਪਾਤਰ ਤੇ ਕਥਾਨਕ ਅਤੇ ਵਾਪਰਨ ਦਾ ਸਥਾਨ ਚੁੱਕ ਕੇ ਹੋਰ ਕਿਤੇ ਲੈ ਜਾਵੇ, ਉਹ ਬਿਲਕੁਲ ਵੱਖਰੀ ਤੇ ਬਿਲਕੁਲ ਪਛਾਣ ਨਾ ਆਉਣ ਵਾਲੀ ਕਹਾਣੀ ਬਣ ਜਾਵੇਗੀ।" ਮੈਨੂੰ ਤਾਂ ਏਹੋ ਸਮਝ ਲਗਦੀ ਹੈ ਕਿ ਓਡੋਰਾ ਵੈੱਲਟੀ ਵੱਖਰੇ ਰਹਿਣ-ਸਹਿਣ, ਰੀਤੀ-ਰਿਵਾਜ ਤੇ ਸਭਿਆਚਾਰ ਦੇ ਪ੍ਰਭਾਵ ਦੀ ਗੱਲ ਹੀ ਏਨੀਂ ਖ਼ੂਬਸੂਰਤੀ ਨਾਲ ਕਰ ਰਹੀ ਹੈ!

? : ਸਾਹਿਤਕ ਮੁਲਾਕਾਤਾਂ ਵਿਚ ਲੇਖਕ ਦੇ ਨਿੱਜ ਨੂੰ ਛੱਡ ਕੇ ਕੇਵਲ ਰਚਨਾਵਾਂ ਦੀ ਗੱਲ ਹੀ ਛੇੜੀ ਜਾਂਦੀ ਹੈ ਜੋ ਬਹੁਤੇ ਪਾਠਕਾਂ ਨੇ ਆਮ ਕਰਕੇ ਪੜ੍ਹੀਆਂ ਨਹੀਂ ਹੁੰਦੀਆਂ। ਨਤੀਜਾ ਨੀਰਸ ਗੱਲਬਾਤ ਦੇ ਰੂਪ ਵਿਚ ਨਿਕਲਦਾ ਹੈ। ਤੁਸੀਂ ਮੁਲਾਕਾਤਾਂ ਕਰਦਿਆਂ ਕਿਹੜਾ ਬਚਨ-ਬਿਲਾਸ ਕੇਂਦਰ ਵਿਚ ਰੱਖਿਆ?

ਭੁੱਲਰ: ਨਹੀਂ, ਅਜਿਹਾ ਤਾਂ ਨਹੀਂ। ਨਿੱਜੀ ਸਵਾਲ ਵੀ ਲੋਕ ਪੁਛਦੇ ਹਨ। ਕਿਸੇ ਦਾ ਜਵਾਬ ਮਿਲ ਜਾਂਦਾ ਹੈ, ਕਿਸੇ ਦਾ ਨਹੀਂ। ਜੇ ਕਿਸੇ ਨਿੱਜੀ ਸਵਾਲ, ਪੰਗੇ ਜਾਂ ਲੁਕਵੀਂ ਗੱਲ ਬਾਰੇ ਕੋਈ ਜਵਾਬ ਹੀ ਨਾ ਦੇਵੇ, ਸਵਾਲ ਪੁੱਛਣ ਵਾਲੇ ਦੇ ਕੀ ਵੱਸ ਹੈ! ਜਿੰਨੀ ਕੰਨੀ ਚੁੱਕ ਕੇ ਕੋਈ ਅਪਣਾ ਨਿੱਜ ਦਿਖਾਵੇਗਾ, ਮੁਲਾਕਾਤੀ ਨੇ ਤਾਂ ਉਸੇ ਦਾ ਜ਼ਿਕਰ ਕਰਨਾ ਹੈ। ਮੁਲਾਕਾਤੀ ਦੀ ਅਪਣੀ ਸੀਮਾ ਤੇ ਸਮਰੱਥਾ ਦਾ ਵੀ ਸਵਾਲ ਹੈ ਕਿ ਉਹ ਗੱਲੀਂ ਗੱਲੀਂ ਕੀ ਕੁਛ ਬਾਹਰ ਕਢਵਾ ਸਕਦਾ ਹੈ। ਦਸ ਕਹਾਣੀਕਾਰਾਂ ਨਾਲ ਲੰਮੀਆਂ ਮੁਲਾਕਾਤਾਂ ਦੀ ਅਪਣੀ ਪੁਸਤਕ 'ਬਚਨ ਬਿਲਾਸ' ਵਿਚ ਮੈਂ ਤਿੰਨ ਟੀਚੇ ਮਿਥੇ ਸਨ। ਪਹਿਲਾ, ਲੇਖਕ ਦੇ ਵਿਅਕਤੀਗਤ, ਪਰਿਵਾਰਕ ਤੇ ਸਮਾਜਕ ਜੀਵਨ ਉੱਤੇ ਝਾਤ ਪੁਆਉਣੀ। ਦੂਜਾ, ਉਹਦੇ ਰਚਨਾ-ਕਾਰਜ ਨੂੰ, ਭਾਵ ਕਿਸੇ ਰਚਨਾ ਦਾ ਬੀ ਪੈਣ ਤੋਂ ਲੈ ਕੇ ਕਾਗ਼ਜ਼ ਉੱਤੇ ਉਹਦੇ ਉਤਰਨ ਤੱਕ ਦੇ ਸਫ਼ਰ ਨੂੰ ਜਾਨਣਾ। ਤੀਜਾ, ਇਹ ਜਾਨਣ ਦਾ ਜਤਨ ਕਰਨਾ ਕਿ ਉਹ ਅਪਣੇ ਆਪ ਨੂੰ ਤੇ ਅਪਣੀਆਂ ਰਚਨਾਵਾਂ ਨੂੰ ਸਮੁੱਚੀ ਕਹਾਣੀ ਦੇ ਹਵਾਲੇ ਨਾਲ ਕਿਥੇ ਰਖਦਾ ਹੈ। ਇਹਨਾਂ ਤਿੰਨਾਂ ਪੱਖਾਂ ਤੋਂ ਹੀ ਪਾਠਕਾਂ ਨੇ ਮੇਰਾ ਜਤਨ ਕਾਫ਼ੀ ਸਲਾਹਿਆ।



ਪ੍ਰੀਤਮ ਸਿੱਧੂ ਅਤੇ ਸੰਤ ਸਿੰਘ ਸੇਖੋਂ ਨਾਲ-1988

**ਕੱਪੜਿਆਂ ਹੇਠ ਸਭ ਨੰਗੇ**

? : ਤੁਸੀਂ ਪੰਜਾਬੀ ਦੇ ਕੁਛ ਚੋਟੀ ਦੇ ਸਾਹਿਤਕਾਰਾਂ ਨਾਲ ਮੁਲਾਕਾਤਾਂ ਕੀਤੀਆਂ ਹਨ। ਕੀ ਤੁਹਾਨੂੰ ਨਹੀਂ ਲਗਦਾ ਕਿ ਬਹੁਤੇ ਸੱਚ ਬੋਲਣ ਤੋਂ ਕਤਰਾ ਜਾਂਦੇ ਹਨ?

ਭੁੱਲਰ: ਕਹਾਵਤ ਹੈ, ਕੱਪੜਿਆਂ ਹੇਠ ਸਭ ਨੰਗੇ ਹੁੰਦੇ ਹਨ। ਜਦੋਂ ਕਿਹਾ ਗਿਆ ਸੀ ਕਿ ਪੱਥਰ ਸਿਰਫ਼ ਉਹ ਮਾਰੇ ਜੀਹਨੇ ਆਪ ਕਦੇ ਕੋਈ ਗੁਨਾਹ ਨਹੀਂ ਕੀਤਾ, ਸਭ ਦੇ ਹੱਥਾਂ ਵਿਚੋਂ ਪੱਥਰ ਤਿਲ੍ਹਕ ਗਏ ਸਨ! ਇਕ ਹੋਰ ਕਹਾਵਤ ਹੈ ਕਿ ਅਪਣਾ ਨੰਗੇਜ ਆਪੇ ਦਿਖਾਉਣਾ ਬੜਾ ਮੁਸ਼ਕਿਲ ਹੁੰਦਾ ਹੈ। ਇਹਨਾਂ ਦੋਵਾਂ ਕਹਾਵਤਾਂ ਵਿਚ ਤੁਹਾਡੇ ਸਵਾਲ ਦਾ ਜਵਾਬ ਵੱਡੀ ਹੱਦ ਤੱਕ ਆ ਜਾਂਦਾ ਹੈ। ਹਰ ਵਿਅਕਤੀ ਦੇ ਜੀਵਨ ਵਿਚ ਕੁਛ ਗੱਲਾਂ ਅਜਿਹੀਆਂ ਹੁੰਦੀਆਂ ਹਨ ਜਿਨ੍ਹਾਂ ਨੂੰ ਕਿਸੇ ਨਾਲ ਵੀ ਸਾਂਝੀਆਂ ਕਰਨਾ ਉਹਦੇ ਲਈ ਸੰਭਵ ਨਹੀਂ ਹੁੰਦਾ। ਕੁਝ ਘਟਨਾਵਾਂ ਤਾਂ ਅਜਿਹੀਆਂ ਵੀ ਹੋ ਸਕਦੀਆਂ ਹਨ ਜਿਨ੍ਹਾਂ ਨੂੰ ਉਹ ਅਪਣੇ ਆਪ ਨਾਲ ਵੀ ਸਾਂਝੀਆਂ ਕਰਨੀਆਂ ਨਹੀਂ ਚਾਹੇਗਾ, ਭਾਵ ਉਹਨਾਂ ਨੂੰ ਦੁਬਾਰਾ ਚੇਤੇ ਕਰਨਾ ਨਹੀਂ ਚਾਹੇਗਾ। ਇਸੇ ਕਰਕੇ ਮੁਲਾਕਾਤਾਂ ਵਿਚ, ਇਥੋਂ ਤੱਕ ਕਿ ਸਵੈਜੀਵਨੀਆਂ ਵਿਚ ਵੀ ਕਿਸੇ ਤੋਂ ਪੂਰੇ ਸੱਚ ਦੀ ਆਸ ਰੱਖਣਾ ਠੀਕ ਨਹੀਂ। ਵੈਸੇ ਵੀ ਇਹ ਤਾਂ ਵਿਅਕਤੀਗਤ ਮਨੁੱਖੀ ਅਧਿਕਾਰ ਦਾ ਮਾਮਲਾ ਹੈ ਕਿ ਕੋਈ ਅਪਣੇ ਕਿਹੜੇ ਪੱਖ ਦਿਖਾਉਣਾ ਚਾਹੁੰਦਾ ਹੈ ਤੇ ਕਿਹੜੇ ਲੁਕੋਣੇ। ਇਨਾਮਾਂ-ਸਨਮਾਨਾਂ, ਗੋਸ਼ਟੀਆਂ, ਆਲੋਚਨਾ, ਸਾਹਿਤ ਨਾਲ ਸੰਬੰਧਿਤ ਮੈਂਬਰੀਆਂ ਤੇ ਪਦਵੀਆਂ, ਆਦਿ ਸੰਬੰਧੀ ਜੁਗਾੜਾਂ ਬਾਰੇ ਏਨਾਂ ਕੁਛ ਸੁਣਿਆ ਜਾਂਦਾ ਹੈ ਪਰ ਅਪਣੇ ਦਾਗ਼ ਆਪੇ ਕੌਣ ਦਿਖਾਵੇ! ਹਾਂ, ਸਾਹਿਤਕਾਰ ਤੋਂ ਏਨੀਂ ਉਮੀਦ ਤਾਂ ਕੀਤੀ ਹੀ ਜਾ ਸਕਦੀ ਹੈ ਕਿ ਉਹ ਅਪਣੀਆਂ ਰਚਨਾਵਾਂ ਬਾਰੇ ਵਿਚਾਰ-ਵਟਾਂਦਰਾ ਤਾਂ ਸੱਚ ਵਾਲੇ ਪਾਸੇ ਖਲੋ ਕੇ ਹੀ ਕਰੇ ਪਰ ਅਜਿਹਾ ਵੀ ਹੁੰਦਾ ਨਹੀਂ।

**ਪੱਤਰਕਾਰੀ ਅਤੇ ਸਾਹਿਤ**

? : 'ਪੰਜਾਬੀ ਟ੍ਰਿਬਿਊਨ' ਦੇ ਸੰਪਾਦਕ ਵਜੋਂ ਪੱਤਰਕਾਰੀ ਅਤੇ ਸਾਹਿਤ ਸੰਬੰਧੀ ਤੁਹਾਡਾ ਕੀ ਅਨੁਭਵ ਰਿਹਾ?

ਭੁੱਲਰ: ਸੰਪਾਦਕ ਵਜੋਂ ਮੇਰਾ ਅਨੁਭਵ ਬੜਾ ਸੁਖਾਵਾਂ ਤੇ ਸਿਖਿਆਦਾਇਕ ਰਿਹਾ। ਅਖ਼ਬਾਰ ਵੱਡੇ ਪਾਠਕ-ਸਮੂਹ ਤੱਕ ਪੁਜਦੇ ਹਨ। ਕੁਦਰਤੀ ਹੈ ਕਿ ਵੱਡੀ ਗਿਣਤੀ ਵਿਚ ਲੋਕਾਂ ਨੂੰ ਪ੍ਰਭਾਵਿਤ ਕਰਨ ਦੀ ਉਹਨਾਂ ਦੀ ਵੱਡੀ ਤਾਕਤ ਹੁੰਦੀ ਹੈ। ਉਹ ਨਾ ਕੇਵਲ ਖ਼ਬਰਾਂ ਸਹੀ ਰੂਪ ਵਿਚ ਦੇ ਕੇ ਉਹਨਾਂ ਦੀ ਸਮਾਜਕ-ਰਾਜਨੀਤਕ ਸੋਚ ਨੂੰ ਢਾਲ ਸਕਦੇ ਹਨ ਸਗੋਂ ਹੋਰ ਕਾਲਮਾਂ ਰਾਹੀਂ ਖੇਤੀ, ਵਿਗਿਆਨ, ਸਿਹਤ, ਖੇਡਾਂ, ਆਦਿ ਬਾਰੇ ਜਾਣਕਾਰੀ ਦੇਣ ਦੇ ਵੀ ਸਮਰੱਥ ਹੁੰਦੇ ਹਨ। ਸਾਹਿਤ ਨੂੰ ਪਾਠਕ ਤੱਕ ਪੁਜਦਾ ਕਰਨ ਲਈ ਵੀ ਅਖ਼ਬਾਰ ਦੇ ਸਾਹਿਤਕ ਪੰਨੇ ਵਧੀਆ ਸਾਧਨ ਬਣਦੇ ਹਨ। ਅਖ਼ਬਾਰ ਦੀ ਛਪਣ-ਗਿਣਤੀ ਸਾਹਿਤਕ ਰਸਾਲਿਆਂ ਦੇ ਮੁਕਾਬਲੇ ਬਹੁਤ ਵੱਡੀ ਹੁੰਦੀ ਹੈ ਤੇ ਇਕ ਇਕ ਅਖ਼ਬਾਰ ਕਈ ਕਈ ਹੱਥਾਂ ਵਿਚ ਪੁਜਦਾ ਹੈ। ਮੇਰਾ ਸਭ ਤੋਂ ਵਧੀਆ ਅਨੁਭਵ ਅਨੇਕ ਲੇਖਕਾਂ, ਸਮਾਜ-ਸ਼ਾਸਤਰੀਆਂ, ਅਰਥ-ਸ਼ਾਸਤਰੀਆਂ, ਆਦਿ ਤੋਂ ਕਾਲਮ ਲਿਖਵਾਉਣਾ ਸੀ। ਕਿੰਨੇ ਹੀ ਦੋਸਤ, ਜਾਣਕਾਰ ਤੇ ਪਹਿਲੀ ਵਾਰ ਸੰਪਰਕ ਵਿਚ ਆਏ ਲੇਖਕਾਂ ਨੇ ਮੇਰੇ ਕਹਿਣ ਉੱਤੇ ਨਿਰੰਤਰ ਕਾਲਮ ਲਿਖਣੇ ਸ਼ੁਰੂ ਕੀਤੇ ਜੋ ਪਾਠਕਾਂ ਨੇ ਬਹੁਤ ਸਲਾਹੇ। ਮੋਹਨ ਭੰਡਾਰੀ ਨੇ ਸਾਹਿਤ ਬਾਰੇ, ਜਸਬੀਰ ਭੁੱਲਰ ਨੇ ਸਾਹਿਤ ਤੇ ਸਭਿਆਚਾਰ ਬਾਰੇ, ਡਾ. ਚਮਨ ਲਾਲ ਨੇ ਨੋਬਲ ਇਨਾਮ ਜੇਤੂ ਲੇਖਕਾਂ ਬਾਰੇ, ਡਾ.ਲਾਭ ਸਿੰਘ ਖੀਵਾ ਨੇ ਸਾਹਿਤ ਅਕਾਦਮੀ ਪੁਰਸਕਾਰ ਜੇਤੂਆਂ ਬਾਰੇ, ਨਿਰਮਲ ਸਿੰਘ ਆਜ਼ਾਦ ਨੇ ਪੰਜਾਬ ਦੀ ਆਰਥਕਤਾ ਬਾਰੇ 'ਪ੍ਰੋ.ਰੌਣਕੀ ਰਾਮ ਨੇ ਪੰਜਾਬ ਦੀ ਪੁਰਾਤਨ ਤੇ ਆਧੁਨਿਕ ਸਮਾਜਕ ਬਣਤਰ ਬਾਰੇ, ਪ੍ਰੋ. ਮਨਜੀਤ ਸਿੰਘ ਨੇ ਆਵਾਸੀ ਮਜ਼ਦੂਰਾਂ ਬਾਰੇ, ਸੀ. ਪੀ. ਕੰਬੋਜ ਨੇ ਪੰਜਾਬੀ ਕੰਪਿਊਟਰ ਬਾਰੇ' ਅਤੇ ਕਿੰਨੇ ਹੀ ਹੋਰ ਲੇਖਕਾਂ ਤੇ ਵਿਦਵਾਨਾਂ ਨੇ, ਜਿਨ੍ਹਾਂ

ਦੇ ਨਾਂ ਹੁਣ ਮੌਕੇ ਉੱਤੇ ਚੇਤੇ ਨਹੀਂ ਆ ਰਹੇ, ਲਗਾਤਾਰ ਲਿਖਿਆ। ਕਿੰਨੇ ਹੀ ਟੁੱਟਵੇਂ ਲੇਖ ਭੇਜਣ ਵਾਲੇ ਲੇਖਕਾਂ ਤੋਂ ਮੈਂ ਲਗਾਤਾਰ ਲੇਖ ਲਿਖਵਾਏ, ਸ਼ਿਵਨਾਥ, ਸੁਰਿੰਦਰ ਅਤੈ ਸਿੰਘ ਤੇ ਹੋਰ ਕਈ। ਹਾਂ, ਇਕ ਦਿਨ ਨਿੰਦਰ ਘੁਗਿਆਣਵੀ ਕੁਛ ਲੇਖ ਫੜਾ ਕੇ ਕਹਿੰਦਾ,"ਅੰਕਲ ਜੀ, ਇਹ ਛਾਪੋ ਜੀ ਤੁਸੀਂ। ਇਕ ਇਕ ਕਰਕੇ। ਵਧੀਆ ਨੇ ਜੀ। ਛਾਪ ਦਿਉਂਗੇ ਅੰਕਲ ਜੀ? ਹੈਂ ਜੀ?" ਮੈਨੂੰ ਬਚੂੰਗੜਾ ਜਿਹਾ ਲੱਗਿਆ, ਨਿਆਣ-ਮੱਤੀਆ ਜਿਹਾ। ਮੈਂ ਕਿਹਾ,"ਪੜ੍ਹੇ ਬਿਨਾਂ ਹੀ ਛਾਪਣ ਦਾ ਇਕਰਾਰ ਕਿਵੇਂ ਕਰ ਦਿਆਂ ਮੈਂ ਤੇਰੇ ਨਾਲ?" ਬੋਲਿਆ,"ਨਾ ਅੰਕਲ ਜੀ, ਇਹ ਤਾਂ ਵਧੀਆ ਨੇ ਜੀ, ਮੇਰੇ ਕਈ ਦੋਸਤਾਂ-ਮਿੱਤਰਾਂ ਨੇ ਪੜ੍ਹੇ ਨੇ ਜੀ।" ਮੈਂ ਹੱਸਿਆ,"ਖੁਆਜੇ ਦੇ ਗਵਾਹ ਡੱਡੂ!" ਉਹਦੇ ਜਾਣ ਮਗਰੋਂ ਮੈਂ ਉਹਦਾ ਇਕ ਲੇਖ ਨਜ਼ਰੋਂ ਕੀ ਲੰਘਾਉਣਾ ਸ਼ੁਰੂ ਕੀਤਾ ਕਿ ਸਾਰੇ ਇਕੋ ਸਾਹੇ ਪੜ੍ਹਨੇ ਪਏ। ਮੈਂ ਉਹਨੂੰ ਅਗਲੇ ਸਾਰੇ ਲੇਖ ਭੇਜਣ ਲਈ ਕਿਹਾ। ਮਗਰੋਂ ਇਹਨਾਂ ਲੇਖਾਂ ਦੀ ਪੁਸਤਕ 'ਮੈਂ ਸਾਂ ਜੱਜ ਦਾ ਅਰਦਲੀ' ਬੜੀ ਮਕਬੂਲ ਹੋਈ।

**ਪਰਿਵਾਰਵਾਦ ਦੀ ਰਾਜਨੀਤੀ**

? : ਤੁਸੀਂ ਅਪਣੇ ਇਕ ਅਖ਼ਬਾਰੀ ਲੇਖ ਵਿਚ ਸ਼੍ਰੀਮਤੀ ਹਰਸਿਮਰਤ ਕੌਰ ਬਾਦਲ ਨੂੰ ਪੰਜਾਬ ਦੀ ਮੁੱਖ ਮੰਤਰੀ ਬਣਾਉਣ ਦਾ ਸੁਝਾਅ ਦਿੱਤਾ ਸੀ। ਤੁਹਾਡੇ ਵਰਗੇ ਸੂਝਵਾਨ ਲੇਖਕ ਦੀ ਕਲਮੋਂ ਇਹ ਸੁਝਾਅ ਜਚਿਆ ਨਹੀਂ ਕਿਉਂਕਿ ਪੰਜਾਬ ਦੀ ਰਾਜਨੀਤੀ ਤਾਂ ਪਹਿਲਾਂ ਹੀ ਪਰਿਵਾਰਵਾਦ ਦੀ ਬੁਰੀ ਤਰ੍ਹਾਂ ਸ਼ਿਕਾਰ ਹੋ ਚੁੱਕੀ ਹੈ। ਤੁਸੀਂ ਇਹ ਗੱਲ ਕਿਸ ਸੰਦਰਭ ਵਿਚ ਕਹੀ ਸੀ?

ਭੁੱਲਰ: ਇਸ ਸਮੱਸਿਆ ਦਾ ਸਾਹਮਣਾ ਮੈਨੂੰ ਉਪਰੋਕਤ ਐਤਵਾਰੀ ਸੰਪਾਦਕੀ ਲਿਖਣ ਵੇਲੇ ਵੀ ਕਰਨਾ ਪੈਂਦਾ ਸੀ। ਕਈ ਵਾਰ ਬਹੁਤ ਸਿਆਣੇ ਸਿਆਣੇ ਪਾਠਕ ਵੀ ਗੱਲ ਦੀ ਰਮਜ਼ ਸਮਝੇ ਬਿਨਾਂ ਅਜਿਹੇ ਸਵਾਲ ਕਰ ਦਿੰਦੇ ਸਨ। ਇਕ ਵਾਰ ਮੈਂ 'ਪਾਪੀ ਲੋਕ ਜੋ ਹੱਥ ਵੀ ਨਹੀਂ ਧੋਂਦੇ' ਸਿਰਲੇਖ ਹੇਠ ਲਿਖਿਆ ਕਿ ਰਿਸ਼ਵਤਖੋਰੀ ਦੀ ਗੰਗਾ ਵਗ ਰਹੀ ਹੈ ਅਤੇ ਅਸ਼ਨਾਨ ਕਰਨ ਜਾਂ ਪੰਜ-ਅਸ਼ਨਾਨਾ ਕਰਨ ਜਾਂ ਘੱਟੋ-ਘੱਟ ਹੱਥ-ਮੂੰਹ ਧੋਣ ਦੀ ਸਾਡੀ ਪੁਰਾਣੀ ਪ੍ਰੰਪਰਾ ਹੈ। ਪਰ ਕੁਛ ਪਾਪੀ ਲੋਕ ਇਸ ਵਗਦੀ ਗੰਗਾ ਵਿਚ ਉਂਗਲ ਵੀ ਨਹੀਂ ਡੋਬਦੇ। ਇਕ ਚਿੱਠੀ ਆਈ ਕਿ ਕਮਾਲ ਹੈ ਭੁੱਲਰ ਸਾਹਿਬ, ਰਿਸ਼ਵਤ ਨਾ ਲੈਣ ਵਾਲਿਆਂ ਨੂੰ ਹੀ ਪਾਪੀ ਆਖ ਦਿੱਤਾ! ਬਾਦਲਾਂ ਵਾਲਾ ਮੇਰਾ ਇਹ ਲੇਖ ਇਸੇ ਵਿਅੰਗਾਤਮਕ ਸ਼ੈਲੀ ਵਿਚ ਸੀ। ਇਕ ਤਾਂ ਉਹਦੇ ਵਿਚ ਮੈਂ ਕੰਮ ਦੀ ਸਮਰੱਥਾ ਘਟਾਉਣ ਵਾਲੀ ਪ੍ਰਕਾਸ਼ ਸਿੰਘ ਬਾਦਲ ਦੀ ਬਜ਼ੁਰਗੀ ਦਾ ਹਵਾਲਾ ਦਿੱਤਾ ਸੀ। ਦੂਜੇ, 2012 ਦੀਆਂ ਚੋਣਾਂ ਵਿਚ ਸੰਭਵ ਹਾਰ ਦੀ ਭਵਿੱਖਬਾਣੀ ਕੀਤੀ ਸੀ। ਤੀਜੇ, ਪਹਿਲਾਂ ਕੇਂਦਰੀ ਮੰਤਰੀ ਤੇ ਹੁਣ ਉਪ ਮੁੱਖ ਮੰਤਰੀ ਹੁੰਦਿਆਂ ਉਜਾਗਰ ਹੋਈ ਸੁਖਬੀਰ ਦੀ ਰਾਜਨੀਤਕ-ਪ੍ਰਸ਼ਾਸਨਕ 'ਸੂਝ' ਉੱਤੇ ਕਿੰਤੂ ਕਰਦਿਆਂ ਬਾਕੀ ਰਹਿੰਦੇ ਸਮੇਂ ਵਿਚ ਕੁਛ ਵੀ ਨਾ ਹੋਣ ਦੀ ਸੰਭਾਵਨਾ ਦਾ ਜ਼ਿਕਰ ਕੀਤਾ ਸੀ। ਚੌਥੇ, ਇਹ ਇਸ਼ਾਰਾ ਕੀਤਾ ਸੀ ਕਿ ਤੁਸੀਂ ਪਰਿਵਾਰ ਤੋਂ ਬਾਹਰਲਾ ਤਾਂ ਕੋਈ ਬਣਾਉਣਾ ਨਹੀਂ, ਇਸ ਲਈ ਸੁਖਬੀਰ ਨਾਲੋਂ ਤਾਂ ਹਰਸਿਮਰਤ ਨੂੰ ਹੀ ਬਣਾ ਦਿਉ! ਵੈਸੇ ਤੁਹਾਨੂੰ ਦੱਸਾਂ, ਨੂੰਹ ਸੱਚਮੁੱਚ ਪੁੱਤ ਨਾਲੋਂ ਸਿਆਣੀ ਹੈ। ਮੇਰਾ ਇਕ ਐਮ. ਏ. ਦੋਸਤ ਪੀ-ਐਚ. ਡੀ. ਨਾ ਕਰ ਸਕਿਆ। ਉਹਨੇ ਵਧੇਰੇ ਲਾਇਕ ਪਤਨੀ ਨੂੰ ਸਿਰਫ਼ ਇਸੇ ਕਰਕੇ ਸਾਰੀ ਉਮਰ ਪੀ-ਐਚ. ਡੀ. ਨਾ ਕਰਨ ਦਿੱਤੀ ਕਿ ਉਸ ਕੋਲ ਉਹਤੋਂ ਵਡੇਰੀ ਡਿਗਰੀ ਕਿਉਂ ਹੋਵੇ! ਔਰਤਾਂ ਨੂੰ ਅਪਣੀ ਪ੍ਰਤਿਭਾ ਦਿਖਾਉਣ ਦਾ ਮੌਕਾ ਨਾ ਦੇਣ ਵਾਲੀ ਸਾਡੀ ਭਾਰਤੀ ਪ੍ਰੰਪਰਾ ਅਨੁਸਾਰ ਬਾਦਲ ਪਰਿਵਾਰ ਹਰਸਿਮਰਤ ਨੂੰ ਉਭਰਨ ਨਹੀਂ ਦਿੰਦਾ ਕਿਉਂਕਿ ਉਹ ਇਕ ਵਾਰ ਅੱਗੇ ਆ ਗਈ ਤਾਂ ਸੁਖਬੀਰ ਤਾਂ ਗਿਆ ਸਮਝੋ ਸਾਰੀ ਉਮਰ ਲਈ!

? : ਤੁਸੀਂ ਇਕ ਲੇਖ ਵਿਚ 'ਪੰਜਾਬੀਅਤ' ਉੱਤੇ ਵੀ ਕਿੰਤੂ ਕੀਤਾ ਸੀ ਜਦੋਂ ਕਿ ਲੋਕ ਪੰਜਾਬੀਅਤ ਦੇ ਨਾਂ ਦੇ ਗੀਤ ਗਾਉਂਦੇ ਫਿਰਦੇ ਹਨ।

ਭੁੱਲਰ: ਸਾਡੇ ਗੀਤਕਾਰ ਤੇ ਗਾਇਕ ਗੀਤ ਤਾਂ ਬਥੇਰੇ ਕੁਛ ਦੇ ਗਾਉਂਦੇ ਫਿਰਦੇ ਨੇ! ਗੀਤਾਂ ਦੀ ਗੱਲ ਨਾ ਹੀ ਕਰੀਏ ਤਾਂ ਚੰਗਾ। ਜਦੋਂ ਕਿਸੇ ਕੌਮ-ਕੌਮੀਅਤ ਵਿਚ ਨਿਘਾਰ ਆਉਂਦਾ ਹੈ, ਉਹ ਅਪਣੇ ਅਤੀਤ ਦੇ ਗੌਰਵ ਦੇ ਨਾਲ ਨਾਲ ਵਰਤਮਾਨ ਦੇ ਕਲਪਿਤ ਗੌਰਵ ਦਾ ਢੋਲ ਬਜਾਉਣ ਲਗਦੀ ਹੈ। ਦੇਸ਼ ਵਿਚ ਫ਼ੈਲੇ ਹੋਏ ਭ੍ਰਿਸ਼ਟਾਚਾਰ, ਗੁੰਡਾਗਰਦੀ, ਕੰਗਾਲੀ, ਬਲਾਤਕਾਰ, ਆਦਿ ਕਾਰਨ ਆਮ ਆਦਮੀ ਦੀ ਦੁਰਗਤੀ ਵਿਚ ਜਿਉਂ ਜਿਉਂ ਵਾਧਾ ਹੁੰਦਾ ਜਾਂਦਾ ਹੈ, ਤਿਉਂ ਤਿਉਂ ਕਵੀ ਦਾ ਯਥਾਰਥਕ ਦੀ ਥਾਂ ਜਜ਼ਬਾਤੀ ਉਡਾਰੀ ਲਾਉਂਦਿਆਂ ਲਿਖਿਆ 'ਸਾਰੇ ਜਹਾਂ ਸੇ ਅੱਛਾ ਹਿੰਦੁਸਤਾਂ ਹਮਾਰਾ' ਹੋਰ ਬਹੁਤੀ ਉੱਚੀ ਗਾਇਆ ਜਾਂਦਾ ਹੈ। ਹੁਣ ਇਸ ਵਿਚ 'ਮੇਰਾ ਭਾਰਤ ਮਹਾਨ' ਦਾ ਨਾਅਰਾ ਜੋੜ ਦਿੱਤਾ ਗਿਆ ਹੈ। ਇਹੋ ਹਾਲ ਪੰਜਾਬੀਅਤ ਦਾ ਹੈ। ਜਿਥੋਂ ਤੱਕ ਇਹ ਉਹਨੂੰ 'ਅਦੁੱਤੀ' ਦਾ ਸਰਟੀਫ਼ੀਕੇਟ ਦਿੱਤੇ ਬਿਨਾਂ ਪੰਜਾਬੀਆਂ ਦੇ ਵਰਤੋਂ-ਵਿਹਾਰ ਅਤੇ ਰਹਿਣ-ਸਹਿਣ ਦਾ ਹਵਾਲਾ ਹੈ, ਠੀਕ ਹੈ। ਪਰ ਜਦੋਂ ਇਹਨੂੰ ਹੋਰਾਂ ਦੇ ਮੁਕਾਬਲੇ ਉੱਤਮ ਹੋਣ ਦਾ ਝੰਡਾ ਬਣਾ ਕੇ ਝੁਲਾਇਆ



ਜੀਵਣ ਸਾਥਣ ਗੁਰਚਰਨ ਨਾਲ-1966



ਸੁਪਨੀਲੀ ਉਮਰ-1966,

ਫੋਟੋਕਾਰੀ ਪ੍ਰੋ. ਸੁਜਾਨ ਸਿੰਘ



ਸੋਵੀਅਤ ਨੌਕਰੀ ਦੌਰਾਨ-1988

ਫੋਟੋਕਾਰੀ ਯੋਗ ਜੁਆਏ

ਜਾਂਦਾ ਹੈ ਤਾਂ ਇਸ ਉੱਤਮਤਾ ਉੱਤੇ ਹੱਸਾ ਆਉਂਦਾ ਹੈ। ਪੰਜਾਬੀਅਤ ਦੀ ਮੂਲ ਭਾਵਨਾ ਦੇ ਝਲਕਾਰੇ ਤਾਂ ਆਖ਼ਰੀ ਵਾਰ ਆਜ਼ਾਦੀ ਸੰਗਰਾਮ, ਬਬਰਾਂ, ਗ਼ਦਰੀਆਂ, ਭਗਤ ਸਿੰਘ ਦੀ ਲਹਿਰ, ਆਦਿ ਦੇ ਰੂਪ ਵਿਚ ਦਿੱਸ ਹਟੇ। ਸੰਤਾਲੀ ਦੀ ਵਹਿਸ਼ੀ ਕਟਾਵੱਢੀ, ਅੱਤਵਾਦ ਦੇ ਦਿਨਾਂ ਵਿਚ ਟੀਚੇ ਦੀ ਪ੍ਰਾਪਤੀ ਦੀ ਸੂਰਤ ਵਿਚ ਬਨਣ ਵਾਲੀ ਹਾਲਤ ਦਾ ਦਿਖਾਇਆ ਗਿਆ ਟਰੇਲਰ ਅਤੇ ਵਰਤਮਾਨ ਬਾਦਲ-ਰਾਜ ਵਿਚ ਡੇਰਾ-ਪ੍ਰੇਮੀਆਂ ਉੱਤੇ ਕੀਤੇ ਗਏ ਅੱਤਿਆਚਾਰ! ਜੇ ਪੰਜਾਬੀਅਤ ਇਹ ਸਭ ਕੁਛ ਕਰਨ ਦਾ ਨਾਂ ਹੈ, ਮੈਂ ਤਾਂ, ਭਾਈ, ਉਸਦਾ ਪ੍ਰਸੰਸਕ ਹੈ ਨਹੀਂ! ਹੁਣ ਪੰਜਾਬ ਵਿਚ ਵਿਆਪਕ ਭ੍ਰਿਸ਼ਟਾਚਾਰ, ਨਸ਼ਾਖੋਰੀ, ਵਿਹਲੜਪੁਣੇ, ਅਪਰਾਧ, ਲੁੱਟਾਂ-ਖੋਹਾਂ, ਬਦਇਖ਼ਲਾਕੀ ਵੱਲ ਦੇਖਦਿਆਂ ਪੰਜਾਬੀਅਤ ਉੱਤੇ ਮਾਣ ਕਰਨ ਵਾਲੀ ਕਿਹੜੀ ਗੱਲ ਹੈ?

ਐਹ ਬਾਹਰ ਜਾਣ ਦਾ ਵਰਤਾਰਾ ਹੀ ਦੇਖੋ। ਠੱਗੀ ਦਾ ਕੋਈ ਰੂਪ ਹੈ ਜੋ ਪੰਜਾਬੀਆਂ ਨੇ ਛੱਡਿਆ ਹੈ! ਇਹਨਾਂ ਨੂੰ ਤਾਂ ਬੇਈਮਾਨੀ ਦੇ ਨਵੇਂ ਨਵੇਂ ਰੂਪ ਲੱਭਣ ਲਈ ਸਮੂਹਿਕ ਨੋਬਲ ਇਨਾਮ ਮਿਲਣਾ ਚਾਹੀਦਾ ਹੈ। ਭੈਣਾਂ-ਭਾਣਜੀਆਂ ਨਾਲ ਵਿਆਹ ਕਰਵਾਉਂਦੇ ਹਨ। ਪਿੱਛੇ ਜਿਹੇ ਕੈਨੇਡਾ ਦਾ ਦੂਤਾਵਾਸ ਹੈਰਾਨ-ਪ੍ਰੇਸ਼ਾਨ ਕਿ ਪੰਜਾਬੀਆਂ ਵਿਚ ਸਮਲਿੰਗਤਾ ਏਨੀਂ ਆਮ ਹੈ ਕਿ ਅਪਣੇ ਦੇਸ ਵਿਚ ਸਤਾਏ ਜਾਂਦੇ ਸਮਲਿੰਗੀਆਂ ਨੂੰ ਪਨਾਹ ਦੇਣ ਵਾਲੇ ਉਹਨਾਂ ਦੇ ਕਾਨੂੰਨ ਦਾ ਲਾਹਾ ਲੈ ਕੇ ਪੰਜਾਬ ਦੇ ਬੇਸ਼ੁਮਾਰ ਮੁੰਡੇ ਵੀਜ਼ੇ ਲਈ ਸਮਲਿੰਗੀ ਹੋਣ ਦੇ ਫ਼ਾਰਮ ਭਰ ਰਹੇ ਹਨ। ਜਦੋਂ ਬਾਹਰ ਜਾਣ ਦੀ ਅੰਨ੍ਹੀ ਹਿਰਸ ਕਾਰਨ ਮੁੰਡੇ ਉਲਝ ਜਾਂਦੇ ਹਨ ਤਾਂ ਬਿਚਾਰੀਆਂ ਭੋਲੀਆਂ ਮਾਂਵਾਂ-ਭੈਣਾਂ ਉਹਨਾਂ ਦੀਆਂ ਤਸਵੀਰਾਂ ਫੜ ਕੇ ਚੁੰਨੀਆਂ ਨਾਲ ਅੱਖਾਂ ਪੂੰਝਦੀਆਂ ਟੀਵੀ ਕੈਮਰਿਆਂ ਅੱਗੇ ਬੈਠ ਜਾਂਦੀਆਂ ਹਨ। ਹੁਣ ਅਸੀਂ ਪੰਜਾਬੀ ਆਹਲਾ ਦਰਜੇ ਦੇ ਦੋਗਲੇ ਬਣ ਚੁੱਕੇ ਹਾਂ। ਦੂਜਿਆਂ ਲਈ ਵੱਖਰੇ ਨਾਪਤੋਲ ਮਿਥਦੇ ਹਾਂ ਅਤੇ ਆਬਦੀਆਂ ਕਰਤੂਤਾਂ ਉਹਤੋਂ ਉਲਟ ਹੁੰਦੀਆਂ ਹਨ। ਐਹ ਉੱਤਰ ਪ੍ਰਦੇਸ਼ੀ ਤੇ ਬਿਹਾਰੀ ਆਵਾਸੀਆਂ ਵੱਲ ਇਹਨਾਂ ਦਾ ਵਤੀਰਾ ਦੇਖੋ। ਉਹਨਾਂ ਤੋਂ ਗੋਲਾ-ਧੰਦਾ ਕਰਵਾਉਂਦੇ ਹੋਏ ਵੀ ਉਹਨਾਂ ਨੂੰ ਪੰਜਾਬ ਉੱਤੇ ਚੜ੍ਹ ਆਏ ਲੁਟੇਰੇ ਧਾੜਵੀ ਦਸਦੇ ਹਨ। ਆਪ ਹਿੱਕਾਂ ਚੌੜੀਆਂ ਕਰ ਕਰ ਆਖਦੇ ਹਨ, ਅਸੀਂ ਪੰਜਾਬੀ ਦੁਨੀਆ ਦੇ ਕੋਣੇ ਕੋਣੇ ਵਿਚ ਵਧ-ਫੁੱਲ ਰਹੇ ਹਾਂ। ਜਦੋਂ ਕੋਈ ਪੰਜਾਬੀ ਅਮਰੀਕਾ, ਕੈਨੇਡਾ, ਇੰਗਲੈਂਡ, ਆਦਿ ਵਿਚ ਮੈਂਬਰ ਪਾਰਲੀਮੈਂਟ ਜਾਂ ਮੰਤਰੀ ਬਣਦਾ ਹੈ, ਇਥੇ ਪੰਜਾਬ ਵਿਚ ਖ਼ੁਸ਼ੀ ਦੇ ਪਾਠਾਂ ਦੇ ਭੋਗ ਪਾਏ ਜਾਂਦੇ ਹਨ। ਉਹਨਾਂ ਦੀ ਪੰਜਾਬ ਫੇਰੀ ਸਮੇਂ ਗੁਲਦਸਤਿਆਂ ਤੇ ਜਨਤਕ ਸਭਾਵਾਂ ਨਾਲ ਉਹਨਾਂ ਦਾ ਭਰਪੂਰ ਸਵਾਗਤ ਕੀਤਾ ਜਾਂਦਾ ਹੈ। ਅਮਰੀਕਾ ਵਿਚ ਮੈਂ ਆਪ ਪੰਜਾਬੀ ਹੁੱਬ ਕੇ ਦਸਦੇ ਸੁਣੇ ਹਨ ਕਿ ਇਹਨਾਂ ਲੋਲ੍ਹੜਾਂ ਨੂੰ ਤਾਂ ਹੇਰਾਫੇਰੀਆਂ ਵੀ ਅਸੀਂ ਸਿਖਾਈਆਂ ਹਨ। ਇਥੇ ਦਿੱਲੀ ਵਿਚ ਜਿਨ੍ਹਾਂ ਦੋ-ਚਾਰ ਸੂਬਿਆਂ ਦੇ ਲੋਕ ਅਪਰਾਧਾਂ ਕਾਰਨ ਬਦਨਾਮ ਹਨ, ਪੰਜਾਬੀ ਉਹਨਾਂ ਵਿਚ ਮੋਹਰੀ ਹਨ।

**ਸਮੁੱਚੇ ਸਾਹਿਤ ਦੀ ਬੁਨਿਆਦ**

? : ਤੁਸੀਂ ਬਾਲ-ਸਾਹਿਤ ਵੀ ਰਚਿਆ ਹੈ। ਸਮੁੱਚੇ ਸਾਹਿਤ ਦੇ ਹਵਾਲੇ ਨਾਲ ਬਾਲ-ਸਾਹਿਤ ਦਾ ਕੀ ਮਹੱਤਵ ਹੈ? ਪੰਜਾਬੀ ਬਾਲ-ਸਾਹਿਤ ਦੇ ਮਿਆਰ ਬਾਰੇ ਤੁਹਾਡਾ ਕੀ ਵਿਚਾਰ ਹੈ?

ਭੁੱਲਰ: ਮੈਂ ਬੱਚਿਆਂ ਲਈ ਕਵਿਤਾਵਾਂ ਵੀ ਲਿਖੀਆਂ ਹਨ ਤੇ ਕਹਾਣੀਆਂ ਵੀ। ਮੈਂ ਦੋਵਾਂ ਵਿਚ ਮੌਲਕ ਰਹਿਣ ਦਾ ਜਤਨ ਕੀਤਾ ਹੈ। ਜੇ ਲੇਖਕ ਬਾਲਾਂ ਲਈ ਲਿਖ ਸਕੇ, ਉਹਨੂੰ ਜ਼ਰੂਰ ਲਿਖਣਾ ਚਾਹੀਦਾ ਹੈ। ਵੱਡੇ ਵੱਡੇ ਲੇਖਕਾਂ ਨੇ ਲਿਖਿਆ ਹੈ। ਬਾਲ-ਸਾਹਿਤ ਤਾਂ ਬਹੁਤ ਹੀ ਮਹੱਤਵਪੂਰਨ ਹੈ ਸਗੋਂ ਸਮੁੱਚੇ ਸਾਹਿਤ ਦੀ ਬੁਨਿਆਦ ਹੈ। ਜਿਸਨੂੰ ਬਚਪਨ ਵਿਚ ਸਾਹਿਤ ਦੀ ਚੇਟਕ ਨਹੀਂ ਲੱਗੀ, ਉਹ ਵੱਡਾ ਹੋ ਕੇ ਸਾਹਿਤ ਨਾਲ ਕੀ ਜੁੜੇਗਾ! ਛੋਟੀ ਉਮਰੇ ਬਣੀਆਂ ਰੁਚੀਆਂ ਸਾਰੀ ਉਮਰ ਨਿਭਦੀਆਂ ਹਨ। ਪੰਜਾਬੀ ਬਾਲ-ਸਾਹਿਤ ਦੀ ਬੁਨਿਆਦ ਵਿਚ ਹੀ, ਮੈਂ ਸਮਝਦਾ ਹਾਂ, ਕਸਰ ਰਹਿ ਗਈ। ਆਰੰਭਕ ਲੇਖਕਾਂ ਦੀ ਲਗਨ, ਸੁਹਿਰਦਤਾ ਤੇ ਇਸ ਸੋਚ ਦੀ ਤਾਂ ਪ੍ਰਸੰਸਾ ਕਰਨੀ ਬਣਦੀ ਹੈ ਕਿ ਪੰਜਾਬੀ ਵਿਚ ਬਾਲ-ਸਾਹਿਤ ਹੋਣਾ ਤੇ ਵਧਣਾ-ਫੁੱਲਣਾ ਚਾਹੀਦਾ ਹੈ। ਪਰ ਉਹਨਾਂ ਦੀ, ਸ਼ਾਇਦ, ਮਨੋਵਿਗਿਆਨਕ ਪਕੜ ਨਹੀਂ ਸੀ। ਉਹਨਾਂ ਨੇ ਮੋਟੇ ਤੌਰ ਉੱਤੇ ਦੋ ਰਾਹ ਫੜੇ। ਇਕ ਤਾਂ ਉਹ ਦੂਜੀਆਂ ਭਾਸ਼ਾਵਾਂ ਤੋਂ ਅਨੁਵਾਦ ਕਰਨ ਲੱਗੇ; ਦੂਜੇ, ਉਹਨਾਂ ਨੇ ਧਾਰਮਿਕ ਕਥਾਵਾਂ, ਸਾਖੀਆਂ, ਬਾਤਾਂ, ਆਦਿ ਦੇ ਪੁਨਰ-ਕਥਨ ਦਾ ਢੰਗ ਲੱਭਿਆ। ਮੌਲਕ ਕਵਿਤਾਵਾਂ ਲਿਖਣ ਦਾ ਜਤਨ ਕੀਤਾ ਪਰ ਆਮ ਕਰਕੇ ਵਿਸ਼ੇ ਵੀ ਸਾਧਾਰਨ ਸਨ, ਮਾਂ, ਨਾਨੀ, ਚਿੜੀ, ਕਾਂ, ਤੋਤਾ, ਮੋਰ, ਅਤੇ ਮਿਆਰ ਵੀ ਤੁਕਬੰਦੀ ਵਾਲਾ ਹੀ ਸੀ। ਇਹ ਘਾਟ ਹੁਣ ਤੱਕ ਤੁਰੀ ਆਉਂਦੀ ਹੈ। ਸਤੰਬਰ 1991 ਵਿਚ ਪੰਜਾਬ ਦੇ ਸਭਿਆਚਾਰਕ ਮਾਮਲੇ ਵਿਭਾਗ ਨਾਲ ਮਿਲ ਕੇ ਪੰਜਾਬ ਸਾਹਿਤ ਅਕਾਦਮੀ ਨੇ ਚੰਡੀਗੜ੍ਹ ਵਿਚ ਤਿੰਨ ਦਿਨਾਂ ਦਾ ਬਾਲ-ਸਾਹਿਤ ਸੈਮੀਨਾਰ ਕਰਵਾਇਆ। ਵਧੀਆ ਜਤਨ ਸੀ। ਉਹੋ ਜਿਹਾ ਵਿਚਾਰ-ਵਟਾਂਦਰਾ ਨਾ ਉਸਤੋਂ ਪਹਿਲਾਂ ਕਦੀ ਹੋਇਆ ਸੀ, ਨਾ ਮਗਰੋਂ ਹੋਇਆ ਹੈ। ਹਾਂ, ਉਥੇ ਜਿਹੜਾ ਉੱਠੇ, ਕਹੇ, ਸਰਕਾਰ ਬਾਲ-ਸਾਹਿਤ ਲਈ ਕੁਛ ਨਹੀਂ ਕਰਦੀ, ਮੇਰੀ ਅਲਮਾਰੀ ਵਿਚ ਪੰਦਰਾਂ (ਜਾਂ ਵੀਹ ਜਾਂ ਪੱਚੀ) ਖਰੜੇ ਛਪਣ ਲਈ ਬੇਚੈਨ ਹਨ, ਸਰਕਾਰ ਦਾ ਫ਼ਰਜ਼ ਹੈ ਕਿ ਉਹ ਛਪਵਾਵੇ। ਮੈਂ ਬਾਲ-ਸਾਹਿਤ ਬਾਰੇ ਕੁਛ ਮੂਲ ਗੱਲਾਂ ਕਰ ਕੇ ਕਿਹਾ, ਜਿਹੜੇ ਮਿੱਤਰ ਅਲਮਾਰੀਆਂ ਵਿਚ ਪਏ ਖਰੜਿਆਂ ਦੀ ਗੱਲ ਕਰਦੇ ਹਨ, ਉਹਨਾਂ ਨੂੰ, ਖਾਸ ਕਰਕੇ ਇਥੇ ਵਿਚਾਰੇ ਗਏ ਬਾਲ-ਸਾਹਿਤ ਦੇ ਸਰੂਪ ਦੇ ਨਜ਼ਰੀਏ ਤੋਂ, ਯਕੀਨ ਹੈ ਕਿ ਉਹ ਸੱਚਮੁੱਚ ਬਾਲ-ਸਾਹਿਤ ਹੀ ਹੈ? ਬੇਚੈਨ ਜਿਹੀ ਖ਼ਾਮੋਸ਼ੀ ਛਾ ਗਈ।

**ਪੰਜਾਬੀ ਪ੍ਰਕਾਸ਼ਕ**

? : ਵਰਤਮਾਨ ਪੰਜਾਬੀ ਪ੍ਰਕਾਸ਼ਕਾਂ ਬਾਰੇ ਤੁਹਾਡਾ ਕੀ ਵਿਚਾਰ ਹੈ? ਕੀ ਉਹ ਸਮੇਂ ਦੀ ਲੋੜ ਦੇ ਹਾਣੀ ਸਿੱਧ ਹੋ ਰਹੇ ਹਨ?

ਭੁੱਲਰ: ਪ੍ਰਕਾਸ਼ਕਾਂ ਬਾਰੇ ਮੇਰੇ ਵਿਚਾਰ ਸ਼ੁਰੂ ਤੋਂ ਹੀ ਬਹੁਤੇ ਲੇਖਕਾਂ ਨਾਲੋਂ ਵੱਖਰੇ ਰਹੇ ਹਨ। ਮੈਂ ਸਪੱਸ਼ਟ ਕਰ ਦਿਆਂ, ਇਹਦਾ ਕਾਰਨ ਇਹ ਨਹੀਂ ਕਿ ਮੈਨੂੰ ਪਹਿਲੀ ਪੁਸਤਕ ਤੋਂ ਹੀ ਛਪਣ ਵਿਚ ਕੋਈ ਮੁਸ਼ਕਲ ਨਹੀਂ ਆਈ। ਲੇਖਕਾਂ ਤੇ ਪ੍ਰਕਾਸ਼ਕਾਂ ਦੇ ਪਾੜੇ ਦਾ ਮੁੱਖ ਕਾਰਨ ਇਹ ਹੈ ਕਿ ਕੁਛ ਹੋਸ਼ਮੰਦ ਲੇਖਕਾਂ ਨੂੰ ਛੱਡ ਕੇ ਬਾਕੀ ਸਭ ਇਹ ਸਮਝਦੇ ਹਨ ਕਿ ਪੁਸਤਕ ਲਿਖ ਕੇ ਉਹਨਾਂ ਨੇ ਕਾਰਨਾਮਾ ਕਰ ਦਿਖਾਇਆ ਹੈ ਤੇ ਬੜਾ ਵੱਡਾ ਸਮਾਜਕ-ਸਭਿਆਚਾਰਕ ਫ਼ਰਜ਼ ਨਿਭਾਇਆ ਹੈ, ਹੁਣ ਪ੍ਰਕਾਸ਼ਕ ਇਹਨੂੰ ਛਾਪਣ ਤੇ ਪਾਠਕਾਂ ਤੱਕ ਪੁਜਦੀ ਕਰਨ ਦਾ ਆਪਣਾ ਫ਼ਰਜ਼ ਨਿਭਾਵੇ! ਚਲੋ, ਫ਼ਿਲਹਾਲ ਪੁਸਤਕ ਦੇ ਚੰਗੀ-ਮਾੜੀ ਹੋਣ ਦੀ ਸਮੱਸਿਆ ਅਤੇ ਫ਼ਰਜ਼-ਨਿਭਾਈ ਦਾ ਮਸਲਾ ਸੋਚ-ਵਿਚਾਰ ਦੇ ਘੇਰੇ ਤੋਂ ਬਾਹਰ ਛੱਡ ਦਿੰਦੇ ਹਾਂ। ਨੁਕਤਾ ਜੋ ਅਜਿਹੇ ਲੇਖਕਾਂ ਦੀ ਸਮਝ ਵਿਚ ਨਹੀਂ ਆਉਂਦਾ, ਉਹ ਇਹ ਹੈ ਕਿ ਜੇ ਉਹਨਾਂ ਦੇ ਕਥਿਤ ਸਮਾਜ-ਸੁਧਾਰਕ ਮਿਸ਼ਨਰੀ ਭਾਵਨਾ ਦੇ ਦਾਅਵੇ ਨੂੰ ਮੰਨ ਵੀ ਲਿਆ ਜਾਵੇ, ਪ੍ਰਕਾਸ਼ਕ ਤਾਂ ਮਿਸ਼ਨਰੀ ਨਹੀਂ, ਉਹ ਤਾਂ ਦੁਕਾਨਦਾਰ ਹੈ। ਉਹਨੇ ਘਰਬਾਰ ਤੇ ਕਾਰੋਬਾਰ ਚਲਾਉਣਾ ਹੈ ਜਿਵੇਂ ਲੇਖਕ ਤਨਖ਼ਾਹ ਲੈ ਕੇ ਜਾਂ ਕੋਈ ਧੰਦਾ ਕਰ ਕੇ ਚਲਾਉਂਦੇ ਹਨ। ਦੁਕਾਨਦਾਰੀ ਦਾ ਅਸੂਲ ਹੈ ਕਿ ਲਾਭ ਵਾਲਾ ਸੌਦਾ ਛੱਡਣਾ ਨਹੀਂ ਤੇ ਘਾਟੇ ਵਾਲਾ ਕਰਨਾ ਨਹੀਂ। ਨਾਂ ਵਾਲੇ ਚੰਗੇ ਲੇਖਕਾਂ ਦੀਆਂ ਜਿਨ੍ਹਾਂ ਪੁਸਤਕਾਂ ਵਿਚੋਂ ਕੁਛ ਬਚਣ ਦੀ ਆਸ ਹੁੰਦੀ ਹੈ, ਉਹ ਪੈਸੇ ਦੇ ਕੇ ਛਾਪਦੇ ਹਨ। ਜੇ ਅੱਜ ਦੀ ਮਹਿੰਗੀ ਛਪਾਈ ਕਰਨ ਮਗਰੋਂ ਪੁਸਤਕ ਵਿਕਣੀ ਹੀ ਨਹੀਂ, ਉਹ ਕਿਉਂ ਛਾਪਣ? ਪ੍ਰਕਾਸ਼ਕ ਨੇ ਦੁਕਾਨਦਾਰ ਵਜੋਂ ਕੀ ਖਰੀਦਣਾ ਹੈ ਤੇ ਕੀ ਵੇਚਣਾ ਹੈ, ਇਹ ਨਿਰਣਾ ਉਸੇ ਉੱਤੇ ਛੱਡ ਦੇਣਾ ਚਾਹੀਦਾ ਹੈ। ਮੈਂ ਇਹ ਬਿਲਕੁਲ ਨਹੀਂ ਕਹਿ ਰਿਹਾ ਕਿ ਕੁਛ ਪ੍ਰਕਾਸ਼ਕ ਦੂਜੇ ਦੁਕਾਨਦਾਰਾਂ ਵਾਂਗ ਹੀ ਹੇਰਾਫੇਰੀ ਨਹੀਂ ਕਰਦੇ। ਸਭ ਤੋਂ ਬਹੁਤੀ ਮਾਰ ਉਹਨਾਂ ਲੇਖਕਾਂ ਨੂੰ ਪੈਂਦੀ ਹੈ ਜੋ ਵਿਕਣ ਤਾਂ ਲੱਗ ਜਾਂਦੇ ਹਨ ਪਰ ਪ੍ਰਕਾਸ਼ਕ ਜਾਣ ਕੇ ਇਹ ਤੱਥ ਪਰਵਾਨ ਨਹੀਂ ਕਰਦੇ। ਉਹ ਉਹਨਾਂ ਤੋਂ ਪੈਸੇ ਵੀ ਲੈ ਲੈਂਦੇ ਹਨ ਤੇ ਪੁਸਤਕਾਂ ਵੇਚ ਵੀ ਲੈਂਦੇ ਹਨ! ਆਮ ਦੁਕਾਨਦਾਰਾਂ ਵਾਲੇ ਫ਼ਾਰਮੂਲੇ ਬਹੁਤ ਸਾਰੇ ਪ੍ਰਕਾਸ਼ਕਾਂ ਨੇ ਵੀ ਘੜੇ ਹੋਏ ਹਨ।

? : ਪੰਜਾਬੀ ਵਿਚ ਅੱਜ-ਕੱਲ੍ਹ ਛਪਦੇ ਸਾਹਿਤ ਬਾਰੇ ਤੁਹਾਡੀ ਕੀ ਰਾਇ ਹੈ?

ਭੁੱਲਰ: ਸਾਰੇ ਸਾਹਿਤ ਨੂੰ ਇਕੋ ਰੱਸੇ ਤਾਂ ਨਹੀਂ ਬੰਨ੍ਹਿਆ ਜਾ ਸਕਦਾ ਪਰ ਬਹੁਤੇ ਬਾਰੇ ਕੋਈ ਬਹੁਤੀ ਚੰਗੀ ਰਾਇ ਨਹੀਂ। ਪੁਸਤਕਾਂ ਦੀ ਇਕ ਵੰਡ ਤਾਂ ਪ੍ਰਕਾਸ਼ਕਾਂ ਦੀ ਸੋਚ ਅਨੁਸਾਰ ਕੀਤੀ ਜਾ ਸਕਦੀ ਹੈ ਜੋ ਕਾਫ਼ੀ ਹੱਦ ਤੱਕ ਸਹੀ ਵੀ ਹੈ। ਇਕ ਪੁਸਤਕਾਂ ਤਾਂ ਉਹ ਹਨ ਜੋ ਰਾਇਲਟੀ ਦੇ ਕੇ ਛਾਪੀਆਂ ਜਾਂਦੀਆਂ ਹਨ। ਇਹਨਾਂ ਵਿਚੋਂ ਕਾਫ਼ੀ ਪੜ੍ਹਨਜੋਗ ਮਿਲ ਜਾਂਦੀਆਂ ਹਨ। ਦੂਜੀਆਂ ਉਹ ਹਨ ਜਿਨ੍ਹਾਂ ਵਿਚੋਂ ਵੀ ਕਾਫ਼ੀ ਪੜ੍ਹਨਜੋਗ ਹੁੰਦੀਆਂ ਹਨ ਪਰ ਪ੍ਰਕਾਸ਼ਕ ਝੂਠਮੂਠ ਕਹਿ ਦਿੰਦੇ ਹਨ ਕਿ ਪੁਸਤਕ ਵਿਕਣੀ ਤਾਂ ਹੈ ਨਹੀਂ, ਨਾ ਕੁਛ ਲਈਏ ਤੇ ਨਾ ਕੁਛ ਦੇਈਏ। ਤੀਜੀਆਂ ਉਹ ਹਨ ਜੋ ਲੇਖਕ ਪ੍ਰਕਾਸ਼ਕ ਨੂੰ ਹਜ਼ਾਰਾਂ ਰੁਪਏ ਦੇ ਕੇ ਛਪਵਾਉਂਦੇ ਹਨ। ਇਹ ਮੋਟੇ ਤੌਰ ਉੱਤੇ ਤੂੜੀ-ਸਾਹਿਤ ਹੁੰਦਾ ਹੈ। ਇਹਤੋਂ ਇਲਾਵਾ ਇਕ ਚੌਥੀ ਕਿਸਮ ਹੈ, ਲੇਖਕਾਂ ਵੱਲੋਂ ਆਪ ਛਾਪੀਆਂ ਜਾਂਦੀਆਂ ਪੁਸਤਕਾਂ। ਕੰਪਿਊਟਰ ਨੇ ਇਹ ਕੰਮ ਬਹੁਤ ਸੌਖਾ ਕਰ ਦਿੱਤਾ ਹੈ। ਮੈਨੂੰ ਚੇਤੇ ਹੈ, 1959 ਵਿਚ ਅਸੀਂ ਸਾਹਿਤ ਸਭਾ ਰਾਮਪੁਰਾ ਫੂਲ ਦੇ ਨਵੇਂ ਨਵੇਂ ਕਵੀਆਂ ਨੇ ਸਾਂਝੀ ਪੁਸਤਕ ਛਪਵਾਉਣ ਦੀ ਸਲਾਹ ਬਣਾਈ ਤਾਂ ਇਹ ਹੀ ਪਤਾ ਨਾ ਲੱਗੇ ਕਿ ਕਿਵੇਂ ਤੇ ਕਿਥੋਂ ਛਪਵਾਈਏ। ਆਖ਼ਰ ਕਿਸੇ ਨੇ ਦੱਸਿਆ ਕਿ ਜਾਂ ਪ੍ਰੀਤਨਗਰ ਨਾਲ ਸੰਪਰਕ ਕਰੋ ਜਾਂ ਪ੍ਰੋ. ਮੋਹਨ ਸਿੰਘ ਨਾਲ। ਪ੍ਰੋ.ਮੋਹਨ ਸਿੰਘ ਨਾਲ ਗੱਲ ਨਿੱਬੜੀ। ਹੁਣ ਕਿਸੇ ਤਰੱਦਦ ਦੀ ਲੋੜ ਨਹੀਂ। ਜੇ ਆਪ ਕੰਪਿਊਟਰ ਆਉਂਦਾ ਹੈ, ਮੌਜਾਂ ਹੀ ਮੌਜਾਂ, ਨਹੀਂ ਤਾਂ ਜਿਉਂਦਾ ਰਹੇ ਨੇੜਲੀ ਗਲੀ ਦਾ ਕੰਪਿਊਟਰ ਵਾਲਾ। ਸੀਡੀ ਜੇਬ ਵਿਚ ਪਾਉ ਤੇ ਜਿਥੋਂ ਮਰਜ਼ੀ, ਪੁਸਤਕ ਛਪਵਾ ਲਿਆਉ। ਇਸ ਸੌਖ ਨੇ ਸਾਹਿਤ ਦਾ ਬੜਾ ਨੁਕਸਾਨ ਕੀਤਾ ਹੈ। ਪੁੱਠਾ-ਸਿੱਧਾ, ਵਿੰਗਾ-ਟੇਢਾ ਕੁਛ ਵੀ ਲਿਖ ਲਵੋ, ਛਪਦਾ ਏਨਾਂ ਸੋਹਣਾ ਹੈ ਕਿ ਇਕ ਵਾਰ ਤਾਂ ਪੁਸਤਕ ਦੇਖਿਆਂ ਹੀ ਬਣਦੀ ਹੈ! ਤੀਜੀ ਤੇ ਚੌਥੀ ਕਿਸਮ ਦੇ ਇਸ ਤੂੜੀ ਸਾਹਿਤ ਵਿਚ ਖਰੇ ਸਾਹਿਤ ਦੇ ਦਾਣੇ ਗੁਆਚ ਕੇ ਰਹਿ ਜਾਂਦੇ ਹਨ ਅਤੇ ਪਾਠਕ ਲਈ ਨਿਖੇੜਨੇ-ਲੱਭਣੇ ਔਖੇ ਹੋ ਜਾਂਦੇ ਹਨ।

**ਕਹਾਣੀ ਦੀ ਸਰਦਾਰੀ**

? : ਪੰਜਾਬੀ ਕਹਾਣੀ ਦੀ ਵਰਤਮਾਨ ਸਥਿਤੀ ਅਤੇ ਪੱਧਰ ਬਾਰੇ ਤੁਹਾਡਾ ਕੀ ਵਿਚਾਰ ਹੈ?

ਭੁੱਲਰ: ਪੰਜਾਬੀ ਕਹਾਣੀ ਦੀ ਸਥਿਤੀ ਤਸੱਲੀਬਖ਼ਸ਼ ਹੈ। ਬਾਕੀ ਵਿਧਾਵਾਂ ਦੇ ਟਾਕਰੇ ਇਹਦੀ ਸਰਦਾਰੀ ਚਿਰਾਂ ਤੋਂ ਬਣੀ ਹੋਈ ਹੈ। ਕੁਛ ਮਿੰਟਾਂ ਵਿਚ ਇਹ ਜੀਵਨ ਦੇ ਕਿਸੇ ਪੱਖ ਦਾ ਅਜਿਹਾ ਚਮਤਕਾਰੀ ਝਲਕਾਰਾ ਪੇਸ਼ ਕਰਦੀ ਹੈ ਕਿ ਪਾਠਕ ਮੋਹਿਆ ਜਾਂਦਾ ਹੈ। ਜਦੋਂ ਸੰਤੋਖ ਸਿੰਘ ਧੀਰ ਨੇ ਇਕ ਸਾਹਿਤਕ ਸਮਾਗਮ ਵਿਚ ਪੰਜਾਬੀ ਕਹਾਣੀ ਨੂੰ ਵਿਸ਼ਵ ਪੱਧਰ ਦੀ ਕਿਹਾ ਸੀ ਤਾਂ ਉਹਦੀ ਗੱਲ ਦਾ ਵਿਰੋਧ ਦੀ ਖ਼ਾਤਰ ਵਿਰੋਧ ਕਰਨ ਵਾਲੇ ਕੁਛ ਲੋਕ ਸਾਧਾਰਨ ਜਿਹੇ ਕਹਾਣੀਕਾਰਾਂ ਦਾ ਨਾਂ ਲੈ ਲੈ ਕੇ ਮਖ਼ੌਲ ਕਰਦੇ ਸਨ ਕਿ ਇਹ ਹੈ ਵਿਸ਼ਵ ਪੱਧਰ ਦੀ ਕਹਾਣੀ? ਉਹਨਾਂ ਨੂੰ ਏਨੀਂ ਸਮਝ ਨਹੀਂ ਸੀ ਕਿ ਸੰਸਾਰ ਦੀ ਕਿਸੇ ਵੀ ਭਾਸ਼ਾ ਦਾ ਸਾਰਾ ਸਾਹਿਤ ਉੱਤਮ ਨਹੀਂ ਹੋ ਸਕਦਾ। ਜਦੋਂ ਸੰਸਾਰ ਪੱਧਰ ਦੀ ਕਹਾਣੀ ਦੀ ਗੱਲ ਕੀਤੀ ਜਾਂਦੀ ਹੈ, ਉਸ ਤੁਲਨਾ ਵਿਚ ਸਾਰੀਆਂ ਭਾਸ਼ਾਵਾਂ ਦੀਆਂ ਸਿਖਰੀ ਕਹਾਣੀਆਂ ਹੀ ਸ਼ਾਮਲ ਹੁੰਦੀਆਂ ਹਨ। ਪੰਜਾਬੀ ਦੀਆਂ ਚੋਣਵੀਆਂ ਕਹਾਣੀਆਂ ਬਿਨਾਂ-ਸ਼ੱਕ ਹੋਰ ਭਾਸ਼ਾਵਾਂ ਦੀਆਂ ਸਰਬੋਤਮ ਕਹਾਣੀਆਂ ਨਾਲ ਮੋਢਾ ਮੇਚਦੀਆਂ ਹਨ। ਸਾਨੂੰ ਇਸ ਗੱਲ ਦਾ ਮਾਣ ਹੋਣਾ ਚਾਹੀਦਾ ਹੈ।

**ਜੜ੍ਹਾਂ ਤੋਂ ਇਨਕਾਰੀ ਲੇਖਕ**

? : ਕਈ ਲੇਖਕ ਅਜਿਹੀ ਕਿਸੇ ਦੇਣਦਾਰੀ ਤੋਂ ਇਨਕਾਰੀ ਵੀ ਹਨ। ਉਹਨਾਂ ਦਾ ਦਾਅਵਾ ਹੈ ਕਿ ਜੇ ਉਹਨਾਂ ਤੋਂ ਪਹਿਲਾਂ ਕਿਸੇ ਨੇ ਪੰਜਾਬੀ ਵਿਚ ਲਿਖਿਆ ਹੀ ਨਾ ਹੁੰਦਾ, ਤਾਂ ਵੀ ਉਹ ਅੱਜ ਵਾਲੇ ਲੇਖਕ ਹੀ ਹੁੰਦੇ।

ਭੁੱਲਰ: ਹਾਂ, ਕੁਛ ਲੇਖਕਾਂ ਦਾ ਦਾਅਵਾ ਹੈ ਕਿ ਜੇ ਉਹਨਾਂ ਤੋਂ ਪਹਿਲਾਂ ਕੋਈ ਵੀ ਪੰਜਾਬੀ ਸਾਹਿਤਕਾਰ ਨਾ ਹੋਇਆ ਹੁੰਦਾ, ਤਾਂ ਵੀ ਉਹ ਤਾਂ ਹੁਣ ਵਾਲੇ ਸਾਹਿਤਕਾਰ ਹੀ ਹੁੰਦੇ। ਕੁਛ ਲੇਖਕ ਤਾਂ ਅਪਣੇ ਤੋਂ ਪਹਿਲਿਆਂ ਨੂੰ ਕੂੜਾ-ਕਚਰਾ ਲਿਖਣ ਵਾਲੇ ਵੀ ਆਖਦੇ ਹਨ। ਇਹ ਇਉਂ ਹੈ ਜਿਵੇਂ ਕੰਧ ਦਾ ਕੋਈ ਰਦਾ ਕਹੇ ਕਿ ਜੇ ਬੁਨਿਆਦ ਅਤੇ ਮੈਥੋਂ ਹੇਠਲੇ ਰਦੇ ਨਾ ਵੀ ਹੁੰਦੇ, ਮੈਂ ਤਾਂ ਵੀ ਇਥੇ ਹੀ ਹਵਾ ਵਿਚ ਏਨਾਂ ਹੀ ਉੱਚਾ ਮੌਜੂਦ ਹੋਣਾ ਸੀ। ਅਜਿਹੇ ਲੇਖਕ ਕ੍ਰਿਸ ਮੈਥਿਊਸ ਦਾ ਕਥਨ ਯਾਦ ਰੱਖਣ ਤਾਂ ਉਹਨਾਂ ਲਈ ਠੀਕ ਰਹੇ,"ਜਦੋਂ ਕਿਸੇ ਬੰਦ ਦਰਵਾਜ਼ੇ ਦਾ ਕੁੰਡਾ ਤੁਹਾਡੇ ਵਾਸਤੇ ਖੁਲ੍ਹਦਾ ਹੈ, ਦੂਜੇ ਪੱਸੇ ਉਹਨੂੰ ਖੋਲ੍ਹਣ ਵਾਲਾ ਜ਼ਰੂਰ ਕੋਈ ਹੁੰਦਾ ਹੈ!" ਚਾਲੀ-ਪੰਜਾਹ ਸਾਲ ਪੁਰਾਣੀ ਗੱਲ ਹੈ, ਇਕ ਹੱਠਯੋਗੀ ਹੁੰਦਾ ਸੀ। ਉਹਨੇ ਐਲਾਨ ਕੀਤਾ ਕਿ ਉਹ ਪਾਣੀ ਦੇ ਉੱਤੇ ਤੁਰ ਕੇ ਦਿਖਾਵੇਗਾ। ਉਹਨੀਂ ਦਿਨੀਂ ਅੰਗਰੇਜ਼ੀ ਦਾ ਇਕੋ ਬਹੁਤਾ ਮਸ਼ਹੂਰ ਹਫ਼ਤਾਵਾਰ ਹੁੰਦਾ ਸੀ, ਮਾਲਕ-ਐਡੀਟਰ ਆਰ. ਕੇ. ਕਰੰਜੀਆ ਦਾ 'ਬਲਿਟਜ਼'। ਬੇਹੱਦ ਚਾਹ ਕੇ ਪੜ੍ਹਿਆ ਜਾਂਦਾ ਸੀ। ਇਹ ਅੱਜ ਵਾਲੇ ਵੀਕਲੀ ਤਾਂ ਬਹੁਤ ਮਗਰੋਂ ਨਿਕਲੇ। ਉਹਨੇ ਹੱਠਯੋਗੀ ਦਾ ਬੜਾ ਗੁੱਡਾ ਬੰਨ੍ਹਿਆ ਜਿਵੇਂ ਬੱਸ ਪਾਣੀ ਉੱਤੇ ਉਹਦਾ ਤੁਰਨਾ ਤਾਂ ਯਕੀਨੀ ਹੋਵੇ। ਆਖ਼ਰ ਨਿਸਚਿਤ ਦਿਨ ਕੌਮੀ-ਕੌਮਾਂਤਰੀ ਪੱਤਰਕਾਰਾਂ ਤੇ ਫ਼ੋਟੋਗ੍ਰਾਫ਼ਰਾਂ ਅਤੇ ਉਤਸੁਕ ਲੋਕਾਂ ਦੀ ਭਾਰੀ ਹਾਜ਼ਰੀ ਵਿਚ ਚਿਰਾਂ ਤੋਂ ਉਡੀਕੀ ਜਾ ਰਹੀ ਘੜੀ ਆ ਹੀ ਗਈ। ਹੱਠਯੋਗੀ ਨੇ ਇਕ ਪੈਰ ਬੜੇ ਧੀਰਜ ਤੇ ਸੰਤੁਲਨ ਨਾਲ ਪਾਣੀ ਦੇ ਐਨ ਉੱਤੇ ਟਿਕਾਇਆ ਜਿਵੇਂ ਫ਼ਰਸ਼ ਉੱਤੇ ਰੱਖਿਆ ਹੋਵੇ। ਸਭ ਦੇ ਸਾਹ ਰੁਕ ਗਏ। ਜਿਉਂ ਹੀ ਦੂਜਾ ਪੈਰ ਧਰਤੀ ਤੋਂ ਹਵਾ-ਸਮਾਨ ਉੱਚਾ ਹੋਇਆ, ਹੱਠਯੋਗੀ ਜੀ ਗੜੱਪ ਪਾਣੀ ਦੇ ਅੰਦਰ! ਬੁਨਿਆਦ ਅਤੇ ਹੇਠਲੇ ਰਦਿਆਂ ਤੋਂ ਬਿਨਾਂ ਹਵਾ ਵਿਚ ਉੱਚੇ ਉੱਠੇ ਹੋਣ ਦਾ ਦਾਅਵਾ

ਬਾਕੀ ਸਫ਼ਾ 31 'ਤੇ

ਕਰਨ ਵਾਲੇ ਸਾਹਿਤਕਾਰਾਂ ਨੂੰ ਹੱਠਯੋਗੀ ਵਾਂਗ ਪਤਾ ਵੀ ਨਹੀਂ ਲੱਗਣਾ ਕਿ ਉਹ ਸਮੇਂ ਦੇ ਪਾਣੀ ਵਿਚ ਕਦੋਂ ਗੜੱਪ ਡੁੱਬ ਗਏ। ਤੇ ਪਾਣੀ ਦਾ ਇਕ ਲੱਛਣ ਬੜਾ ਚੰਦਰਾ ਹੈ --ਕੁਛ ਪਲਾਂ ਮਗਰੋਂ ਡੁੱਬਣ ਵਾਲੇ ਦਾ ਤਾਂ ਕੀ, ਡੁੱਬਣ ਵਾਲੇ ਕਾਰਨ ਪੈਦਾ ਹੋਈਆਂ ਪਾਣੀ ਦੀ ਸਤਾਹ ਉਤਲੀਆਂ ਲਹਿਰਾਂ ਦਾ ਵੀ ਕੋਈ ਨਾਂ-ਨਿਸ਼ਾਨ ਨਹੀਂ ਬਚਦਾ!

ਫੇਰ, ਭਾਈ, ਅਪਣੀ ਅਪਣੀ ਜੋਗਤਾ ਤੇ ਸਮਰੱਥਾ ਦੀ ਵੀ ਗੱਲ ਹੈ। ਹੋ ਸਕਦਾ ਹੈ, ਮੈਂ ਅਜਿਹੇ ਲੇਖਕਾਂ ਨਾਲੋਂ ਘੱਟ ਜੋਗ ਤੇ ਸਮਰੱਥ ਹੋਵਾਂ। ਮੈਨੂੰ ਲਗਦਾ ਹੈ, ਜੇ ਮੈਥੋਂ ਪਹਿਲਾਂ ਵਾਲੇ ਕਹਾਣੀਕਾਰ ਨਾ ਹੁੰਦੇ, ਮੈਂ ਵੀ ਨਾ ਹੁੰਦਾ। ਵੀਅਤਨਾਮ ਦੀ ਕਹਾਵਤ ਹੈ, ਜਦੋਂ ਫਲ ਖਾਈਏ, ਬਿਰਛ ਲਾਉਣ ਵਾਲੇ ਨੂੰ ਜ਼ਰੂਰ ਯਾਦ ਕਰੀਏ! ਸੰਸਾਰ ਦੇ ਕਿਸੇ ਵੱਡੇ ਤੋਂ ਵੱਡੇ ਲੇਖਕ ਨੂੰ ਵੀ ਸਾਕਾਰ ਸੰਪੂਰਨਤਾ ਨਹੀਂ ਕਿਹਾ ਜਾ ਸਕਦਾ। ਸਭ ਸੰਪੂਰਨਤਾ ਦੇ ਵੱਧ-ਘੱਟ ਨੇੜੇ ਪੁੱਜੇ ਕਹੇ ਜਾ ਸਕਦੇ ਹਨ। ਇਕ ਦੂਜੇ ਤੋਂ ਹੌਲਾ-ਭਾਰਾ ਦੱਸਣ ਲਈ ਉਹਨਾਂ ਨੂੰ ਤੋਲਣਾ ਵਾਜਬ ਨਹੀਂ। ਇਹ ਕੰਮ ਮੇਰਾ ਨਹੀਂ, ਇਤਿਹਾਸ ਦਾ ਹੈ, ਸਮੇਂ ਦਾ ਹੈ। ਇਕ ਵਾਰ ਮੈਂ ਮਦਰ ਟੈਰੇਸਾ ਦੇ ਮੂੰਹੋਂ ਬੜੀ ਸੂਖ਼ਮ ਗੱਲ ਸੁਣੀ ਸੀ,"ਜੇ ਤੁਸੀਂ ਲੋਕਾਂ ਬਾਰੇ ਫ਼ਤਵੇ ਦੇਣ ਲੱਗੋਗੇ, ਉਹਨਾਂ ਨੂੰ ਪਿਆਰ ਕਰਨ ਦਾ ਤਾਂ ਤੁਹਾਡੇ ਕੋਲ ਸਮਾਂ ਹੀ ਨਹੀਂ ਰਹਿਣਾ।" ਮੇਰੇ ਮਨ ਵਿਚ ਅਪਣੇ ਤੋਂ ਪਹਿਲੇ ਸਭਨਾਂ ਲਈ ਬਹੁਤ ਆਦਰ ਹੈ।

**ਪੀੜ੍ਹੀਆਂ ਦਾ ਝੰਜਟ**

? : ਤੁਸੀਂ ਤੀਜੀ ਪੀੜ੍ਹੀ ਦੇ ਕਹਾਣੀਕਾਰ ਹੋ। ਚੌਥੀ ਅਤੇ ਪੰਜਵੀਂ ਪੀੜ੍ਹੀਆਂ ਦੇ ਕਹਾਣੀਕਾਰਾਂ ਬਾਰੇ ਤੁਹਾਡੀ ਕੀ ਰਾਇ ਹੈ?

ਭੁੱਲਰ: ਮੈਂ ਸ਼ੁਰੂ ਵਿਚ ਹੀ ਸਪੱਸ਼ਟ ਕਰ ਦੇਵਾਂ, ਮੈਂ ਪੀੜ੍ਹੀਆਂ ਦੇ ਮੱਤ ਦਾ ਵਿਸ਼ਵਾਸੀ ਨਹੀਂ। ਜਿਸ ਆਧਾਰ ਉੱਤੇ ਤੇ ਜਿਸ ਆਸ਼ੇ ਨਾਲ ਇਹ ਪੀੜ੍ਹੀ-ਵੰਡ ਸ਼ੁਰੂ ਕੀਤੀ ਗਈ ਹੈ, ਉਹ ਆਧਾਰ ਤੇ ਆਸ਼ੇ ਹੀ ਗ਼ਲਤ ਹਨ। ਨਾਲੇ ਪੰਜਾਬੀ ਕਹਾਣੀ ਵਿਚ ਪੀੜ੍ਹੀਆਂ, ਜਿਸਦੀ ਉਮਰ ਹੀ ਬੰਦੇ ਦੀ ਉਮਰ ਜਿੰਨੀ ਨਹੀਂ ਹੋਈ! ਉਹਨਾਂ ਦੀ ਬਣਾਈ ਪਹਿਲੀ ਪੀੜ੍ਹੀ ਦੇ ਦੁੱਗਲ ਜੀ ਅਜੇ ਕੱਲ੍ਹ ਤੱਕ ਕਹਾਣੀਆਂ ਲਿਖਦੇ ਰਹੇ ਹਨ। ਪੀੜ੍ਹੀਵਾਦੀਆਂ ਦਾ ਇਹ ਸਾਰਾ ਚੱਕਰ ਇਹ ਮੱਤ ਸਥਾਪਤ ਕਰਨ ਲਈ ਹੈ ਕਿ ਹਰ ਪੀੜ੍ਹੀ ਅਪਣੇ ਨਾਲੋਂ ਪਹਿਲੀ ਪੀੜ੍ਹੀ ਤੋਂ ਸਾਹਿਤਕ ਮਿਆਰ ਵਿਚ ਉੱਚੀ ਹੁੰਦੀ ਹੈ। ਭਾਵ, ਪਹਿਲੀ ਪੀੜ੍ਹੀ ਨਾਲੋਂ ਦੂਜੀ ਪੀੜ੍ਹੀ ਦੇ ਕਹਾਣੀਕਾਰ ਚੰਗੇ ਸਨ, ਦੂਜੀ ਨਾਲੋਂ ਤੀਜੀ ਦੇ ਤੇ ਤੀਜੀ ਨਾਲੋਂ ਚੌਥੀ ਦੇ। ਹੁਣ ਉਹਨਾਂ ਅਨੁਸਾਰ ਪੰਜਵੀਂ ਪੀੜ੍ਹੀ ਦੇ ਕਹਾਣੀਕਾਰ ਤਾਂ, ਸੁੱਖ ਨਾਲ ਕਿਤੇ ਨਜ਼ਰ ਨਾ ਲੱਗ ਜਾਵੇ, ਪਹਿਲੀਆਂ ਚਾਰੇ ਪੀੜ੍ਹੀਆਂ ਤੋਂ ਚੰਗੀ ਕਹਾਣੀ ਲਿਖ ਰਹੇ ਹਨ। ਇਸ ਸਾਦਗੀ ਉੱਤੇ, ਇਸ ਅੱਲੜ੍ਹਪਨ ਉੱਤੇ, ਇਸ ਭੋਲੇਪਨ ਉੱਤੇ ਕੋਈ ਟਿੱਪਣੀ ਨਹੀਂ ਕੀਤੀ ਜਾ ਸਕਦੀ, ਸਿਰਫ਼ ਹੱਸਿਆ ਹੀ ਜਾ ਸਕਦਾ ਹੈ ਜਾਂ ਫੇਰ ਸਦਕੇ-ਵਾਰੀ ਜਾਇਆ ਤੇ ਕੁਰਬਾਨ ਹੋਇਆ ਜਾ ਸਕਦਾ ਹੈ। ਕੌਣ ਸਮਝਾਵੇ ਕਿ ਇਉਂ ਪੀੜ੍ਹੀ-ਦਰ-ਪੀੜ੍ਹੀ ਤਾਂ ਗਿਆਨ-ਵਿਗਿਆਨ ਅੱਗੇ ਵਧਦੇ ਹਨ, ਸਾਹਿਤ ਸਮੇਤ ਕੋਈ ਵੀ ਕਲਾ ਨਹੀਂ। ਕੋਈ ਗਣਿਤ-ਸ਼ਾਸਤਰ ਦਾ ਜਾਂ ਭੌਤਿਕ-ਵਿਗਿਆਨ ਦਾ ਖੋਜੀ ਹੋਵੇ, ਉਹ ਅਪਣੇ ਤੋਂ ਪਹਿਲਾਂ ਵਾਲੀ ਸਾਰੀ ਖੋਜ, ਸਾਰੀ ਜਾਣਕਾਰੀ ਨੂੰ ਆਧਾਰ ਬਣਾ ਕੇ ਉਸਤੋਂ ਅਗਲੀ ਗੱਲ ਹੀ ਕਰੇਗਾ। ਇਉਂ ਗਿਆਨ-ਵਿਗਿਆਨ ਲਗਾਤਾਰ ਅੱਗੇ ਹੀ ਅੱਗੇ ਵਧਦੇ ਆਏ ਹਨ ਤੇ ਵਧਦੇ ਰਹਿਣਗੇ। ਸਾਹਿਤ ਵਿਚ ਅਤੇ ਹੋਰ ਕਿਸੇ ਕਲਾ ਵਿਚ ਵੀ ਇਹ ਗੱਲ ਸੰਭਵ ਨਹੀਂ ਹੁੰਦੀ।

ਸਾਹਿਤ ਵਿਚ ਅਜਿਹੇ ਦੌਰ ਵੀ ਆ ਜਾਂਦੇ ਹਨ ਜਦੋਂ ਸਾਹਿਤਕਾਰਾਂ ਤੋਂ ਅਪਣੇ ਪੂਰਵਲਿਆਂ ਨਾਲ ਵੀ ਵਰ ਮੇਚਿਆ ਨਹੀਂ ਜਾਂਦਾ। ਸਾਹਿਤ ਤੇ ਕਲਾਵਾਂ ਦਾ ਇਤਿਹਾਸ ਵਿਚ ਲਗਾਤਾਰ ਅੱਗੇ ਵਧਣਾ ਤਾਂ ਕਿਤੇ ਰਿਹਾ, ਦਹਾਕਿਆਂ ਤੇ ਸਦੀਆਂ ਦਾ ਸਮਾਂ ਕਿਸੇ ਚੰਗੀ ਕਿਰਤ ਤੋਂ ਵਿਰਵਾ ਰਹਿੰਦਾ ਰਿਹਾ ਹੈ। ਜੇ ਹਰ ਪੀੜ੍ਹੀ ਦਾ ਪਹਿਲੀ ਤੋਂ ਅੱਗੇ ਲੰਘਣਾ ਹੀ ਨੇਮ ਹੋਵੇ, ਫੇਰ ਵਾਰਿਸ, ਬੁੱਲ੍ਹਾ, ਮੋਹਨ ਸਿੰਘ, ਵਿਰਕ, ਆਦਿ ਤਾਂ ਹੁਣ ਨੂੰ ਭੁੱਲ-ਭੁਲਾ ਗਏ ਹੁੰਦੇ। ਇਉਂ ਹੀ ਚਿਤਰਕਲਾ ਵਿਚ ਹੁਸੈਨ ਨੂੰ ਤੇ ਗਾਇਕੀ ਵਿਚ ਜਗਜੀਤ ਸਿੰਘ ਨੂੰ ਯਾਦ ਕਰਨ ਦੀ ਕੀ ਲੋੜ ਹੈ, ਪੀੜ੍ਹੀਆਂ ਦੇ ਇਸ ਸਿਧਾਂਤ ਅਨੁਸਾਰ ਹੋਰ ਬਥੇਰੇ ਉਹਨਾਂ ਤੋਂ ਦਸ ਕਦਮ ਅੱਗੇ ਹੋਣਗੇ! ਇਕ ਸਾਖੀ ਸੁਣੋ। ਇਕ ਨੂੰਹ ਕਹਿੰਦੀ, ਮਾਂ ਜੀ ਕੜਾਹ ਬਣਾਉਣਾ ਸਿਖਾ ਦਿਉ। ਸੱਸ ਘਿਉ ਵਿਚ ਆਟਾ ਭੁੰਨਣ ਤੋਂ ਲੈ ਕੇ ਕੜਾਹ ਬਨਣ ਤੱਕ ਦਸਦੀ ਗਈ। ਅੰਤ ਨੂੰ ਕਹਿੰਦੀ, ਕੜਾਹ ਉੱਤੇ ਤਰਦਾ ਘਿਉ ਬੁਰਾ ਵੀ ਲਗਦਾ ਹੈ ਤੇ ਬੇਸੁਆਦਾ ਵੀ ਹੁੰਦਾ ਹੈ, ਇਹਨੂੰ ਸੋਕਣ ਲਈ ਉੱਤੇ ਸੁਆਹ ਭੁੱਕ ਦੇਈਏ। ਮੈਨੂੰ ਤਾਂ ਕਈ ਵਾਰ ਲਗਦਾ ਹੈ, ਪੀੜ੍ਹੀਆਂ ਦੇ ਸਿਧਾਂਤ ਪਿੱਛੇ ਕੋਈ ਇਸ ਸੱਸ ਵਰਗਾ ਚਤੁਰ-ਦਿਮਾਗ਼ ਸਾਹਿਤਕਾਰ ਤਾਂ ਨਹੀਂ ਜੋ ਭੋਲੇਭਾਲੇ ਸ਼ਰਧਾਲੂ ਨਵੇਂ ਕਹਾਣੀਕਾਰਾਂ ਨੂੰ ਕਹਾਣੀ ਉੱਤੇ ਸੁਆਹ ਭੁੱਕਣੀ ਸਿਖਾਉਣੀ ਚਾਹੁੰਦਾ ਹੋਵੇ ਤਾਂ ਜੋ ਉਹਦਾ ਅਪਣਾ ਕੜਾਹ ਠੀਕਠਾਕ ਲਗਦਾ ਰਹੇ! ਜੇ ਸੁਹਿਰਦਤਾ ਹੋਵੇ, ਹਰ ਪਹਿਲੇ ਸਾਹਿਤਕਾਰ ਦਾ ਫ਼ਰਜ਼ ਹੈ, ਉਹ ਮਗਰਲਿਆਂ ਨੂੰ ਪੀੜ੍ਹੀਆਂ ਵਰਗੇ ਚੱਕਰਾਂ ਵਿਚ ਪਾਉਣ ਦੀ ਥਾਂ ਮਿਹਨਤ ਦਾ, ਸਾਧਨਾ ਦਾ, ਕਲਾਤਮਕ ਸੂਖ਼ਮਤਾ ਦਾ, ਭਾਸ਼ਾਈ ਪ੍ਰਬੀਨਤਾ ਦਾ ਪਾਠ ਪੜ੍ਹਾਵੇ।

**ਓਪਰਾ ਮਰਦ ਤੇ ਸਮਾਜ**

? : ਰਣਧੀਰ ਦੀ ਮੋਹੀ ਹੋਈ 'ਓਪਰਾ ਮਰਦ' ਕਹਾਣੀ ਦੀ ਦੀਪੋ ਪਤੀ ਕੋਲ ਮੰਜੀ ਡਾਹੁੰਦਿਆਂ ਰੋਜ਼ ਓਪਰੇ ਮਰਦ ਨਾਲ ਸੌਂ ਰਹੀ ਹੋਣ ਦਾ ਅਹਿਸਾਸ ਭੋਗਦੀ ਹੈ ਪਰ ਰਣਧੀਰ ਨਾਲ ਸਰੀਰਕ ਮੇਲ ਮਾਣ ਲੈਣ ਪਿੱਛੋਂ ਪਤੀ ਨੂੰ ਅਪਣਾ ਮਰਦ ਸਮਝਦਿਆਂ ਅਸਲ ਓਪਰੇ ਮਰਦ ਨਾਲ ਬਣਾਏ ਸਰੀਰਕ ਸੰਬੰਧ ਦੀ ਕਚਿਆਣ ਭੋਗਦੀ ਹੈ। ਇਸ ਮਾਨਸਿਕਤਾ ਦਾ ਆਧਾਰ ਸਮਝਾਉਗੇ? ਓਪਰਾ ਮਰਦ ਕੀ ਤੇਜ਼ੀ ਨਾਲ ਬਦਲ ਰਹੇ ਭਾਰਤੀ ਸਮਾਜ ਵਿਚ ਵੀ ਓਪਰਾ ਹੀ ਰਹੇਗਾ?

ਭੁੱਲਰ: ਤੁਹਾਡਾ ਸਵਾਲ ਬੜਾ ਅਹਿਮ ਹੈ। ਮੇਰੀ ਇਸ ਕਹਾਣੀ ਦੀਆਂ ਦੋ ਗੱਲਾਂ ਦੇਖਣ ਵਾਲੀਆਂ ਹਨ। ਇਕ ਤਾਂ ਇਹ ਕਿ ਰਣਧੀਰ ਨੂੰ ਭੋਗਣ ਦੀ ਅਪਣੀ ਇੱਛਾ ਦੀ ਪੂਰਤੀ ਵਾਸਤੇ ਸਾਰਾ ਮਾਹੌਲ ਦੀਪੋ ਆਪ ਸਿਰਜਦੀ ਹੈ, ਭਾਵ ਪਹਿਲ ਉਹ ਆਪ ਕਰਦੀ ਹੈ। ਉਹਦਾ ਵਿਹਾਰ ਇਸ ਸੱਚ ਦਾ ਵੀ ਪ੍ਰਮਾਣ ਹੈ ਕਿ ਪੁਰਸ਼ ਇਸਤਰੀ ਤੋਂ ਜੋ ਕੁਛ ਧੱਕੇ ਨਾਲ ਖੋਹਣ ਦਾ ਆਦੀ ਹੈ, ਇਸਤਰੀ ਸਹਿਜ ਨਾਲ, ਨਰਮੀ ਨਾਲ ਹਾਸਲ ਕਰਦੀ ਹੈ। ਦੂਜੀ ਇਹ ਕਿ ਇਸ ਇੱਛਾ-ਪੂਰਤੀ ਮਗਰੋਂ ਉਹਨੂੰ ਇਸ ਕਰਨੀ ਦੀ ਕਚਿਆਣ ਭੋਗਣੀ ਪੈਂਦੀ ਹੈ। ਇਹੋ ਮਾਨਸਿਕ ਤੇ ਵਿਹਾਰੀ ਦਵੰਦ ਹੈ ਜਿਸਨੇ ਇਸ ਕਹਾਣੀ ਨੂੰ ਪਾਠਕਾਂ ਦੇ ਦਿਲਾਂ ਵਿਚ ਵਸਾ ਦਿੱਤਾ ਹੈ। ਕਾਮਵੇਗ ਇਕ ਅਜਿਹਾ ਸੱਚ ਹੈ ਜੋ ਜੀਵ-ਵਿਗਿਆਨਕ ਪੱਖੋਂ ਇਸਤਰੀ-ਪੁਰਸ਼ ਦੋਵਾਂ ਲਈ ਇਕੋ ਜਿੰਨਾ ਮੂੰਹਜ਼ੋਰ ਹੈ। ਜਦੋਂ ਮਨੁੱਖ ਅਜੇ ਪ੍ਰਕਿਰਤੀ ਦੇ ਨੇੜੇ ਸੀ, ਸਾਡੇ ਪੁਰਾਤਨ ਗ੍ਰੰਥਾਂ ਵਿਚ ਇਸਤਰੀ ਦੀ ਕਾਮ-ਇੱਛਾ ਪੁਰਸ਼ ਨਾਲੋਂ ਘੱਟ ਨਹੀਂ ਦਿਖਾਈ ਗਈ। ਪ੍ਰਕਿਰਤਕ ਜੀਵਨ ਜਿਉਂਦੇ ਜਾਨਵਰਾਂ ਵਿਚ ਤਾਂ ਮਦੀਨ ਹੀ ਬੋਲ ਕੇ ਇੱਛਾ ਪ੍ਰਗਟ ਕਰਦੀ ਹੈ। ਇਕੋ-ਇਕ ਫ਼ਰਕ ਇਹ ਹੈ ਕਿ ਜਿਥੇ ਹੋਰ ਸਭ ਪ੍ਰਾਣੀਆਂ ਲਈ ਕਾਮ ਕੇਵਲ ਤੇ ਕੇਵਲ ਨਸਲ-ਉਤਪਤੀ ਦਾ ਵਸੀਲਾ ਹੈ, ਇਕੱਲਾ ਮਨੁੱਖ ਹੀ ਹੈ ਜਿਸਨੇ ਇਸਨੂੰ ਆਨੰਦ ਦਾ ਮੁੱਖ ਸਾਧਨ ਬਣਾ ਲਿਆ ਹੈ। ਇਸਤਰੀ ਦੇ ਕਾਮਵੇਗ ਦਾ ਦਮਨ ਤਾਂ ਇਤਿਹਾਸ ਵਿਚ ਬਹੁਤ ਮਗਰੋਂ ਜਾ ਕੇ ਹੋਇਆ ਜਦੋਂ ਪੁਰਸ਼ ਨੇ ਉਹਨੂੰ ਇਕ ਵਸਤ ਬਣਾ ਕੇ ਅਪਣੀ ਜਾਇਦਾਦ ਵਿਚ ਪਲਟ ਲਿਆ। ਇਸਤਰੀ ਦੀ ਕੁਦਰਤੀ ਕਾਮ-ਇੱਛਾ ਦੇ ਦਮਨ ਅਤੇ ਅਪਣੀ ਇਸ ਇੱਛਾ ਦੀ ਸਰਦਾਰੀ ਲਈ ਹੀ ਪੁਰਸ਼ ਨੇ, ਧਰਮ ਨੂੰ ਵੀ ਅਪਣੇ ਪੱਖ ਵਿਚ ਭੁਗਤਾ ਕੇ, ਇਸਤਰੀ ਨੂੰ ਇਹ ਪਾਠ ਪੜ੍ਹਾਇਆ ਕਿ ਉਹਦੇ ਲਈ ਇਸ ਇੱਛਾ ਨੂੰ ਪ੍ਰਗਟ ਕਰਨਾ ਤਾਂ ਕਿਤੇ ਰਿਹਾ, ਇਸਨੂੰ ਮਨ ਵਿਚ ਲਿਆਉਣਾ, ਇਸ ਬਾਰੇ ਸੋਚਣਾ ਵੀ ਪਾਪ ਹੈ ਅਤੇ ਜੀਵਨ ਦਾ ਇਹ ਪੱਖ ਪੁਰਸ਼ ਦੀ ਮਰਜ਼ੀ ਉੱਤੇ ਹੀ ਛੱਡ ਦੇਣਾ ਚਾਹੀਦਾ ਹੈ। ਇਸ ਚਾਲ ਵਿਚ ਪੁਰਸ਼ ਨੂੰ ਵੱਡੀ ਸਫਲਤਾ ਪ੍ਰਾਪਤ ਹੋਈ ਅਤੇ ਇਸਦੇ ਜੀਵ-ਵਿਗਿਆਨਕ ਪੱਖੋਂ ਬੜੇ ਦੂਰ-ਰਸ ਨਾਂਹਪੱਖੀ ਸਿੱਟੇ ਨਿਕਲੇ। ਅੱਜ ਵੀ ਜਦੋਂ ਸਾਧਾਰਨ ਅਣਪੜ੍ਹ, ਖਾਸ ਕਰਕੇ ਪੇਂਡੂ ਇਸਤਰੀਆਂ ਨੂੰ ਪੜ੍ਹੀਆਂ-ਲਿਖੀਆਂ ਕੁੜੀਆਂ ਕਿਸੇ ਅਕਾਦਮਿਕ ਖੋਜ ਜਾਂ ਕਿਸੇ ਸਰਵੇਅ ਲਈ ਭਰੋਸੇ ਵਿਚ ਲੈ ਕੇ ਪੁਛਦੀਆਂ ਹਨ, ਬਹੁਗਿਣਤੀ ਕਾਮ ਨੂੰ 'ਪੁਰਸ਼ਾਂ ਦਾ ਕੰਮ' ਹੀ ਆਖਦੀ ਹੈ। ਇਹ ਮੰਨਣ ਵਾਲੀਆਂ ਦੀ ਵੀ ਕੋਈ ਘਾਟ ਨਹੀਂ ਕਿ ਉਹ ਕੇਵਲ ਪੁਰਸ਼ ਦੀ ਇੱਛਾ-ਪੂਰਤੀ ਦਾ ਵਸੀਲਾ ਬਣਦੀਆਂ ਹਨ, ਆਪ ਉਹਨਾਂ ਨੂੰ ਕਦੀ ਵੀ ਕੋਈ ਦਿਲਚਸਪੀ ਨਹੀਂ ਰਹੀ। ਇਹ ਪੂਰੀ ਤਰ੍ਹਾਂ ਗ਼ੈਰ-ਕੁਦਰਤੀ ਸਥਿਤੀ ਹੈ। ਪਰ ਜਗੀਰੂ ਜ਼ਮਾਨੇ ਵਿਚ ਵੀ ਪ੍ਰੇਮ-ਕਿੱਸਿਆਂ ਦੀਆਂ ਨਾਇਕਾਵਾਂ ਦੀ ਸਮਾਜ ਵਿਰੁੱਧ ਬਗ਼ਾਵਤ ਇਕ ਪੱਧਰ ਉੱਤੇ ਅਪਣਾ ਇਹੋ ਅਧਿਕਾਰ ਜਤਾਉਣ ਲਈ ਹੁੰਦੀ ਸੀ। "ਵਾਰਿਸ ਸ਼ਾਹ ਨਾ ਮੁੜਾਂ ਰੰਝੇਟੜੇ ਤੋਂ, ਭਾਵੇਂ ਬਾਪ ਦੇ ਬਾਪ ਦਾ ਬਾਪ ਆਵੇ!" ਆਖਣ ਸਮੇਂ ਹੀਰ ਅਪਣੇ ਇਸੇ ਅਧਿਕਾਰ ਦਾ ਪ੍ਰਚਮ ਬੁਲੰਦ ਕਰਦੀ ਹੈ। ਦੀਪੋ ਦਾ ਰਣਧੀਰ ਨੂੰ ਭੋਗਣਾ ਵੀ ਇਸੇ ਲੜੀ ਵਿਚ ਆਉਂਦਾ ਹੈ। ਅੱਜ ਦੇ ਜੁੱਗ ਵਿਚ ਜਦੋਂ ਵਿਦਿਆ, ਵਿਗਿਆਨ ਤੇ ਮਾਨਵੀ ਅਧਿਕਾਰਾਂ ਦਾ ਬੋਲਬਾਲਾ ਹੈ, ਇਹ ਸੰਭਵ ਨਹੀਂ ਕਿ ਇਸਤਰੀ ਅਪਣੀ ਇਸ ਆਦਿਕਾਲੀ, ਕੁਦਰਤੀ ਇੱਛਾ ਦੀ ਸੁਰਜੀਤੀ ਦਾ ਮਹੱਤਵ ਨਾ ਪਛਾਣੇ। ਤਾਂ ਵੀ ਪੁਰਸ਼ ਹੋਵੇ ਜਾਂ ਇਸਤਰੀ, ਸਮਾਜਕ ਜੀਵਨ ਤਾਂ ਵਿਅਕਤੀਗਤ ਆਜ਼ਾਦੀ ਤੇ ਸਮਾਜਕ ਨੇਮਾਂ ਵਿਚਕਾਰ ਸਮਝੌਤੇ ਦੇ ਆਧਾਰ ਉੱਤੇ ਹੀ ਚਲਦਾ ਹੈ। ਇਸ ਪ੍ਰਬੰਧ ਵਿਚ ਓਪਰਾ ਮਰਦ ਓਨਾਂ ਚਿਰ ਓਪਰਾ ਹੀ ਰਹੇਗਾ ਜਿੰਨਾ ਚਿਰ ਵਿਆਹ ਦੀ ਸੰਸਥਾ ਕਾਇਮ ਹੈ।

? : 'ਓਪਰਾ ਮਰਦ' ਕਹਾਣੀ ਦੇ ਦੂਜੇ ਪੱਖ ਵੱਲ ਆਈਏ। ਅਪਣੀ ਇੱਛਾ ਨਾਲ ਕੀਤੇ ਮੇਲ ਤੋਂ ਮਗਰੋਂ ਦੀਪੋ ਜਿਹੜੀ ਕਚਿਆਣ ਭੋਗਦੀ ਹੈ, ਤੁਹਾਡੇ ਅਨੁਸਾਰ ਉਹਦਾ ਆਧਾਰ ਕੀ ਹੈ?

ਭੁੱਲਰ: ਦੀਪੋ ਦੀ ਕਚਿਆਣ ਵੀ ਓਨੀਂ ਹੀ ਕੁਦਰਤੀ ਹੈ ਜਿੰਨੀ ਉਹਦੀ ਇੱਛਾ-ਪੂਰਤੀ। ਉਹਦਾ ਮਲ-ਮਲ ਨ੍ਹਾਉਣਾ ਤੇ ਧੁਰ ਅੰਦਰ ਨੂੰ ਕੂਚਣ-ਹੰਘਾਲਣ ਲਈ ਦਾਤਨ ਕਰਨਾ ਇਸੇ ਕਚਿਆਣ ਨੂੰ ਧੋਣ-ਮਾਂਜਣ ਦਾ ਉਪਰਾਲਾ ਹੈ। ਸਮਾਜਕ ਨੇਮ, ਸਭਿਆਚਾਰ, ਪ੍ਰੰਪਰਾ ਅਪਣੇ ਆਪ ਵਿਚ ਇਕ ਵੱਡੀ ਸ਼ਕਤੀ ਹਨ। ਇਹਨਾਂ ਦਾ ਉਲੰਘਣ ਕਰ ਕੇ ਕਿਸੇ ਪਾਪਬੋਧ ਤੋਂ ਪੂਰੀ ਤਰ੍ਹਾਂ ਮੁਕਤ ਰਹਿ ਸਕਣਾ ਵਿਅਕਤੀ ਲਈ ਸੰਭਵ ਨਹੀਂ, ਉਹ ਚਾਹੇ ਭਾਵੇਂ ਨਾ ਚਾਹੇ ਅਤੇ ਉਹ ਭਾਵੇਂ ਕਿੰਨੇ ਹੀ ਜਿਗਰੇ ਵਾਲਾ ਤੇ ਸਮਾਜ ਦੀ ਪਰਵਾਹ ਨਾ ਕਰਨ ਦਾ ਦਾਅਵਾ ਕਰਨ ਵਾਲਾ ਕਿਉਂ ਨਾ ਹੋਵੇ। ਇਹਨਾਂ ਸਭ ਬੰਧਨਾਂ ਤੋਂ ਸਮਾਜ ਦੇ ਅੰਦਰ ਰਹਿੰਦਿਆਂ ਪੂਰੀ ਤਰ੍ਹਾਂ ਮੁਕਤ ਹੋ ਸਕਣਾ ਮੁਸ਼ਕਿਲ ਹੀ ਨਹੀਂ, ਅਸੰਭਵ ਹੈ। ਇਕ ਦਿਲਚਸਪ ਗੱਲ ਦੱਸਾਂ। ਜਦੋਂ ਮੈਂ ਇਹ ਕਹਾਣੀ ਕਈ ਦਹਾਕੇ ਪਹਿਲਾਂ ਲਿਖੀ ਸੀ, ਮੈਨੂੰ ਇਸਦੇ ਵਿਗਿਆਨਕ ਆਧਾਰ ਦੀ ਸੋਝੀ ਨਹੀਂ ਸੀ। ਪਿਛੇ ਜਿਹੇ ਮੈਂ ਇਕ ਅੰਗਰੇਜ਼ੀ ਲੇਖ ਪੜ੍ਹਿਆ ਤਾਂ ਬੜੀ ਹੈਰਾਨੀ ਹੋਈ। ਉਸ ਵਿਚ ਇਸ ਮਨੋਵਿਗਿਆਨਕ ਵਰਤਾਰੇ ਨੂੰ 'ਲੇਡੀ ਮੈਕਬੈੱਥ ਈਫ਼ੈਕਟ' ਕਿਹਾ ਗਿਆ ਸੀ। ਸ਼ੈਕਸਪੀਅਰ ਦੇ ਨਾਟਕ 'ਮੈਕਬੈੱਥ' ਦੀ ਪਾਤਰ ਲੇਡੀ ਮੈਕਬੈੱਥ ਨੇ ਬਾਦਸ਼ਾਹ ਦੇ ਕਤਲ ਦੀ ਸਾਜ਼ਿਸ਼ ਰਚਾਈ ਸੀ। ਮਗਰੋਂ ਇਹੋ ਪਾਪਬੋਧ ਉਸ ਉੱਤੇ ਭਾਰੂ ਹੋ ਗਿਆ। ਇਸ ਵਰਤਾਰੇ ਦੀ ਬੜੀ ਦਿਲਚਸਪ ਵਿਆਖਿਆ ਦਿੱਤੀ ਹੋਈ ਸੀ,"ਉਹ ਅਪਣੇ ਕਲਪਿਤ ਲਹੂ-ਲਿੱਬੜੇ ਹੱਥਾਂ ਨੂੰ ਇਸ ਆਸ ਨਾਲ ਵਾਰ ਵਾਰ ਧੋਂਦੀ ਹੈ ਕਿ ਇਉਂ ਉਹਦੇ ਪਾਪ ਧੋਤੇ ਜਾਣਗੇ। ਇਹ ਅਜਿਹੀ ਮਨੋਵਿਗਿਆਨਕ ਦਸ਼ਾ ਹੈ ਜਿਸ ਵਿਚ ਕੋਈ ਗ਼ਲਤ ਕੰਮ ਕਰ ਬੈਠੇ ਵਿਅਕਤੀ ਅਪਣੀ ਆਤਮਾ ਨੂੰ ਪਾਪਬੋਧ ਤੋਂ ਮੁਕਤ ਕਰਨ ਲਈ ਅਪਣੇ ਹੱਥ ਜਾਂ ਸਰੀਰ ਧੋਣ ਦੀ ਲੋੜ ਮਹਿਸੂਸ ਕਰਦੇ ਹਨ। ਉਹ ਇਹ ਸਮਝਣ ਲਗਦੇ ਹਨ ਕਿ ਸਰੀਰਕ ਮਾਂਜ-ਕੂਚ ਸਦਾਚਾਰਕ ਨਿਰਮਲਤਾ ਦਾ ਬਦਲ ਹੋ ਸਕਦੀ ਹੈ!" ਜੀਵਨ ਵਿਚ ਅਜਿਹੇ ਵਿਅਕਤੀਆਂ ਦੀ ਘਾਟ ਨਹੀਂ। ਅਜਿਹੇ ਇਕ ਸੱਜਨ ਨਾਲ ਤਾਂ ਮੇਰਾ ਲੰਮਾ ਸਮਾਂ ਵਾਹ ਰਿਹਾ। ਉਹ ਪੰਜਾਬੀ ਕਵੀ ਹੁਣ ਤਾਂ ਬਜ਼ੁਰਗ ਹੋ ਕੇ ਸਾਹਿਤਕ ਖੇਤਰ ਤੋਂ ਬਾਹਰ ਹੀ ਹੋ ਗਿਆ ਪਰ ਉਸ ਸਮੇਂ ਉਹਦਾ, ਖਾਸ ਕਰਕੇ ਸਟੇਜਾਂ ਉੱਤੇ, ਚੰਗਾ ਵਾਹਵਾ ਨਾਂ ਸੀ। ਉਹਨੂੰ ਰੂਸੀ ਦਫ਼ਤਰ ਵਿਚ ਮੈਂ ਹੀ ਨੌਕਰੀ ਉੱਤੇ ਲੁਆਇਆ ਸੀ। ਸਾਰਾ ਦਿਨ ਹੱਥ ਧੋਣ ਲਈ ਗੁਸਲਖਾਨੇ ਦੇ ਗੇੜੇ ਕਢਦਾ ਰਹਿੰਦਾ। ਕਈ ਲੋਕ ਜਾਣ-ਬੁੱਝ ਕੇ ਉਹਨੂੰ ਤੰਗ ਕਰਨ ਵਾਸਤੇ ਗੁਸਲਖਾਨਿਉਂ ਨਿਕਲੇ ਵੱਲ ਮਿਲਾਉਣ ਲਈ ਹੱਥ ਵਧਾ ਦਿੰਦੇ। ਉਹ ਬਿਚਾਰਾ ਹੱਥ ਮਿਲਾਉਂਦਾ ਤੇ ਅਗਲੇ ਦੇ ਲੰਘ ਜਾਣ ਦੀ ਉਡੀਕ ਕਰ ਕੇ ਫੇਰ ਹੱਥ ਧੋਣ ਮੁੜ ਜਾਂਦਾ। ਜਿਸ ਦਿਨ ਦਫ਼ਤਰ ਲੱਗਣ ਤੋਂ ਕੁਛ ਘੰਟਿਆਂ ਮਗਰੋਂ ਵੀ ਗੁਸਲਖਾਨੇ ਦੀ ਸਾਬਣਦਾਨੀ ਵਿਚ ਤਰਲ ਸਾਬਣ ਬਚ ਰਹਿੰਦੀ, ਲੋਕ ਇਕ ਦੂਜੇ ਨੂੰ ਉਹਦਾ ਨਾਂ ਲੈ ਕੇ ਪੁਛਦੇ, ਅੱਜ ਉਹ ਨਹੀਂ ਆਇਆ, ਹੁਣ ਤੱਕ ਸਾਬਣ ਬਚੀ ਪਈ ਹੈ? ਰੱਬ ਜਾਣੇ, ਉਹਨੂੰ ਇਹ ਕਿਸ ਗੁਨਾਹ ਦਾ ਅਹਿਸਾਸ ਜਿੱਚ ਕਰ ਰਿਹਾ ਸੀ! ਪੁੱਛਿਆਂ ਵੀ ਉਹਨੇ ਦੱਸਣਾ ਥੋੜ੍ਹੋ ਸੀ!

**ਮਿੱਟੀ ਦੀ ਖਿੱਚ**

? : ਸੰਤਾਲੀ ਦੀ ਵੰਡ ਬਾਰੇ ਕਹਾਣੀਆਂ ਵਿਚ ਪੰਜਾਬੀ ਲੇਖਕਾਂ ਦੇ ਭਾਵੁਕ ਪ੍ਰਤੀਕਰਮ ਤਾਂ ਹਨ ਪਰ ਸਥਿਤੀ ਦੀ ਬੌਧਿਕ ਸਮਝ ਨਹੀਂ ਉਭਰਦੀ। ਤੁਸੀਂ ਇਸਦਾ ਕੀ ਕਾਰਨ ਸਮਝਦੇ ਹੋ? ਕੀ 'ਫੱਤੂ ਮਰਾਸੀ' ਕਹਾਣੀ ਦਾ ਫੱਤੂ ਸੱਚਮੁੱਚ ਹੀ ਮਿੱਟੀ ਦਾ ਖਿੱਚਿਆ ਆਉਂਦਾ ਹੈ?

ਭੁੱਲਰ: ਮਨੁੱਖੀ ਇਤਿਹਾਸ ਵਿਚ ਜਦੋਂ ਵੀ ਕੋਈ ਘੱਲੂਘਾਰਾ ਵਾਪਰਦਾ ਹੈ, ਪਹਿਲਾ ਪ੍ਰਤੀਕਰਮ ਭਾਵੁਕ ਹੀ ਹੁੰਦਾ ਹੈ। ਬੌਧਿਕ ਸਮਝ ਸਮਾਂ ਪਾ ਕੇ ਠਰ੍ਹੰਮੇ-ਭਰੇ ਚਿੰਤਨ-ਮੰਥਣ ਤੋਂ ਮਗਰੋਂ ਹੀ ਬਣ ਸਕਦੀ ਹੈ। ਫੇਰ ਕਹਾਣੀ ਦੇ ਆਕਾਰ ਤੇ ਬਣਤਰ ਦੀ ਸੀਮਾ ਦਾ ਵੀ ਸਵਾਲ ਹੈ। ਫੱਤੂ ਭਾਵੇਂ ਅਪਣੇ ਬੌਧਿਕ-ਸਭਿਆਚਾਰਕ ਪੱਧਰ ਕਾਰਨ ਅਪਣੀ ਗੱਲ ਦਾ ਮੁਕੰਮਲ ਅਰਥ ਆਪ ਨਾ ਸਮਝਦਾ ਹੋਵੇ ਪਰ ਸਾਨੂੰ ਤਾਂ ਸਮਝਣਾ ਹੀ ਚਾਹੀਦਾ ਹੈ। ਮਿੱਟੀ ਤਾਂ ਸਮੁੱਚੇ ਪਿੰਡ, ਸਮੁੱਚੇ ਇਲਾਕੇ, ਸਮੁੱਚੇ ਭਾਈਚਾਰੇ, ਰਿਸ਼ਤਿਆਂ-ਨਾਤਿਆਂ, ਕੌੜੀਆਂ-ਮਿੱਠੀਆਂ ਯਾਦਾਂ, ਗੁਆਚੇ ਹੋਏ ਆਪਣਿਆਂ, ਦੁੱਖ-ਸੁਖ ਵਿਚ ਨਾਲ ਖਲੋਂਦੇ ਰਹੇ ਗਰਾਈਆਂ ਤੇ ਹੋਰ ਬੜੇ ਕੁਛ ਦਾ ਚਿੰਨ੍ਹ ਹੈ। ਫੱਤੂ ਉਸ ਹਾਲਤ ਵਿਚੋਂ ਪਰਤਦਾ ਹੈ ਜੋ ਇਸ ਸਭ ਕੁਛ ਤੋਂ ਟੁੱਟੇ ਆਦਮੀ ਦੀ ਹੁੰਦੀ ਹੈ। ਇਹ ਕਹਾਣੀ ਲਿਖੇ ਜਾਣ ਤੋਂ ਬਹੁਤ ਸਾਲ ਮਗਰੋਂ ਇਕ ਵਾਰ ਪਾਕਿਸਤਾਨੀ ਕਹਾਣੀਕਾਰ ਜਨਾਬ ਹਨੀਫ਼ ਚੌਧਰੀ ਇਕ ਦਿਨ ਇਥੇ ਮੇਰੇ ਘਰ ਰਹੇ। ਉਧਰੋਂ ਤੁਰਨ ਵੇਲੇ ਉਹਨਾਂ ਨੇ ਮੰਜੇ ਜੋਗੀ ਬਜ਼ੁਰਗ ਮਾਂ ਦੇ ਕੰਨ ਵਿਚ ਉੱਚੀ ਬੋਲ ਕੇ ਕਿਹਾ, ਮਾਂ ਮੈਂ ਹਿੰਦੁਸਤਾਨ ਜਾ ਰਿਹਾ ਹਾਂ, ਤੁਸੀਂ ਕੁਛ ਕਹਿਣਾ ਹੈ? ਉਹ ਬੋਲੀ, ਅਪਣੇ ਪਿੰਡ ਜਾਈਂ ਤੇ ਮੈਨੂੰ ਸਵਾ ਸੇਰ ਮਿੱਟੀ ਲਿਆ ਦੇਈਂ! ਉਹ ਹਮਦਰਦ ਜੀ ਦੀ ਮਦਦ ਨਾਲ ਮਾਝੇ ਦੇ ਅਪਣੇ ਇਧਰਲੇ ਪਿੰਡ ਜਾ ਕੇ ਲਿਆਂਦੀ ਸਵਾ ਸੇਰ ਮਿੱਟੀ ਦੀ ਪੋਟਲੀ ਹਿੱਕ ਨਾਲ ਲਾਈਂ ਫਿਰਦੇ ਸਨ। ਪੰਜ ਕੁ ਸਾਲ ਪਹਿਲਾਂ ਮੈਂ ਅਮਰੀਕਾ ਗਿਆ। ਉਥੇ ਵਸੇ ਮੇਰੀ ਭੂਆ ਦੇ ਪੁੱਤ ਭਰਾ ਦੀ ਪਤਨੀ ਕਹਿੰਦੀ, ਮੈਂ ਤਾਂ ਪਿੰਡ ਹੀ ਜਾਊਂ! ਮੈਂ ਹੱਸਿਆ, ਤੇਰਾ ਪਤੀ-ਪ੍ਰਮੇਸ਼ਰ ਇਥੇ, ਤੇਰਾ ਇਕਲੌਤਾ ਪੁੱਤਰ ਪਰਿਵਾਰ ਸਮੇਤ ਇਥੇ, ਤੇਰਾ ਉਥੇ ਕੀ ਹੈ? ਕਹਿੰਦੀ, ਉਥੇ ਮੇਰੀ ਜੰਮਣ-ਭੋਇੰ ਦੀ ਮਿੱਟੀ ਹੈ!

? : ਕੀ 'ਖ਼ੂਨ' ਕਹਾਣੀ ਵਿਚ ਕਰਤਾਰੇ ਦਾ ਭਤੀਜੇ ਦੇ ਮੋਹ ਵਿਚ ਪੰਘਰਨਾ ਅਪਵਾਦ ਨਹੀਂ? ਨਾਲੇ ਇਹ ਕਬਾਇਲੀ ਸੰਸਕਾਰਾਂ ਦੀ ਕਹਾਣੀ ਹੈ। ਅਜੋਕੇ ਜੁੱਗ ਵਿਚ ਅਜਿਹੀ ਕਹਾਣੀ ਲਿਖਣ ਦਾ ਕੀ ਮਹੱਤਵ ਹੋ ਸਕਦਾ ਹੈ?

ਭੁੱਲਰ: ਮਨੁੱਖੀ ਰਿਸ਼ਤਿਆਂ ਅਤੇ ਵਿਹਾਰ ਵਿਚ ਅਪਵਾਦ ਕਾਹਦਾ? ਇਹ ਸਭ ਕਿਸੇ ਇਕ ਖਾਨੇ ਵਿਚ ਸੀਮਤ ਨਹੀਂ ਕੀਤੇ ਜਾ ਸਕਦੇ। ਮਨੁੱਖਤਾ ਤੋਂ ਭਟਕੇ ਹੋਏ ਮਨੁੱਖ ਦਾ ਮਨੁੱਖਤਾ ਵੱਲ ਪਰਤਣਾ ਅਪਵਾਦ ਨਹੀਂ, ਅਪਵਾਦ ਤਾਂ ਤਦ ਹੁੰਦਾ ਜੇ ਉਹ ਭਤੀਜੇ ਨੂੰ ਮਾਰ ਦਿੰਦਾ। ਇਹ ਸਵਾਲ ਇਕ ਵਾਰ ਮੈਥੋਂ ਇਕ ਮਾਰਕਸਵਾਦੀ ਆਲੋਚਕ ਨੇ ਵੀ ਪੁੱਛਿਆ ਸੀ ਕਿ ਕਬਾਇਲੀ ਤੇ ਜਗੀਰੂ ਕਦਰਾਂ-ਕੀਮਤਾਂ ਦੀ ਪ੍ਰਸੰਸਾ ਕਿਉਂ? ਮੇਰਾ ਤੁਹਾਨੂੰ ਵੀ ਉਹੋ ਜਵਾਬ ਹੈ। ਕਬਾਇਲੀ ਸਮਾਜ ਵਿਚ ਜਾਂ ਜਗੀਰੂ ਸਮਾਜ ਵਿਚ ਜਾਂ ਹੁਣ ਪੂੰਜੀਵਾਦੀ ਸਮਾਜ ਵਿਚ ਜੋ ਕੁਛ ਚੰਗਾ ਰਿਹਾ ਹੈ ਜਾਂ ਹੁਣ ਹੈ, ਕੀ ਉਸ ਨੂੰ ਵੀ ਉਹਨਾਂ ਸਮਾਜਾਂ ਦੀਆਂ ਸਮਾਜਕ-ਆਰਥਕ ਬਦੀਆਂ ਕਾਰਨ ਤਿਆਗ ਦੇਈਏ? ਮਾਰਕਸ ਵਾਲਾ ਨਹੀਂ, ਅਜੀਬ 'ਮਾਰਕਸਵਾਦ' ਹੋਵੇਗਾ ਇਹ! ਮਨੁੱਖੀ ਵਿਕਾਸ ਇਸ ਪ੍ਰਕਾਰ ਨਹੀਂ ਹੋਇਆ ਕਿ ਹਰ ਨਵੀਂ ਵਿਵਸਥਾ ਆਉਣ ਨਾਲ ਪੁਰਾਣਾ ਸਭ ਕੁਛ ਹੀ ਰੱਦ ਕਰ ਦਿੱਤਾ ਗਿਆ ਹੋਵੇ ਤੇ ਸਭ ਕੁਛ ਹੀ ਨਵਾਂ ਆ ਗਿਆ ਹੋਵੇ। ਮਨੁੱਖੀ ਇਤਿਹਾਸ ਤਾਂ ਨਿਰੰਤਰ ਵਰਤਾਰਾ ਹੈ। ਜੋ ਕੁਛ ਚੰਗਾ ਹੈ, ਤਬਦੀਲੀ ਮਗਰੋਂ ਵੀ ਸਾਂਭਿਆ ਜਾਂਦਾ ਰਿਹਾ ਹੈ ਤੇ ਸਾਂਭਿਆ ਜਾਣਾ ਚਾਹੀਦਾ ਹੈ, ਨਹੀਂ ਤਾਂ ਮਨੁੱਖੀ ਵਿਕਾਸ ਹੀ ਰੁਕ ਜਾਵੇਗਾ।

**ਸ਼ਹਿਰ ਦੀ ਕਠੋਰਤਾ**

? : 'ਰੋਹੀ-ਬੀਆਬਾਨ' ਕਹਾਣੀ ਵਿਚ ਸ਼ਹਿਰ ਨੂੰ ਵਧੇਰੇ ਹੀ ਕਠੋਰ ਨਹੀਂ ਦਿਖਾ ਦਿੱਤਾ ਗਿਆ?

ਭੁੱਲਰ: ਨਹੀਂ, ਅਜਿਹਾ ਨਹੀਂ। ਸਗੋਂ ਹੁਣ ਤਾਂ ਇਹ ਕਠੋਰਤਾ ਹੌਲੀ ਹੌਲੀ ਜੀਰ ਕੇ ਮਹਾਂਨਗਰਾਂ ਤੋਂ ਤੁਰੀ ਵੱਡੇ ਸ਼ਹਿਰਾਂ ਵਿਚੋਂ ਦੀ ਹੁੰਦੀ ਹੋਈ ਛੋਟੇ ਸ਼ਹਿਰਾਂ ਤੇ ਨਗਰਾਂ ਤੱਕ ਪੁਜਦੀ ਜਾਂਦੀ ਹੈ। ਪਿੰਡਾਂ ਵਿਚਲੇ ਰਿਸ਼ਤੇ ਵੀ ਪਹਿਲਾਂ ਵਾਲੇ ਨਰਮ-ਕੂਲੇ ਨਹੀਂ ਰਹਿ ਗਏ। ਸ਼ਹਿਰੀ ਮਨੁੱਖ ਹੁਣ ਇਕੱਲਾ ਹੈ। ਗੁਆਂਢੀਆਂ ਤੱਕ ਦੀ ਉਹਦੇ ਲਈ ਕੋਈ ਹੋਂਦ ਨਹੀਂ। ਪਹਿਲਾਂ ਦੇ ਲੋਕਾਂ ਦੀ ਸਮਾਜਕ ਸੋਚ ਨੂੰ ਸੁਰਜੀਤ ਪਾਤਰ ਨੇ 'ਚਾਰ ਕੁ ਬੰਦੇ ਰੱਖ ਲੈ ਮੋਢਾ ਦੇਣ ਲਈ' ਲਿਖ ਕੇ ਬੋਲ ਦਿੱਤੇ ਸਨ। ਹੁਣ ਚਾਰ ਬੰਦਿਆਂ ਦੀ ਲੋੜ ਵੀ ਨਹੀਂ ਰਹੀ; ਫ਼ੋਨ ਕਰੋ, ਗੱਡੀ ਆ ਜਾਂਦੀ ਹੈ। ਮੇਰੀ ਕਹਾਣੀ 'ਇੱਕੀਵੀਂ ਸਦੀ' ਵਿਚ ਇਸੇ ਵਰਤਾਰੇ ਦਾ ਚਿਤਰਨ ਹੈ। ਕਹਾਣੀ 'ਨਾਗਰਿਕ ਨੰਬਰ 236' ਵਿਚ ਤਾਂ ਮਨੁੱਖ ਨਾਂ ਤੱਕ ਗੁਆ ਬੈਠੇ ਹਨ ਤੇ ਘਰਾਂ ਦੇ ਨੰਬਰਾਂ ਨਾਲ ਜਾਣੇ ਜਾਂਦੇ ਹਨ। 1963 ਵਿਚ ਮੈਂ ਭਾਪਾ ਜੀ ਲਈ ਇਕ ਰੁਪਿਆ ਪੁਸਤਕ-ਲੜੀ ਵਾਸਤੇ ਇਕ ਪੁਸਤਕ 'ਇਕੋਤਰ ਸੌ ਕਵੀ' ਸੰਪਾਦਿਤ ਕੀਤੀ ਸੀ। ਉਸ ਵਿਚ ਪਾਕਿਸਤਾਨੀ ਕਵੀ ਮੁਨੀਰ ਨਿਆਜ਼ੀ ਦੀ ਇਕ ਕਵਿਤਾ 'ਸ਼ਹਿਰ ਦੇ ਮਕਾਨ' ਸੀ। ਪੂਰੀ ਕਵਿਤਾ ਏਨੀਂ ਹੀ ਸੀ:"ਅਪਣੇ ਹੀ ਡਰ ਤੋਂ/ ਜੁੜੇ ਹੋਏ ਨੇ/ ਇਕ ਦੂਜੇ ਦੇ ਨਾਲ!" ਓਦੋਂ ਤਾਂ ਇਹ ਗੱਲ ਪਤਾ ਨਹੀਂ ਕਿੰਨੀ ਕੁ ਸੱਚ ਸੀ ਪਰ ਹੁਣ ਤਾਂ ਇਹੋ ਸੰਪੂਰਨ ਸੱਚ ਹੈ। ਸ਼ਹਿਰੀ ਮਨੁੱਖ ਹੁਣ ਇਕ ਦੂਜੇ ਨਾਲ ਕੇਵਲ ਡਰ ਦੇ ਰਿਸ਼ਤੇ ਕਾਰਨ ਹੀ ਜੁੜੇ ਹੋਏ ਹਨ।

**ਮੈਂ ਵਿਉਂਤੀ ਨਹੀਂ**

? : ਸਾਹਿਤ ਰਚਣ ਸੰਬੰਧੀ ਤੁਹਾਡੀਆਂ ਵਰਤਮਾਨ ਤੇ ਭਵਿੱਖੀ ਵਿਉਂਤਾਂ ਕੀ ਹਨ?

ਭੁੱਲਰ: ਇਕ ਤਾਂ ਜੀਵਨ ਵਿਚ ਮੈਥੋਂ ਕਦੇ ਵਿਉਂਤ ਬਣਾ ਕੇ ਨਹੀਂ ਚੱਲਿਆ ਗਿਆ। ਤੁਹਾਡੀ ਗੱਲ ਨੂੰ ਖੁੱਲ੍ਹੇ ਅਰਥਾਂ ਵਿਚ ਲਿਆਂ ਅਜੇ ਬਹੁਤ ਕੁਛ ਕਰਨ ਨੂੰ ਦਿਲ ਕਰਦਾ ਹੈ ਤੇ ਬਹੁਤ ਕੁਛ ਕਰਨ ਵਾਲਾ ਪਿਆ ਹੈ। ਰਾਜਿੰਦਰ ਸਿੰਘ ਬੇਦੀ ਕਹਿੰਦੇ ਸਨ, ਕਹਾਣੀਕਾਰ ਦੇ ਜੀਵਨ ਵਿਚ ਅੰਤ ਨੂੰ ਅਜਿਹਾ ਪੜਾਅ ਆ ਜਾਂਦਾ ਹੈ ਜਦੋਂ ਕਹਾਣੀ ਗਲੀ ਦੇ ਹਰ ਮੋੜ ਉੱਤੇ ਖੜ੍ਹੀ ਮਿਲਦੀ ਹੈ। ਮੇਰਾ ਵੀ ਹੁਣ ਉਹੋ ਪੜਾਅ ਹੈ। ਸਾਹਿਤ ਨਾਲ ਲੰਮਾ ਵਾਹ ਹੈ, ਬੜਾ ਕੁਛ ਪੜ੍ਹਿਆ ਹੈ, ਸੰਘਣਾ ਜੀਵਨ ਅਨੁਭਵ ਹੈ, ਲਿਖਣ ਲਈ ਏਨਾਂ ਕੁਛ ਹੈ ਕਿ ਕਲਮ ਫੜਦਾ ਹਾਂ ਤਾਂ ਉਹ ਕਾਗ਼ਜ਼ ਉੱਤੇ ਆਪੇ ਹੀ ਤੁਰਨ ਲਗਦੀ ਹੈ। ਹੁਣ ਤਾਂ ਪਹਿਲਾਂ ਜਿੰਨਾ ਵੀ ਸੋਧਣ-ਦੁਹਰਾਉਣ ਦੀ ਲੋੜ ਨਹੀਂ ਪੈਂਦੀ। ਪਰ ਇਕ ਸੱਚ ਇਹ ਕਹਾਵਤ ਵੀ ਤਾਂ ਬਿਆਨ ਕਰਦੀ ਹੈ: ਦਾਖਾਂ ਪੱਕੀਆਂ ਤਾਂ ਨਾਲ ਹੀ ਤੋਤੇ ਦੀ ਚੁੰਝ ਪੱਕ ਗਈ! ਰੋਜ਼ਗਾਰ ਦੇ ਰੁਝੇਵਿਆਂ ਤੋਂ ਮੁਕਤ ਹੋਏ ਤਾਂ ਦਵਾਈਆਂ ਦੇ ਉਲਝੇਵੇਂ ਆ ਗਏ। ਇਕ ਵਾਰ ਮੈਂ ਸੇਖੋਂ ਜੀ ਨੂੰ ਹਾਲ ਪੁੱਛਿਆ। ਉਹ ਧੁੱਪ ਵਿਚ ਕੁਰਸੀ ਉੱਤੇ ਬੈਠੇ ਸਨ। ਮੁੱਠੀਆਂ ਖੋਲ੍ਹ ਤੇ ਬੰਦ ਕਰ ਕਰ ਕੇ ਅਤੇ ਲੱਤਾਂ-ਬਾਂਹਾਂ ਨੂੰ ਸਿੱਧੀਆਂ ਤੇ ਕੱਠੀਆਂ ਕਰ ਕਰ ਕੇ ਹੱਸੇ,"ਭੁੱਲਰ, ਹੁਣ ਤਾਂ ਇਉਂ ਲਗਦਾ ਹੈ ਜਿਵੇਂ ਸਰੀਰ ਕੰਚ ਦਾ ਬਣਿਆ ਹੋਵੇ!" ਓਦੋਂ ਮੈਨੂੰ ਉਹਨਾਂ ਦੀ ਗੱਲ ਦੀ ਸਮਝ ਨਹੀਂ ਸੀ ਆਈ, ਹੁਣ ਪੂਰੀ ਤਰ੍ਹਾਂ ਆਉਂਦੀ ਹੈ। ਤਾਂ ਵੀ ਲਿਖਦੇ ਤਾਂ ਰਹਿਣਾ ਹੀ ਹੈ। ਲਿਖਣ ਤੋਂ ਬਿਨਾਂ ਮੈਨੂੰ ਹੋਰ ਕੁਛ ਕਰਨਾ ਵੀ ਤਾਂ ਨਹੀਂ ਆਉਂਦਾ! ਤੇ ਫੇਰ, ਭਾਈ, ਤੁਹਾਡਾ ਸਭ ਦਾ, ਲੇਖਕਾਂ ਦਾ, ਪਾਠਕਾਂ ਦਾ ਸਨੇਹ-ਪਿਆਰ ਵੀ ਤਾਂ ਏਨਾਂ ਵੱਡਾ ਉਤਸਾਹ ਦਾ ਸੋਮਾ ਤੇ ਪ੍ਰੇਰਕ ਹੈ ਕਿ ਉਸਨੇ ਮੈਨੂੰ ਤੇ ਮੇਰੀ ਕਲਮ ਨੂੰ ਤੋਰੀਂ ਰੱਖਣਾ ਹੈ!

------------------

# ਭੁੱਖਮਰੀ ਦਾ ਭੂਗੋਲ

ਸੁਧੀਸ਼ ਕੁਮਾਰ ਪਟੇਲ



ਵਿਸ਼ਵ ਆਰਥਕ ਪਟੜੀ 'ਤੇ ਭਾਰਤ ਤੇਜ਼ ਗਤੀ ਨਾਲ ਵਿਕਾਸ ਕਰਨ ਵਾਲੇ ਦੇਸ਼ਾਂ ਦੀ ਸੂਚੀ ਵਿਚ ਚੀਨ ਤੋਂ ਬਾਅਦ ਸਿਰਮੌਰ ਹੈ, ਜਿਸ ਨੂੰ ਪੂਰਾ ਵਿਸ਼ਵ ਸਵੀਕਾਰ ਵੀ ਕਰਦਾ ਹੈ ਪਰ ਖੁਰਾਕ ਸੁਰੱਖਿਆ ਦੇ ਮੋਰਚੇ 'ਤੇ ਉਹ ਅਸਫ਼ਲ ਹੋ ਰਿਹਾ ਹੈ। ਸੰਤੁਲਿਤ ਆਹਾਰ ਦੀ ਗੱਲ ਕੌਣ ਕਰੇ, ਅੱਜ ਵੀ ਦੇਸ਼ ਵਿਚ ਅਜਿਹੇ ਲੱਖਾਂ ਪਰਿਵਾਰਾਂ ਹਨ, ਜਿਨ੍ਹਾਂ ਨੂੰ ਢਿੱਡ ਭਰਨਯੋਗ ਖਾਣਾ ਵੀ ਨਸੀਬ ਨਹੀਂ ਹੈ। ਜੇਕਰ ਅੰਕੜਿਆਂ ਦੀ ਗੱਲ ਕਰੀਏ ਤਾਂ 22 ਕਰੋੜ ਤੋਂ ਜ਼ਿਆਦਾ ਭਾਰਤੀਆਂ ਨੂੰ ਖੁਰਾਕ ਸੁਰੱਖਿਆ ਪ੍ਰਾਪਤ ਨਹੀਂ ਹੈ। ਖੁਰਾਕ ਅਸੁਰੱਖਿਆ ਨਾਲ ਜਿਉਣ ਵਾਲਿਆਂ ਦੀ ਇਹ ਗਿਣਤੀ ਇੰਗਲੈਂਡ, ਫਰਾਂਸ ਅਤੇ ਜਰਮਨੀ ਦੀ ਕੁਲ ਜਨਸੰਖਿਆ ਦੇ ਬਰਾਬਰ ਹੈ। ਸਾਡੇ ਦੇਸ਼ ਵਿਚ ਛੇ ਲੱਖ ਪਿੰਡ ਹਨ, ਉਹ ਫਸਲ ਉਗਾਉਂਦੇ ਹਨ। ਕਈ ਸਾਲ ਹਰੀ ਕ੍ਰਾਂਤੀ ਨੂੰ ਹੋ ਗਏ, ਫਿਰ ਵੀ ਦੇਸ਼ ਵਿਚ ਭੁੱਖਮਰੀ ਹੈ। ਅਸਲ ਵਿਚ ਅੱਜ ਸਾਡੀਆਂ ਤਰਜੀਹਾਂ ਕੁਝ ਹੋਰ ਹਨ, ਪਰ ਇਸ ਸਮੇਂ ਸਰਕਾਰ ਮਹਿਲਾ ਰਾਖਵਾਂਕਰਨ, ਸਿੱਖਿਆ ਦਾ ਅਧਿਕਾਰ ਅਤੇ ਹੁਣ ਖੁਰਾਕ ਸੁਰੱਖਿਆ ਕਾਨੂੰਨ ਨਾਲ ਇਹ ਦੱਸਣਾ ਚਾਹੁੰਦੀ ਹੈ ਕਿ ਉਹ ਦੇਸ਼ ਦੇ ਆਮ ਆਦਮੀ ਦੇ ਵਿਕਾਸ ਲਈ ਕੰਮ ਕਰ ਰਹੀ ਹੈ। ਪਰ ਜਿਸ ਸਰਕਾਰੀ ਤੰਤਰ ਰਾਹੀਂ ਉਹ ਖੁਰਾਕ ਸੁਰੱਖਿਆ ਦੇਣਾ ਚਾਹੁੰਦੀ ਹੈ, ਉਨ੍ਹਾਂ ਕਾਰਨ ਹੀ ਸਮੱਸਿਆ ਹੋਰ ਵਧੀ ਹੈ।

ਕਿਸੇ ਵੀ ਦੇਸ਼ ਦੀ ਅਰਥ ਵਿਵਸਥਾ ਦੀ ਤਸਵੀਰ ਅੰਕੜਿਆਂ ਦੇ ਗਣਿਤ ਤੋਂ ਹੀ ਉਜਾਗਰ ਹੁੰਦੀ ਹੈ। ਆਰਥਕ ਵਿਕਾਸ ਦਰ ਦਾ ਅੰਕੜਾ ਜਿਥੇ ਸਰਕਾਰ ਵਿਚ ਆਤਮ ਵਿਸ਼ਵਾਸ ਦਾ ਸੰਚਾਰ ਤੇਜ਼ ਕਰਦਾ ਹੈ, ਉਥੇ ਦੁਨੀਆ ਦੇ ਵਿਕਸਤ ਦੇਸ਼ਾਂ ਦੀ ਨਜ਼ਰ ਵਿਚ ਭਾਰਤ ਨੂੰ ਉਭਾਰਦਾ ਹੈ। ਪਰ ਦੇਸ਼ ਦਾ ਭੁੱਖਾ ਆਦਮੀ ਇਨ੍ਹਾਂ ਅੰਕੜਿਆਂ ਦਾ ਕੀ ਕਰੇ? ਵਿਸ਼ਵ ਬੈਂਕ ਅਤੇ ਕੌਮਾਂਤਰੀ ਮੁਦਰਾ ਫੰਡ ਤੋਂ ਲੈ ਕੇ ਸੁਰੇਸ਼ ਤੇਂਦੂਲਕਰ ਕਮੇਟੀ ਅਤੇ ਯੋਜਨਾ ਕਮਿਸ਼ਨ ਦੀ ਮਾਹਰ ਕਮੇਟੀ ਤਕ ਨੇ ਗਰੀਬੀ ਦਾ ਅਨੁਮਾਨ ਲਾਉਣ ਲਈ ਨਵੇਂ-ਨਵੇਂ ਤਰੀਕੇ ਲੱਭੇ ਹਨ। ਦੇਸ਼ ਵਿਚ ਗਰੀਬੀ ਕਿੰਨੀ ਹੈ, ਇਹ ਹਮੇਸ਼ਾਂ ਖੋਜ ਅਤੇ ਵਿਵਾਦਾਂ ਦਾ ਵਿਸ਼ਾ ਰਿਹਾ ਹੈ। ਜਿਸ ਵਿਚ ਗਰੀਬਾਂ ਦਾ ਸਹੀ-ਸਹੀ ਪਤਾ ਲਾਉਣ ਲਈ ਆਜ਼ਾਦ ਭਾਰਤ ਵਿਚ ਤੀਹ ਕਮੇਟੀਆਂ ਨੂੰ ਇਹ ਕੰਮ ਸੌਂਪ ਕੇ ਹੱਥ ਖੜ੍ਹੇ ਕਰ ਲਏ ਹਨ। ਜਿਸ ਵਿਚ ਪੰਜਾਹ ਦੇ ਦਹਾਕੇ ਵਿਚ ਦੋ, ਸੱਠ ਦੇ ਦਹਾਕੇ ਵਿਚ ਦਸ, ਸੱਤਰ ਅਤੇ ਅੱਸੀ ਦੇ ਦੋ ਦਹਾਕਿਆਂ ਵਿਚ ਪੰਜ-ਪੰਜ, ਨੱਬੇ ਦੇ ਦਹਾਕੇ ਵਿਚ ਦੋ ਅਤੇ ਇਕਵੀਂ ਸ਼ਤਾਬਦੀ ਦੇ ਪਹਿਲੇ ਦਹਾਕੇ ਵਿਚ ਛੇ ਕਮੇਟੀਆਂ ਨੇ ਗਰੀਬੀ ਰੇਖਾ ਦੀਆਂ ਕਮੀਆਂ ਨੂੰ ਤਾਂ ਉਜਾਗਰ ਕੀਤਾ ਅਤੇ ਨਾਲ ਹੀ ਅੱਧੇ ਵਿਸ਼ਵ ਪੱਧਰੀ ਅੰਕੜਿਆਂ ਪ੍ਰਤੀ ਭਰੋਸਾ ਦਿੱਤਾ ਹੈ। ਫਿਰ ਵੀ ਜਨਤਾ ਦੇ ਮਨ ਵਿਚ ਇਹ ਸਵਾਲ ਉਠਦਾ ਰਿਹਾ ਹੈ ਕਿ ਆਖ਼ਰ ਕਦੋਂ ਤੱਕ ਗਰੀਬੀ ਰੇਖਾਵਾਂ ਖਿੱਚੀਆਂ ਜਾਂਦੀਆਂ ਰਹਿਣਗੀਆਂ? ਦੁਨੀਆ ਦੇ ਦੂਸਰੇ ਮੁਲਕਾਂ ਦੇ ਮੁਕਾਬਲੇ ਸਾਡੇ ਦੇਸ਼ ਵਿਚ ਭੁੱਖ ਦੀ ਰੇਖਾ ਬਹੁਤ ਸਖ਼ਤ ਹੈ, ਜਿਸ ਨੂੰ ਅਸੀਂ ਗਰੀਬੀ ਰੇਖਾ ਕਹਿੰਦੇ ਹਾਂ। ਉਹ ਦਰਅਸਲ ਭੁੱਖਮਰੀ ਦੀ ਰੇਖਾ ਹੈ। ਭੁੱਖ, ਗਰੀਬੀ, ਕੁਪੋਸ਼ਣ ਅਤੇ ਰੁਜ਼ਗਾਰ ਦਾ ਇਕ-ਦੂਸਰੇ ਨਾਲ ਡੂੰਘਾ ਸਬੰਧ ਹੈ। ਕੀ ਇਹ ਹੈਰਾਨੀ ਦੀ ਗੱਲ ਨਹੀਂ ਹੈ ਕਿ ਹਾਲੇ ਤੱਕ ਦੇਸ਼ ਵਿਚ ਗਰੀਬੀ ਦਾ ਸਹੀ ਅੰਦਾਜ਼ਾ ਨਹੀਂ ਲਾਇਆ ਗਿਆ ਕਿਉਂਕਿ ਸਾਰੇ ਸਿਆਸੀ ਆਗੂ ਆਪਣੇ ਚੋਣ ਖੇਤਰ ਵਿਚ ਜ਼ਿਆਦਾ 'ਗਰੀਬੀ ਰੇਖਾ ਦੇ ਹੇਠਾਂ ਵਾਲੇ ਕਾਰ' ਵੰਡ ਕੇ ਚੋਣ ਲਾਭ ਉਠਾਉਂਦੇ ਹਨ।

ਯੋਜਨਾ ਕਮਿਸ਼ਨ ਨੇ 1993 ਵਿਚ ਪ੍ਰੋ. ਲਾਕੜਾਵਾਲਾ ਦੀ ਪ੍ਰਧਾਨਗੀ ਹੇਠ ਜਿਹੜੀ ਕਮੇਟੀ ਬਣਾਈ ਸੀ, ਉਸ ਵਿਚ ਮੁੱਖ ਤੌਰ 'ਤੇ ਚਾਰ ਤੱਤਾਂ ਨੂੰ ਅਪਣਾਇਆ ਗਿਆ ਸੀ। ਪਹਿਲਾ ਖੁਰਾਕ ਪਦਾਰਥਾਂ 'ਤੇ ਹੋਣ ਵਾਲੇ ਖਰਚੇ ਨੂੰ ਪੇਂਡੂ ਖੇਤਰਾਂ ਲਈ ਪ੍ਰਤੀ ਵਿਅਕਤੀ 2,400 ਕੈਲੋਰੀ ਅਤੇ ਨਗਰੀ ਖੇਤਰਾਂ ਪ੍ਰਤੀ ਵਿਅਕਤੀ 2,100 ਕੈਲੋਰੀ ਦਾ ਮਾਣਕ ਨਿਰਧਾਰਤ ਕਰਨਾ। ਦੂਸਰਾ ਇਨ੍ਹਾਂ ਮਾਣਕਾਂ ਨੂੰ 1973-74 ਦੇ ਕੌਮੀ ਨਮੂਨਾ ਸਰਵੇਖਣ ਦੇ ਆਧਾਰ 'ਤੇ ਨਿਰਧਾਰਤ ਉਪਭੋਗ ਖਰਚ ਵਿਚ ਜੋੜ ਕੇ, ਗਰੀਬੀ ਦੀ ਸੀਮਾ ਰੇਖਾ ਪ੍ਰਾਪਤ ਕਰਨਾ। ਤੀਸਰਾ ਰਾਜਾਂ ਲਈ ਅਲੱਗ-ਅਲੱਗ ਗਰੀਬੀ ਰੇਖਾਵਾਂ ਦਾ ਨਿਰਧਾਰਨ ਅਤੇ ਆਖਰੀ ਪੇਂਡੂ ਅਤੇ ਨਗਰੀ ਖੇਤਰਾਂ ਲਈ ਸੂਬਾ ਵਾਰ ਗਰੀਬੀ ਰੇਖਾਵਾਂ ਦੇ ਨਵੇਂ ਹਿੱਸਿਆਂ ਦੀ ਵਿਵਸਥਾ ਹੈ।

ਵਿਸ਼ੇਸ਼ ਆਰਥਕ ਖੇਤਰ ਅਤੇ ਸ਼ਹਿਰੀਕਰਨ ਦੇ ਵਧਦੇ ਗੇੜ ਦੀ ਦੌੜ ਵਿਚ ਖੇਤੀ ਯੋਗ ਜ਼ਮੀਨ ਘੱਟ ਹੁੰਦੀ ਜਾ ਰਹੀ ਹੈ। ਕੱਲ੍ਹ ਤਕ ਜਿਥੇ ਖੇਤਾਂ ਵਿਚ ਫਸਲਾਂ ਲਹਿਰਾਉਂਦੀਆਂ ਸਨ, ਉਥੇ ਅੱਜ ਤਰੱਕੀ ਦੇ ਨਾਮ 'ਤੇ ਚਾਰੇ ਪਾਸੇ ਕੰਕਰੀਟ ਦਾ ਜੰਗਲ ਖੜਾ ਹੈ। 1950 ਤੋਂ ਲੈ ਕੇ ਹੁਣ ਤਕ ਵੱਡੇ ਪ੍ਰਾਜੈਕਟਾਂ ਲਈ ਲਗਪਗ ਚਾਰ ਕਰੋੜ ਕਿਸਾਨਾਂ ਨੂੰ ਆਪਣੀ ਜ਼ਮੀਨ ਗਵਾਉਣੀ ਪਈ ਹੈ। ਇਸ ਵਿਚ 40 ਫੀਸਦੀ ਆਦੀਵਾਸੀ ਅਤੇ 25 ਫੀਸਦੀ ਦਲਿਤ ਹਨ। ਜਿਸ ਦੇਸ਼ ਦੀ ਲਗਪਗ 70 ਫੀਸਦੀ ਤੋਂ ਵੀ ਜ਼ਿਆਦਾ ਆਬਾਦੀ ਖੇਤੀ ਅਤੇ ਗ੍ਰਾਮੀਣ ਰੁਜ਼ਗਾਰ 'ਤੇ ਨਿਰਭਰ ਹੋਵੇ, ਉਸ ਦੇਸ਼ ਵਿਚ ਸਿਰਫ਼ 17 ਫੀਸਦੀ ਹਿੱਸਾ ਹੀ ਬਚਿਆ ਹੈ, ਜਿਸ 'ਤੇ ਖੇਤੀ ਕੀਤੀ ਜਾ ਸਕਦੀ ਹੈ। ਕਰਜ਼ਾ ਮੁਆਫੀ ਦੇ ਸਸਤੇ ਮੱਲ੍ਹਮ ਤੋਂ ਬਾਅਦ ਵੀ ਖੇਤੀਬਾੜੀ ਠੱਪ ਅਤੇ ਕਿਸਾਨ ਬਦਹਾਲ ਹੈ। ਕਰਜ਼ੇ ਦੇ ਜਾਲ ਵਿਚ ਫਸੇ ਕਿਸਾਨਾਂ ਕੋਲ ਦੋ ਹੀ ਬਦਲ ਹਨ, ਹਿਜਰਤ ਜਾਂ ਆਤਮ ਹੱਤਿਆ। ਸਰਕਾਰ ਵੱਲੋਂ ਤਥਾ-ਕਥਿਤ ਤਰੱਕੀ ਦੇ ਨਾਂਅ 'ਤੇ ਕਿਸਾਨਾਂ ਦੀਆਂ ਉਦਯੋਗ ਅਤੇ ਵਿਕਾਸ ਯੋਜਨਾਵਾਂ ਲਈ ਜ਼ਮੀਨਾਂ ਖੋਹੀਆਂ ਜਾ ਰਹੀਆਂ ਹਨ। ਕੀ ਸਰਕਾਰ ਚਾਹੁੰਦੀ ਹੈ ਕਿ ਉਹ ਆਪਣੀ ਭੂਮਿਕਾ ਛੱਡਣ ਤਾਂ ਕਿ ਬਹੁਕੌਮੀ ਕੰਪਨੀਆਂ ਨੂੰ ਖੇਤੀ ਕਰਨ ਅਤੇ ਕਾਰਖਾਨੇ ਲਗਾਉਣ ਵਿਚ ਸਹੂਲਤ ਹੋਵੇ? ਖੇਤੀ ਪ੍ਰਧਾਨ ਦੇਸ਼ ਹੋਣ ਦੇ ਬਾਵਜੂਦ ਸਰਕਾਰ ਭਾਰਤ ਨੂੰ ਇੰਡੀਆ ਬਣਾਉਣ ਦੀ ਦੌੜ ਵਿਚ, ਖੇਤਾਂ ਅਤੇ ਕੁਦਰਤ ਨੂੰ ਪੂਰੀ ਤਰ੍ਹਾਂ ਕੰਕਰੀਟ ਦੇ ਜੰਗਲ ਦੇ ਚੱਕਰ ਵਿਚ ਆਪਣੀ ਵਿਰਾਸਤ ਨੂੰ ਤਬਾਹ ਕਰਨ 'ਤੇ ਕਿਉਂ ਉਤਾਰੂ ਹੈ। ਜੇਕਰ ਸਾਡੀਆਂ ਸਰਕਾਰਾਂ ਕਾਰਪੋਰੇਟ ਜਗਤ ਨੂੰ ਫਾਇਦਾ ਪਹੁੰਚਾਉਣ ਦੇ ਚੱਕਰ ਵਿਚ ਖੇਤਾਂ ਨੂੰ ਇਸੇ ਤਰ੍ਹਾਂ ਤਬਾਹ ਕਰਦੀਆਂ ਰਹੀਆਂ ਤਾਂ ਉਹ ਦਿਨ ਦੂਰ ਨਹੀਂ, ਜਦੋਂ ਪੂਰੇ ਦੇਸ਼ ਨੂੰ ਖੁਰਾਕ ਸੰਕਟ ਨਾਲ ਜੂਝਣਾ ਪਵੇਗਾ।

ਜਿਥੇ ਦੇਸ਼ ਵਿਚ ਗਰੀਬੀ, ਬਿਮਾਰੀ, ਬੇਰੁਜ਼ਗਾਰੀ, ਅਣਪੜ੍ਹਤਾ, ਭੁੱਖਮਰੀ ਵਰਗੀਆਂ ਸਮੱਸਿਆਵਾਂ ਦੇ ਨਾਲ-ਨਾਲ ਨਕਸਲਵਾਦ ਅਤੇ ਕਸ਼ਮੀਰ ਦੇ ਸਵਾਲ ਸਾਨੂੰ ਲਗਾਤਾਰ ਚੁਣੌਤੀ ਦੇ ਰਹੇ ਹਨ। ਇਥੇ ਇਹ ਤ੍ਰਾਸਦੀ ਹੈ ਕਿ ਸਾਡੇ ਸੰਸਦ ਮੈਂਬਰਾਂ ਅਤੇ ਮੰਤਰੀਆਂ ਵਿਚ ਆਪਣੀ ਤਨਖਾਹ ਤੇ ਭੱਤੇ ਵਧਾਉਣ ਵਿਚ ਜਿਸ ਤਰ੍ਹਾਂ ਦੀ ਦੌੜ ਅਤੇ ਹੜਬੜੀ ਦਿਖਾਈ ਦੇ ਰਹੀ ਹੈ, ਉਹ ਸੰਸਦ ਦੇ ਕੰਮਕਾਜ ਨੂੰ ਪੂਰਾ ਕਰਨ ਵਿਚ ਦਿਖਾਈ ਨਹੀਂ ਦਿੰਦੀ। ਸੰਸਦ ਦੇ ਹਰ ਸੈਸ਼ਨ ਵਿਚ ਕਿੰਨੇ ਘੰਟੇ ਬਰਬਾਦ ਹੁੰਦੇ ਹਨ ਅਤੇ ਕਿੰਨੇ ਘੰਟੇ ਕੰਮ ਹੁੰਦਾ ਹੈ, ਇਹ ਜੱਗ ਜ਼ਾਹਰ ਹੈ। ਉਹ ਸੰਸਦ ਵਿਚ ਕਿਹੜੇ-ਕਿਹੜੇ ਦ੍ਰਿਸ਼ ਅਤੇ ਤਣਾਅ ਪੈਦਾ ਕਰਦੇ ਹਨ, ਇਹ ਵੀ ਅਸੀਂ ਦੇਖਦੇ ਆਏ ਹਾਂ। ਇਹ ਵੀ ਦੇਸ਼ ਦੀ ਜਨਤਾ ਨੂੰ ਪਤਾ ਹੈ ਕਿ ਸਾਡੇ ਕਿੰਨੇ ਸੰਸਦ ਮੈਂਬਰ-ਵਿਧਾਇਕ ਕਰੋੜਪਤੀ ਹਨ ਅਤੇ ਕਿੰਨੀਆਂ ਦਾ ਅਤੀਤ ਅਪਰਾਧਕ ਸਾਖ ਵਾਲਾ ਹੈ ਅਤੇ ਕਿੰਨਿਆਂ 'ਤੇ ਭ੍ਰਿਸ਼ਟਾਚਾਰ ਦੇ ਦੋਸ਼ ਲੱਗੇ ਹਨ। ਸੰਸਦ-ਵਿਧਾਨ ਸਭਾ ਭਾਵ ਵਿਧਾਇਕਾਂ ਅਤੇ ਕਾਰਜਪਾਲਿਕਾ-ਸਰਕਾਰ-ਪ੍ਰਸ਼ਾਸਨ ਵਿਚ ਫੈਲਿਆ ਭ੍ਰਿਸ਼ਟਾਚਾਰ ਅਤੇ ਭਰੋਸੇਯੋਗਤਾ 'ਤੇ ਪਹਿਲਾਂ ਹੀ ਬਹੁਤ ਕਾਲਖ ਲੱਗੀ ਹੋਈ ਹੈ। ਇਹ ਰੁਝਾਨ ਦੇਸ਼ ਨੂੰ ਡੋਬਣ ਲਈ ਕਾਫੀ ਹੈ। ਉਂਝ ਕੀ ਕੁਝ ਨਹੀਂ ਵਧ ਰਿਹਾ ਹੈ ਦੇਸ਼ ਵਿਚ? ਆਬਾਦੀ ਵਧ ਰਹੀ ਹੈ। ਅਮੀਰੀ ਵਧ ਰਹੀ ਹੈ। ਅੱਜ ਲਕਸ਼ਮੀ ਨਿਵਾਸ ਮਿੱਤਲ ਯੂਰਪ ਦੇ ਸਭ ਤੋਂ ਅਮੀਰਾਂ ਵਿਚ ਸ਼ਾਮਲ ਹਨ। ਵਿਸ਼ਵ ਦੇ ਸਭ ਤੋਂ ਅਮੀਰਾਂ ਦੀ ਲਾਈਨ ਵਿਚ ਉਹ ਮੁਕੇਸ਼ ਅੰਬਾਨੀ ਦੇ ਨਾਲ 'ਪਹਿਲਾਂ ਤੁਸੀਂ, ਪਹਿਲਾਂ ਤੁਸੀਂ' ਵਾਲੀ ਖੇਡ ਖੇਡ ਰਹੇ ਹਨ। ਜਾਇਦਾਦਾਂ ਵਧ ਰਹੀਆਂ ਹਨ, ਕਾਨੂੰਨ ਮੁਕੱਦਮੇ ਵਧ ਰਹੇ ਹਨ ਤਾਂ ਕੀ ਗਰੀਬੀ ਅਤੇ ਭੁੱਖਮਰੀ ਵੀ ਵਧ ਰਹੀ ਹੈ? ਸ਼ਾਇਦ ਕੇਂਦਰੀ ਯੋਜਨਾ ਕਮਿਸ਼ਨ ਨੂੰ ਅਰਜੁਨ ਸੇਨਗੁਪਤ ਦੇ ਅੰਕੜੇ ਸਵੀਕਾਰ ਨਾ ਹੋਣ, ਪਰ ਮਨੁੱਖੀ ਵਿਕਾਸ ਸੂਚਕ ਅੰਕ ਵਿਚ ਸਾਡਾ ਸ੍ਰੀਲੰਕਾ ਤੋਂ ਵੀ ਪਿੱਛੇ 134ਵਾਂ ਸਥਾਨ ਹੋਣਾ ਬਹੁਤ ਕੁਝ ਬਿਆਨ ਕਰ ਦਿੰਦਾ ਹੈ। ਇਸੇ ਤਰ੍ਹਾਂ ਭੁੱਖਮਰੀ ਨਾਲ ਪੀੜਤ ਦੁਨੀਆ ਦੇ 88 ਦੇਸ਼ਾਂ ਦੀ ਸੂਚੀ ਵਿਚ ਸਾਡਾ 66ਵਾਂ ਸਥਾਨ ਹੋਣਾ ਵੀ ਨਜ਼ਰਅੰਦਾਜ਼ ਨਹੀਂ ਕੀਤਾ ਜਾ ਸਕਦਾ।

ਜਨਤਕ ਵੰਡ ਪ੍ਰਣਾਲੀ ਰਾਹੀਂ ਗਰੀਬਾਂ ਨੂੰ ਅਧਿਕਾਰਤ ਰੂਪ ਨਾਲ ਅਨਾਜ ਮਿਲਦਾ ਹੈ ਅਤੇ ਉਸ ਦਾ ਹਾਲ ਹੈ ਕਿ ਚਾਰੇ ਪਾਸੇ ਭ੍ਰਿਸ਼ਟਾਚਾਰ ਹੈ। ਗਰੀਬ ਦਾ ਰਾਸ਼ਨ ਪਤਾ ਨਹੀਂ ਕਿਹੜੀਆਂ ਦਲਾਲ ਕੰਪਨੀਆਂ ਦੇ ਢਿੱਡ ਵਿਚ ਜਾ ਰਿਹਾ ਹੈ? ਬੇਸ਼ੱਕ ਦੇਸ਼ ਵਿਚ ਸਰਕਾਰ ਅਤੇ ਭ੍ਰਿਸ਼ਟਾਚਾਰਾਂ ਵਿਚਾਲੇ 'ਤੂੰ ਡਾਲ-ਡਾਲ, ਮੈਂ ਪਾਤ-ਪਾਤ' ਦੀ ਖੇਡ ਚਲਦੀ ਰਹਿੰਦੀ ਹੈ ਅਤੇ ਭ੍ਰਿਸ਼ਟਾਚਾਰੀ ਕਿਸੇ ਨਾ ਕਿਸੇ ਸੁਰਾਖ ਵਿਚ ਵੜ ਕੇ ਯੋਜਨਾਵਾਂ ਦਾ ਭੱਠਾ ਬਿਠਾਉਂਦੇ ਰਹਿੰਦੇ ਹਨ। ਕਿੰਨੀ ਵਾਰੀ ਕਿਹਾ ਜਾ ਚੁੱਕਾ ਹੈ ਕਿ ਜਨਤਕ ਵੰਡ ਪ੍ਰਣਾਲੀ ਦਾ ਪੂਰਾ ਢਾਂਚਾ ਪੂਰੀ ਤਰ੍ਹਾਂ ਗੜਬੜਾ ਗਿਆ ਹੈ, ਪਰ ਸਰਕਾਰ ਦਾ ਜਵਾਬ ਹੁੰਦਾ ਹੈ ਕਿ ਜੇਕਰ ਅਜਿਹਾ ਹੈ ਤਾਂ ਫਿਰ ਜ਼ਰੂਰਤ ਕੀ ਹੈ ਗਰੀਬਾਂ ਨੂੰ ਰਾਸ਼ਨ ਦੇਣ ਦੀ, ਮਿੱਟੀ ਦਾ ਤੇਲ ਦੇਣ ਦੀ, ਭ੍ਰਿਸ਼ਟਾਚਾਰ ਵਧਾਉਣ ਦੀ, ਸਭ ਬੰਦ ਕਰੋ। ਸੁਪਰੀਮ ਕੋਰਟ ਨੇ ਜਨਤਕ ਵੰਡ ਪ੍ਰਣਾਲੀ ਦੀ ਜਾਂਚ ਲਈ ਕੇਂਦਰੀ ਚੌਕਸੀ ਕਮੇਟੀ ਬਣਾਈ ਸੀ, ਉਸ ਨੇ ਵੱਖ-ਵੱਖ ਸੂਬਿਆਂ ਦਾ ਦੌਰਾ ਕਰਕੇ ਸਸਤੇ ਰਾਸ਼ਨ ਦੀਆਂ ਦੁਕਾਨਾਂ ਦੇ ਨਿਰੀਖਣ ਵਿਚ ਇਹੀ ਪਾਇਆ, ਜੋ ਅਸੀਂ ਸਭ ਜਾਣਦੇ ਹਾਂ। ਗੁਜਰਾਤ ਦੇ ਪ੍ਰਸ਼ਾਸਨ ਦੀ ਕਾਫੀ ਸ਼ਲਾਘਾ ਕੀਤੀ ਜਾਂਦੀ ਹੈ, ਪਰ ਕਮੇਟੀ ਕਹਿੰਦੀ ਹੈ ਕਿ ਉਥੇ ਸਸਤੇ ਰਾਸ਼ਨ ਦੀ ਦੁਕਾਨ ਲੈਣ ਲਈ ਅਧਿਕਾਰੀਆਂ ਨੂੰ ਰਿਸ਼ਵਤ ਦੇਣੀ ਪੈਂਦੀ ਹੈ, ਰਾਜਸਥਾਨ ਵਿਚ ਜਨਤਕ ਵੰਡ ਪ੍ਰਣਾਲੀ ਦਾ ਢਾਂਚਾ ਖ਼ਤਮ ਹੋ ਚੁੱਕਾ ਹੈ। ਝਾਰਖੰਡ ਬਾਰੇ ਕਮੇਟੀ ਕਹਿੰਦੀ ਹੈ ਕਿ ਘੱਟੋ-ਘੱਟ ਜਨਤਕ ਵੰਡ ਪ੍ਰਣਾਲੀ ਦਾ ਅਜਿਹਾ ਢਾਂਚਾ ਤਾਂ ਬਿਲਕੁਲ ਹੀ ਨਹੀਂ ਹੋਣਾ ਚਾਹੀਦਾ। ਬਿਹਾਰ ਵਿਚ ਤਿੰਨ-ਚਾਰ ਮਹੀਨੇ ਬਾਅਦ ਇਕ ਮਹੀਨੇ ਦਾ ਰਾਸ਼ਨ ਮਿਲਦਾ ਹੈ। ਕਰਨਾਟਕ ਵਿਚ ਸਵਾਰਥਾਂ ਨੇ ਜਨਤਕ ਵੰਡ ਪ੍ਰਣਾਲੀ ਉਤੇ ਕਬਜ਼ਾ ਕਰ ਰੱਖਿਆ ਹੈ। ਦੇਸ਼ ਦੀ ਰਾਜਧਾਨੀ ਵਿਚ ਵੀ ਜਨਤਕ ਵੰਡ ਪ੍ਰਣਾਲੀ ਦੇ ਰਾਸ਼ਨ ਦੀ ਵੱਡੀ ਪੱਧਰ 'ਤੇ ਕਾਲਾਬਾਜ਼ਾਰੀ ਹੁੰਦੀ ਹੈ। ਇੰਨੇ ਭ੍ਰਿਸ਼ਟਾਚਾਰ ਦੇ ਬਾਵਜੂਦ ਦਿੱਲੀ ਸਰਕਾਰ ਕਹਿੰਦੀ ਹੈ ਕਿ ਅਸੀਂ ਤਾਂ ਬੇਘਰਾਂ ਨੂੰ ਵੀ ਰਾਸ਼ਨ ਦੇਵਾਂਗੇ। ਉਤਰਾਖੰਡ ਵਿਚ ਜ਼ਿਆਦਾ ਕੀਮਤ 'ਤੇ ਸਸਤੇ ਰਾਸ਼ਨ ਦੀ ਦੁਕਾਨ ਤੋਂ ਰਾਸ਼ਨ ਵਿਕਦਾ ਹੈ। ਦਿਲਚਸਪ ਇਹ ਹੈ ਕਿ ਇਹੀ ਹੈ ਭ੍ਰਿਸ਼ਟਾਚਾਰ ਦੀ ਸੰਸਕ੍ਰਿਤੀ। ਹੁਣ ਦੇਖੋ ਸੁਪਰੀਮ ਕੋਰਟ ਆਪਣੇ ਨੇਕ ਇਰਾਦਿਆਂ ਦੇ ਬਾਵਜੂਦ ਕੀ ਕਰ ਪਾਉਂਦੀ ਹੈ? ਉਹ ਵੀ ਸਫ਼ਲ ਨਹੀਂ ਹੋਈ ਤਾਂ ਫਿਰ ਕਹਿਣਾ ਹੋਵੇਗਾ ਕਿ ਇਸ ਦੇਸ਼ ਦਾ ਕੌਣ ਰਖਵਾਲਾ ਹੈ?


Elite Driving School

Learn to drive with experienced,
caring & friendly instructor
Lessons available in English, Hindi, Punjabi & Urdu

19 ਸਾਲਾਂ ਦਾ ਤਜ਼ਰਬਾ, ਭਰੋਸੇਯੋਗ ਤੇ ਵਧੀਆ ਸੇਵਾਵਾਂ ਲਈ, ਟੈਸਟ ਲਈ ਕਾਰ ਉਪਲਬਧ ਹੈ।

19 Years Road Experience
15 Hours in Class Room & 10 Hours in Car Package Available

ਅਡਵ ਸ ਤ ਬਸਿਕ ਟਰਾਂ ਗ ਤਸ ਇਬਖ਼ਸ਼ ਸਵ ਵ ਈ ਸਪਰਕ ਕਰ।







- Reasonable Rates
- Free Home Pick up and Drop off
- Weekday and weekend appointments available
- Fully insured, banded and licensed
- class Room Service available
- Help Available in Learner.
- Professional Service with Full Respect.

Gurmail Dhaliwal (Garry)
780 265 6990



2019 61st St NW, Edmonton, AB, T6L 1M5
Tel: 780 265 6990 Fax: 780 461 6990
Email: elitedriving@hotmail.com, www.elitedrivingschoolltd.ca

# ਤਾਰ-ਤਾਰ ਹੋਈ ਮਾਨਸਿਕਤਾ ਦੀ 'ਮੋਮਬੱਤੀ'

**ਮੋਮਬੱਤੀ (ਕਹਾਣੀ ਸੰਗ੍ਰਹਿ)**
**ਪੰਨੇ : 168, ਕੀਮਤ 200 ਰੁਪਏ**
**ਪ੍ਰਕਾਸ਼ : ਲੋਕਗੀਤ ਪ੍ਰਕਾਸ਼ਨ, ਚੰਡੀਗੜ੍ਹ।**

'ਮੋਮਬੱਤੀ' ਮੇਜਰ ਮਾਂਗਟ ਦੀ ਤੇਰਵੀਂ ਪੁਸਤਕ ਅਤੇ ਪੰਜਵਾਂ ਕਹਾਣੀ-ਸੰਗ੍ਰਹਿ ਹੈ। ਇਸ ਕਹਾਣੀ-ਸੰਗ੍ਰਹਿ ਦੀ ਨਿਵੇਕਲੀ ਸਿਫ਼ਤ ਇਹ ਹੈ ਕਿ ਇਸ ਦੀ ਹਰ ਕਹਾਣੀ ਕੈਨੇਡਾ ਵਸਦੇ ਪਰਵਾਸੀ ਪੰਜਾਬੀਆਂ ਦੇ ਜੀਵਨ ਯਥਾਰਥ ਨੂੰ ਫੋਕਸ ਕਰਨ ਦੇ ਨਾਲ-ਨਾਲ ਪੰਜਾਬ ਵਿਚਲੇ ਸਮਕਾਲੀ ਜੀਵਨ ਯਥਾਰਥ ਦੇ ਕਈ ਮਹੱਤਵਪੂਰਨ ਪਾਸਾਰਾਂ ਵਿਸ਼ੇਸ਼ ਕਰਕੇ ਬਹੁਭਾਂਤੀ ਤਬਦੀਲੀਆਂ ਨੂੰ ਪਕੜਨ ਦਾ ਯਤਨ ਵੀ ਕਰਦੀ ਹੈ।

ਪਿਛਲੇਰੇ ਕੁਝ ਸਮੇਂ ਤੱਕ ਦਾ ਪਰਵਾਸੀ ਪੰਜਾਬੀ ਸਾਹਿਤ ਆਮ ਕਰਕੇ ਅਤੇ ਕਥਾ ਸਾਹਿਤ ਵਿਸ਼ੇਸ਼ ਕਰਕੇ ਦੋ ਨੁਕਤਿਆਂ ਉਪਰ ਕੇਂਦਰਿਤ ਦਿਖਾਈ ਦਿੰਦਾ ਹੈ। ਇਕ ਨੁਕਤਾ ਭੂ ਹੇਰਵੇ ਦਾ ਹੈ, ਜਿਸ ਤਹਿਤ ਪਰਵਾਸੀ ਪੰਜਾਬੀ ਆਪਣੇ ਵਤਨ ਨੂੰ ਡਾਢੇ ਵੈਰਾਗ ਨਾਲ ਯਾਦ ਕਰਦੇ ਹਨ ਅਤੇ ਆਪਣੀ ਜ਼ਿੰਮੇਵਾਰੀ ਭੌਂਇ ਦੇ ਜੀਵਨ ਨੂੰ, ਇਸ ਦੀ ਸਾਦਗੀ ਤੇ ਨਿਰਛਲਤਾ ਨੂੰ ਪੱਛਮ ਦੀ ਚਮਕ-ਦਮਕ ਦੇ ਮੁਕਾਬਲੇ ਬਿਹਤਰ ਖਿਆਲ ਕਰਦੇ ਹਨ। ਦੂਜਾ ਨੁਕਤਾ ਸਭਿਆਚਾਰਕ ਪਾੜੇ ਦਾ ਹੈ, ਪਰਵਾਸ ਵਿਚ ਜੀਵਨ ਬਸਰ ਕਰ ਰਹੀ ਪਹਿਲੀ ਤੇ ਕਿਸੇ ਹੱਦ ਤੱਕ ਉਸ ਤੋਂ ਮਗਰੋਂ ਜਾਣ ਵਾਲੀ ਪੀੜ੍ਹੀ ਵੀ ਪੱਛਮੀ ਸਭਿਆਚਾਰ ਨਾਲ ਆਪਣੇ ਆਪ ਨੂੰ ਇਕਸੁਰ ਨਹੀਂ ਕਰ ਪਾਉਂਦੀ ਤੇ ਨਿਰੰਤਰ ਤਣਾਅ ਭੋਗਦੀ ਰਹਿੰਦੀ ਹੈ। ਪਰ ਨਵੀਨ ਪਰਵਾਸੀ ਪੰਜਾਬੀ ਸਾਹਿਤ ਵਿਚ ਇਹ ਸਰੋਕਾਰ ਭਾਵੇਂ ਅਜੇ ਕਿਸੇ ਨਾ ਕਿਸੇ ਰੂਪ ਵਿਚ ਬਣੇ ਹੋਏ ਹਨ, ਪਰ ਇਹ ਇਸ ਦੇ ਕੇਂਦਰ ਵਿਚ ਨਹੀਂ ਰਹੇ। 'ਮੋਮਬੱਤੀ' ਸੰਗ੍ਰਹਿ ਦੀਆਂ ਲਗਪਗ ਸਾਰੀਆਂ ਕਹਾਣੀਆਂ ਹੀ ਇਸ ਧਾਰਨਾ ਦੀ ਪੁਸ਼ਟੀ ਕਰਦੀਆਂ ਹਨ। ਇਨ੍ਹਾਂ ਕਹਾਣੀਆਂ ਦੇ ਪਰਵਾਸੀ ਪੰਜਾਬੀ ਪਾਤਰਾਂ ਦਾ ਮਨ ਜੇਕਰ ਕੈਨੇਡਾ ਵਿਚਲੇ ਜੀਵਨ ਤੋਂ ਕਈ ਕਾਰਨਾਂ ਕਰਕੇ ਉਚਾਟ ਹੈ ਤਾਂ ਉਹ ਪੰਜਾਬੀ ਦੇ ਜੀਵਨ ਵਿਚ ਲਗਾਤਾਰ ਵਾਪਰ ਰਹੇ ਨਿਘਾਰ ਪ੍ਰਤੀ ਵੀ ਬੇਲਚਕ ਆਲੋਚਨਾਤਮਿਕ ਪਹੁੰਚ ਰੱਖਦੇ ਹਨ, ਇਸ ਕਰਕੇ ਉਨ੍ਹਾਂ ਵਿਚ ਉਦਰੇਵੇਂ ਦੀ ਸ਼ਿੱਦਤ ਦੀ ਥਾਂ, ਕੀ ਦੇਸ਼ ਤੇ ਕੀ ਪਰਦੇਸ ਹਰ ਥਾਂ ਹੀ, ਮਾਨਵੀ ਰਿਸ਼ਤਿਆਂ ਵਿਚ ਵਾਪਰੇ ਘਮਸਾਣ ਦੀ ਚੇਤਨਾ ਵਧੇਰੇ ਹੈ। ਸੰਗ੍ਰਹਿ ਦੀ ਪਹਿਲੀ ਕਹਾਣੀ ਵਿਚ ਇਸ ਘਮਸਾਣ ਨੂੰ ਹਰਦਿਆਲ ਸਿੰਘ ਦੀ ਦ੍ਰਿਸ਼ਟੀ ਰਾਹੀਂ ਦੇਖਣ ਦਾ ਯਤਨ ਕੀਤਾ ਗਿਆ ਹੈ, ਜਿਸ ਦੀ ਧੀ ਆਪਣਿਆਂ ਦੀ ਦਗ਼ੇਬਾਜ਼ੀ ਕਾਰਨ ਇਕਲਾਪਾ ਭੋਗ ਰਹੀ ਹੈ। ਇਕੱਲੀ ਆਪਣੀ ਧੀ ਨੂੰ ਪਾਲ ਰਹੀ ਹੈ। ਰਿਸਤੇ ਲਾਲਚ ਦੀ ਭੇਂਟ ਚੜ੍ਹ ਰਹੇ ਹਨ। ਲਾਲਚ ਦੇ ਸਵਾਰਥ ਦੀ ਬਿਰਤੀ ਦੇਸ਼ ਅਤੇ ਪਰਦੇਸ ਦੋਵਾਂ ਥਾਵਾਂ 'ਤੇ ਪੰਜਾਬੀਆਂ 'ਚ ਪੂਰੀ ਤਰ੍ਹਾ ਪ੍ਰਧਾਨ ਹੈ। ਅਜਿਹੀ ਸਥਿਤੀ ਹੀ 'ਮੋਮ ਦੇ ਖੰਭ' ਕਹਾਣੀ ਵਿਚ ਪੇਸ਼ ਹੈ, ਇਸ ਵਿਚ ਭਾਵੇਂ ਫਰੇਬ ਦੇ ਵਰਤਾਰੇ ਦਾ ਜ਼ਿਆਦਾ ਵਰਣਨ ਨਹੀਂ, ਫਿਰ ਵੀ ਇਹ ਕਹਾਣੀ ਰਿਸ਼ਤਿਆਂ ਵਿਚ ਵਧ ਰਹੀ ਬੇਗ਼ਾਨਗੀ ਵੀ ਬੜੀ ਉਘੜਵੀਂ ਮਿਸਾਲ ਹੈ। ਇਸ ਤਰ੍ਹਾਂ ਦੇ ਸੰਵਾਦ 'ਸਭ ਤੋਂ ਜ਼ਿਆਦਾ ਅਫ਼ਸੋਸ ਤਾਂ ਮੈਨੂੰ ਆਪਣੇ ਭਰਾ ਦਾ ਹੈ। ਕੀ ਨਹੀਂ ਸੀ ਕੀਤਾ ਮੈਂ ਉਸ ਲਈ?' ਜਾਂ 'ਊਂ ਕਹਿਣ ਨੂੰ ਤਾਂ ਮੇਰੇ ਏਥੇ ਬਥੇਰੇ ਰਿਸ਼ਤੇਦਾਰ ਰਹਿੰਦੇ ਨੇ। ਪਰ ਜਦ ਮਿਲਦੇ ਵਰਤਦੇ ਈ ਨੀ ਫੇਰ ਮੈਨੂੰ ਕਿਸੇ ਦਾ ਕੀ ਭਾਅ?' ਜਾਂ 'ਮੈਂ ਡੈਡੀ ਨੂੰ ਕੋਸਦੀ ਹਾਂ ਕਿਉਂ ਕੀਤਾ ਸੀ ਮੇਰਾ ਰਿਸ਼ਤਾ ਕੈਨੇਡਾ। ਮੇਰੀ ਔਲਾਦ ਤੇ ਪਤੀ ਤਾਂ ਸਿਸਟਮ ਦਾ ਪੁਰਜਾ ਬਣ ਗਏ ਨੇ' ਬੇਗਾਨਗੀ ਦੀ ਤੀਬਰ ਭਾਵਨਾ ਦਾ ਹੀ ਪ੍ਰਗਟਾਵਾ ਕਰਦੇ ਹਨ।

ਸੂਚਨਾ ਕ੍ਰਾਂਤੀ ਦਾ ਮੌਜੂਦਾ ਦੌਰ ਜਿਸ ਨੂੰ ਮਨੁੱਖੀ ਸਭਿਅਤਾ ਦੇ ਵਿਕਾਸ ਦਾ ਸੂਚਕ ਖਿਆਲ ਕੀਤਾ ਗਿਆ, ਕਿਸ ਤਰ੍ਹਾਂ ਛਲ-ਕਪਟ ਦਾ ਜਾਲ ਬਣ ਕੇ ਰਹਿ ਗਿਆ ਹੈ, ਇਯ ਸੱਚ ਦੀ ਬੜੀ ਬੇਬਾਕ ਪੇਸ਼ਕਾਰੀ 'ਜਾ.ਲ' ਕਹਾਣੀ ਵਿਚ ਕੀਤੀ ਗਈ ਹੈ। ਇੰਟਰਨੈਟ ਜ਼ਰੀਏ ਨਵੀਂ ਪੀੜ੍ਹੀ, ਖਾਸ ਕਰਕੇ ਕਿਸ਼ੋਰ ਉਮਰ ਦੀਆਂ ਲੜਕੀਆਂ ਨੂੰ ਵਰਕਲਾ ਕੇ, ਸ਼ਾਤਰ ਲੋਕਾਂ ਵੱਲੋਂ ਆਪਣੀ ਜਿਨਸੀ ਹਵਸ ਦਾ ਸ਼ਿਕਾਰ ਬਣਾਇਆ ਜਾ ਰਿਹਾ ਹੈ, ਬੱਚਿਆਂ ਦੇ ਮਾਪੇ ਨਾ ਕੇਵਲ ਇਸ ਵਰਤਾਰੇ ਅੱਗੇ ਲਾਲਚਾਰ ਹੋਏ ਦਿਖਾਈ ਦੇ ਰਹੇ ਹਨ ਸਗੋਂ ਭੈਭੀਤ ਵੀ ਹਨ। ਇੰਟਰਨੈਟ ਮੇਜਰ ਮਾਂਗਟ ਦੀ ਕਹਾਣੀ ਵਿਚ ਕੁਝ ਇਸ ਤਰ੍ਹਾਂ ਪਰਿਭਾਸ਼ਿਤ ਹੋਇਆ ਹੈ : ਕਿਸੇ ਬਜ਼ੁਰਗ ਨੇ ਪੁੱਛਿਆ ਸੀ ''ਸਾਊਆ ਇਹ ਅੰਟਰਨਿੱਟ ਕੀ ਬਲਾ ਹੁੰਦੀ ਆ?'' ਮੇਰਾ ਜਵਾਬ ਸੀ ਪੂਰੀ ਦੁਨੀਆ 'ਤੇ ਸੁਟਿਆ ਗਿਆ ਜਾਲ। ਜਿਵੇਂ ਅਸੀਂ ਤਿੱਤਰਾਂ, ਕਬੂਤਰਾਂ ਤੇ ਮੱਛੀਆਂ ਨੂੰ ਫੜਨ ਲਈ ਜਾਲ ਸੁੱਟਦੇ ਹਾਂ। ਉਹ ਬਜ਼ੁਰਗ ਸੁਣ ਕੇ ਹੈਰਾਨ ਰਹਿ ਗਿਆ ਕਿ ਕੋਈ ਪੂਰੀ ਦੁਨੀਆ ਜਿੱਡਾ ਜਾਲ ਵੀ ਹੁੰਦਾ ਹੈ। ਫੇਰ ਆਪ ਹੀ ਕਹਿੰਦਾ, ''ਭਾਈ ਕਲਯੁੱਗ ਆ, ਹੋ ਵੀ ਸਕਦੈ।

'ਮੋਮਬੱਤੀ' ਸੰਗ੍ਰਹਿ ਦੀਆਂ ਕਹਾਣੀਆਂ ਤੋਂ ਇਉਂ ਲਗਦਾ ਹੈ ਜਿਵੇਂ ਪੰਜਾਬ ਦੇ ਜੀਵਨ ਯਥਾਰਥ ਵਿਚ ਉਭਰੀਆਂ ਭਾਰੂ ਪ੍ਰਵਿਰਤੀਆਂ ਦੀ ਪਿਉਂਦ ਪੁੱਟ ਕੇ ਕੈਨੇਡਾ 'ਚ ਲਗਾਈ ਜਾ ਰਹੀ ਹੋਵੇ। 'ਰਾਸ਼ੀਆਂ' ਕਹਾਣੀਆਂ ਵਿਚ ਵਰਜਿਤ ਸਬੰਧਾਂ ਦੀਆਂ ਦੋ ਕਹਾਣੀਆਂ ਹਨ, ਪਹਿਲੀ ਪੰਜਾਬ ਵਿਚ ਵਾਪਰਦੀ ਹੈ ਤੇ ਦੂਜੀ ਕੈਨੇਡਾ ਵਿਚ। ਦੋਵਾਂ ਦੇ ਪਾਤਰ ਪੰਜਾਬੀ ਹਨ, ਰਿਸ਼ਤੇ ਉਹੀ ਹਨ ਤੇ ਸਿੱਟੇ ਵੀ ਇਕ-ਸਮਾਨ ਦੁਖਾਂਤ ਵਿਚ ਨਿਕਲਦੇ ਹਨ।




ਮੇਜਰ ਮਾਂਗਟ
+1-416-727-2071
major.mangat@gmail.com

ਭਾਰਤੀ ਤਹਿਜ਼ੀਬ ਵਿਚ ਜ਼ਿੰਦਗੀ ਦੀ ਇਬਾਰਤ ਇਖ਼ਲਾਕ ਦੇ ਹਾਸ਼ੀਏ ਦੇ ਅੰਦਰਵਾਰ ਹੀ ਲਿਖੀ ਜਾਂਦੀ ਹੈ। ਇਖ਼ਲਾਕ ਜ਼ਰੂਰੀ ਹੈ, ਭਾਵੇਂ ਇਹ ਮੁਖੌਟੇ ਦੀ ਸ਼ਕਲ ਵਿਚ ਹੀ ਕਿਉਂ ਨਾ ਹੋਵੇ। ਜਿਉਂ ਹੀ ਜ਼ਿੰਦਗੀ ਹਾਸ਼ੀਏ ਵੱਲ ਸਰਕਦੀ ਦਿਖਾਈ ਦਿੰਦੀ ਹੈ, ਮਲਾਗਰ ਸਿੰਘ ਵਰਗੇ ਸਹਿਣ ਨਹੀਂ ਕਰ ਪਾਉਂਦੇ, ਪਾਗਲ ਹੋ ਜਾਂਦੇ ਹਨ, ਫਿਰ ਭਾਵੇਂ ਉਹ ਭਾਰਤ ਵਿਚ ਹੋਣ ਭਾਵੇਂ ਕੈਨੇਡਾ ਵਿਚ, ਕੋਈ ਫਰਕ ਨਹੀਂ ਪੈਂਦਾ, ਸਿੱਟਾ ਦੁਖਾਂਤ ਦੇ ਰੂਪ ਵਿਚ ਹੀ ਸਾਹਮਣੇ ਆਉਂਦਾ ਹੈ।

ਦਰਅਸਲ, ਸਾਡੇ ਲੋਕਾਂ ਨੇ ਪਰੰਪਰਾਵਾਂ ਦੇ ਨਾਂ 'ਤੇ ਬੇਲੋੜੇ ਅਖੌਤੀ ਇਖ਼ਲਾਕ ਦਾ ਵੀ ਭਾਰੀ ਬੋਝ ਚੁੱਕ ਰੱਖਿਆ ਹੈ। ਸ਼ਾਇਦ ਇਸੇ ਕਰਕੇ ਇਹ ਸਹਿਜ ਨਹੀਂ ਰਹਿੰਦੇ, ਜਦ ਵੀ ਕਦੇ ਇਨ੍ਹਾਂ ਨੂੰ ਮੌਕਾ ਮਿਲਦਾ ਹੈ, ਇਹ ਇਖ਼ਲਾਕ ਦੀਆਂ ਧੱਜੀਆਂ ਉਡਾ ਦਿੰਦੇ ਹਨ। ਸੰਨ ਸੰਤਾਲੀ ਹੋਵੇ ਜਾਂ ਸੰਨ ਚੁਰਾਸੀ, ਭਾਰਤੀ ਉਪ ਮਹਾਂਦੀਪ ਦੇ ਲੋਕਾਂ ਦਾ ਅਸਲੀ ਕਰੂਰ ਚਿਹਰਾ ਨੰਗਾ ਹੋ ਹੀ ਜਾਂਦਾ ਹੈ। 'ਮੋਮਬੱਤੀ' ਸੰਗ੍ਰਹਿ ਦੀਆਂ ਕਹਾਣੀਆਂ 'ਚ ਇਨ੍ਹਾਂ ਦੋ ਤ੍ਰਾਸਦੀਆਂ ਦੇ ਵੇਰਵੇ ਤਾਂ ਆਏ ਹੀ ਹਨ, ਨਾਲ ਹੀ ਇਖ਼ਲਾਕ ਦੇ ਸੰਦਰਭ ਵਿਚ ਕਹਾਣੀ 'ਮੋਮਬੱਤੀ' ਦਾ ਆਪਣਾ ਨਿਵੇਕਲਾ ਮਹੱਤਵ ਵੀ ਬਣਦਾ ਹੈ। ਕਹਾਣੀ ਵਿਚ ਹਾਲਾਂਕਿ ਇਸਤਰੀ ਨੰਗੇਜ਼ ਦਾ ਵਰਣਨ ਹੈ, ਲੇਖਕ ਨੇ ਉਨ੍ਹਾਂ ਪ੍ਰਸਥਿਤੀਆਂ ਦਾ ਪਰਿਪੇਖ ਵੀ ਉਸਾਰਿਆ ਹੈ, ਜਿਨ੍ਹਾਂ ਵਿਚ ਜਵਾਨ ਔਰਤਾਂ ਨੂੰ ਕੈਨੇਡਾ ਦੀਆਂ ਕਲੱਬਾਂ ਵਿਚ ਨਗਨ ਨਾਚ ਪੇਸ਼ ਕਰਨ ਲਈ ਮਜਬੂਰ ਹੋਣਾ ਪੈਂਦਾ ਹੈ, ਪਰ ਕਹਾਣੀ ਦਾ ਧਿਆਨ ਖਿੱਚਣ ਵਾਲਾ ਪਹਿਲੂ ਇਸ ਨੰਗੇਜ਼ ਪ੍ਰਤੀ ਭੱਦਰ ਪੁਰਸ਼ ਹਿੰਦ ਉਪ ਮਹਾਂਦੀਪ ਵਾਸੀਆਂ ਦਾ ਉਲਾਰ ਹੈ। ਇਨ੍ਹਾਂ ਲੋਕਾਂ ਲਈ ਤਾਂ ਕੈਨੇਡਾ ਕਾਮ-ਖੁੱਲ੍ਹ ਦਾ ਹੀ ਸਮਅਰਥੀ ਬਣ ਕੇ ਰਹਿ ਗਿਆ ਹੈ, ਜੱਸੀ ਤੇ ਬਿੱਲੂ ਹਫ਼ਤੇ ਦੋ ਹਫ਼ਤੇ ਬਾਅਦ ਕਲੱਬ ਚਲੇ ਜਾਂਦੇ। ਏਥੇ ਆ ਕੇ ਉਨ੍ਹਾਂ ਸਿਰਫ਼ ਔਰਤ ਦਾ ਨੰਗ ਨਹੀਂ ਸੀ ਵੇਖਿਆ ਕਈ ਬੀਬੀਆਂ ਦਾੜ੍ਹੀਆਂ ਦੇ ਨੰਗ ਵੀ ਵੇਖੇ ਸਨ। ਨੰਗੀਆਂ ਨੱਚਣ ਵਾਲੀਆਂ ਕੁੜੀਆਂ ਤਾਂ ਜੋ ਵੀ ਸਨ ਸਭ ਦੇ ਸਾਹਮਣੇ ਸਨ, ਪਰ ਕਮਿਊਨਿਟੀ ਲੀਡਰ, ਧਾਰਮਿਕ ਅਖਵਾਉਣ ਵਾਲੇ, ਔਰਤਾਂ ਦੇ ਹਮਾਇਤੀ ਅਤੇ ਅਸ਼ਲੀਲਤਾ ਦੇ ਵਿਰੋਧੀ ਅਗਾਂਹਵਧੂ ਅਖਵਾਉਣ ਵਾਲੇ ਤਾਂ ਏਦੋਂ ਵੀ ਕਿਤੇ ਵੱਡੇ ਕੰਜਰ ਸਨ। ਜੋ ਸਭ ਕੁਝ ਚੋਰੀ ਚੋਰੀ ਕਰਦੇ। ਲੋਕਾਂ ਦੀਆਂ ਅੱਖਾਂ 'ਚ ਘੱਟਾ ਪਾਉਂਦੇ। ਉਨ੍ਹਾਂ ਦੇ ਮੂੰਹ 'ਤੇ ਲਾਏ ਮਖੌਟੇ ਏਥੇ ਆ ਕੇ ਸਰਕ ਜਾਂਦੇ। ਕਹਾਵਤ ਯਾਦ ਆਉਂਦੀ 'ਉਤੋਂ ਬੀਬੀਆਂ ਦਾੜ੍ਹੀਆਂ ਵਿਚੋਂ ਕਾਲੇ ਕਾਂ।'

ਪ੍ਰੋ. ਰਮਨ
+91-98785-31166

ਮੇਜਰ ਮਾਂਗਟ ਦੀ ਕਥਾ ਸਿਰਜਣ ਦ੍ਰਿਸ਼ਟੀ ਤਕਰੀਬਨ ਸੰਗ੍ਰਹਿ ਦੀਆਂ ਸਾਰੀਆਂ ਕਹਾਣੀਆਂ ਵਿਚ ਹੀ ਅਤੀਤਮੁਖੀ ਬਣੀ ਰਹਿੰਦੀ ਹੈ। ਪਾਤਰ ਜੋ ਕੈਨੇਡਾ 'ਚ ਰਹਿ ਰਹੇ ਹਨ, ਕਿਸੇ ਨਾ ਕਿਸੇ ਗੱਲੋਂ ਸੋਚ ਦੀ ਪੱਧਰ 'ਤੇ ਆਪਣੇ ਅਤੀਤ ਵੱਲ ਪਰਤ ਜਾਂਦੇ ਹਨ। ਇਸ ਦਾ ਇਕ ਕਾਰਨ ਤਾਂ ਸ਼ਾਇਦ ਇਹ ਹੈ ਕਿ ਉਨ੍ਹਾਂ ਕੋਲ ਭਵਿੱਖ ਦਾ ਅਜੇ ਕੋਈ ਵੀ ਤਸੱਵੁਰ ਨਹੀਂ ਹੈ। ਜੇ ਹੈ ਵੀ ਤਾਂ ਉਹ ਵੀ ਧੁੰਦਲਾ ਜਿਹਾ ਤੇ ਵਧੇਰੇ ਆਸ਼ਾਜਨਕ ਨਹੀਂ ਹੈ। ਦੂਸਰਾ ਕਾਰਨ ਇਹ ਹੈ ਕਿ ਉਨ੍ਹਾਂ ਅੱਗੇ ਇਹ ਸਵਾਲ ਮੁੜ-ਮੁੜ ਉਭਰਦਾ ਹੈ ਕਿ ਆਖ਼ਰ ਉਹ ਕੈਨੇਡਾ ਕਿਉਂ ਆਏ ਹਨ ਤੇ ਜਿਹੜੇ ਨਹੀਂ ਵੀ ਆਏ ਉਹ ਵੀ ਇੰਡੀਆ ਛੱਡਣ ਲਈ ਤਿਆਰ-ਬਰ-ਤਿਆਰ ਬੈਠੇ ਹਨ। ਨਿਰਸੰਦੇਹ, ਪੰਜਾਬ ਦੀ ਧਰਤੀ ਵਿਸ਼ਵ ਦੀਆਂ ਸਭ ਤੋਂ ਵਧੀਆ ਤੇ ਨਿਆਮਤਾਂ ਨਾਲ ਭਰਪੂਰ ਧਰਤੀਆਂ ਵਿਚੋਂ ਇਕ ਹੈ। ਰਿਜ਼ਕ ਦੀ ਕੋਈ ਕਮੀ ਨਾ ਹੋਣ ਦੇ ਬਾਵਜੂਦ ਮੌਜੂਦਾ ਪ੍ਰਬੰਧ ਨੇ ਲੋਕਾਂ ਦੇ ਵੱਡੇ ਹਿੱਸੇ ਨੂੰ ਰਿਜ਼ਕ ਤੋਂ ਵੰਚਿਤ ਕਰਨ ਦਾ ਅਮਲ ਜਾਰੀ ਰੱਖਿਆ ਹੋਇਆ ਹੈ, ਜਿਸ ਦੀ ਪ੍ਰਾਪਤੀ ਲਈ ਲੋਕ ਪਰਾਈਆਂ ਧਰਤੀਆਂ ਵੱਲ ਪਲਾਇਨ ਲਈ ਮਜਬੂਰ ਹੋ ਗਏ ਹਨ। ਪਰ ਉਹ ਲੋਕ ਵੀ ਜੋ ਰੱਜੇ-ਪੁੱਜੇ ਹਨ, ਦੇਸੋਂ ਦੌੜ ਰਹੇ ਹਨ, ਇਨ੍ਹਾਂ ਦੇ ਲੋੜ, ਸਬਰ ਦੀ ਕੋਈ ਸੀਮਾ ਨਹੀਂ ਹੈ। ਇਨ੍ਹਾਂ ਦੋਵੇਂ ਤਰ੍ਹਾਂ ਦੇ ਲੋਕਾਂ ਦੀ ਆਰਥਿਕ ਜੁਗਾੜਬੰਦੀ ਉਨ੍ਹਾਂ ਦੀ ਆਤਮਾ ਨੂੰ ਬੁਰੀ ਤਰ੍ਹਾਂ ਕੁਚਲ ਰਹੀ ਹੈ। ਕੁਚਲੀ ਹੋਈ ਰੂਹ ਵਿਚ ਕਿਸੇ ਭਵਿੱਖ ਦੇ ਤਸੱਵੁਰ ਦੀ ਸੰਭਾਵਨਾ ਘੱਟ ਹੀ ਬਾਕੀ ਬਚਦੀ ਹੈ। ਕਹਾਣੀਆਂ ਦੇ ਜ਼ਿਆਦਾਤਰ ਕਿਰਦਾਰ ਆਪਾ-ਵਿਰੋਧਾਂ ਵਿਚ ਬੁਰੀ ਤਰ੍ਹਾਂ ਉਲਝੇ ਹੋਏ ਹਨ। 'ਕੋਕੋਨਟ' ਕਹਾਣੀ ਦਾ ਇਹ ਸੰਵਾਦ ਸਾਡੇ ਲੋਕਾਂ ਦੀ ਇਹ ਸਥਿਤੀ ਕਾਫੀ ਸਪਸ਼ਟ ਕਰ ਦਿੰਦਾ ਹੈ : ਬਲਦੇਵ ਬੋਲਿਆ ''ਕਸੂਰ ਕੀਹਦਾ ਆ, ਅਸੀਂ ਵੀ ਤਾਂ ਲਾਈਨਾ ਬਣਾਈ ਅਮਰੀਕਾ ਕੈਨੇਡਾ ਨੂੰ ਤੁਰੇ ਆਉਂਦੇ ਆਂ। ਬਾਹਰ ਆਉਣ ਲਈ ਜੋ ਵੀ ਦਾਅ ਲੱਗੇ ਲਾਉਂਦੇ ਹਾਂ। ਜੇਕਰ ਪੰਜਾਬੀ ਖਾਲੀ ਹੋਊ ਹੋਰ ਕੋਈ ਤਾਂ ਉਥੇ ਆਊ ਹੀ। ਗੋਰੇ ਫੇਰ ਏਵੇਂ ਹੀ ਸੋਚਦੇ ਹੋਣੇ ਆ ਕਿ ਅਸੀਂ ਉਨ੍ਹਾਂ ਦੇ ਮੁਲਕ ਕਿਉਂ ਆਏ? ਵੋਟਾਂ 'ਚ ਕਿਉਂ ਖੜ੍ਹਦੇ ਹਾਂ? ਫੇਰ ਅਸੀਂ ਕਹਿੰਦੇ ਹਾਂ ਕਿ ਉਹ ਨਸਲਵਾਦੀ ਨੇ। ਸਭ ਤੋਂ ਵੱਡੇ ਨਸਲਵਾਦੀ ਤਾਂ ਅਸੀਂ ਆਪ ਹਾਂ। ਆਪ ਤਾਂ ਚਾਹੁੰਦੇ ਹਾਂ ਕਿ ਅਸੀਂ ਤਾਂ ਕੈਨੇਡਾ 'ਚ ਤਰੱਕੀ ਵੀ ਕਰੀਏ ਤੇ ਮਨਿਸਟਰ ਵੀ ਬਣੀਏ, ਪਰ ਸਾਡੇ ਪਿੰਡ ਦਾ ਸਰਪੰਚ ਕਿਤੇ ਭਈਆ ਨਾ ਬਣ ਜਾਵੇ। ਦਰਅਸਲ ਅਸੀਂ ਦੋਗਲੇ ਆਂ। ਇਕੱਲਾ ਦਵਿੰਦਰ ਹੀ ਨਹੀਂ ਅਸੀਂ ਸਾਰੇ ਹੀ ਕੋਕੋਨੱਟ ਹਾਂ। ਅੰਦਰੋਂ ਕੁਝ ਹੋਰ ਤੇ ਬਾਹਰੋਂ ਕੁਝ ਹੋਰ।'' 'ਧੂਣੀ', 'ਖੇਖਣ', 'ਆਪਣਾ ਰੰਗ', 'ਹਨੇਰ', 'ਦੁਫ਼ਾੜ' ਗੱਲ ਕੀ ਹਰ ਕਹਾਣੀ ਹੀ ਵਰਤਮਾਨ ਦੀਆਂ ਘੁੰਮਣਘੇਰੀਆਂ 'ਚੋਂ ਵਲੇਵੇਂ ਖਾਂਦੀ, ਮਨ ਨੂੰ ਉਚਾਟ ਕਰਨ ਵਾਲੇ ਅਤੀਤ ਵੱਲ ਹੋ ਤੁਰਦੀ ਹੈ।

'ਭਗਤ ਸਿੰਘ, ਭਾਰਤ, ਭਤੀਜ ਤੇ ਮੈਂ' ਮੋਮਬੱਤੀ ਸ੍ਰਹਿ ਦੀ ਬਹੁਤ ਮਹੱਤਵਪੂਰਨ ਕਹਾਣੀ ਹੈ। ਕਹਾਣੀ ਦੇ ਕੇਂਦਰ ਵਿਚ ਭਗਤ ਸਿੰਘ ਦੇ ਉਸ ਦੀ ਵਿਚਾਰਧਾਰਾ ਹੈ ਅਤੇ ਇਸ ਦੇ ਇਰਦ-ਗਿਰਦ ਭਗਤ ਸਿੰਘ ਦੇ ਅਨੇਕਾਂ ਬਿੰਬ ਅਤੇ ਉਸ ਦੇ ਵਿਅਕਤੀਤਵ ਦੀਆਂ ਅਨੇਕਾਂ ਵਿਆਖਿਆਵਾਂ ਹਨ। ਹਰ ਕੋਈ ਆਪਣੇ ਸਵਾਰਥ ਨੂੰ ਫਿੱਟ ਬੈਠਦਾ ਭਗਤ ਸਿੰਘ ਦਾ ਬਿੰਬ ਮਾਤਰ ਵਿਖਾਵੇ ਵਜੋਂ ਚੁੱਕੀ ਫਿਰਦਾ ਹੈ। ਇਸ ਆਪਾਧਾਪੀ ਦੀ ਦੌੜ ਵਿਚ ਭਗਤ ਸਿੰਘ ਦੀ ਵਿਚਾਰਧਾਰਾ ਗੁੰਮ ਹੋ ਕੇ ਰਹਿ ਗਈ ਹੈ। ਭਗਤ ਸਿੰਘ ਪੰਜਾਬ ਦੀ ਉਸ ਜਵਾਨੀ ਦਾ ਪ੍ਰਤੀਕ ਹੈ ਜਿਸ ਨੇ ਬਸਤੀਵਾਦ ਦੀਆਂ ਜੜ੍ਹਾਂ ਉਖਾੜਨ ਦੀ ਵੱਡੀ ਚੁਣੌਤੀ ਕਬੂਲ ਕੀਤੀ ਸੀ, ਜਦ ਕਿ ਅੱਜ ਦੀ ਜਵਾਨੀ ਬਸਤੀਵਾਦੀ ਮੁਲਕਾਂ ਵੱਲ ਵਹੀਰਾਂ ਘੱਤ ਕੇ ਜਾਣ ਲਈ ਤਤਪਰ ਹੈ। ਰਿਸ਼ਤਿਆਂ ਵਿਚ ਅਤਿ ਦਰਜੇ ਦਾ ਨਿਘਾਰ ਆ ਰਿਹਾ ਹੈ। ਕਹਾਣੀ ਦੇ ਸੂਤਰਧਾਰ ਅਨੁਸਾਰ ਮੈਂ ਸੋਚ ਰਿਹਾ ਸੀ ਕੀ ਬਣੇਗਾ ਰੂਬਨ ਵਰਗੇ ਨੌਜਵਾਨਾਂ ਦਾ ਜਿਨ੍ਹਾਂ ਨੂੰ ਆਜ਼ਾਦੀ ਦੇ ਐਨੇ ਵਰ੍ਹੇ ਬੀਤ ਜਾਣ ਬਾਅਦ ਵੀ ਆਪਣਾ ਭਵਿੱਖ ਸੁਰੱਖਿਅਤ ਨਹੀਂ ਜਾਪਦਾ ਤੇ ਹਰ ਨੌਜਵਾਨ ਅਮਰੀਕਾ ਜਾਂ ਕੈਨੇਡਾ ਭੱਜ ਜਾਣਾ ਚਾਹੁੰਦਾ ਹੈ। ਇਸੇ ਦੌਰ ਵਿਚ ਪੰਜਾਬ ਵਾਸੀਆਂ ਨੇ ਆਪਣੇ ਇੱਜ਼ਤ-ਅਸੂਲ ਸਭ ਛਿੱਕੇ 'ਤੇ ਟੰਗੇ ਹੋਏ ਨੇ। ਉਹ ਆਪਣੀਆਂ ਧੀਆਂ ਨੂੰ ਪੌੜੀਆਂ ਬਣਾ ਕੇ ਵਰਤ ਰਹੇ ਨੇ ਜਾਂ ਬਘਿਆੜਾਂ ਅੱਗੇ ਪਰੋਸ ਰਹੇ ਨੇ। ਭੈਣ ਭਰਾ, ਪਿਉ ਧੀ, ਪਤੀ ਪਤਨੀ ਰਿਸ਼ਤਿਆਂ ਦਾ ਡਰਾਮਾ ਖੇਡ ਰਹੇ ਨੇ। ਮੇਰਾ ਭਰਾ ਅਜਿਹਾ ਕੋਈ ਵੀ ਸਮਝੌਤਾ ਕਰਨ ਲਈ ਤਿਆਰ ਸੀ। ਬਸ ਮੇਰੀ ਹਾਂ ਚਾਹੁੰਦਾ ਸੀ। (ਪੰਨਾ 129) ਕਹਾਣੀਆਂ ਵਿਚ ਪੇਸ਼ ਇਹੋ ਜਿਹੇ ਵਰਤਾਰਿਆਂ ਨੂੰ ਵਿਭਿੰਨ ਕਹਾਣੀਆਂ ਦੇ ਸੂਤਰਧਾਰ ਦੀ 'ਹਾਂ' ਚਾਹੀਦੀ ਹੈ ਜੋ ਕਿਸੇ ਨਾ ਕਿਸੇ ਤਰ੍ਹਾਂ 'ਨਾਂਹ' ਹੀ ਬਣੀ ਰਹਿੰਦੀ ਹੈ। ਇਹ ਇਨ੍ਹਾਂ ਕਹਾਣੀਆਂ ਦਾ ਸਭ ਤੋਂ ਖ਼ੂਬਸੂਰਤ ਪੱਖ ਹੈ। ਤਾਰ-ਤਾਰ ਕੋਈ ਮਾਨਸਿਕਤਾ ਹੇਠ ਦੱਬੇ ਜਾਣ ਦੇ ਬਾਵਜੂਦ ਉਹ ਪੰਜਾਬੀ ਵੱਲੋਂ ਪਰਵਾਸ ਦੌਰਾਨ ਉਸਾਰੇ ਜਾ ਰਹੇ ਸਭਿਆਚਾਰ ਤੋਂ ਤੀਬਰ ਵਿਦਰੋਹ ਕਰਦਾ ਹੈ। ਕੁੱਲ ਮਿਲਾ ਕੇ 'ਮੋਮਬੱਤੀ' ਸੰਗ੍ਰਹਿ ਵਿਚਲੀਆਂ ਕਹਾਣੀਆਂ ਵਿਚ ਮੇਜਰ ਮਾਂਗਟ ਪਰਵਾਸੀਆਂ ਦੇ ਮਸਲਿਆਂ ਨੂੰ ਗ਼ੈਰ ਰਵਾਇਤੀ ਜ਼ਾਵੀਏ ਤੋਂ ਨਵੇਂ ਅੰਦਾਜ਼ ਵਿਚ ਸੰਬੋਧਿਤ ਹੈ। ਪਰਵਾਸੀ ਪੰਜਾਬੀ ਸਾਹਿਤ ਦੇ ਨਵੇਂ ਰੁਝਾਨਾਂ ਦੀ ਨਿਸ਼ਾਨਦੇਹੀ ਲਈ ਇਹ ਪੁਸਤਕ ਨਿਸ਼ਚੈ ਹੀ ਕਾਫੀ ਸਹਾਈ ਸਾਬਤ ਹੋਣ ਦੀ ਸੰਭਾਵਨਾ ਰੱਖਦੀ ਹੈ।

**Best Truck Wash**
*Your Mobile Wash Professionals Edmonton & Area*

ਅਸੀਂ ਤੁਹਾਡੇ ਟਰੱਕ, ਟਰੇਲਰ ਐਡਮਿੰਟਨ
ਦੇ ਕਿਸੇ ਵੀ ਹਿੱਸੇ ਵਿਚ ਪਹੁੰਚ ਕੇ ਵਾਸ਼ ਕਰਾਂਗੇ।
ਵਧੀਆ ਸਰਵਿਸ ਲਈ ਸੰਪਰਕ ਕਰੋ।
ਅਸੀਂ ਤੇਲ ਬਦਲੀ ਅਤੇ ਗਰੀਸ ਵੀ ਕਰਦੇ ਹਾਂ



We can Wash
Your Truck
anywhere in
Edmonton & Area

- High Pressure Nozzles
- Trailer/Truck
- Fleet Washing With Under Mobile Brush Wash System
- Oil Change and Grease



For more info Call:
BIN: (780) 267-9102
CAM: (780) 238-8161

# ਕਿਹੋ ਜਿਹਾ ਹੋਵੇ ਸੰਤੁਲਿਤ ਭੋਜਨ

ਸੰਤੁਲਿਤ ਭੋਜਨ ਭਾਵ ਜਿਸ ਵਿਚ ਸਰੀਰ ਲਈ ਸਾਰੇ ਲੋੜੀਂਦੇ ਪੋਸ਼ਕ ਤੱਤ ਹੋਣ, ਨਾਲ ਹੀ ਭੋਜਨ ਸਸਤਾ ਤੇ ਪੌਸ਼ਟਿਕ ਵੀ ਹੋਵੇ। ਭੋਜਨ ਨਾਲ ਸਰੀਰ ਨੂੰ ਉਰਜਾ ਮਿਲਦੀ ਹੈ, ਸਰੀਰ ਦੇ ਰੋਗਾਂ ਤੋਂ ਰੱਖਿਆ ਹੁੰਦੀ ਹੈ ਅਤੇ ਸਰੀਰ ਦੇ ਵਿਕਾਸ ਲਈ ਜ਼ਰੂਰੀ ਤੱਤ ਵੀ ਭੋਜਨ ਤੋਂ ਹੀ ਮਿਲਦੇ ਹਨ। ਭੋਜਨ ਪਦਾਰਥਾਂ ਨੂੰ ਤਿੰਨ ਹਿੱਸਿਆਂ ਵਿਚ ਵੰਡਿਆ ਜਾ ਸਕਦਾ ਹੈ।

**ਉਰਜਾ ਦੇਣ ਵਾਲੇ ਭੋਜਨ–**
ਇਸ ਵਿਚ ਹਰ ਤਰ੍ਹਾਂ ਦਾ ਅਨਾਜ, ਕਣਕ, ਚੌਲ, ਜੌਂ, ਬਾਜਰਾ, ਮੱਕੀ, ਘਿਓ, ਤੇਲ, ਗੁੜ, ਸ਼ੱਕਰ, ਮੱਖਣ, ਸ਼ਕਰਕੰਦ, ਜਿਮੀਕੰਦ ਆਉਂਦੇ ਹਨ।

**ਸਿਹਤਮੰਦ ਭੋਜਨ –**
ਇਸ ਵਿਚ ਪ੍ਰੋਟੀਨ ਨਾਲ ਭਰਪੂਰ ਮੇਵੇ, ਦਾਲਾਂ, ਦੁੱਧ ਆਦਿ ਆਉਂਦੇ ਹਨ।

**ਬਿਮਾਰੀਆਂ ਤੋਂ ਬਚਾਉਣ ਵਾਲਾ ਭੋਜਨ–**
ਸਰੀਰ ਨੂੰ ਬਿਮਾਰੀਆਂ ਤੋਂ ਬਚਾਉਣ ਲਈ ਵਿਟਾਮਿਨਾਂ ਜਾਂ ਖਣਿਜ ਅਤੇ ਪ੍ਰੋਟੀਨ ਨਾਲ ਭਰਪੂਰ ਦੁੱਧ, ਪਨੀਰ, ਫਲ, ਸਬਜ਼ੀਆਂ ਆਦਿ ਚੀਜ਼ਾਂ ਸ਼ਾਮਲ ਹਨ।

**ਅਨਾਜ–**
ਅਨਾਜ ਦੀ ਆਪਣੀ ਖਾਸੀਅਤ ਹੈ। ਕਣਕ, ਚੌਲ, ਬਾਜਰਾ, ਮੱਕੀ ਆਦਿ ਅਨਾਜ ਦੇ ਆਟੇ ਵਿਚੋਂ ਬੂਰਾ ਨਾ ਕੱਢੋ। ਬਿਨਾਂ ਪਾਲਿਸ਼ ਕੀਤੇ ਚੌਲਾਂ ਦੀ ਵਰਤੋਂ ਕਰੋ। ਚੌਲਾਂ ਦੀ ਪਰਤ ਵਿਚ ਵਿਟਾਮਿਨ–ਬੀ



ਡਾ. ਬਲਵਿੰਦਰ ਕੌਰ
Certified Diabetic Educator
Pfizer India Ltd., Chandigarh
Mob. No : +91-99158-02886
balwinderdietician77@gmail.com

ਕੰਪਲੈਕਸ ਹੁੰਦਾ ਹੈ।

**ਦਾਲਾਂ –**
ਸ਼ਾਕਾਹਾਰੀ ਲੋਕਾਂ ਲਈ ਦਾਲਾਂ ਬੇਹੱਦ ਜ਼ਰੂਰੀ ਹਨ। ਦਾਲਾਂ ਸ਼ਕਤੀ ਤੇ ਪ੍ਰੋਟੀਨ ਨਾਲ ਭਰਪੂਰ ਹੁੰਦੀਆਂ ਹਨ। ਮੂੰਗ ਦੀ ਦਾਲ ਛੇਤੀ ਹਜ਼ਮ ਹੋ ਜਾਂਦੀ ਹੈ ਅਤੇ ਇਹ ਬਜ਼ੁਰਗਾਂ ਲਈ ਵਧੀਆ ਖੁਰਾਕ ਹੈ।

**ਘਿਓ ਜਾਂ ਤੇਲ –**
ਮੂੰਗਫਲੀ, ਸਰ੍ਹੋਂ, ਤਿਲ ਜਾਂ ਘਿਓ ਇਨ੍ਹਾਂ ਵਿਚ ਪੌਸ਼ਟਿਕਤਾ ਦੀ ਦ੍ਰਿਸ਼ਟੀ ਨਾਲ ਕੋਈ ਅੰਤਰ ਨਹੀਂ ਹੈ। ਭੋਜਨ ਵਿਚ ਵਨਸਪਤੀ ਘਿਓ ਦੀ ਵਰਤੋਂ ਨਾ ਕਰੋ। ਸ਼ੁੱਧ ਦੇਸੀ ਘਿਓ ਜਾਂ ਤੇਲ ਦੀ ਵਰਤੋਂ ਸਿਹਤ ਦੀ ਦ੍ਰਿਸ਼ਟੀ ਨਾਲ ਜ਼ਿਆਦਾ ਚੰਗੀ ਹੈ।

**ਤਾਜ਼ਾ ਸਬਜ਼ੀਆਂ ਅਤੇ ਫਲ –**
ਸਬਜ਼ੀਆਂ ਖਣਿਜ ਨਾਲ ਭਰਪੂਰ ਹੁੰਦੀਆਂ ਹਨ। ਮੌਸਮੀ ਸਬਜ਼ੀਆਂ ਨੂੰ ਭੋਜਨ ਵਿਚ ਜ਼ਰੂਰ ਸ਼ਾਮਲ ਕਰੋ। ਮੂਲੀ, ਮੇਥੀ, ਗਾਜਰ, ਪਾਲਕ ਨੂੰ ਕੱਚਾ ਵੀ ਸਲਾਦ ਦੇ ਰੂਪ ਵਿਚ ਖਾਇਆ ਜਾ ਸਕਦਾ ਹੈ। ਘੱਟੋ ਘੱਟ 100 ਗ੍ਰਾਮ ਸਬਜ਼ੀ ਨਿਯਮਿਤ ਖਾਣੀ ਚਾਹੀਦੀ ਹੈ। ਫਲ ਵੀ ਵਿਟਾਮਿਨ ਨਾਲ ਭਰਪੂਰ ਹੁੰਦੇ ਹਨ। ਜ਼ਰੂਰੀ ਨਹੀਂ ਕਿ ਤੁਸੀਂ ਮਹਿੰਗੇ ਫਲ ਹੀ ਖਾਓ। ਅਮਰੂਦ, ਆਂਵਲਾ, ਕੇਲਾ, ਖੀਰਾ, ਖਰਬੂਜ਼ਾ, ਤਰਬੂਜ਼ ਆਦਿ ਬੇਹੱਦ ਲਾਭਦਾਇਕ ਹਨ।

**ਗੁੜ ਜਾਂ ਚੀਨੀ–**
ਚੀਨੀ ਦੀ ਤੁਲਨਾ ਗੁੜ ਵਿਚ ਜ਼ਿਆਦਾ ਪੋਸ਼ਕ ਤੱਤ ਹੁੰਦੇ ਹਨ। ਇਸ ਵਿਚ ਲੋਹਾ, ਵਿਟਾਮਿਨ ਅਤੇ ਹੋਰ ਖਣਿਜ ਹਨ। ਸਿਹਤ ਦੀ ਦ੍ਰਿਸ਼ਟੀ ਨਾਲ ਸਫੇਦ ਚੀਨੀ ਅਤਿਅੰਤ ਹਾਨੀਕਾਰਕ ਹੈ ਅਤੇ ਕੁਦਰਤੀ ਇਲਾਜ ਵਿਚ ਇਸ ਨੂੰ ਚਿੱਟੇ ਜ਼ਹਿਰ ਦਾ ਨਾਂ ਦਿੱਤਾ ਗਿਆ ਹੈ।

**ਦੁਧਾਰੂ ਪਸ਼ੂਆਂ ਤੋਂ ਪ੍ਰਾਪਤ ਪ੍ਰੋਟੀਨ–**
ਹਰ ਉਮਰ ਦੇ ਲੋਕਾਂ ਦੇ ਭੋਜਨ ਵਿਚ ਦੁੱਧ, ਦਹੀ, ਲੱਸੀ ਆਦਿ ਦੀ ਜ਼ਰੂਰਤ ਹੈ। ਸਪ੍ਰੇਟਾ ਦੁੱਧ ਵਿਚ ਵੀ ਹਰ ਜ਼ਰੂਰੀ ਤੱਤ ਹੈ। ਇਸ ਲਈ ਇਸ ਨੂੰ ਵੀ ਵਰਤਿਆ ਜਾ ਸਕਦਾ ਹੈ।
ਇਸ ਤਰ੍ਹਾਂ ਆਸਾਨੀ ਨਾਲ ਮਿਲਣ ਵਾਲੇ ਅਨਾਜ, ਦਾਲਾਂ, ਮੌਸਮੀ ਫਲ, ਸਬਜ਼ੀਆਂ ਤੇਲ, ਗੁੜ ਨੂੰ ਆਪਣੇ ਭੋਜਨ ਵਿਚ ਸ਼ਾਮਲ ਕਰਕੇ ਸੰਤੁਲਿਤ ਭੋਜਨ ਕੀਤਾ ਜਾ ਸਕਦਾ ਹੈ।

# ਕੰਪਿਊਟਰ ਅਤੇ ਮੋਬਾਈਲ ’ਤੇ ਲਗਾਤਾਰ ਗੇਮ ਖੇਡਣ ਨਾਲ ਖ਼ਤਮ ਹੋ ਰਿਹਾ ਬੱਚਿਆਂ ਦੀਆਂ ਅੱਖਾਂ ਦਾ ਪਾਣੀ



ਕਾਨਪੁਰ, (ਰਜਾ ਸ਼ਾਸਤਰੀ) : ਬਾਲ ਅੱਖ ਰੋਗੀਆਂ ’ਤੇ ਕੰਮ ਕਰ ਰਹੀ ਅਮਰੀਕਾ ਦੀ ਵਿਸ਼ਵ ਪੱਧਰੀ ਸੰਸਥਾ ਆਰਬਿਸ ਇੰਟਰਨੈਸ਼ਨਲ ਇਸ ਗੱਲ ’ਤੇ ਚਿੰਤਤ ਹੈ ਕਿ ਭਾਰਤ ਵਿਚ ਕਮਜ਼ੋਰ ਨਿਗ੍ਹਾ ਦੇ ਬੱਚਿਆਂ ਦੀ ਗਿਣਤੀ ਪਿਛਲੇ ਦਸ ਸਾਲਾਂ ਵਿਚ ਵੀਹ ਗੁਣਾ ਵਧ ਗਈ ਹੈ। ਇਸ ਦਾ ਵੱਡਾ ਕਾਰਨ ਬੱਚਿਆਂ ਦਾ ਕੰਪਿਊਟਰ ਅਤੇ ਮੋਬਾਈਲ ’ਤੇ ਲਗਾਤਾਰ ਗੇਮ ਖੇਡਣਾ ਪਾਇਆ ਗਿਆ ਹੈ। ਦੇਸ਼ ਵਿਚ ਮਾਓਪਿਆ ਨਾਮਕ ਅੱਖਾਂ ਦੀ ਬਿਮਾਰੀ ਦੇ 1 ਕਰੋੜ 42 ਲੱਖ ਬੱਚੇ ਹਨ। ਇਸ ਬਿਮਾਰੀ ਵਿਚ ਉਮਰ ਵਧਣ ਨਾਲ ‘ਡ੍ਰਾਈ ਆਈ’ ਦੀ ਸ਼ਿਕਾਇਤ ਆਉਂਦੀ ਹੈ, ਜੋ ਅੱਖਾਂ ਦੀ ਰੌਸ਼ਨੀ ਵੀ ਖੋਹ ਸਕਦੀ ਹੈ। ਅਮਰੀਕੀ ਸੰਸਥਾ ਨੇ ਇਸ ਗੱਲ ’ਤੇ ਹੋਰ ਵੀ ਜ਼ਿਆਦਾ ਚਿੰਤਾ ਜਤਾਈ ਹੈ ਕਿ ਇਹ ਅੰਕੜਾ ਹਸਪਤਾਲਾਂ ਵਿਚ ਆਏ ਮਰੀਜ਼ਾਂ ਦੀ ਰਜਿਸਟ੍ਰੇਸ਼ਨ ਦੇ ਆਧਾਰ ’ਤੇ ਹੈ, ਜਦੋਂ ਕਿ ਹਕੀਕਤ ਵਿਚ ਗਿਣਤੀ ਕਿਤੇ ਜ਼ਿਆਦਾ ਹੈ। 10 ਸਾਲ ਪਹਿਲਾਂ ਮਾਓਪਿਆ ਦੇ ਕੁੱਲ ਰੋਗੀਆਂ ਵਿਚ 15 ਸਾਲ ਦੀ ਉਮਰ ਤੱਕ ਦੇ ਬੱਚਿਆਂ ਦੀ ਗਿਣਤੀ ਸਿਰਫ ਦੋ ਫੀਸਦੀ ਸੀ, ਪਰ ਇਸ ਵਿਚ ਗੁਣਾਤਮਕ ਵਾਧਾ ਹੋਇਆ ਹੈ। ਆਰਬਿਸ ਇੰਟਰਨੈਸ਼ਨਲ ਦੇ ਫੈਕਲਟੀ ਅਤੇ ਖੈਰਬਾਤ ਅੱਖ ਹਸਪਤਾਲ ਦੇ ਡਾਇਰੈਕਟਰ ਸੀਨੀਅਰ ਆਈ ਸਰਜਨ ਡਾ. ਮਨੀਸ਼ ਮਹਿੰਦਰਾ ਦਾ ਕਹਿਣਾ ਹੈ ਕਿ ਮਾਓਪਿਆ ਬਾਲ ਰੋਗੀਆਂ ਦੀ ਗਿਣਤੀ 20 ਤੋਂ 22 ਗੁਣਾ ਵਧੀ ਹੈ। ਇਸ ਤੋਂ ਪਹਿਲਾਂ ਇਹ ਜੇਨੇਟਿਕ ਸਮੱਸਿਆ ਮੰਨੀ ਜਾਂਦੀ ਸੀ, ਪਰ ਹੁਣ ਆਮ ਬੱਚੇ ਵੀ ਇਸ ਦੀ ਗ੍ਰਿਫ਼ਤ ਵਿਚ ਹਨ।





# ਨਿੱਕ ਵਾਲੈਂਡਾ ਨੇ ਨਾਇਗਰਾ ਫਾਲਜ਼ ਦੀ 550 ਮੀਟਰ ਦੀ ਦੂਰੀ ਰੱਸੀ ’ਤੇ ਤੁਰ ਕੇ ਇਤਿਹਾਸ ਰਚਿਆ



ਡੇਅਰਡੈਵਿਲ ਨਿੱਕ ਵਾਲੈਂਡਾ ਨੇ ਰੱਸੀ ਉਤੇ ਤੁਰ ਕੇ ਨਾਇਗਰਾ ਫਾਲਜ਼ ਪਾਰ ਕਰ ਕੇ ਨਵਾਂ ਇਤਿਹਾਸ ਸਿਰਜ ਦਿੱਤਾ ਹੈ। ਠਾਠਾਂ ਮਾਰਦੇ ਪਾਣੀ ਦੇ ਠੀਕ ਉਤੇ ਬੰਨ੍ਹੀ ਰੱਸੀ ਰਾਹੀਂ ਵਾਲੈਂਡਾ ਨੇ 550 ਮੀਟਰ ਦੀ ਇਸ ਦੂਰੀ ਨੂੰ ਬਿਨਾਂ ਕਿਸੇ ਡਰ ਤੇ ਭੈਅ ਦੇ ਆਰਾਮ ਨਾਲ ਤੈਅ ਕਰ ਲਿਆ। ਇਸ ਤੋਂ ਪਹਿਲਾਂ ਪ੍ਰਾਪਤ ਜਾਣਕਾਰੀ ਅਨੁਸਾਰ ਨਿੱਕ ਆਪਣੇ ਇਸ ਇਤਿਹਾਸਕ ਬਣਨ ਜਾ ਰਹੇ ਕਦਮ ਨੂੰ ਲੈ ਕੇ ਬਿਲਕੁਲ ਤਿਆਰ ਸੀ ਤੇ ਉਸ ਨੂੰ ਪੂਰਾ ਭਰੋਸਾ ਸੀ ਕਿ ਉਹ ਬਿਨਾਂ ਕਿਸੇ ਅੜਿੱਕੇ ਦੇ ਇਸ ਦੂਰੀ ਨੂੰ ਪਾਰ ਕਰ ਲਵੇਗਾ। ਉਸ ਨੇ ਨਾਇਗਰਾ ਫਾਲਜ਼ ਨੂੰ ਪਾਰ ਕਰਨ ਤੋਂ ਪਹਿਲਾਂ ਇਕ ਇੰਟਰਵਿਊ ਵਿਚ ਆਖਿਆ ਸੀ ਕਿ ਉਸ ਨੂੰ ਉਹੋ ਜਿਹੀ ਹੀ ਖ਼ੁਸ਼ੀ ਹੋ ਰਹੀ ਹੈ, ਜਿਸ ਤਰ੍ਹਾਂ ਦੀ ਇਕ ਬੱਚੇ ਨੂੰ ਕ੍ਰਿਸਮਸ ਦੀ ਸਵੇਰ ਨੂੰ ਹੁੰਦੀ ਹੈ। ਉਸ ਨੇ ਦੱਸਿਆ ਕਿ ਨਾਇਗਰਾ ਫਾਲਜ਼ ਨੂੰ ਇਸ ਤਰ੍ਹਾਂ ਪਾਰ ਕਰਨਾ ਉਸ ਦਾ ਬਚਪਨ ਦਾ ਸੁਪਨਾ ਸੀ। ਨਾਇਗਰਾ ਫਾਲਜ਼ ਨੂੰ ਪਾਰ ਕਰਕੇ ਨਿੱਕ ਨੇ ਆਪਣਾ ਨਾਂ ਇਤਿਹਾਸ ਦੇ ਪੰਨਿਆਂ ਉਤੇ ਸੁਨਹਿਰੇ ਅੱਖਰਾਂ ਵਿਚ ਲਿਖਾ ਲਿਆ ਹੈ। ਵਾਲੈਂਡਾ ਨੇ ਅਮਰੀਕਾ ਵਾਲੇ ਪਾਸੇ ਤੋਂ ਰੱਸੀ ਉਤੇ ਤੁਰਨਾ ਸ਼ੁਰੂ ਕੀਤਾ ਸੀ ਤੇ ਉਸ ਨੇ ਆਪਣਾ ਇਹ ਖ਼ਤਰਾ ਭਰਿਆ ਸਫ਼ਰ ਕੈਨੇਡਾ ਵਾਲੇ ਪਾਸੇ ਪਹੁੰਚ ਕੇ ਖ਼ਤਮ ਕੀਤਾ। ਦੋਵਾਂ ਪਾਸਿਆਂ ਨੂੰ ਪੰਜ ਸੈਂਟੀਮੀਟਰ ਦੀ ਰੱਸੀ (ਤਾਰ) ਨਾਲ ਜੋੜਿਆ ਗਿਆ ਸੀ ਤੇ ਇਸ ਰੱਸੀ ਉਤੇ ਤੁਰ ਕੇ ਹੀ ਨਿੱਕ ਨੇ ਮਾਅਰਕਾ ਮਾਰਿਆ ਹੈ। ਅਜਿਹਾ ਕਰਕੇ ਨਾਇਗਰਾ ਫਾਲਜ਼ ਨੂੰ ਰੱਸੀ ਰਾਹੀਂ ਪਾਰ ਕਰਨ ਵਾਲਾ ਨਿੱਕ ਪਹਿਲਾ ਵਿਅਕਤੀ ਬਣ ਗਿਆ ਹੈ। ਵਾਲੈਂਡਾ ਅਜਿਹੇ ਪਰਿਵਾਰ ਨਾਲ ਸਬੰਧ ਰੱਖਦਾ ਹੈ, ਜਿਨ੍ਹਾਂ ਨੂੰ ਸਰਕਸ ਵਿਚ ਕਰਤਬ ਤੇ ਸਟੰਟ ਵਿਖਾਉਣ ਲਈ “ਦ ਫਲਾਇੰਗ ਵਾਲੈਂਡਾਜ਼” ਵਜੋਂ ਜਾਣਿਆ ਜਾਂਦਾ ਹੈ। ਹਾਲਾਂਕਿ ਵਾਲੈਂਡਾ ਪਰਿਵਾਰ ਸੱਤ ਪੀੜ੍ਹੀਆਂ ਤੋਂ ਕਈ ਤਰ੍ਹਾਂ ਦੇ ਕਰਤਬ ਵਿਖਾਉਂਦਾ ਆ ਰਿਹਾ ਹੈ ਪਰ ਉਹ ਉਚੀ ਰੱਸੀ ਉਤੇ ਬਿਨਾਂ ਕਿਸੇ ਸੁਰੱਖਿਆ ਨੈੱਟ ਦੇ ਤੁਰਨ ਲਈ ਮਸ਼ਹੂਰ ਹਨ। ਵਾਲੈਂਡਾ ਰੱਸੀ ਉਤੇ ਤੁਰਨ ਵਾਲਿਆਂ ਦੀ ਸੱਤਵੀਂ ਪੀੜ੍ਹੀ ਦਾ ਮੈਂਬਰ ਹੈ। ਇਕ ਅੰਦਾਜ਼ੇ ਮੁਤਾਬਕ ਕੈਨੇਡਾ ਵਾਲੇ ਪਾਸੇ ਤੋਂ 120,000 ਲੋਕਾਂ ਨੇ ਇਸ ਕਰਤਬ ਨੂੰ ਵੇਖਿਆ। ਵਾਲੈਂਡਾ ਨੇ ਆਖਿਆ ਸੀ ਕਿ ਵੱਡੀ ਗਿਣਤੀ ਦਰਸ਼ਕਾਂ ਸਾਹਮਣੇ ਇਹ ਕਰਤਬ ਵਿਖਾਉਣਾ ਉਸ ਲਈ ਕੋਈ ਵੱਡੀ ਗੱਲ ਨਹੀਂ ਹੈ। ਉਸ ਨੇ ਦੱਸਿਆ ਕਿ ਉਹ ਦੋ ਸਾਲਾਂ ਦਾ ਸੀ, ਜਦੋਂ ਤੋਂ ਦਰਸ਼ਕਾਂ ਵਿਚ ਵਿਚਰਨ ਦੀ ਉਸ ਨੂੰ ਆਦਤ ਪੈ ਗਈ ਸੀ। ਇਸ ਮੌਕੇ ਵਾਲੈਂਡਾ ਦੇ ਪਿਤਾ ਟੈਰੀ ਟਰੌਫਰ ਵੀ ਉਥੇ ਮੌਜੂਦ ਸਨ।

ਸਫਾ ਇੱਕ ਦੀ ਬਾਕੀ

# ਸਪੇਨ ਨੇ ਇਟਲੀ ਨੂੰ 4-0 ਨਾਲ ਹਰਾ ਕੇ ਸਿਰਜਿਆ ਇਤਿਹਾਸ



ਸਪੇਨ ਦੇ ਖਿਡਾਰੀ ਖ਼ਿਤਾਬੀ ਟਰਾਫ਼ੀ ਨਾਲ ਜਿੱਤ ਦੀ ਖ਼ੁਸ਼ੀ ਮਨਾਉਂਦੇ ਹੋਏ।



ਯੂਰੋ ਟੂਰਨਾਮੈਂਟ ਦੇ ਇਤਿਹਾਸ ਵਿਚ ਖ਼ਿਤਾਬੀ ਜਿੱਤ ਦੌਰਾਨ ਇਸ ਜਿੱਤ ਦਾ ਸਭ ਤੋਂ ਵੱਡਾ ਅੰਤਰ ਹੈ ਇਸ ਤੋਂ ਪਹਿਲਾਂ ਪੱਛਮ ਜਰਮਨੀ ਨੇ 1972 ਵਿਚ ਸੋਵੀਅਤ ਸੰਘ ਨੂੰ 3-0 ਨਾਲ ਹਰਾਇਆ ਸੀ ਸਪੇਨ ਨੇ ਇਸ ਦੇ ਨਾਲ ਹੀ ਜਰਮਨੀ (1972, 1980 ਅਤੇ 1992 ) ਤੋਂ ਇਲਾਵਾ ਤਿੰਨ ਵਾਰ ਯੂਰੋ ਖ਼ਿਤਾਬ ਜਿੱਤਣ ਵਾਲੀ ਇੱਕਮਾਤਰ ਟੀਮ ਬਨਣ ਦੀ ਉਪਲਬਧੀ ਵੀ ਹਾਸਲ ਕੀਤੀ ਸਪੇਨ ਨੇ ਇਸ ਤੋਂ ਪਹਿਲਾਂ 1964 ਅਤੇ 2008 ਵਿਚ ਖ਼ਿਤਾਬ ਜਿੱਤਿਆ ਸੀ।

ਦੂਜੇ ਪਾਸੇ ਨਾਕਆਊਟ ਵਿਚ ਜਰਮਨੀ ਅਤੇ ਇੰਗਲੈਂਡ ਵਰਗੀਆਂ ਟੀਮਾਂ ਨੂੰ ਬਾਹਰ ਦਾ ਰਸਤਾ ਵਿਖਾਉਣ ਵਾਲੀ ਅਜ਼ੂਰੀ ਟੀਮ ਅੱਜ ਬਿਲਕੁਲ ਵੀ ਲੈਅ ਵਿਚ ਨਹੀਂ ਦਿਖੀ ਜਰਮਨੀ ਵਿਰੁੱਧ ਸੈਮੀਫਾਈਨਲ ਜਿੱਤ ਦੇ ਹੀਰੋ ਮਾਰਯੋ ਬਾਲੋਟੇਲੀ ਨੂੰ ਆਪਣੀ ਕੋਸ਼ਿਸ਼ਾਂ ਦਾ ਕੋਈ ਮੁਨਾਫ਼ਾ ਨਹੀਂ ਮਿਲਿਆ ਜਦੋਂ ਕਿ ਆਂਦਰਿਆ ਪਿਲਰੇ ਨੂੰ ਸਪੇਨ ਦੇ ਮਿਡਫੀਲਡ ਨੇ ਉਲਝਾ ਦਿੱਤਾ। ਕੌਮਾਂਤਰੀ ਪੱਧਰ 'ਤੇ ਪਿਛਲੇ ਕੁੱਝ ਸਮੇਂ ਵਿਚ ਸਪੇਨ ਦੇ ਦਬਦਬੇ ਦਾ ਅੰਦਾਜ਼ਾ ਇਸ ਗੱਲ ਤੋਂ ਲਾਇਆ ਜਾ ਸਕਦਾ ਹੈ ਕਿ ਪਿਛਲੇ 51 ਮੈਚਾਂ ਵਿਚ ਉ ਸਨੂੰ ਸਿਰਫ ਦੋ ਵਾਰ ਹਾਰ ਦਾ ਮੂੰਹ ਵੇਖਣਾ ਪਿਆ ਹੈ।

## ਜਿੱਤ ਦੇ ਜਸ਼ਨ ਵਿਚ ਡੁੱਬਿਆ ਸਪੇਨ, ਇਟਲੀ 'ਚ ਸਨਾਟਾ ਛਾਇਆ

ਮੈਡਰਿਡ : ਸਪੇਨ ਦੇ ਯੂਰੋ ਚੈਂਪੀਅਨਸ਼ਿਪ 2012 ਜਿੱਤਣ ਦੇ ਨਾਲ ਹੀ ਫੁਟਬਾਲ ਪ੍ਰੇਮੀ ਜਿੱਤ ਦੇ ਜਸ਼ਨ ਵਿਚ ਡੁੱਬ ਗਏ ਜਦੋਂ ਕਿ ਇਟਲੀ ਵਿਚ ਸਰਨਾਟਾ ਛਾਇਆ ਰਿਹਾ ਸਪੇਨ ਨੇ ਲਗਾਤਾਰ ਤੀਜਾ ਕੌਮਾਂਤਰੀ ਖ਼ਿਤਾਬ ਜਿੱਤਿਆ ਹੈ ਇਸ ਜਿੱਤ ਨੇ ਨੌਜਵਾਨਾਂ ਅਤੇ ਬਜ਼ੁਰਗਾਂ ਨੂੰ ਖ਼ੁਸ਼ੀ ਮਨਾਉਣ ਲਈ ਸੜਕਾਂ ਉੱਤੇ ਲਿਆ ਦਿੱਤਾ ਕਾਰ ਦੇ ਹਾਰਨ ਵਜਦੇ ਰਹੇ ਅਤੇ ਚਾਰੇ ਪਾਸੇ ਸਪੇਨਿਸ਼ ਝੰਡੇ ਲਹਿਰਾ ਰਹੇ ਸਨ ਪ੍ਰਸ਼ੰਸਕਾਂ ਦੇ ਮੋਢਿਆਂ ਉੱਤੇ ਬੈਨਰ ਲੱਗੇ ਸਨ ਘਰਾਂ ਦੇ ਵਿਹੜਿਆਂ, ਛੱਤਾਂ ਉੱਤੇ ਝੰਡੇ ਲਹਿਰਾ ਰਹੇ ਸਨ। ਮੈਡਰਿਡ ਦੇ ਮੁੱਖ ਚੌਕ ਉੱਤੇ ਲੱਗੇ ਫੁਹਾਰੇ ਵਿਚ ਲੋਕ ਨਹਾਉਂਦੇ ਨਜ਼ਰ ਆਏ ਦੂਜੇ ਪਾਸੇ ਰੋਮ ਵਿਚ ਸਰਕਸ ਮੈਕਸਿਮਮ ਏਰੇਨਾ ਵਿਚ ਜਮ੍ਹਾਂ ਹਜ਼ਾਰਾਂ ਦਰਸ਼ਕ ਰੋਨੀ ਸੂਰਤਾਂ ਲਈ ਘਰ ਰਵਾਨਾ ਹੋ ਗਏ ਇਕ ਦਰਸ਼ਕ ਨੇ ਕਿਹਾ,''ਮੈਂ ਹਾਰ ਮਹਿਸੂਸ ਕਰ ਰਿਹਾ ਹਾਂ ਸਾਡੀ ਟੀਮ ਥਕੀ ਹੋਈ ਸੀ''



## ਟੋਰੇਜ਼ ਨੂੰ ਮਿਲਿਆ ਗੋਲਡਨ ਬੂਟ ਦਾ ਖ਼ਿਤਾਬ

ਸਪੇਨ ਦੇ ਫਾਰਵਰਡ ਖਿਡਾਰੀ ਫਰਨਾਂਡੋ ਟੋਰੇਜ਼ ਨੇ ਯੂਰਪੀਅਨ ਚੈਂਪੀਅਨਸ਼ਿਪ ਵਿਚ ਸਭ ਤੋਂ ਵੱਧ ਗੋਲ ਕਰਕੇ ਗੋਲਡਨ ਬੂਟ ਦਾ ਖ਼ਿਤਾਬ ਜਿੱਤ ਲਿਆ ਹੈ। ਟੋਰੇਜ਼ ਨੇ 189 ਮਿੰਟਾਂ ਦੇ ਖੇਡ ਵਿਚ ਤਿੰਨ ਗੋਲ ਕੀਤੇ। ਟੋਰੇਜ਼ ਨੇ ਇਹ ਸਫਲਤਾ ਉਸ ਸਮੇਂ ਹਾਸਲ ਕੀਤੀ, ਜਦੋਂ ਉਸ ਨੇ ਟੂਰਨਾਮੈਂਟ ਵਿਚ ਤੀਜਾ ਗੋਲ ਦਾਗਿਆ। ਇਟਲੀ ਵਿਰੁੱਧ ਸਪੇਨ ਨੇ ਯੂਰਪੀਅਨ ਚੈਂਪੀਅਨਸ਼ਿਪ ਵਿਚ 4-0 ਨਾਲ ਜਿੱਤ ਦਰਜ ਕੀਤੀ ਹੈ। ਯੂਰੋ-2012 ਵਿਚ ਛੇ ਖਿਡਾਰੀਆਂ ਨੇ ਤਿੰਨ-ਤਿੰਨ ਗੋਲ ਕੀਤੇ ਹਨ ਅਤੇ ਟਾਈ ਬ੍ਰੇਕਰ ਨੇ ਇਸ ਵਿਚ ਅਹਿਮ ਭੂਮਿਕਾ ਨਿਭਾਈ ਹੈ। ਟੋਰੇਜ਼ ਤੋਂ ਇਲਾਵਾ ਜਿਨ੍ਹਾਂ ਖਿਡਾਰੀਆਂ ਨੇ ਤਿੰਨ-ਤਿੰਨ ਗੋਲ ਕੀਤੇ ਹਨ, ਉਨ੍ਹਾਂ ਵਿਚ ਮਾਰੀਓ ਬਲੋਟੇਲੀ (ਇਟਲੀ), ਐਲਨ ਡਾਗੋਏਵ (ਰੂਸ), ਮਾਰੀਓ ਗੋਮਜ਼ (ਜਰਮਨੀ), ਮਾਰੀਓ ਮੈਨਜ਼ੂਕਿਕ (ਕੁਰੇਸ਼ੀਆ) ਅਤੇ ਕ੍ਰਿਸਟੀਆਨੋ (ਪੁਰਤਗਾਲ) ਸ਼ਾਮਲ ਹਨ।

## ਮਿਹਨਤ ਰੰਗ ਲਿਆਈ : ਸੇਸਿਲਾਸ

ਯੂਰੋ 2012 ਫੁਟਬਾਲ ਚੈਂਪੀਅਨਸ਼ਿਪ ਦੇ ਨਾਲ ਵੱਡੇ ਖ਼ਿਤਾਬਾਂ ਦੀ ਹੈਟਰਿਕ ਜੜਣ ਵਾਲੀ ਪਹਿਲੀ ਟੀਮ ਬਣੀ ਸਪੇਨ ਦੇ ਕਪਤਾਨ ਇਕੇਰ ਸੇਸਿਲਾਸ ਨੇ ਕਿਹਾ ਕਿ ਪਿਛਲੇ ਚਾਰ ਸਾਲ ਅਨੌਖੇ ਰਹੇ ਰੀਯਲ ਮੈਡਰਿਡ ਦੇ 31 ਸਾਲਾ ਸਟਾਰ ਗੋਲਕੀਪਰ ਨੇ ਕਿਹਾ,'' ਇਹ ਅਨੌਖਾ ਰਿਹਾ ਪਿਛਲੇ ਚਾਰ ਸਾਲ ਚੰਗੇਰੇ ਸਨ ਅਸੀਂ ਹੌਲੀ-ਹੌਲੀ ਆਪਣੇ ਪ੍ਰਦਰਸ਼ਨ ਨੂੰ ਸ਼ਾਨਦਾਰ ਬਣਾਇਆ ਹੈ''

# ਫਿਕਸਿੰਗ ਮਾਮਲੇ 'ਚ ਪੰਜ ਕ੍ਰਿਕਟਰਾਂ 'ਤੇ ਪਾਬੰਦੀ

ਭਾਰਤੀ ਕ੍ਰਿਕਟ ਕੰਟਰੋਲ ਬੋਰਡ (ਬੀ.ਸੀ.ਸੀ.ਆਈ) ਨੇ ਇੰਡੀਅਨ ਪ੍ਰੀਮੀਅਰ ਲੀਗ (ਆਈ.ਪੀ.ਐਲ) ਵਿਚ ਫਿਕਸਿੰਗ ਮਾਮਲੇ ਵਿਚ ਇਕ ਟੀਵੀ ਚੈਨਲ ਦੇ ਸਟਿੰਗ ਆਪ੍ਰੇਸ਼ਨ ਤੋਂ ਬਾਅਦ ਖਿਡਾਰੀਆਂ 'ਤੇ ਪਾਬੰਦੀ ਦਾ ਐਲਾਨ ਕੀਤਾ ਹੈ।

ਟੀ ਸੁਧਿੰਦਰ 'ਤੇ ਉਮਰ ਭਰ, ਜਦੋਂ ਕਿ ਸੁਲੱਭ ਸ੍ਰੀਵਾਸਤਵ 'ਤੇ ਪੰਜ ਸਾਲ ਦੀ ਪਾਬੰਦੀ ਲਾਈ ਗਈ ਹੈ। ਮੋਹਨੀਸ਼ ਮਿਸ਼ਰਾ, ਅਮਿਤ ਯਾਦਵ ਅਤੇ ਅਭਿਨਵ ਬਾਲੀ 'ਤੇ ਇਕ ਸਾਲ ਦੀ ਪਾਬੰਦੀ ਲਾਈ ਗਈ ਹੈ। ਬੀ.ਸੀ.ਸੀ.ਆਈ ਦੀ ਅਨੁਸ਼ਾਸਨਤਮਕ ਕਮੇਟੀ ਨੇ ਇਹ ਫੈਸਲਾ ਕੀਤਾ ਹੈ। ਇਸ ਕਮੇਟੀ ਵਿਚ ਬੀ.ਸੀ.ਸੀ.ਆਈ ਪ੍ਰਧਾਨ ਐਨ. ਸ੍ਰੀਨਿਵਾਸਨ ਅਤੇ ਦੋ ਉਪ ਚੇਅਰਮੈਨ ਅਰੁਣ ਜੇਟਲੀ ਅਤੇ ਨਿਰੰਜਨ ਸ਼ਾਹ ਸ਼ਾਮਲ ਸਨ। ਇਸ ਮਾਮਲੇ ਦੀ ਜਾਂਚ ਰਵੀ ਸਵਾਨੀ ਨੇ ਕੀਤੀ ਸੀ ਅਤੇ ਉਨ੍ਹਾਂ ਦੀ ਰਿਪੋਰਟ ਦੇ ਆਧਾਰ 'ਤੇ ਹੀ ਇਸ ਅਨੁਸ਼ਾਸਨਾਤਮਕ ਕਮੇਟੀ ਨੇ ਪਾਬੰਦੀ ਦਾ ਐਲਾਨ ਕੀਤਾ ਹੈ। ਅਨੁਸ਼ਾਸਨਾਤਮਕ ਕਮੇਟੀ ਨੇ ਟੈਲੀਕਾਨਫਰੰਸਿੰਗ ਰਾਹੀਂ ਖਿਡਾਰੀਆਂ ਦਾ ਪੱਖ ਸੁਣਿਆ।

ਫੈਸਲਾ : ਕਮੇਟੀ ਨੇ ਟੀ ਸੁਧਿੰਦਰ ਨੂੰ ਇਕ ਘਰੇਲੂ ਕ੍ਰਿਕਟ ਮੈਚ ਫਿਕਸਿੰਗ ਕਰਨ ਲਈ ਪੈਸੇ ਲੈਣ ਦਾ ਦੋਸ਼ੀ ਪਾਇਆ। ਇਸ ਕਾਰਨ ਉਨ੍ਹਾਂ 'ਤੇ ਉਮਰ ਭਰ ਦੀ ਪਾਬੰਦੀ ਲਾਉਣ ਦਾ ਫੈਸਲਾ ਕੀਤਾ ਗਿਆ ਹੈ। ਸਲੱਭ ਸ੍ਰੀਵਾਸਤਵ ਨੂੰ ਮੈਚ ਫਿਕਸ ਕਰਨ ਲਈ ਸਹਿਮਤ ਹੋਣ ਅਤੇ ਫਿਕਸਿੰਗ ਦੀਆਂ ਸ਼ਰਤਾਂ 'ਤੇ ਗੱਲਬਾਤ ਕਰਨ ਦਾ ਦੋਸ਼ੀ ਪਾਇਆ ਗਿਆ ਹੈ, ਹਾਲਾਂਕਿ ਅਸਲ ਵਿਚ ਕੋਈ ਮੈਚ ਫਿਕਸਿੰਗ ਜਾਂ ਸਪਾਟ ਫਿਕਸਿੰਗ ਨਹੀਂ ਹੋਈ। ਅਨੁਸ਼ਾਸਨਾਤਮਕ ਕਮੇਟੀ ਨੇ ਉਨ੍ਹਾਂ 'ਤੇ ਪੰਜ ਸਾਲ ਦੀ ਪਾਬੰਦੀ ਲਾਈ। ਤਿੰਨ ਹੋਰ ਖਿਡਾਰੀਆਂ ਨੂੰ ਫਿਕਸਿੰਗ ਨੂੰ ਲੈ ਕੇ ਗਲਤ ਬੋਲਣ ਅਤੇ ਕ੍ਰਿਕਟ ਦਾ ਅਪਮਾਨ



ਕਰਨ ਦਾ ਦੋਸ਼ੀ ਪਾਇਆ ਗਿਆ ਹੈ। ਇਕ ਭਾਰਤੀ ਟੀਵੀ ਚੈਨਲ ਨੇ ਸਟਿੰਗ ਆਪ੍ਰੇਸ਼ਨ ਕਰਕੇ ਆਈ.ਪੀ.ਐਲ ਵਿਚ ਖਿਡਾਰੀਆਂ, ਆਯੋਜਕਾਂ, ਮਾਲਕਾਂ ਅਤੇ ਖੇਡ ਦੇ ਵੱਡੇ ਨਾਮਾਂ ਵਿਚਾਲੇ ਜਾਰੀ 'ਘੋਟਾਲਿਆਂ' ਦਾ ਪਰਦਾਫਾਸ਼ ਕਰਨ ਦਾ ਦਾਅਵਾ ਕੀਤਾ ਸੀ। ਚੈਨਲ ਅਨੁਸਾਰ ਸਟਿੰਗ ਆਪ੍ਰੇਸ਼ਨ ਦੌਰਾਨ ਕਈ ਖਿਡਾਰੀਆਂ ਨੇ ਸਵੀਕਾਰ ਕੀਤਾ ਹੈ ਕਿ ਉਨ੍ਹਾਂ ਨੂੰ ਨਿਲਾਮੀ ਵਿਚ ਜ਼ਾਹਿਰ ਕੀਤੀ ਗਈ ਬੋਲੀ ਤੋਂ ਕਿਤੇ ਜ਼ਿਆਦਾ ਪੈਸੇ ਮਿਲਦੇ ਹਨ। ਸਟਿੰਗ ਵਿਚ ਇਹ ਗੱਲ ਸਾਹਮਣੇ ਆਈ ਕਿ ਕੇਵਲ ਆਈ.ਪੀ.ਐਲ ਨਹੀਂ ਬਲਕਿ ਪਹਿਲੇ ਦਰਜੇ ਦੇ ਮੈਚਾਂ ਵਿਚ ਵੀ 'ਫਿਕਸਿੰਗ' ਹੋ ਰਹੀ ਹੈ। ਉਸ ਸਮੇਂ ਬੀ.ਸੀ.ਸੀ.ਆਈ ਦੇ ਪ੍ਰਮੁੱਖ ਐਨ. ਸ੍ਰੀਨਿਵਾਸਨ ਨੇ ਕਿਹਾ ਸੀ ਕਿ ਬੀ.ਸੀ.ਸੀ.ਆਈ ਇਸ ਸਟਿੰਗ ਆਪ੍ਰੇਸ਼ਨ ਦਾ ਟੇਪ ਹਾਸਲ ਕਰੇਗੀ ਅਤੇ ਇਸ ਦੀ ਜਾਂਚ ਤੋਂ ਬਾਅਦ ਜਿਹੜੇ ਵੀ ਲੋਕ ਦੋਸ਼ੀ ਪਾਏ ਜਾਣਗੇ, ਉਨ੍ਹਾਂ ਖਿਲਾਫ਼ ਸਖ਼ਤ ਕਾਰਵਾਈ ਕੀਤੀ ਜਾਵੇਗੀ।





A NEW DOWNTOWN CENTRE FROM CANADA'S LEADER IN NON-PROFIT CHILD CARE

Opening this summer is the YMCA Welcome Village Child Care Centre, a state of the art child care facility run by the trained staff of the YMCA of Edmonton, an experienced leader in providing accredited child care.

Located in the newly constructed Boyle Renaissance Plaza, our centre offers a variety of amenities and features. Best of all, the YMCA Welcome Village Child Care Centre is just a few minutes walk from the downtown core, making pick-up and drop-off hassle free.

Safe, affordable and accessible, the YMCA Welcome Village Child Care Centre is downtown's newest facility for children 12 months to 6 years.




SPOTS ARE FILLING UP FAST SO REGISTER SOON!

**To register contact:** Debbie Backs at 780 969-8815 or dbacks@edmonton.ymca.ca
For more information visit edmonton.ymca.ca


PHF
PUNJABI HERITAGE FOUNDATION
Presents
Folk
summer camp
2012
Age 5 to 70
Where you and your kids can learn: all Punjabi Folk Dance Like Bhangra, Gidha, Jindua, Luddi, Sammi Jhoomer, Dhamaal & Malwai Gidha. Also Learn how to play folk instruments like Dhol, Toombi, Algoze Sarangi, Dhad, Bugdu, Chemte etc. We also teach Punjabi, how to tie Turban (all Styles).
How to Sing Gorian, Suhaag, Dohe, Mahiyea, Jugni, Challa, Lok geet etc.
We also teach Gidda and Classic dance for ladies.
ਜਿੱਥੋਂ ਤੁਸੀਂ ਅਤੇ ਤੁਹਾਡੇ ਬੱਚੇ ਸਿੱਖ ਸਕਦੇ ਹੋ:
ਭੰਗੜਾ, ਗਿੱਧਾ, ਜਿੰਦੂਆ, ਲੁੱਢੀ, ਸੰਮੀ, ਝੂਮਰ, ਧਮਾਲ ਅਤੇ ਮਲਵਈ ਗਿੱਧਾ। ਲੋਕ ਸਾਜ਼ ਵਜਾਣੇ ਵੀ ਸਿੱਖ ਸਕਦੇ ਹੋ ਜਿਵੇਂ ਢੋਲ, ਤੂੰਬੀ, ਅਲਗੋਜ਼ੇ, ਸਾਰੰਗੀ, ਢੱਡ, ਬੁਗਚੂ, ਚਿਮਟੇ ਆਦਿਕ । ਅਸੀਂ ਪੰਜਾਬੀ ਵੀ ਪੜ੍ਹਉਂਦੇ ਹਾਂ ਅਤੇ ਪੱਗ ਬੰਨਣੀ ਵੀ ਸਿਖਾਉਂਦੇ ਹਾਂ ।ਘੋੜੀਆਂ, ਸੁਹਾਗ, ਦੋਹੇ, ਮਾਹੀਆ, ਜੁਗਨੀ, ਛੱਲਾ ਅਤੇ ਹੋਰ ਲੋਕ ਗੀਤ ਵੀ ਸਿੱਖੋ। ਲੇਡੀਜ਼ ਲਈ ਗਿੱਦਾ ਅਤੇ ਕਲਾਸਿਕਲ ਡਾਂਸ ਦੀ ਵੀ ਕਲਾਸ ਲਾਈ ਜਾਵੇਗੀ॥
From July 4th ,2012 to August 10th 2012
This Camp will be held at two locations
North and South Edmonton
For More info please call
Manjit Singh
Cultural director
780 952 5075


C a D s
& M uld ngs L d
Your Complete Finishing Store
Interior Prehung Units
Locks & Hardware French Doors
Bi Folds Mouldings Accessories
Railing
Phone: 780 438 2224
Fax: 780 438 4422
9838-60 Avenue Edmonton, AB T6E 0C5

# MILLWOODS SUZUKI.COM
## PRE-OWNED SUPER CENTER

All Vehicles Certified & Carproof Verified

Top $$$ For Your Trade In

SHOP 24/7 @ www.millwoodssuzuki.com

Over 500 vehicles to choose from. Lease Rates As Low As 0.9%*

| Vehicle | Details | Was | Now |
|---|---|---|---|
| 2007 ACURA MDX | #12T407-1; NAV, LOADED, DVD, 91000 KM, LOCAL VEHICLE | | $28,995 |
| 2008 FORD ESCAPE XLT 4X4 | #12045-0; LEATHER | $17,995 | $16,995 |
| 2010 FORD FUSION SE | #12020-0 | $14,995 | $13,995 |
| 2007 HONDA CIVIC SI | #12004-1; 2 DR COUPE, LOW KMS | $17,995 | $16,995 |
| 2011 SUZUKI KIZASHI | #12060-0; WHITE, FWD, 33000 KMS | $18,995 | $17,995 |
| 2010 DODGE GRAND CARAVAN SE | #12056-0; STOW/GO, 68000 KMS | $15,995 | $14,995 |
| 2010 TOYOTA MATRIX 5DR H/B | #12102-0 | $15,995 | $14,995 |
| 2010 HYUNDAI GENESIS COUPE | #11C203-1 | $22,995 | $21,995 |
| 2008 SUZUKI XL7 | #12058-0; JLX-L W/ LEATHER, 7 PASS, 4X4 | $20,995 | $19,995 |
| 2010 NISSAN SENTRA | #12115-0; LOADED | $15,995 | $14,995 |
| 2008 LEXUS RX350 AWD | #12110-0; 104,000 KMS | $23,995 | $24,995 |
| 2012 FORD ESCAPE | #12089-0 | $28,995 | $26,995 |
| 2011 BUICK LUCERNE | #12061-0 | $19,995 | $13,995 |
| 2011 SUZUKI SX4 JA | #11992-0 | $14,995 | $13,995 |
| 2011 GRAND VITARA JLX | #11989-0; CLOTH, 4X4, LOADED | $23,995 | $21,995 |
| 2010 GMC YUKON SLT 7 PASS AWD | #11T177-1; BLACK | $36,995 | $35,995 |
| 2010 HONDA CIVIC SPORT | #11C111-1; LOADED, ONLY 26000 KMS | $19,995 | $18,995 |
| 2010 COROLLA LE | #12113-0; LOADED | $15,995 | $14,995 |
| 2009 PORSCHE CAYENNE AWD | #12108-0 | $43,995 | $42,995 |
| 2006 FORD F-350 C/C 4X4 DIESEL XLT | #C301169-1 | $21,995 | $20,995 |
| 2008 SUZUKI SX4 SPORT | #12092-0; LOADED | $10,995 | $9,995 |
| 2007 JEEP COMPASS 4X2 | #TJ99853 | $9,995 | $8,995 |

SERVICE DEPARTMENT SPECIAL 10% OFF ALL FLUID CHANGES WITH THIS COUPON

OIL & FILTER CHANGE FREE WITH NITROGEN TIRE FILL $52.95 ($102.90 VALUE)

$500 OFF YOUR VEHICLE PURCHASE WITH THIS AD

Apply @ MWSCREDIT.CA Your guaranteed approval!



LANA JEFFREY Service Department Manager
NAND BHASIN Used Vehicle Manager

780-450-4500

34th AVE AUTO ROW | 3403-93 ST. | SPECIAL TOLL FREE 1-866-897-4500

*FOR 24 MONTHS ON SELECT MODELS

BBB ACCREDITED BUSINESS

Alberta Motor Vehicle Industry Council



# NEW WAY Stucco Ltd.



Quality work at reasonable rates.

We do Splash Dash Stucco and Acrylic. For free estimates call

(BALJIT) Ph.: (780)-708-1436, Fax: (780)-462-0691

All Kind of Stucco Acrylic & Rain Screen Residential & Commercial

ਕਿਸੇ ਵੀ ਕਿਸਮ ਦੀ ਵਧੀਆ ਸਟੱਕੋ ਕਰਵਾਉਣ ਲਈ ਸਾਨੂੰ ਇਕ ਵਾਰ ਸੇਵਾ ਦਾ ਮੌਕਾ ਜ਼ਰੂਰ ਦਿਉ



# Moga Painting Company

Serving Since 1985



Experts in Interior & Exterior Paint

Residential & Commercial

- Excellent Colour Matching
- Guaranteed Work
- Reasonable Rates

Office Painting, Spray Painting, Staircase Railing, Stain & Varnish

ਆਪਣੇ ਘਰ ਜਾਂ ਦਫ਼ਤਰ 'ਚ ਵਧੀਆ ਪੇਂਟ ਵਾਜਬ ਦਾਮ 'ਤੇ ਕਰਵਾਉਣ ਲਈ ਅੱਜ ਹੀ ਸੁਰਜੀਤ ਨੂੰ ਕਾਲ ਕਰੋ।

For Free ESTIMATES Call SURJIT

Edmonton (780) 934-3535 Winnipeg (204) 979-7070





Sales Representative

Harinder Hundal
M.Sc. Eco, M.B.A

Residential | Commercial | Investment Properties

Home Life/United Realty Inc. Brokerage
Independently Owned & Operated.

Higher Standards Agents... Higher Results™

Cell: 647 818 6880
Bus: 905 672 1234
Fax : 905 672 0672
hpshundal@gmail com

ਟੋਰਾਂਟੋ ਦੇ ਇਲਾਕੇ 'ਚ ਜਾਇਦਾਦ ਖਰੀਦਣ ਜਾਂ ਵੇਚਣ ਲਈ ਇੱਕ ਭਰੋਸੇਮੰਦ ਨਾਂ

50 SunnyVale Gate, Unit # 7,
Brampton, ON L6S 0C4



# ਮੁਲਾਕਾਤ Productions

ਟੀ. ਵੀ ਪ੍ਰੋਗਰਾਮ ਮੁਲਾਕਾਤ

Aired on VISION TV
1:00 pm to 1:30 pm
(Alberta Time / Every Saturday)



Charanjit Brar
Producer & Host
Ph: 647 300 8436
cbrar@rogers.com

# ਪਿਛਾਖੜ ਦੀ ਸੇਵਾ 'ਚ ਭੁਗਤਦੈ ਵੱਧ ਰਿਹਾ ਡੇਰਾਵਾਦ

ਮੱਖਣ ਕੁਹਾੜ
+91-95013-65522
makhansinghkohar@gmail.com

**ਬਾਬਾ ਜੀ** ਡੇਰੇ ਵਿਚੋਂ ਪ੍ਰਸਥਾਨ ਕਰ ਰਹੇ ਹਨ। ਸੰਗਤਾਂ ਵੱਡੀ ਗਿਣਤੀ ਵਿਚ ਅੱਗੇ ਪਿੱਛੇ ਝੁਰਮਟ ਪਾਈ ਖੜੀਆਂ ਹਨ। ਬਾਬਾ ਜੀ ਨੂੰ ਤੁਰਨ ਨਹੀਂ ਦਿੰਦੀਆਂ ਸੰਗਤਾਂ। ਸੰਗਤ ਹੋਰ-ਹੋਰ ਦੀਦਾਰ ਚਾਹੁੰਦੀ ਹੈ। ਸੰਗਤ ਵਿਚ ਵਧੇਰੇ ਔਰਤਾਂ ਹਨ। ਉਂਝ ਪੜ੍ਹੇ ਲਿਖੇ ਲੋਕਾਂ ਦੀ ਗਿਣਤੀ ਵੀ ਘੱਟ ਨਹੀਂ ਹੈ। ਸੜਕ ਤੋਂ ਲੰਘਦੇ ਕੁੱਝ ਕੁ ਲੋਕ ਸਕੂਟਰ-ਮੋਟਰਸਾਇਕਲ ਰੋਕ ਕੇ ਬਾਬਾ ਜੀ ਦੇ ਪੈਰੀਂ ਹੱਥ ਲਾਉਂਦੇ ਹਨ। ਕਈ ਚਰਨ ਧੂੜ ਦੀਆਂ ਚੁਟਕੀਆਂ ਰੁਮਾਲਾਂ ਵਿਚ ਲਪੇਟ ਰਹੇ ਹਨ। ਕਈ ਦੂਰ ਤੋਂ ਹੀ ਲੇਟ ਕੇ ਡੰਡੌਤ ਵੰਦਨਾਂ ਕਰ ਰਹੇ ਹਨ। ਸੰਗਤਾਂ ਨੂੰ ਬਾਬਾ ਜੀ ਦੇ 'ਵਿਸ਼ੇਸ਼ ਸ਼ਰਧਾਲੂ' ਬੜੇ ਅਦਬ ਨਾਲ ਪਾਸੇ ਕਰਕੇ ਬਾਬਾ ਜੀ ਦੇ ਵਿਸ਼ੇਸ਼ ਚਰਨ ਕੰਵਲ ਅੱਗੇ ਵਧਾਉਣ ਦਾ ਮੌਕਾ ਪ੍ਰਦਾਨ ਕਰ ਰਹੇ ਹਨ। ਨਾਲ ਦੇ ਚੌਕ ਵਿਚ ਪਹਿਰਾ ਦੇ ਰਹੇ ਦੋ ਤਿੰਨ ਪੁਲਸ ਮੁਲਾਜ਼ਮ ਵੀ ਆ ਕੇ ਗੋਡੀਂ ਹੱਥ ਲਾਉਂਦੇ ਹਨ। ਕਾਰਾਂ ਰੋਕ-ਰੋਕ ਕੇ ਕੁੱਝ ਇਕ ਸਰਕਾਰੀ ਉਚ ਅਧਿਕਾਰੀ ਨਤਮਸਤਕ ਹੁੰਦੇ ਹਨ। ਥੋੜ੍ਹੀ ਦੇਰ ਬਾਅਦ ਬਾਬਾ ਜੀ ਕਾਰ ਵਿਚ ਬੈਠ ਕਿਸੇ ਸੇਵਕ ਦੇ ਘਰ ਜਾਣ ਲਈ ਚਾਲੇ ਪਾਉਣ ਲੱਗੇ ਹਨ। ਕਈ ਸ਼ਰਧਾਲੂ ਜੋ ਦੇਰ ਨਾਲ ਆਏ ਹਨ, ਉਹ ਬਾਬਾ ਜੀ ਦੀ ਕਾਰ ਦੇ ਟਾਇਰਾਂ ਨੂੰ ਮੱਥਾ ਟੇਕ ਕੇ ਧੰਨ ਹੋ ਰਹੇ ਹਨ। ਦੂਰ ਜਾ ਰਹੀ ਕਾਰ ਵੱਲ ਮੂੰਹ ਕਰਕੇ ਹੱਥ ਜੋੜੀ ਖੜ੍ਹੀਆਂ ਸੰਗਤਾਂ ਦੀਆਂ ਨਜ਼ਰਾਂ ਬਾਬਾ ਜੀ ਦੀ ਕਾਰ ਦਾ ਪਿੱਛਾ ਕਰਦੀਆਂ ਹਨ। ਦਰਸ਼ਨ ਕਰ ਨਿਹਾਲ ਹੋ ਸੰਗਤਾਂ ਆਪੋ ਆਪਣੇ ਰਾਹੇ ਪੈ ਗਈਆਂ ਹਨ।

ਅੱਜ ਅਜਿਹੇ ਸੈਂਕੜੇ-ਹਜ਼ਾਰਾਂ "ਬਾਬਾ ਜੀ'' ਹਨ। ਸੈਂਕੜੇ ਡੇਰੇ ਹਨ ਬਾਬੇ ਸਾਹਿਬਾਨਾਂ ਦੇ। ਪੰਜਾਬ ਵਿਚ ਵੀ, ਪੰਜਾਬੋਂ ਬਾਹਰ ਵੀ। ਡੇਰਿਆਂ ਵਿਚ ਹਰ ਐਤਵਾਰ ਤੇ ਖਾਸ ਦਿਨ-ਦਿਹਾੜੇ, ਤਿੱਥ ਤਿਉਹਾਰ 'ਤੇ ਬਹੁਤ ਭਾਰੀ ਗਿਣਤੀ ਵਿਚ ਲੋਕ ਪੁੱਜਦੇ ਹਨ, ਉਚੇਚੀਆਂ ਬੱਸਾਂ ਕਰਕੇ। ਹਜ਼ਾਰਾਂ ਲੋਕ ਕਾਰਾਂ 'ਤੇ ਪੁੱਜਦੇ ਹਨ। ਕੋਈ ਡੇਰਾ ਐਸਾ ਨਹੀਂ ਜਿੱਥੇ ਭੀੜ ਘੱਟ ਹੋਵੇ। ਲੋਕ ਡੇਰਿਆਂ ਵਿਚ ਵੰਡੇ ਹੋਏ ਹਨ। "ਤੇਰਾ ਗੁਰੂ ਕਿਹੜਾ ਹੈ?'', "ਡੇਰਾ ਕਿਹੜਾ ਹੈ?'', ਗੁਰੂ ਵਾਲੇ ਬਣੋ! ਨਾਮ-ਦਾਨ ਲਵੋ! ਹਰ ਬਾਬਾ, ਹਰ ਡੇਰਾ ਵੱਖਰੇਵਾਂ ਰੱਖਦਾ ਹੈ। ਚੜ੍ਹਾਵਾ ਖੂਬ ਚੜ੍ਹਦਾ ਹੈ। ਸੰਗਤਾਂ ਡੇਰੇ 'ਤੇ ਦੂਰ ਤੀਕਰ ਝਾੜੂ ਫੇਰਦੀਆਂ ਸਫਾਈ ਕਰਦੀਆਂ ਹਨ। ਡੇਰਿਆਂ 'ਤੇ ਪੁੱਜਣ ਵਾਲੇ ਲੋਕਾਂ 'ਚ ਗਰੀਬ ਵਧੇਰੇ ਗਿਣਤੀ 'ਚ ਹਨ। ਵਧੇਰੇ ਲੋਕ ਸਮਾਜ ਦੇ ਦੱਬੇ ਕੁਚਲੇ ਹਿੱਸੇ 'ਚੋਂ ਹਨ। ਗਰੀਬ ਦਰ ਗਰੀਬ। ਉਂਝ ਅਮੀਰ ਤੇ ਬਹੁਤ ਪੜ੍ਹੇ ਲਿਖੇ, ਉਚ ਅਹੁਦਿਆਂ ਤੇ ਬਿਰਾਜਮਾਨ ਅਤੇ ਸਿਆਸੀ ਪਦਵੀਆਂ 'ਤੇ ਸੁਸ਼ੋਭਤ ਲੋਕਾਂ ਦੀ ਵੀ ਕਮੀ ਨਹੀਂ ਹੈ।

ਵੋਟਾਂ ਦੇ ਦਿਨ ਹਨ। ਕਈ ਵੱਖ-ਵੱਖ ਸਿਆਸੀ ਪਾਰਟੀਆਂ ਦੇ ਆਗੂ ਬਾਬਾ ਜੀ ਤੋਂ ਆਸ਼ੀਰਵਾਦ ਲੈਣ ਲਈ ਡੇਰੇ 'ਤੇ ਪੁੱਜ ਰਹੇ ਹਨ। ਇਕ ਜਾਂਦਾ ਹੈ ਤੇ ਦੂਜਾ ਆ ਜਾਂਦਾ ਹੈ। ਪਾਰਟੀਆਂ ਨੂੰ ਹਰਾਉਣ-ਜਿਤਾਉਣ 'ਚ ਡੇਰਿਆਂ ਦੀ ਭੂਮਿਕਾ ਵੀ ਹੁਣ ਇਕ ਕਾਰਨ ਮੰਨੀ ਜਾਂਦੀ ਹੈ। ਦੇਹਧਾਰੀ ਗੁਰੂਆਂ ਦੀ ਮਨੌਤ ਰੋਕਣ ਲਈ ਸਿੱਖ ਗੁਰੂਆਂ ਨੇ ਸ਼੍ਰੀ ਗੁਰੂ ਗ੍ਰੰਥ ਸਾਹਿਬ ਨੂੰ ਗੁਰੂ ਮੰਨਣ ਦੇ ਆਦੇਸ਼ ਦਿੱਤੇ ਸਨ। ਅਰਦਾਸ ਵਿਚ ਹਰ ਰੋਜ਼ ਦੁਹਰਾਉਂਦੇ ਹਾਂ, "ਸੱਭ ਸਿੱਖਨ ਕੋ ਹੁਕਮ ਹੈ ਗੁਰੂ ਮਾਨਿਉ ਗ੍ਰੰਥ।'' ਪਰ ਡੇਰਿਆਂ 'ਚ ਤਾਂ ਗੁਰੂ ਗਰੰਥ ਸਾਹਿਬ ਨੂੰ ਸਿੱਖ ਰਿਵਾਇਤੀ ਮੱਥਾ ਹੀ ਟੇਕ ਰਹੇ ਹਨ, ਅਸਲ ਮਨੋਰਥ ਤਾਂ ਬਾਬਾ ਜੀ ਦੇ ਸਾਖ਼ਸ਼ਾਤ ਦਰਸ਼ਨ ਕਰਨ ਦਾ ਹੈ। ਉਹਨਾਂ ਦੀ ਚਰਨ ਛੋਹ ਪ੍ਰਾਪਤ ਕਰਨ ਦਾ ਹੈ।

ਬਾਬੇ ਨਾਨਕ ਨੇ ਹਰਦੁਆਰ 'ਚ ਪਾਣੀ, ਸੂਰਜ ਦੀ ਉਲਟ ਦਿਸ਼ਾ ਵਿਚ ਸੁੱਟ ਕੇ, ਮੱਕੇ ਵੱਲ ਪੈਰ ਕਰਕੇ ਸੌਂ ਕੇ, ਕੁਰੂਕਸ਼ੇਤਰ 'ਚ ਸੂਰਜ ਗ੍ਰਹਿਣ ਸਮੇਂ ਅੱਗ ਬਾਲਕੇ, ਜਨੇਊ ਨਾ ਪਾ ਕੇ, ਰਵਾਇਤੀ ਆਰਤੀ ਦਾ ਬਦਲ ਦੱਸਕੇ, ਵਰਤ ਨਾ ਰੱਖਣ ਬਾਰੇ ਅਤੇ ਅਨੇਕਾਂ ਪ੍ਰਤੱਖ ਮਿਸਾਲਾਂ ਪੇਸ਼ ਕਰਕੇ ਲੋਕਾਂ ਵਿਚ ਫੈਲੇ ਅੰਧ ਵਿਸ਼ਵਾਸਾਂ, ਕਰਮਕਾਂਡਾਂ, ਕਰਾਮਾਤਾਂ ਨੂੰ ਤਿਆਗ ਕੇ ਸਮੇਂ ਦੇ ਮੁਤਾਬਕ ਸੱਚ ਜਾਨਣ ਲਈ ਤਰਕ ਕਸੌਟੀ ਵਰਤਣ 'ਤੇ ਜ਼ੋਰ ਦਿੱਤਾ ਸੀ।

ਗੁਰੂ ਗੋਬਿੰਦ ਸਿੰਘ ਜੀ ਨੇ ਆਪਣੇ ਆਪ ਨੂੰ ਰੱਬ ਕਹਾਉਣ ਵਾਲਿਆਂ ਨੂੰ ਨਰਕ ਦੇ ਧਾਰਨੀ ਕਿਹਾ :

**ਜੋ ਹਮ ਕੋ ਪਰਮੇਸਰ ਉਚਰਿ ਹੈ।।**
**ਤੇ ਸਭ ਨਰਕ ਕੁੰਡ ਮਹਿ ਪਰਿ ਹੈ।**

## ਅੰਧ ਵਿਸ਼ਵਾਸ ਤੇ ਡੇਰਾਵਾਦ

ਕੀ ਕਾਰਨ ਹੈ ਕਿ ਨਿਰਮਲਜੀਤ ਸਿੰਘ ਨਰੂਲਾ... ਝਟ ਹੀ ਬਾਬਾ ਨਿਰਮਲ ਬਣਕੇ ਟੀ.ਵੀ. ਰਾਹੀਂ ਹੀ ਲੋਕਾਂ ਦੇ ਦੁੱਖ ਦੂਰ ਕਰਕੇ ਅਰਬਪਤੀ ਬਣ ਗਿਆ ਹੈ?

ਜੀ.ਟੀ. ਰੋਡ 'ਤੇ ਅਕਸਰ ਹੀ ਕਈ ਲੋਕ ਮਾਤਾ ਦੇ ਦਰਸ਼ਨਾਂ ਲਈ ਡੰਡੌਤ ਕਰਦੇ ਜਾਂਦੇ ਹਨ। ਲੰਮੇ ਪੈ ਕੇ ਹੀ ਪੁਜਣਾ ਹੈ 'ਰੱਬ ਰੂਪੀ' ਦੇਹਧਾਰੀ ਗੁਰੂਆਂ ਦੀ ਸ਼ਰਨ 'ਚ ਜਾ ਰਹੇ ਹਨ। ਨੰਗੇ ਪੈਰੀਂ ਮਾਤਾ ਦੇ ਦਰਸ਼ਨ ਕਰਨ ਜਾਣਾ ਜਾਂ ਹਰ ਮਹੀਨੇ 'ਬਾਬਾ ਜੀ' ਦੇ ਦਰਸ਼ਨ ਕਰਨ ਲਗਾਤਾਰ ਜਾਣਾ ਆਮ ਵਰਤਾਰਾ ਕਿਉਂ ਹੈ? ਕਿਉਂ ਜੋਤਿਸ਼ ਵਿਦਿਆ ਦੇ ''ਮਾਹਰ'' ਟੀ.ਵੀ. 'ਤੇ ਹੀ ਸਵੇਰੇ ਭਵਿੱਖਬਾਣੀ ਕਰਕੇ ਲੋਕਾਂ ਦਾ "ਕਲਿਆਣ'' ਕਰਕੇ ਕਰੋੜਾਂਪਤੀ ਬਣ ਰਹੇ ਹਨ? ਰਾਤੋ ਰਾਤ ਮੋਰ ਦੇ ਖੰਭਾਂ ਵਾਲਾ ਬਾਲ ਬਾਬਾ ਕਰੋੜਾਂ ਲੋਕਾਂ ਦਾ ਦੁੱਖ ਦਰਦ ਦੂਰ ਕਰਦਾ ਹੈ।

ਇਹ ਵਿਡੰਬਨਾ ਕਿਉਂ ਹੈ ਕਿ ਇਕ ਪਾਸੇ ਧਰਮ 'ਚ ਆਸਥਾ ਰੱਖਣ ਵਾਲੇ ਲੋਕ ਬਿਮਾਰੀਆਂ, ਦੁੱਖਾਂ ਤੇ ਮੌਤ ਨੂੰ ਧੁਰੋਂ ਲਿਖਿਆ ਹੋਇਆ ਮੰਨਦੇ ਹਨ ਤੇ ਨਾਲ ਹੀ ਉਮਰ ਵਧਾਉਣ ਲਈ ਹਸਪਤਾਲਾਂ 'ਚ ਜਾਂਦੇ ਹਨ ਤੇ ਧੁਰੋਂ ਲਿਖੀ (ਜੋ ਉਹਨਾਂ ਮੁਤਾਬਕ ਕਿਸੇ ਤਰ੍ਹਾਂ ਵੀ ਮਿਟ ਨਹੀਂ ਸਕਦੀ) ਦੇ ਉਪਾਅ ਲਈ 'ਬਾਬਿਆਂ' ਕੋਲ ਵੀ ਜਾਂਦੇ ਹਨ?

'ਬਾਬਾ ਜੀ' ਦੇ ਡੇਰੇ ਵਾਲੇ ਖੇਤਰ 'ਚ ਨਾ ਤਾਂ ਨਸ਼ਿਆਂ ਨੂੰ ਕੋਈ ਠੱਲ੍ਹ ਪੈਂਦੀ ਹੈ, ਨਾ ਅਪਰਾਧਾਂ ਵਿਚ ਕੋਈ ਕਮੀ ਹੁੰਦੀ ਹੈ ਅਤੇ ਨਾ ਹੀ ਲੋਕਾਂ ਦੇ ਦੁੱਖਾਂ-ਤਕਲੀਫਾਂ ਵਿਚ ਭੋਰਾ ਭਰ ਵੀ ਘਾਟ ਆਉਂਦੀ ਹੈ। ਪਰ ਕਿਉਂ ਫੇਰ ਵੀ ਡੇਰਾਵਾਦ-ਬਾਬਾਵਾਦ ਨਿਤ ਦਿਨ ਵਧੀ ਜਾ ਰਿਹਾ ਹੈ! ਵਧੀ ਹੀ ਜਾ ਰਿਹਾ ਹੈ, ਅਮਰ ਵੇਲ ਵਾਂਗ। ਇਹ ਕੀ ਕਾਰਨ ਹੈ ਕਿ ਇਕ ਸਾਇੰਸ ਦਾ ਵਿਦਿਆਰਥੀ, ਇਕ ਖੋਜੀ ਅਧਿਆਪਕ, ਇਕ ਡਾਕਟਰ 'ਮੁੰਡਾ' ਹੋਣ ਲਈ ਆਸ਼ੀਰਵਾਦ ਦੇ ਰੂਪ 'ਚ ਜਲ ਲੈਣ ਲਈ ਬਾਬਿਆਂ ਕੋਲ ਜਾਂਦਾ ਹੈ ਜਾਂ ਫਾਂਡੇ ਕਰਾਉਣ, ਸੁਖਣਾ ਲਾਹੁਣ ਲਈ ਮੱਸਿਆ ਨਹਾਉਣ ਜਾਂਦਾ ਹੈ?

## ਕੀ ਤੇ ਕਿਉਂ ਹੋ ਰਿਹਾ ਹੈ ਇਹ ਸਭ ਕੁੱਝ?

ਇਸ ਸਬੰਧੀ ਇਕ ਕਾਰਨ ਸਾਡੀ ਹਜ਼ਾਰਾਂ ਸਾਲਾਂ ਤੋਂ ਬਣੀ ਹੋਈ ਨਰਕ ਸਵਰਗ ਦੀ ਮਾਨਸਿਕਤਾ ਹੈ। ਅਚੇਤ, ਭੋਲੇ ਭਾਲੇ ਤੇ ਦੁੱਖਾਂ ਦੇ ਮਾਰੇ ਲੋਕ ਨਰਕ-ਸਵਰਗ ਨੂੰ ਹਕੀਕੀ ਮੰਨ ਲੈਂਦੇ ਹਨ ਅਤੇ ਅਸਲ ਜੀਵਨ 'ਚ ਨਰਕ ਭੋਗ ਰਹੇ ਇਹ ਲੋਕ ਮਰਨ ਪਿਛੋਂ ਸਿੱਧਾ ਸਵਰਗ ਵਿਚ ਜਾਣਾ ਲੋਚਦੇ ਹਨ। ਇਹ ਬਾਬੇ ਲੋਕਾਂ ਦੀ ਇਸ ਕਮਜ਼ੋਰੀ ਦਾ ਲਾਭ ਉਠਾ ਕੇ ਵਿਅਕਤੀ ਨੂੰ ਆਪਣੇ ਮਗਰ ਲਾਉਂਦੇ ਹਨ ਤੇ ਖ਼ੁਦ ਰੱਬ ਨੂੰ ਪਹੁੰਚਿਆ ਹੋਇਆ ਸਾਬਤ ਕਰਦੇ ਹਨ। ਦੁੱਖਾਂ ਤੇ ਗਰੀਬੀ ਦੇ ਮਾਰੇ ਲੋਕ ਸਬੰਧਤ ਬਾਬੇ ਨੂੰ 'ਪਹੁੰਚਿਆ ਹੋਇਆ' ਮੰਨ ਕੇ ਉਸ ਰਾਹੀਂ ਸਵਰਗ ਵਿਚ ਪੁੱਜਣ ਦਾ 'ਸਸਤਾ ਮਾਰਗ' ਮੰਨ ਲੈਂਦੇ ਹਨ।

ਦੂਸਰਾ ਕਾਰਨ ਲੋਕਾਂ ਦੀਆਂ ਪ੍ਰਤੀ ਦਿਨ ਦੀਆਂ ਸਮੱਸਿਆਵਾਂ ਅਤੇ ਤੰਗੀਆਂ ਤੁਰਸ਼ੀਆਂ ਹਨ। ਬਿਮਾਰੀ, ਗਰੀਬੀ, ਬੱਚਿਆਂ ਦੀ ਸ਼ਾਦੀ, ਧੀ ਦਾ ਅਗਲੇ ਘਰ ਵਸੇਬਾ, ਨੂੰਹ ਦਾ ਵਸੇਬਾ, ਘਰੇਲੂ ਕਲੇਸ਼, ਧੀਆਂ ਦੀ ਥਾਂ ਪੁੱਤ ਹੋਣ ਦੀ ਖਾਹਿਸ਼, ਮੁਕੱਦਮੇ 'ਚ ਹਾਰ ਜਾਣ ਦਾ ਡਰ, ਬੇਰੁਜ਼ਗਾਰੀ, ਪੁਤਰਾਂ ਦੀ ਪੜ੍ਹਾਈ, ਕੋਰਸ 'ਚ ਦਾਖਲਾ ਮਿਲਣ ਦੀ ਸਮੱਸਿਆ ਅਤੇ ਨੌਕਰੀ ਮਿਲਣ ਦੀ ਵੱਡੀ ਸਮੱਸਿਆ, ਅਨੇਕਾਂ ਹੋਰ ਸਮੱਸਿਆਵਾਂ ਹਨ ਜਿਹੜੀਆਂ ਹਰ ਰੋਜ਼ ਕਰੋੜਾਂ ਲੋਕਾਂ ਨੂੰ ਸਤਾਉਂਦੀਆਂ ਹਨ। ਇਹਨਾਂ ਦਾ ਹੱਲ ਨਹੀਂ ਹੁੰਦਾ, ਐਪਰ ਬਾਬੇ ਦੇ ਪ੍ਰਚਾਰਕ ਉਂਗਲ ਲਾ ਕੇ ਸੌਖਾ ਰਾਹ ਦੱਸਦੇ ਨੇ ਤੇ ਕੋਈ ਹੋਰ ਸੌਖਾ ਤੇ ਨੇੜੇ ਦਾ ਰਸਤਾ ਨਾ ਲੱਭਦਾ ਵੇਖ ਲੋਕ ਸੁਖਣਾਂ ਸੁੱਖਣ 'ਤੇ ਪੂਰੀਆਂ ਹੋਣ ਦੇ ਸੁਪਨੇ ਸਜਾਉਂਦੇ ਬਾਬਿਆਂ ਦੇ ਅਨੰਨ ਭਗਤ ਬਣ ਕੇ, ਮਗਰ ਲੱਗ ਕੇ ਉਹਨਾਂ ਦੇ ਅਡੰਬਰਾਂ ਦਾ ਸ਼ਿਕਾਰ ਹੋ ਜਾਂਦੇ ਹਨ।

ਏਥੇ ਇਹ ਦੱਸਣਾ ਬੇਹੱਦ ਜ਼ਰੂਰੀ ਹੈ ਕਿ ਲੋਕ ਵਿਰੋਧੀ ਸਥਾਪਤੀ ਵੀ ਇਵੇਂ ਹੀ ਚਾਹੁੰਦੀ ਹੈ। ਰਾਜ ਕਰ ਰਹੀ ਸਰਮਾਏਦਾਰ-ਜਗੀਰਦਾਰ ਜਮਾਤ ਚਾਹੁੰਦੀ ਹੈ ਕਿ ਉਸਦਾ ਰਾਜਭਾਗ ਇਵੇਂ ਹੀ ਸਥਾਪਤ ਰਹੇ। ਲੋਕ ਬਾਬਿਆਂ ਮਗਰ ਲੱਗਣ ਜਾਂ ਕਿਸੇ ਹੋਰ ਅੰਨੇ ਢੱਠੇ ਖੂਹ 'ਚ ਡਿੱਗਣ, ਉਹ ਆਪਣੇ ਦੁੱਖਾਂ ਲਈ ਹਾਕਮ ਨੂੰ ਦੋਸ਼ੀ ਨਾ ਆਖਣ। ਜੇਕਰ ਲੋਕ ਦੁੱਖਾਂ ਦਾ ਕਾਰਨ ਪਿਛਲੇ ਜਨਮ ਨੂੰ ਮੰਨਣ ਅਤੇ ਦੁੱਖ ਭੋਗ ਕੇ 'ਪੁੰਨ ਕਮਾਉਣ' ਦੀ ਲਾਲਸਾ 'ਚ ਅਗਲੇ ਜਨਮ 'ਚ ਸੁੱਖ ਲੱਭਣ ਦੀ ਮਿਰਗਤ੍ਰਿਸ਼ਨਾ ਕਾਇਮ ਰੱਖਣ ਤਾਂ ਹੀ ਹਾਕਮਾਂ ਨੂੰ ਲਾਭ ਹੈ। ਸਾਡੇ ਅਜੋਕੇ ਹਾਕਮ ਨਹੀਂ ਚਾਹੁੰਦੇ ਕਿ ਕੋਈ ਵੀ ਸ਼ਖਸ ਗਰੀਬੀ, ਬੇਰੋਜ਼ਗਾਰੀ, ਅਨਪੜ੍ਹਤਾ, ਬਿਮਾਰੀ ਤੇ ਹੋਰ ਦੁੱਖਾਂ ਲਈ ਸਥਾਪਤੀ ਨੂੰ ਦੋਸ਼ੀ ਆਖੇ। ਕੋਈ ਉਸ ਵਿਰੁੱਧ ਬਾਗੀ ਸੁਰ ਨਾ ਅਪਣਾਵੇ, ਇਹੀ ਉਹਨਾਂ ਦੀ ਰਾਤ ਦਿਨ ਦੀ ਚਿੰਤਾ ਹੈ। ਉਂਝ ਸਥਾਪਤੀ ਦੀ ਰਾਖੀ ਲਈ ਸੰਵਿਧਾਨ, ਚੋਣਾਂ, ਅਦਾਲਤਾਂ, ਜੇਲਾਂ, ਪੁਲਸ ਤੇ ਫੌਜਾਂ ਅਤੇ ਫੌਜਾਂ ਲਈ ਟੈਂਕ ਤੇ ਹੋਰ ਅਸਲੇ ਤੇ ਖ਼ੁਫੀਆ ਤੰਤਰ ਵੀ ਰੱਖੇ ਹੋਏ ਹਨ, ਐਪਰ ਉਹ ਵਿਚਾਰਧਾਰਕ ਸੰਦ ਵੀ ਲਾਜ਼ਮੀ ਵਰਤਦੇ ਹਨ।

ਇਹ ਗੱਲ ਲੋਕ ਵਿਰੋਧੀ ਸਰਕਾਰ ਦੇ ਪੱਖ ਵਿਚ ਭੁਗਤਦੀ ਹੈ ਕਿ ਲੋਕ ਜਾਤਾਂ-ਪਾਤਾਂ, ਨਰਕ-ਸਵਰਗ, ਵਹਿਮਾਂ-ਭਰਮਾਂ, ਪਿਛਲੇ ਜਨਮ ਦੇ ਫ਼ਲ ਆਦਿ ਦੇ ਸੰਕਲਪਾਂ ਵਿਚ ਬੱਝੇ ਰਹਿਣ। ਸਰਕਾਰ ਦੇ ਵਜੀਰ ਅਤੇ ਇਹਨਾਂ ਪਾਰਟੀਆਂ ਦੇ ਨੇਤਾ ਤਾਂ ਖੁਦ ਬਾਬਿਆਂ ਦੀ ਸ਼ਰਨ 'ਚ ਜਾ ਕੇ ਉਹਨਾਂ ਨੂੰ ਸਥਾਪਤ ਕਰਦੇ ਹਨ। ਹਾਕਮ ਇਹ ਕਦਾਚਿਤ ਨਹੀਂ ਚਾਹੁੰਦੇ ਕਿ ਲੋਕ ਇਸ ਤੱਥ ਤੋਂ ਜਾਣੂ ਹੋ ਜਾਣ ਕਿ ਸਾਰੀਆਂ ਮੁਸ਼ਕਲਾਂ ਤੇ ਅਹੁਰਾਂ ਲਈ ਮੌਜੂਦਾ ਜਮਾਤੀ ਪ੍ਰਬੰਧ ਜੁਮੇਵਾਰ ਹੈ। ਇਹ ਹਾਕਮ, ਲੋਕਾਂ ਨੂੰ ਖ਼ੁਦ ਆਪਣੀ ਸ਼ਕਤੀ ਵਿਚ ਭਰੋਸਾ ਕਰਨ ਤੋਂ ਰੋਕਣ ਲਈ ਅੰਧ ਵਿਸ਼ਵਾਸ ਤੇ ਹਨੇਰ ਵਿਰਤੀਵਾਦ ਨੂੰ ਪ੍ਰਚਲਤ ਕਰਨ ਲਈ ਵੱਖ-ਵੱਖ ਢੰਗ ਵਰਤਦੇ ਹਨ। ਜੇਕਰ ਲੋਕ ਅਚੇਤ ਤੇ ਉਲਝੇ ਰਹਿਣ ਤਾਂ ਇਹ ਗਲ ਹਾਕਮਾਂ ਦੇ ਹੱਕ ਵਿਚ ਭੁਗਤਦੀ ਹੈ।

ਜੇਕਰ ਜਿਹੜਾ ਵੀ ਕੋਈ ਇਹਨਾਂ ਦੁੱਖਾਂ ਦਾ ਹੱਲ ਬਾਬਿਆਂ ਤੋਂ ਲੱਭਣ ਬਾਰੇ ਪ੍ਰਚਾਰ ਵੀ ਕਰਦਾ ਹੈ, ਹਾਕਮਾਂ ਨੂੰ ਚੰਗਾ ਲੱਗਦਾ ਹੈ। ਉਹ ਚਾਹੁੰਦੇ ਨੇ ਇਹ ਹਨੇਰਾ ਕਾਇਮ ਰਹੇ। ਇਹਨਾਂ ਡੇਰਿਆਂ 'ਚ ਕਈ ਥਾਵਾਂ 'ਤੇ ਕਤਲ, ਜਬਰ ਜਿਨਾਹ ਤੇ ਕਈ ਹੋਰ ਜ਼ੁਰਮਾਂ ਦੇ ਪਰਦੇਫਾਸ਼ ਵੀ ਹੁੰਦੇ ਹਨ ਅਤੇ ਕਈ ਮੰਦੀਆਂ ਖਬਰਾਂ ਆਉਂਦੀਆਂ ਹਨ। ਇਸ ਬਾਰੇ ਗਜ਼ਲ ਦਾ ਇਕ ਸ਼ੇਅਰ ਹੈ :

**ਡੇਰੇ, ਠੇਕੇ, ਠਾਣੇ ਜਿੰਨੇ ਉਸਰਨਗੇ**
**ਓਨੀਆਂ ਹੀ ਨਿੱਤ ਭੈੜੀਆਂ ਖਬਰਾਂ ਆਉਣਗੀਆਂ।**

## ਕੀ ਕਰਨਾ ਲੋੜੀਏ?

ਵਿਗਿਆਨਕ ਸੋਚ ਵਾਲੇ ਲੋਕਾਂ ਦਾ ਇਹ ਪਰਮ ਧਰਮ ਹੈ ਕਿ ਉਹ ਸੱਚ ਦੇ ਗਿਆਨ ਨੂੰ ਆਪਣੇ ਤੀਕ ਹੀ ਸੀਮਤ ਨਾ ਰੱਖਣ। ਸਹੀ ਹੱਲ ਲਈ, ਇਕਮੁੱਠ ਹੋ ਕੇ, ਹੱਕਾਂ ਲਈ ਹਾਕਮਾਂ ਵਿਰੁੱਧ ਲੜਾਈ ਦੇਣ ਦੇ ਫ਼ਲਸਫ਼ੇ ਨੂੰ ਤਰਕ ਸੰਗਤ ਢੰਗ ਨਾਲ ਲਾਗੂ ਕਰਨ ਦਾ ਹਰ ਉਪਰਾਲਾ ਕਰਨ। ਪਿਛਲੇ ਜਨਮ, ਅਗਲੇ ਜਨਮ, ਕਰਮਕਾਂਡਾਂ ਦੇ ਭੁਲੇਖਿਆਂ 'ਚ ਪਏ ਲੋਕਾਂ ਨੂੰ ਦੁੱਖਾਂ ਦਾ ਸਹੀ ਹੱਲ ਦੱਸਣ ਲਈ ਉਹਨਾਂ ਨੂੰ ਇਕਮੁੱਠ ਕਰਨ ਤੇ ਸੰਘਰਸ਼ 'ਚ ਪਾਉਣ 'ਚ ਇਕ ਪਲ ਵੀ ਅਜਾਈਂ ਨਾ ਗਵਾਉਣ। ਜੇ ਕੋਈ ਦੀਪਕ ਹੈ ਜਗੇ, ਸੂਰਜ ਹੈ ਮਘੇ, ਜੁਗਨੂੰ ਹੈ ਤਾਂ ਉਹ ਵੀ ਚਮਕਣ ਤੋਂ ਗੁਰੇਜ ਨਾ ਕਰੇ। ਬਾਬਿਆਂ ਦੇ ਅੰਨੇ ਖੂਹ 'ਚੋਂ ਕਢੇ ਬਿਨਾਂ, ਲੋਕਾਂ ਨੂੰ ਤਰਕਸ਼ੀਲ ਬਣਾਏ ਬਿਨਾ, ਆਪਣੇ ਲੜਾਕੂ ਫ਼ਲਸਫ਼ੇ ਨੂੰ ਅਮਲੀ ਰੂਪ ਵਿਚ ਜਿੰਦਾ ਰੱਖਣ ਤੇ ਲਾਗੂ ਕਰਨ ਬਿਨਾਂ ਕਦੇ ਵੀ ਨਹੀਂ ਸਰਨਾ। ਹੋਰ ਕੋਈ ਵੀ ਚਾਰਾ ਕਾਰਆਮਦ ਨਹੀਂ ਹੈ।









ਆਓ 'ਸਾਊਥ ਕਾਮਨ ਫਾਰਮਰਜ਼ ਮਾਰਕੀਟ' ਵਿੱਚ ਅਤੇ ਪਾਓ ਸਥਾਨਕ ਵਿਕਰੇਤਾਵਾਂ ਵੱਲੋਂ ਤਿਆਰ ਵਸਤਾਂ, ਤਾਜ਼ਾ ਸਬਜ਼ੀਆਂ ਅਤੇ ਬਹੁਤ ਕੁਝ ਹੋਰ...

South Common
Farmers' Market

Now Open Saturday & Sunday from 10-4pm

19th ave & Parsons Rd. , Go to

www.southcommonmarket.ca for more infromation

Bring this ad to the Kettle Corn booth for a dollar off a reg. size bag of great tasting Kettle corn.

'ਸਾਊਥ ਕਾਮਨ ਫਾਰਮਰਜ਼ ਮਾਰਕੀਟ' ਸਬੰਧੀ ਹੋਰ ਜਾਣਕਾਰੀ ਲਈ ਸੰਪਰਕ ਕਰੋ: ਬਰਾਇਨ (ਮੈਨੇਜਰ ) 780-465-5882

WILDROSE MASONARY STONE WORKS



Commercial & Residential

Ph: 780 340 1400
Off: 780 450 1413
Fax: 780 490 4888

Dave Johal



ਘਰਾਂ ਦੇ ਬਾਹਰ ਜਾਂ ਅੰਦਰ ਕਲਚਰ ਸਟੋਨ, ਇੱਟਾਂ, ਹਰ ਤਰ੍ਹਾਂ ਦੇ ਬਲਾਕ ਲਗਵਾਉਣਾ ਚਾਹੁੰਦੇ ਹੋ, ਇੱਕ ਵਾਰ ਸਾਡੇ ਤੋਂ ਜ਼ਰੂਰ ਐਸਟੀਮੇਟ ਲਗਵਾਓ

Culture Stone | Bricks
Blocks | Glass Blocks

email:wildrosemasonary@live.ca
1404-69th St. SW Edmonton, AB T6L 1L4

STP ELECTRIC LTD.

stpelectric@hotmail.com



Offering Full Range of Electrical Services of

C. 780.984 2356
F. 780.463 6276

- Residential
- Commercial
- Industrial Installations

ਹਰ ਤਰ੍ਹਾਂ ਦੇ ਇਲੈਕਟ੍ਰੀਕਲ ਦੇ ਕੰਮ ਲਈ ਸੰਪਰਕ ਕਰੋ

Sushil Singh
Certified Master Electrician
ਸਰਟੀਫ ਈਡ ਮ ਸਟਰ ਇਲਟੀਸ਼ਨ

*We'd Like...*
*to earn your business at Progressive Home Warranty, we are proud to offer the best products, protection, and people in the industry.*

*For more information please contact us:*

*Phone: 780-470-4663*

*Toll Free: 1-866-996-9776*

*sales@progressivewarranty.com*

*www.progressivewarranty.com*

CARB
CANADIAN ALLIANCE OF RESIDENTIAL BUILDERS

progressive
home warranty solutions inc.

*Building Solutions for Building Professionals*

*Progressive Home Warranty offers the best New Home Warranty and Insurance products available. Canada's Best New Home Warranty.*

# ਆਈ ਐਸ ਆਈ ਦੇ ਦਬਾਅ 'ਚ ਸਰਬਜੀਤ ਦੀ ਰਿਹਾਈ ਦੇ ਹੁਕਮ ਦੇ ਕੇ ਰਾਸ਼ਟਰਪਤੀ ਜ਼ਰਦਾਰੀ ਦੇ ਪਲਟਣ 'ਤੇ ਉਠੇ ਸਵਾਲ



ਨਵੀਂ ਦਿੱਲੀ, (ਨਦਬ) : ਸਰਬਜੀਤ ਸਿੰਘ ਦੀ ਰਿਹਾਈ ਦਾ ਹੁਕਮ ਜਾਰੀ ਕਰਨ ਤੋਂ ਬਾਅਦ ਪਾਕਿਸਤਾਨ ਦੇ ਰਾਸ਼ਟਰਪਤੀ ਆਸਿਫ ਅਲੀ ਜ਼ਰਦਾਰੀ ਕਿਉਂ ਪਲਟ ਗਏ? ਪਾਕਿਸਤਾਨੀ ਮੀਡੀਆ ਵਿਚ ਕਿਹਾ ਜਾ ਰਿਹਾ ਹੈ ਕਿ ਜ਼ਰਦਾਰੀ ਨੂੰ ਆਈਐਸਆਈ ਅਤੇ ਜਮਾਤ-ਉਦ-ਦਾਵਾ ਦੀ ਧਮਕੀ ਤੋਂ ਬਾਅਦ ਸਰਬਜੀਤ ਦੀ ਰਿਹਾਈ ਦੇ ਹੁਕਮ ਵਾਪਸ ਲੈਣੇ ਪਏ।

**ਕੀ ਹੋਇਆ?**

* ਪਾਕਿ ਚੈਨਲਾਂ 'ਤੇ ਖਬਰਾਂ ਆਉਣ ਲੱਗੀਆਂ ਸਨ ਕਿ ਜ਼ਰਦਾਰੀ ਨੇ ਸਰਬਜੀਤ ਦੀ ਸਜ਼ਾ-ਏ-ਮੌਤ ਮੁਆਫ ਕਰਕੇ ਉਮਰ ਕੈਦ ਵਿਚ ਤਬਦੀਲ ਕੀਤੀ ਹੈ।

* ਦੱਸਿਆ ਗਿਆ ਕਿ ਸਰਬਜੀਤ ਦੀ ਉਮਰ ਕੈਦ ਦਾ ਸਮਾਂ ਜੇਲ੍ਹ ਵਿਚ ਬੀਤ ਚੁੱਕਿਆ ਹੈ, ਅਜਿਹੇ ਵਿਚ ਉਸ ਨੂੰ ਕਿਸੇ ਸਮੇਂ ਵੀ ਰਿਹਾਅ ਕੀਤਾ ਜਾ ਸਕਦਾ ਹੈ।

* ਦੱਸਿਆ ਗਿਆ ਕਿ ਰਿਹਾਈ ਦੇ ਹੁਕਮ ਲਾਹੌਰ ਦੀ ਕੋਟ ਲਖਪਤ ਜੇਲ੍ਹ ਪਹੁੰਚ ਗਏ ਹਨ।

**ਇਸਲਾਮਾਬਾਦ ਦੀ ਉਲਟਬਾਂਸੀ**

* ਸਰਬਜੀਤ ਦੀ ਰਿਹਾਈ ਦੀ ਖਬਰ ਆਉਂਦੇ ਹੀ ਟੀਵੀ ਚੈਨਲਾਂ 'ਤੇ ਫੈਸਲੇ ਦੀ ਨਿਖੇਧੀ ਕੀਤੀ ਜਾਣ ਲੱਗੀ।

* ਉਰਦੂ ਚੈਨਲਾਂ 'ਤੇ ਮਾਹਿਰਾਂ ਨੇ ਕਹਿਣਾ ਸ਼ੁਰੂ ਕਰ ਦਿੱਤਾ ਕਿ ਲੋਕ ਇਸ ਰਿਹਾਈ ਦੇ ਖਿਲਾਫ ਹਨ।

* ਕੁਝ ਨੇ ਕਿਹਾ, ਧਮਾਕੇ ਦੇ ਦੋਸ਼ੀ ਨੂੰ ਰਿਹਾਅ ਕਰਨ ਨਾਲ ਗਲਤ ਸੰਦੇਸ਼ ਜਾਵੇਗਾ।

* ਮੁੰਬਈ ਹਮਲੇ ਦੇ ਮਾਸਟਰ ਮਾਈਂਡ ਹਾਫਿਜ ਸਈਦ ਦੇ ਸੰਗਠਨ ਜਮਾਤ-ਉਦ-ਦਾਵਾ ਨੇ ਗੰਭੀਰ ਨਤੀਜਿਆਂ ਦੀ ਚੇਤਾਵਨੀ ਦਿੱਤੀ।

* ਰਾਤ 12 ਵਜੇ ਰਾਸ਼ਟਰਪਤੀ ਦੇ ਬੁਲਾਰੇ ਨੇ ਬਿਆਨ ਜਾਰੀ ਕੀਤਾ ਕਿ ਸਰਬਜੀਤ ਨਹੀਂ ਸੁਰਜੀਤ ਦੀ ਰਿਹਾਈ ਦੇ ਹੁਕਮ ਜਾਰੀ ਕੀਤੇ ਗਏ ਹਨ।

**ਸੁਰਜੀਤ ਦੀ ਮੁਆਫੀ 1989 'ਚ ਹੋਈ, ਹੁਣ ਹੁਕਮ ਕਿਉਂ?**

* ਮਨੁੱਖੀ ਅਧਿਕਾਰਾਂ ਦੇ ਕਾਰਕੁੰਨ ਅਨਸਾਰ ਬਰਨੀ ਦਾ ਸਵਾਲ ਹੈ ਕਿ ਸੁਰਜੀਤ ਸਿੰਘ ਦੀ ਫਾਂਸੀ ਤਾਂ 1989 ਵਿਚ ਹੀ ਮੁਆਫ ਹੋ ਚੁੱਕੀ ਸੀ ਅਤੇ ਉਹ ਉਮਰ ਕੈਦ ਦੀ ਸਜ਼ਾ ਵੀ ਕੱਟ ਚੁੱਕੇ ਹਨ ਤਾਂ ਰਿਹਾਈ ਦੇ ਹੁਕਮ ਜਾਰੀ ਕਰਨ ਦੀ ਲੋੜ ਕੀ ਹੈ।

* ਬਰਨੀ ਅਨੁਸਾਰ ਰਾਸ਼ਟਰਪਤੀ ਨੇ ਤਾਂ ਸਰਬਜੀਤ ਦੀ ਫਾਂਸੀ ਮੁਆਫ ਕਰਨ ਦਾ ਫੈਸਲਾ ਕਰਨਾ ਸੀ ਅਤੇ ਇਸ ਲਈ ਜ਼ਰਦਾਰੀ ਨੇ ਇਹ ਹੁਕਮ ਦਿੱਤੇ ਸਨ।

* ਪਰ ਆਈਐਸਆਈ ਅਤੇ ਕੱਟੜਪੰਥੀ ਸੰਗਠਨਾਂ ਦੇ ਦਬਾਅ ਵਿਚ ਅੱਧੀ ਰਾਤ ਨੂੰ ਫੈਸਲਾ ਬਦਲਿਆ ਗਿਆ।

* ਭਾਰਤ ਦਾ ਮੰਨਣਾ ਹੈ ਕਿ ਆਈਐਸਆਈ ਨੇ ਜ਼ਰਦਾਰੀ ਨੂੰ ਫੈਸਲਾ ਬਦਲਣ ਲਈ ਮਜ਼ਬੂਰ ਕਰ ਦਿੱਤਾ।

* ਪਾਕਿ ਅਖਬਾਰ ਡਾਨ ਦੀ ਖਬਰ ਤੋਂ ਸੰਕੇਤ ਮਿਲਦਾ ਹੈ ਕਿ ਸਰਬਜੀਤ ਦੀ ਰਿਹਾਈ ਦਾ ਹੀ ਫੈਸਲਾ ਹੋਇਆ ਸੀ ਕਿਉਂਕਿ ਇਸ ਵਿਚ ਕਿਹਾ ਗਿਆ ਹੈ ਕਿ ਪਾਕਿਸਤਾਨ ਨੇ 'ਯੂ ਟਰਨ' ਲੈ ਲਿਆ ਹੈ।

* ਇਕ ਹੋਰ ਅਖਬਾਰ 'ਨੇਸ਼ਨ' ਨੇ ਦੱਸਿਆ ਕਿ 'ਭਾਰਤੀ ਜਾਸੂਸ' ਦੀ ਰਿਹਾਈ ਨੂੰ ਲੈ ਕੇ ਰਾਸ਼ਟਰਪਤੀ ਪਲਟ ਗਏ ਹਨ।

# ਇਨ੍ਹਾਂ ਨੂੰ ਕਿਸ ਨੇ ਦਿੱਤਾ ਸਜ਼ਾ ਦਾ ਅਧਿਕਾਰ





ਇਸ ਫੋਟੋ ਰਾਹੀਂ ਤੁਸੀਂ ਦੇਖ ਸਕਦੇ ਹੋ ਕਿ ਲੋਕਾਂ ਨੇ ਮਹਿਲਾ ਦੇ ਮੂੰਹ 'ਤੇ ਕਾਲਖ ਮਲ ਦਿੱਤੀ ਹੈ। ਇਨ੍ਹਾਂ 'ਸਮਾਜ ਦੇ ਠੇਕੇਦਾਰਾਂ' ਨੂੰ ਇਨਾਮ ਦੇਣਾ ਚਾਹੀਦਾ ਹੈ ਜਾਂ ਸਜ਼ਾ ਮਿਲਣੀ ਚਾਹੀਦੀ ਹੈ?

ਨੰਗਲ। ਇਹ ਕਿਸੇ ਫਿਲਮ ਦੀ ਸ਼ੂਟਿੰਗ ਨਹੀਂ ਹੈ ਇਹ ਤਾਂ ਪਿੰਡ ਬੰਦਲਹਿੜੀ ਵਿਚ ਚੈਨ ਖੋਹਣ ਦੇ ਦੋਸ਼ ਹੇਠ ਫੜੀਆਂ ਗਈਆਂ ਮਾਨਸਾ ਦੀਆਂ 3 ਔਰਤਾਂ ਵਿਚੋਂ ਇਕ ਹੈ। ਹੋ ਸਕਦਾ ਹੈ ਕਿ ਇਸ ਮਹਿਲਾ ਨੇ ਦੋਸ਼ ਕੀਤਾ ਹੋਵੇ। ਇਹ ਪੁਲਿਸ ਦੀ ਜਾਂਚ ਤੋਂ ਪਤਾ ਚੱਲੇਗਾ। ਗਲਤੀ ਕੀਤੀ ਹੋਵੇਗੀ ਤਾਂ ਸਜ਼ਾ ਵੀ ਮਿਲੇਗੀ, ਪਰ ਸਜ਼ਾ ਦੇਣ ਦਾ ਅਧਿਕਾਰ ਅਦਾਲਤ ਨੂੰ ਹੈ, ਜਿਥੇ ਤੱਥਾਂ ਦੇ ਆਧਾਰ 'ਤੇ ਤੈਅ ਹੋਵੇਗਾ ਕਿ ਦੋਸ਼ੀ ਕੌਣ ਹੈ ਅਤੇ ਉਸ ਨੂੰ ਕਿੰਨੀ ਸਜ਼ਾ ਮਿਲਣੀ ਚਾਹੀਦੀ ਹੈ। ਪਰ ਬੰਦਲਹਿੜੀ ਵਿਚ ਸਭ ਕੁਝ ਉਲਟਾ ਹੈ। ਪਿੰਡ ਵਾਲੇ ਦੋਸ਼ੀ ਨੂੰ ਸਜ਼ਾ ਦੇਣ 'ਤੇ ਇਸ ਕਦਰ ਉਤਾਰੂ ਹਨ ਕਿ ਖੁਦ ਮਹਿਲਾ ਨੂੰ ਘਸੀਟ ਕੇ ਪੁਲਿਸ ਦੇ ਹਵਾਲੇ ਕਰਨ ਜਾ ਰਹੇ ਹਨ। ਫੋਟੋ ਦੇਖ ਕੇ ਇਹੀ ਲੱਗ ਰਿਹਾ ਹੈ ਕਿ ਪਿੰਡ ਵਾਲੇ ਪੁਲਿਸ ਅਤੇ ਅਦਾਲਤ ਦਾ ਕੰਮ ਖੁਦ ਹੀ ਨਜਿੱਠਣਾ ਚਾਹੁੰਦੇ ਹਨ। ਦੋਸ਼ੀ ਦਾ ਦੋਸ਼ ਕਿੰਨਾ ਹੈ ਅਤੇ ਉਸ ਨੂੰ ਕੀ ਸਜ਼ਾ ਮਿਲਣੀ ਚਾਹੀਦੀ ਹੈ ਇਹ ਵੀ ਉਹ ਖੁਦ ਹੀ ਤੈਅ ਕਰਨਾ ਚਾਹੁੰਦੇ ਹਨ। ਇਸ ਕੰਮ ਨੂੰ ਬਹਾਦਰੀ ਕਿਹਾ ਜਾਵੇ ਜਾਂ ਦੂਜਿਆਂ ਦੇ ਅਧਿਕਾਰਾਂ ਦਾ ਉਲੰਘਣ?

# ਵਰਲਡ ਟਰੇਡ ਸੈਂਟਰ ਦੁਬਾਰਾ ਤਿਆਰ



ਇਸ ਤਰ੍ਹਾਂ ਲਗਾਈ ਗਈ ਆਖਰੀ ਬੀਮ



72 ਮੰਜ਼ਿਲਾ ਹੈ ਵਰਲਡ ਟਰੇਡ ਸੈਂਟਰ ਦਾ ਪਹਿਲਾ ਟਾਵਰ

977 ਫੁੱਟ ਹੈ ਨਵੇਂ ਵਰਲਡ ਟਰੇਡ ਸੈਂਟਰ ਦੀ ਉਚਾਈ

167 ਕਰੋੜ ਡਾਲਰ ਹੋਇਆ ਤਿਆਰ

ਦੁਨੀਆ ਦੇ ਸਭ ਤੋਂ ਉਚੇ ਟਾਵਰਾਂ ਵਿਚੋਂ ਇਕ ਵਰਡਲ ਟਰੇਡ ਸੈਂਟਰ ਨੂੰ ਅਲਕਾਇਦਾ ਨੇ ਹਵਾਈ ਹਮਲੇ ਵਿਚ ਜ਼ਮੀਨਦੋਜ਼ ਕਰ ਦਿੱਤਾ ਸੀ। ਪਰ ਅਮਰੀਕਾ ਨੇ ਉਨ੍ਹਾਂ ਅੱਤਵਾਦੀ ਕਾਰਵਾਈਆਂ ਨੂੰ ਬੌਨਾ ਕਰਾਰ ਦਿੱਤਾ। ਨਿਊਯਾਰਕ ਦੇ ਨਵੇਂ ਟਾਵਰ ਦੀ ਆਖਰੀ ਬੀਮ ਨੂੰ ਵੀ 977 ਫੁੱਟ ਉਚਾਈ 'ਤੇ ਲਗਾ ਦਿੱਤੀ ਗਿਆ। 16 ਏਕੜ ਵਿਚ ਫੈਲਿਆ ਇਹ ਟਾਵਰ 77 ਮੰਜ਼ਿਲਾ ਹੈ। ਇਸ ਨੂੰ ਬਣਾਉਣ ਵਿਚ 167 ਕਰੋੜ ਡਾਲਰ ਦਾ ਖਰਚਾ ਆਇਆ ਹੈ ਅਤੇ ਇਸ ਨੂੰ ਰਿਕਾਰਡ ਸਮੇਂ ਵਿਚ ਪੂਰਾ ਕੀਤਾ ਗਿਆ ਹੈ।

Harjeet Sandhu
REALTOR
"Serving all your Real Estate needs"
ਕਿਸੇ ਵੀ ਪ੍ਰਕਾਰ ਦੀ ਜਾਇਦਾਦ ਵੇਚਣੀ ਜਾਂ ਖ੍ਰੀਦਣੀ ਹੋਵੇ ਤਾਂ ਆਪਣੀ ਕਮਿਊਨਿਟੀ ਦੇ ਭਰੋਸੇਯੋਗ ਰੀਅਲਟਰ ਹਰਜੀਤ ਸੰਧੂ ਨੂੰ ਮਿਲੋ ਜਾਂ ਫੋਨ ਕਰੋ ।
"CONVERTING YOUR DREAMS INTO REALITY"

(780) 233-3100
Friendly Service & Free Market Evaluation

To view Thousands of properties online visit:
www.harjeetsandhu.com
harjsandhu@gmail.com
Realty Executives Polaris
Each Office Independently Owned and Operated
4107-99 St., Edmonton AB T6E 3N4
Tel: (780) 450-6300 (24hrs),
Fax: (780) 450-6670
Polaris
Member - Edmonton Real Estate Board, Residential & Commercial Divsion

LIQUOR STORE ON SALE
Located In a Very Busy Plaza
Close To Cineplex, Restaurants
ਸੇਂਟ ਐਲਬਰਟ ਟਰੇਲ (137 ਐਵੀਨਿਊ) ਐਡਮਿੰਟਨ ਵਿੱਚ ਚੰਗੀ ਸੇਲ ਨਾਲ ਚੱਲ ਰਹੇ ਲਿਕਰ ਸਟੋਰ ਨੂੰ ਖ੍ਰੀਦਣ ਦਾ ਸੁਨਹਿਰੀ ਮੌਕਾ।
ਵਾਜਬ ਕੀਮਤ, ਇਨਵੈਂਟਰੀ ਸਮੇਤ
15 ਸਾਲ ਲੀਜ਼ ਹਾਲੇ ਬਾਕੀ।
Contact : ਪਾਲ ਬੜਵਾਲ
ਸੰਪਰਕ : 587-708-6866

A City Limos Ltd.
Ph: 780-462-4940
Toll Free: 1-888-462-4623

Wedding
School Proms
Birthday
City Tours
Airport Service
Edmonton-Calgary Vancouver
Contact
780-951-7260

e-mail: dhaliwalsd@hotmail.com, www.acitylimousine.com

# ਅਮਾਨਵੀ ਅਤਿਆਚਾਰ ਤੇ ਵਿਭਚਾਰ ਦੇ ਅੱਡੇ ਇਹ ਅਖੌਤੀ ਸਹਾਰਾ ਘਰ

ਬੋਧ ਸਿੰਘ ਘੁੰਮਣ
+91-9463517996

ਇਸ ਵਰ੍ਹੇ ਅਪ੍ਰੈਲ-ਮਈ ਦੌਰਾਨ ਸਾਡੇ ਗਵਾਂਢੀ ਰਾਜ ਹਰਿਆਣਾ ਵਿਚ ਵੱਖ ਵੱਖ ਸੰਸਥਾਵਾਂ ਵਲੋਂ ਰੋਹਤਕ ਤੇ ਗੁੜਗਾਵਾਂ ਦੇ ਸ਼ਹਿਰਾਂ ਵਿਚ ਚਲਾਏ ਜਾ ਰਹੇ ਤਿੰਨ 'ਆਸਰਾ ਘਰਾਂ' ਵਿਚ ਹੋ ਰਹੇ ਅਮਾਨਵੀ ਅਤਿਆਚਾਰਾਂ ਬਾਰੇ ਅਖਬਾਰਾਂ ਰਾਹੀਂ ਦਿਲ ਦਹਿਲਾ ਦੇਣ ਵਾਲੇ ਕੁੱਝ ਤੱਥ ਸਾਹਮਣੇ ਆਏ ਹਨ। ਇਹਨਾਂ ਨੂੰ ਪੜ੍ਹ ਕੇ ਹਰ ਸੰਵੇਦਨਸ਼ੀਲ ਮਨ ਕੰਬ ਉਠਦਾ ਹੈ। ਇਹਨਾਂ ਨੂੰ ਕੇਵਲ ਧੋਖਾ ਦੇਣ ਲਈ ਹੀ 'ਆਸਰਾ ਘਰ' ਦੱਸਿਆ ਜਾਂਦਾ ਹੈ, ਅਸਲ ਵਿਚ ਇਹਨਾਂ ਨੂੰ ਸ਼ੋਸ਼ਣ ਗੁਫਾਵਾਂ (Exploitation dens) ਅਤੇ ਲੁੱਟ ਦੇ ਅੱਡੇ ਕਹਿਣਾ ਹੀ ਵਧੇਰੇ ਢੁਕਵਾਂ ਹੋਵੇਗਾ।

**ਰੋਹਤਕ ਦਾ 'ਅਪਨਾ ਘਰ'**

'ਭਾਰਤ ਵਿਕਾਸ ਸੰਘ' ਨਾਂਅ ਦੀ ਇਕ ਗੈਰ-ਸਰਕਾਰੀ ਸੰਸਥਾ ਰੋਹਤਕ ਵਿਖੇ 'ਅਪਨਾ ਘਰ' ਨਾਂਅ ਦਾ ਸ਼ੈਲਟਰ ਹੋਮ ਚਲਾ ਰਹੀ ਹੈ। ਕਹਿਣ ਨੂੰ ਇਥੇ ਬੇਸਹਾਰਾ ਤੇ ਮੰਦਬੁੱਧੀ ਬੱਚਿਆਂ ਨੂੰ ਆਸਰਾ ਦਿੱਤਾ ਜਾਂਦਾ ਹੈ ਅਤੇ ਉਹਨਾਂ ਦਾ ਪਾਲਣ ਪੋਸ਼ਣ ਕੀਤਾ ਜਾਂਦਾ ਹੈ। ਇਸ ਕੰਮ ਲਈ ਦਾਨੀਆਂ ਤੋਂ ਇਲਾਵਾ ਚੋਖੀ ਸਹਾਇਤਾ ਰਾਸ਼ੀ, ਰਾਜ ਤੇ ਕੇਂਦਰ ਸਰਕਾਰ ਤੋਂ ਵੀ ਮਿਲਦੀ ਹੈ। ਪਿਛਲੇ ਇਕ ਦਹਾਕੇ ਦੌਰਾਨ ਕੇਵਲ 'ਅਪਨਾ ਘਰ' ਨੂੰ ਹੀ 2 ਕਰੋੜ ਰੁਪਏ ਦੀ ਸਰਕਾਰੀ ਸਹਾਇਤਾ ਦਿੱਤੀ ਗਈ ਹੈ। ਇਥੇ ਹੋ ਰਹੇ ਅਤਿਆਚਾਰਾਂ ਤੇ ਵਿਭਚਾਰ ਦਾ ਸਕੈਂਡਲ ਇਥੋਂ ਭੱਜ ਕੇ ਬਾਹਰ ਗਈਆਂ ਤਿੰਨ ਕੁੜੀਆਂ ਵਲੋਂ ਪੁਲਿਸ ਅਤੇ ਕੁੱਝ ਹੋਰ ਲੋਕਾਂ ਸਾਹਮਣੇ ਕੀਤੇ ਇੰਕਸ਼ਾਫ ਪਿਛੋਂ ਸਾਹਮਣੇ ਆਇਆ ਹੈ। ਇਹ ਮਾਮਲਾ 'ਕੌਮੀ ਬਾਲ ਅਧਿਕਾਰ ਸੁਰੱਖਿਆ ਕਮਿਸ਼ਨ' ਦੇ ਨੋਟਿਸ ਵਿਚ ਲਿਆਉਣ ਪਿਛੋਂ 9 ਮਈ ਨੂੰ ਕਮਿਸ਼ਨ ਦੇ ਮੈਂਬਰਾਂ ਨੇ 'ਅਪਨਾ ਘਰ' 'ਚ ਅਚਨਚੇਤ ਛਾਪਾ ਮਾਰਿਆ ਤਾਂ ਜੋ ਕੁੱਝ ਨੋਟਿਸ ਵਿਚ ਆਇਆ ਉਹ ਇਸ ਤਰ੍ਹਾਂ ਸੀ :

* ਜਵਾਨ ਕੁੜੀਆਂ ਨੂੰ ਨੰਗੇ ਕਰਕੇ ਗਰਿਲਾਂ ਨਾਲ ਬੰਨਿਆਂ ਜਾਂਦਾ ਅਤੇ ਉਹਨਾਂ ਨੂੰ ਲੋਹੇ ਦੇ ਤੇ ਲੱਕੜ ਦੇ ਡੰਡਿਆਂ ਨਾਲ ਕੁੱਟਿਆ ਜਾਂਦਾ ਸੀ।

* ਜੇਕਰ ਪ੍ਰਬੰਧਕਾਂ ਦੇ ਕਿਸੇ ਵੀ ਤਰ੍ਹਾਂ ਦੇ ਹੁਕਮਾਂ ਨੂੰ ਨਾ ਮੰਨਿਆ ਜਾਂਦਾ ਤਾਂ ਸਬੰਧਤ ਮੁੰਡੇ/ਕੁੜੀ ਨੂੰ ਤਿੰਨ ਦਿਨਾਂ ਤੱਕ ਭੁੱਖੇ ਰੱਖਿਆ ਜਾਂਦਾ ਸੀ।

* ਲੜਕੀਆਂ ਦੇ ਗੁਪਤ ਅੰਗਾਂ 'ਤੇ ਸੱਟਾਂ ਮਾਰੀਆਂ ਜਾਂਦੀਆਂ ਸਨ।

* ਛੋਟੇ ਬੱਚਿਆਂ ਨੂੰ 'ਅਪਨਾ ਘਰ' ਦੀ ਸਕੱਤਰ ਤੇ ਸਕੈਂਡਲ ਦੀ ਖਨਿਗ ਪਨਿ ਜਸਵੰਤੀ ਦੇਵੀ ਦੇ ਰਿਸ਼ਤੇਦਾਰਾਂ ਦੇ ਘਰਾਂ ਜਾਂ ਹੋਰ ਘਰਾਂ ਵਿਚ ਘਰੇਲੂ ਨੌਕਰਾਂ ਵਜੋਂ ਭੇਜਿਆ ਜਾਂਦਾ ਤੇ ਉਹਨਾਂ ਬੱਚਿਆਂ ਨੂੰ ਕੋਈ ਪੈਸਾ ਨਹੀਂ ਸੀ ਦਿੱਤਾ ਜਾਂਦਾ।

* 'ਅਪਨਾ ਘਰ' ਦੇ ਬੇਆਸਰਾ ਬੱਚਿਆਂ ਨੂੰ ਬਾਹਰ ਖੇਤਾਂ ਵਿਚ ਕੰਮ ਕਰਨ ਲਈ ਵੀ ਭੇਜਿਆ ਜਾਂਦਾ ਸੀ।

* ਜਸਵੰਤੀ ਦੇਵੀ ਦੇ ਜੁਆਈ ਵਲੋਂ ਕੁੜੀਆਂ ਦਾ ਸਰੀਰਕ ਸੋਸ਼ਣ ਕੀਤਾ ਜਾਂਦਾ ਸੀ।

* ਇੱਥੇ ਰੱਖੇ ਗਏ ਮੰਦਬੁੱਧੀ ਬੱਚਿਆਂ ਤੇ ਔਰਤਾਂ ਨੂੰ ਅੱਧੀ ਰਾਤ ਨੂੰ ਧੱਕੇ ਨਾਲ ਰੇਲਵੇ ਤੇ ਬਸ ਸਟੈਂਡ 'ਤੇ ਛੱਡ ਦਿੱਤਾ ਜਾਂਦਾ ਤਾਂ ਜੋ ਉਹ ਉਥੋਂ ਜਿੱਥੇ ਮਰਜ਼ੀ ਚਲੇ ਜਾਣ।

* ਇੱਥੇ ਰੱਖੇ ਗਏ ਬੱਚਿਆਂ ਨੂੰ ਪੜ੍ਹਾਈ ਤੋਂ ਦੂਰ ਤੇ ਵਾਂਝੇ ਰੱਖਿਆ ਜਾਂਦਾ ਸੀ।

* ਬੱਚੇ ਗੋਦ ਲੈਣ ਦੇ ਨਾਂਅ ਹੇਠ ਇਹਨਾਂ ਨੂੰ ਵੇਚਿਆ ਵੀ ਜਾਂਦਾ ਸੀ।

ਜਸਵੰਤੀ ਦੇਵੀ ਦੇ ਇਸ ਅੱਤ ਅਮਾਨਵੀ ਤੇ ਵਿਭਚਾਰੀ ਧੰਦੇ ਵਿਚ ਉਸ ਦੀ ਧੀ, ਜਵਾਈ, ਭਰਾ ਤੇ ਕਈ ਹੋਰ ਰਿਸ਼ਤੇਦਾਰ ਸ਼ਾਮਲ ਸਨ। ਇਸ ਔਰਤ ਦਾ ਰਾਜਨੀਤੀਵਾਨਾਂ ਅਤੇ ਅਫਸਰਸ਼ਾਹੀ ਨਾਲ ਕਾਫੀ ਰਸੂਖ ਸੀ ਅਤੇ ਇਸ ਕਰਕੇ ਉਸ ਦੇ ਇਹ ਗੰਦੇ ਕਾਰੇ ਲੰਮਾ ਸਮਾਂ ਬਾਹਰ ਨਹੀਂ ਆਉਣ ਦਿੱਤੇ ਗਏ। ਜਸਵੰਤੀ ਦੇਵੀ ਦੀ ਰਾਜਨੀਤੀਵਾਨਾਂ, ਅਫਸਰਸ਼ਾਹੀ ਆਦਿ ਨਾਲ ਪਹੁੰਚ ਦਾ ਅੰਦਾਜ਼ਾ ਇਸ ਗੱਲ ਤੋਂ ਸਹਿਜੇ ਹੀ ਲਗਾਇਆ ਜਾ ਸਕਦਾ ਹੈ ਕਿ ਉਸ ਨੂੰ 'ਅਪਨਾ ਘਰ' ਅਜਿਹੇ 'ਸ਼ਾਨਦਾਰ' ਢੰਗ ਨਾਲ ਚਲਾਉਣ ਕਰਕੇ 'ਇੰਦਰਾ ਗਾਂਧੀ ਨਾਰੀ ਸ਼ਕਤੀ ਪੁਰਸਕਾਰ' ਤੇ ਇਕ ਲੱਖ ਰੁਪਏ ਦੇ ਕੇ ਸਨਮਾਨਿਆ ਗਿਆ ਸੀ। ਹੈ ਨਾ ਸਾਡੇ ਇਸ ਦੇਸ਼ 'ਚ ਕਮਾਲ ਦੇ ਚਮਤਕਾਰ, ਜਿੱਥੇ ਲੁੱਟ ਤੇ ਵਿਭਚਾਰ ਦੇ ਅੱਡੇ ਚਲਾਉਣ ਵਾਲਿਆਂ ਨੂੰ ਸਰਕਾਰੀ ਪੁਰਸਕਾਰਾਂ ਨਾਲ ਸਨਮਾਨਿਆ ਜਾਂਦਾ ਹੈ। ਇਸ ਸਥਿਤੀ 'ਤੇ 'ਚੋਰ ਉਚੱਕਾ ਚੌਧਰੀ ਤੇ ਗੁੰਡੀ ਰੰਨ ਪ੍ਰਧਾਨ' ਦਾ ਅਖਾਣ ਪੂਰੀ ਤਰ੍ਹਾਂ ਢੁੱਕਦਾ ਹੈ। ਇਸ ਤੋਂ ਬਦਤਰ ਹੋਰ ਕਿਹੜਾ ਕਹਿਰ ਤੇ ਸਥਿਤੀ ਹੋ ਸਕਦੀ ਹੈ?

**'ਡਰੋਨ ਫਾਊਂਡੇਸ਼ਨ' ਦਾ ਗੁੜਗਾਓਂ ਸਥਿਤ ਸਹਾਰਾ-ਘਰ**

'ਕੌਮੀ ਬਾਲ ਅਧਿਕਾਰ ਸੁਰੱਖਿਆ ਕਮਿਸ਼ਨ' ਨੇ 'ਡਰੋਨ ਫਾਊਂਡੇਸ਼ਨ' ਨਾਂਅ ਦੀ ਇਕ ਗੈਰ-ਸਰਕਾਰੀ ਸੰਸਥਾ ਵਲੋਂ ਗੁੜਗਾਓਂ ਵਿਖੇ ਚਲਾਏ ਜਾ ਰਹੇ ਇਕ 'ਸਹਾਰਾ ਘਰ' 'ਤੇ ਛਾਪਾ ਮਾਰਿਆ ਤਾਂ 'ਅਪਨਾ ਘਰ' ਤੋਂ ਵੀ ਵੱਧ ਭਿਆਨਕ ਤੱਥ ਸਾਹਮਣੇ ਆਏ। ਇੱਥੇ ਇਸ 'ਸਹਾਰਾ ਘਰ' ਦੇ ਮਾਲਕ ਦੇ ਪੁੱਤਰ ਵਲੋਂ, ਜੋ



ਐਚ.ਆਈ.ਵੀ. ਪਾਜ਼ਿਟਵ ਹੈ, ਕੁੜੀਆਂ ਦਾ ਜਿਨਸੀ ਸ਼ੋਸ਼ਣ ਕੀਤਾ ਜਾਂਦਾ ਰਿਹਾ ਹੈ। ਇਸ ਦੋਸ਼ੀ ਨੂੰ ਹੁਣ ਭਾਵੇਂ ਜੇਲ੍ਹ ਅੰਦਰ ਡੱਕਿਆ ਗਿਆ ਹੈ ਪਰ ਸਾਡੀ ਸਮਝ ਹੈ ਕਿ ਉਹ ਆਪਣੇ ਸਬੰਧਾਂ ਤੇ ਧਨ ਦੇ ਜ਼ੋਰ 'ਤੇ ਛੇਤੀ ਹੀ ਬਾਹਰ ਆ ਸਕਦਾ ਹੈ।

**ਗੁੜਗਾਓਂ ਨੇੜਲੇ 'ਸੁਪਰਨਾ ਕਾ ਆਂਗਨ' ਦਾ ਸਕੈਂਡਲ**

ਵਜ਼ੀਰਾਬਾਦ ਪਿੰਡ 'ਚ ਸਥਿਤ ਇਸ ਸ਼ੋਸ਼ਣ-ਚੈਂਬਰ ਵਿਚ ਨਾਬਾਲਗ ਲੜਕੀਆਂ ਨਾਲ ਬਲਾਤਕਾਰ ਕਰਨ ਦੀ ਹਿਰਦੇਵੇਦਕ ਘਟਨਾ ਦਾ ਇੰਕਸ਼ਾਫ ਹੋਇਆ ਹੈ। ਇਹਨਾਂ ਮਸੂਮ ਬਾਲੜੀਆਂ ਦਾ ਮੂੰਹ ਬੰਦ ਕਰਨ ਤੇ ਡਰਾਉਣ ਧਮਕਾਉਣ ਲਈ ਇਹਨਾਂ ਕੁਕਰਮਾਂ ਦੀਆਂ ਅਸ਼ਲੀਲ ਫਿਲਮਾਂ ਬਣਾ ਲਈਆਂ ਗਈਆਂ। ਮਨੁੱਖ ਰੂਪੀ ਬਘਿਆੜਾਂ ਤੇ ਦਰਿੰਦਿਆਂ ਦਾ ਸ਼ਿਕਾਰ ਇਕ ਚੌਥੀ ਜਮਾਤ 'ਚ ਪੜ੍ਹ ਰਹੀ ਬੱਚੀ ਬਣਾਈ ਗਈ ਸੀ ਅਤੇ ਉਸ ਰਾਹੀਂ ਹੀ ਦਰਿੰਦਗੀ ਦਾ ਇਹ ਕਾਂਡ ਨੰਗਾ ਹੋਇਆ ਹੈ। ਉਸ ਮਾਸੂਮ ਬੱਚੀ ਦੀ ਅਧਿਆਪਕਾ ਨੇ ਇਸ ਬਾਰੇ ਪਤਾ ਲੱਗਣ 'ਤੇ ਇਹ ਕੇਸ ਪਹਿਲਾਂ ਆਪਣੇ ਸਕੂਲ ਮੁਖੀ/ਸਟਾਫ ਨਾਲ ਸਾਂਝਾ ਕੀਤਾ ਤੇ ਫਿਰ ਪੁਲਸ ਨਾਲ ਵੀ। ਇਸ ਪਿਛੋਂ ਇਕ ਟੀਮ ਵਲੋਂ ਪੜਤਾਲ ਕੀਤੀ ਗਈ ਅਤੇ ਤਿੰਨ ਬੱਚੀਆਂ ਦੀ ਮੁੱਢਲੀ ਮੈਡੀਕਲ ਜਾਂਚ ਦੌਰਾਨ ਇਹ ਤੱਥ ਸਥਾਪਤ ਹੋ ਗਿਆ ਕਿ ਦੋ ਬੱਚੀਆਂ ਨਾਲ ਬਲਾਤਕਾਰ ਕੀਤਾ ਗਿਆ ਹੈ।

ਇਹ ਤਿੰਨ ਕੇਸ ਪਿਛਲੇ ਦੋ ਕੁ ਮਹੀਨਿਆਂ 'ਚ ਹੀ ਸਾਹਮਣੇ ਆਏ ਹਨ ਅਤੇ ਅਜੇ ਕੇਵਲ ਦੋ ਸ਼ਹਿਰਾਂ ਦੇ ਤਿੰਨ 'ਸਹਾਰਾ ਘਰ' ਹੀ ਪੜਤਾਲੇ ਗਏ ਹਨ। ਬਾਕੀ ਸਥਾਨਾਂ 'ਤੇ ਚਲਾਏ ਜਾ ਰਹੇ ਅਜਿਹੇ 'ਆਸਰਾ ਘਰਾਂ' ਚੋਂ ਬਹੁਤਿਆਂ ਦੀ ਸਥਿਤੀ ਇਸ ਤੋਂ ਕੋਈ ਬਹੁਤੀ ਭਿੰਨ ਜਾਂ ਬਿਹਤਰ ਹੋਣ ਦੀ ਆਸ ਨਹੀਂ ਹੈ। ਪੂੰਜੀਵਾਦੀ ਵਿਵਸਥਾ ਵਿਚ ਔਰਤਾਂ, ਬੱਚੇ ਤੇ ਮਰਦ ਵੀ ਜਿਨਸ (ਕੋਮੋਡਿਟੀ) ਹੀ ਸਮਝੇ ਜਾਂਦੇ ਹਨ ਅਤੇ ਇਸ ਪ੍ਰਬੰਧ ਦੇ 'ਵਿਸ਼ੇਸ਼ ਅਧਿਕਾਰ ਪ੍ਰਾਪਤ' ਦਰਿੰਦਿਆਂ ਵਲੋਂ ਉਹਨਾਂ ਦਾ ਕਈ ਪੱਖਾਂ ਤੋਂ ਸੋਸ਼ਣ ਕਰਕੇ ਵਪਾਰ ਚਲਾਇਆ ਜਾਂਦਾ ਹੈ ਤੇ ਪੂੰਜੀ ਦਾ ਇਕਤਰੀਕਰਨ ਕੀਤਾ ਜਾਂਦਾ ਹੈ। ਅਜਿਹੇ 'ਕਾਰੋਬਾਰ' ਜਾਂ ਧੰਦੇ ਨੂੰ ਸਫਲਤਾ ਸਹਿਤ ਤੇ ਬਿਨਾਂ ਕਿਸੇ ਡਰ-ਭੁੱਕਰ ਦੇ ਚਲਾਉਣ ਲਈ ਰਾਜਨੀਤਕ ਤੇ ਅਫਸਰਸ਼ਾਹੀ ਦੀ ਛਤਰ ਛਾਇਆ ਜ਼ਰੂਰੀ ਹੈ ਜੋ ਆਮ ਕਰਕੇ ਮਿਲ ਜਾਂਦੀ ਹੈ। ਇਹ ਇਕ ਹਕੀਕਤ ਹੈ ਕਿ ਅਜਿਹੇ ਕੁਕਰਮ ਤੇ ਅਮਾਨਵੀ ਧੰਦੇ ਭ੍ਰਿਸ਼ਟ ਰਾਜਨੀਤੀਵਾਨਾਂ ਅਤੇ ਲਾਲਚੀ ਤੇ ਗਰਕ ਚੁਕੀ ਅਫਸਰਸ਼ਾਹੀ ਦੇ ਸਿੱਧੇ/ਅਸਿੱਧੇ ਸਹਿਯੋਗ ਤੋਂ ਬਿਨਾਂ ਚਲਾਏ ਨਹੀਂ ਜਾ ਸਕਦੇ। ਕਈ ਵਾਰੀ ਲੋਕਾਂ ਨੂੰ ਇਹਨਾਂ ਅਮਾਨਵੀ ਧੰਦਿਆਂ ਬਾਰੇ ਪਤਾ ਹੁੰਦਾ ਹੈ ਪਰ ਉਹ ਕਿਸ ਕੋਲ ਸ਼ਿਕਾਇਤ ਕਰਨ ਜਦੋਂਕਿ ਉਹਨਾ ਨੂੰ ਪਤਾ ਹੁੰਦਾ ਹੈ ਕਿ ਚੋਰ ਤੇ ਕੁੱਤੀ ਪੂਰੀ ਤਰ੍ਹਾਂ ਰਲੇ ਹੋਏ ਹਨ ਅਤੇ ਸ਼ਿਕਾਇਤ ਦਾ ਬਹੁਤੀਆਂ ਹਾਲਤਾਂ ਵਿਚ ਕੁੱਝ ਨਹੀਂ ਬਣਦਾ। ਹਰ ਪ੍ਰਾਂਤ ਵਿਚ, ਸਮੇਤ ਹਰਿਆਣੇ ਦੇ 'ਇਸਤਰੀ ਤੇ ਬਾਲ ਵਿਕਾਸ ਵਿਭਾਗ' ਸਥਾਪਤ ਹਨ। ਪਰ ਸਵਾਲ ਉਠਦਾ ਹੈ ਕਿ ਹਰਿਆਣੇ ਦਾ 'ਇਸਤਰੀ ਤੇ ਬਾਲ ਵਿਕਾਸ ਵਿਭਾਗ ਕੀ ਕਰਦਾ ਰਿਹਾ ਹੈ? ਕੀ ਉਹਨਾਂ ਕਦੇ ਇਹਨਾਂ 'ਥਾਵਾਂ' ਦੀ ਇੰਸਪੈਕਸ਼ਨ ਕੀਤੀ? ਕੀ ਕਦੇ ਅਚਨਚੇਤ ਛਾਪਾ ਮਾਰਿਆ? ਲੱਗਦਾ ਹੈ ਕਿ ਸਬੰਧਤ ਅਧਿਕਾਰੀ ਆਪਣੇ ਦਫਤਰਾਂ 'ਚ ਬੈਠ ਕੇ ਹੀ ਰੀਮੋਟ ਕੰਟਰੋਲ ਰਾਹੀਂ ਇੰਸਪੈਕਸ਼ਨ ਕਰ ਲੈਂਦੇ ਰਹੇ ਹਨ।

**ਕੌਮੀ ਕਮਿਸ਼ਨ ਨੂੰ ਟਿਚ ਜਾਣਦੇ ਹਨ ਅਜਿਹੇ 'ਆਸਰਾ ਘਰ'-**

'ਅਪਨਾ ਘਰ' ਦੇ ਕੇਸ ਤੋਂ ਇਹ ਸਪੱਸ਼ਟ ਹੋ ਗਿਆ ਹੈ ਕਿ ਉਸ ਦੇ ਪ੍ਰਬੰਧਕਾਂ ਤੇ ਅਮਲੇ ਨੇ, ਸਰਕਾਰ ਤੇ ਅਫਸਰਸ਼ਾਹੀ ਦੀ ਅਸੀਮੀਤ ਹਮਾਇਤ ਹੋਣ ਕਰਕੇ 'ਕੌਮੀ ਬਾਲ ਅਧਿਕਾਰ ਸੁਰੱਖਿਆ ਕਮਿਸ਼ਨ' ਦੇ ਨਿਰਦੇਸ਼ਾਂ ਨੂੰ ਟਿੱਚ ਸਮਝਿਆ ਹੈ। ਕੋਈ ਡੇਢ ਮਹੀਨਾ ਪਹਿਲਾਂ 9 ਮਈ ਨੂੰ 'ਅਪਨਾ ਘਰ' 'ਤੇ ਕਮਿਸ਼ਨ ਵਲੋਂ ਛਾਪਾ ਮਾਰਿਆ ਗਿਆ ਸੀ ਤੇ ਫਿਰ 14-15 ਮਈ ਨੂੰ ਸਬੰਧਤ ਅਧਿਕਾਰੀਆਂ ਨਾਲ ਮੀਟਿੰਗ ਕਰਕੇ ਉਹਨਾਂ ਨੂੰ ਕੁੱਝ ਸਪੱਸ਼ਟ ਨਿਰਦੇਸ਼ ਦਿੱਤੇ ਸਨ। ਇਹਨਾਂ ਨਿਰਦੇਸ਼ਾਂ ਵਿਚ 'ਅਪਨਾ ਘਰ' ਵਿਚ ਆਸਰਾ ਲੈਣ ਵਾਲਿਆਂ ਨੂੰ ਕਿਤੇ ਵੀ ਸ਼ਿਫਟ ਨਾ ਕਰਨਾ ਅਤੇ ਹਰ ਪੱਖੋਂ ਮੁਕੰਮਲ ਰਿਪੋਰਟ ਭੇਜਣਾ ਵੀ ਸ਼ਾਮਲ ਸੀ। ਐਪਰ ਹਰਿਆਣਾ ਸਰਕਾਰ ਨੇ ਇਸ ਆਸਰਾ ਘਰ ਦੇ ਸਾਰੇ ਲੜਕੇ ਲੜਕੀਆਂ ਤੇ ਔਰਤਾਂ ਨੂੰ ਹਰਿਆਣੇ ਵਿਚ ਵੱਖ ਵੱਖ ਥਾਵਾਂ 'ਤੇ ਭੇਜ ਦਿੱਤਾ ਹੈ। ਸਭਨਾਂ ਦੀ ਮੈਡੀਕਲ ਜਾਂਚ ਸਰਕਾਰੀ ਹਸਪਤਾਲ ਜਾਂ ਰੋਹਤਕ ਦੇ ਮੈਡੀਕਲ ਕਾਲਜ ਤੋਂ ਕਰਵਾ ਕੇ ਰਿਪੋਰਟ 10 ਦਿਨਾਂ ਅੰਦਰ ਭੇਜਣ ਲਈ ਕਿਹਾ ਗਿਆ ਸੀ। ਇਹ ਵੀ ਨਿਰਦੇਸ਼ ਨਹੀਂ ਮੰਨਿਆ ਗਿਆ। 'ਅਪਨਾ ਘਰ' ਚੋਂ ਬਲਾਤਕਾਰ ਦਾ ਸ਼ਿਕਾਰ ਹੋਈਆਂ 6 ਬੇਸਹਾਰਾ ਲੜਕੀਆਂ, ਜਿਹੜੀਆਂ ਸ਼ੁਰੂ 'ਚ ਹੀ ਐਚ.ਆਈ.ਵੀ. ਪਾਜ਼ੇਟਿਵ ਐਲਾਨ ਦਿੱਤੀਆਂ ਗਈਆਂ ਸਨ; ਹੋਰ ਥਾਵਾਂ 'ਤੇ ਭੇਜ ਦਿੱਤੀਆਂ ਗਈਆਂ ਹਨ। ਕਮਿਸ਼ਨ ਵਲੋਂ ਜ਼ੋਰ ਦੇਣ 'ਤੇ ਵੀ ਅਫਸਰਸ਼ਾਹੀ ਮੁਕੰਮਲ ਰਿਪੋਰਟ ਨਹੀਂ ਭੇਜ ਰਹੀ ਤੇ ਰਾਜ ਸਰਕਾਰ ਕੁੱਝ ਵੀ ਨਾ ਕਰਨ 'ਚ ਹੀ ਭਲਾਈ ਸਮਝ ਰਹੀ ਹੈ। ਇਹ ਹਾਲਤ ਹੈ ਅਫਸਰਸ਼ਾਹੀ ਤੇ ਗੁੰਡਿਆਂ ਦੀ ਸੰਯੁਕਤ ਤਾਕਤ ਦੀ ਅਤੇ 'ਕੌਮੀ ਬਾਲ ਅਧਿਕਾਰ ਸੁਰੱਖਿਆ ਕਮਿਸ਼ਨ' ਦੀ ਬੇਵਸੀ ਦੀ।

**'ਇਹ ਤਾਂ ਅਜੇ ਕੁੱਝ ਵੀ ਨਹੀਂ'**

ਇਸ ਮੁੱਦੇ 'ਤੇ ਜਾਣਕਾਰ ਹਲਕਿਆਂ ਦਾ ਕਹਿਣਾ ਹੈ ਕਿ ਇਹਨਾਂ ਤਿੰਨ 'ਆਸਰਾ ਘਰਾਂ' 'ਤੇ ਮਾਰੇ ਛਾਪਿਆਂ ਤੋਂ ਬਾਹਰ ਆਏ ਇੰਕਸ਼ਾਫ ਤਾਂ ਅਜੇ ਕੁੱਝ ਵੀ ਨਹੀਂ ਹਨ। ਜੇਕਰ ਦੇਸ਼ ਪੱਧਰ 'ਤੇ ਵੱਖ ਵੱਖ ਥਾਵਾਂ 'ਤੇ ਚਲਾਏ ਜਾ ਰਹੇ ਅਜਿਹੇ 'ਆਸਰਾ ਘਰਾਂ' ਦੀ ਇਮਾਨਦਾਰੀ ਤੇ ਨਿਰਪੱਖ ਢੰਗਾਂ ਨਾਲ ਉਚ-ਪੱਧਰੀ ਟੀਮਾਂ ਤੋਂ ਪੜਤਾਲ ਕਰਵਾਈ ਜਾਵੇ ਤਾਂ ਬਹੁਗਿਣਤੀ ਥਾਵਾਂ ਤੋਂ ਅਜਿਹੇ ਸਕੈਂਡਲ ਜਾਂ ਇਸ ਤੋਂ ਵੀ ਵੱਧ ਗੰਭੀਰ ਤੱਥ ਸਾਹਮਣੇ ਆਉਣ ਦੀ ਸੰਭਾਵਨਾ ਹੈ। ਇਹ ਤਾਂ ਇਸ ਬਹੁਤ ਵਿਸ਼ਾਲ ਗਲੇਸ਼ੀਅਰ ਦੀ ਮਸਾਂ ਇਕ ਨਿੱਕੀ ਜਿਹੀ ਨੁੱਕਰ (Tip of the iceberg) ਹੀ ਹੈ। ਇਸ ਕਾਰੋਬਾਰ 'ਚ ਕੰਮ ਕਰਨ ਵਾਲਿਆਂ 'ਚੋਂ ਵਧੇਰੇ ਗਿਣਤੀ ਅਜਿਹੀਆਂ 'ਇਨਸਾਨੀ ਗਿਰਝਾਂ' ਦੀ ਹੈ ਜੋ ਬੇਸਹਾਰਾ ਤੇ ਬੇਬਸ ਬੋਟਾਂ ਨੂੰ ਵੱਖ ਵੱਖ ਥਾਵਾਂ ਤੋਂ ਚੁੱਕ ਲੈਂਦੀਆਂ ਹਨ ਤੇ ਫਿਰ ਆਪਣੇ ਆਲ੍ਹਣੇ (ਸਹਾਰਾ ਘਰ) ਵਿਚ ਲਿਜਾ ਕੇ ਉਹਨਾਂ ਦੀ ਸਾਂਭ ਸੰਭਾਲ ਕਰਨ ਦੀ ਥਾਂ ਉਹਨਾਂ ਨੂੰ ਪੂਰੀ ਤਰ੍ਹਾਂ ਨੋਚਿਆ ਜਾਂਦਾ ਹੈ। 'ਜਿਸ ਦੇਸ਼ ਮੇਂ ਗੰਗਾ ਬਹਿਤੀ ਹੈ', ਉਥੇ ਮਾਸੂਮਾਂ 'ਤੇ ਅਣਕਿਆਸਿਆ ਅੱਤਿਆਚਾਰ ਹੋ ਰਿਹਾ ਹੈ ਤੇ ਸਰਕਾਰ ਚੁੱਪ ਹੈ। ਸਰਕਾਰ ਸ਼ਾਇਦ ਇਸ ਕਰਕੇ ਚੁੱਪ ਹੈ ਕਿ ਉਹ ਮਹਾਤਮਾ ਗਾਂਧੀ ਦੀ ਸਿੱਖਿਆ ਦੇ ਇਹ ਅਰਥ ਕੱਢ ਰਹੀ ਹੈ ਕਿ ਹੋ ਰਹੀ ਬੁਰਾਈ/ਦੁਸ਼ਕਰਮ ਬਾਰੇ ਕੋਈ ਸ਼ਿਕਾਇਤ ਨਾ ਸੁਣੋ ਅਤੇ ਜੇ ਸੁਣ ਲਿਆ ਹੈ ਤਾਂ ਚੁੱਪ ਰਹੋ ਤੇ ਕੁੱਝ ਨਾ ਕਰੋ। ਹਰਿਆਣਾ ਸਰਕਾਰ, ਉਸ ਦਾ ਇਸਤਰੀ ਤੇ ਬਾਲ ਵਿਕਾਸ ਵਿਭਾਗ ਤੇ ਪੁਲਸ ਇਸ ਕੇਸ 'ਚੋਂ ਕਦਾਚਿਤ ਬਰੀ ਨਹੀਂ ਹੋ ਸਕਦੇ। ਇਹਨਾਂ ਦੀ ਢਿੱਲ-ਮੱਠ ਤੇ ਸੰਗਦਿਲ ਪਹੁੰਚ ਕਾਰਨ ਹੀ ਦੋਸ਼ੀਆਂ ਦੀ ਚੜ੍ਹ ਮਚੀ ਹੋਈ ਹੈ। ਇਸ ਕੇਸ ਨੂੰ ਪੰਜਾਬ ਤੇ ਹਰਿਆਣਾ ਹਾਈ ਕੋਰਟ ਵਲੋਂ ਜਾਂ ਸੁਪਰੀਮ ਕੋਰਟ ਵਲੋਂ Suo moto ਲੈਣਾ ਬਣਦਾ ਹੈ।

**ਬਦਲਵਾਂ ਮਾਡਲ**

ਸਰਕਾਰ ਦੀ ਇਹ ਸਿੱਧੀ ਜ਼ੁੰਮੇਵਾਰੀ ਬਣਦੀ ਹੈ ਕਿ ਉਹ ਅਜਿਹੇ ਬੇਬਸ, ਬੇ-ਸਹਾਰਾ ਤੇ ਨਿਓਟੇ ਬੱਚੇ-ਬੱਚੀਆਂ ਜਾਂ ਇਨਸਾਨਾਂ ਦਾ ਪਾਲਣ ਪੋਸ਼ਣ ਤੇ ਸਾਂਭ-ਸੰਭਾਲ ਦੀ ਜ਼ੁੰਮੇਵਾਰੀ ਸਿੱਧੀ ਆਪਣੇ ਹੱਥਾਂ ਵਿਚ ਲਵੇ, ਉਹਨਾਂ ਦੇ ਨਿਰੰਤਰ ਨਿਰੀਖਣ ਲਈ ਇਲਾਕੇ ਦੇ ਉਘੇ ਸਮਾਜ ਸੇਵੀ ਵਿਅਕਤੀਆਂ (ਮਰਦ ਤੇ ਔਰਤਾਂ) 'ਤੇ ਆਧਾਰਤ ਕਮੇਟੀਆਂ ਗਠਿਤ ਕਰੇ ਅਤੇ ਇਸ ਤਰ੍ਹਾਂ ਅਸਲੀ ਅਰਥਾਂ ਵਿਚ ਸਹਾਰਾ-ਘਰ ਚਲਾਏ। ਐਪਰ ਸਰਕਾਰ ਤਾਂ ਪਹਿਲਾਂ ਹੀ ਗਰੀਬ ਤੇ ਬੇਸਹਾਰਾ ਲੋਕਾਂ ਪ੍ਰਤੀ ਆਪਣੀ ਬਣਦੀ ਹਰ ਡਿਊਟੀ ਤੋਂ ਲਗਾਤਾਰ ਭੱਜਦੀ ਜਾ ਰਹੀ ਹੈ। ਇਸ ਲਈ ਸਮੂਹ ਸੰਵੇਦਨਸ਼ੀਲ ਵਿਅਕਤੀਆਂ ਤੇ ਮਾਨਵਵਾਦੀ ਸੰਸਥਾਵਾਂ ਨੂੰ ਇਸ ਕਾਰਜ ਪ੍ਰਤੀ ਕੋਈ ਠੋਸ ਭੂਮਿਕਾ ਨਿਭਾਉਣ ਲਈ ਲਾਜ਼ਮੀ ਪਹਿਲਕਦਮੀ ਕਰਨੀ ਪਵੇਗੀ।

ਅੱਜ ਵੀ ਕਿਤੇ ਕਿਤੇ ਕੁੱਝ ਮਾਨਵਵਾਦੀ ਸੰਸਥਾਵਾਂ ਤੇ ਲੋਕਾਂ ਵਲੋਂ ਅਜਿਹੇ 'ਸਹਾਰਾ ਘਰ' ਸਹੀ ਢੰਗ ਨਾਲ ਤੇ ਸਫਲਤਾ ਸਹਿਤ ਚਲਾਏ ਜਾ ਰਹੇ ਹਨ। ਅਜਿਹੀ ਇਕ ਮਿਸਾਲ ਪੰਜਾਬ ਦੇ ਜਲੰਧਰ ਸ਼ਹਿਰ ਵਿਖੇ ਮਈ 1993 ਤੋਂ ਚਲਾਏ ਜਾ ਰਹੇ Unique Home ਦੀ ਹੈ। ਲਗਭਗ ਸਵਾ ਤਿੰਨ ਏਕੜ ਜ਼ਮੀਨ ਲੈ ਕੇ ਇਸ ਵਿਚ ਖੂਬਸੂਰਤ ਬਿਲਡਿੰਗ ਉਸਾਰੀ ਗਈ ਹੈ। ਸਾਰੀ ਜ਼ਮੀਨ ਦੁਆਲੇ ਚਾਰ ਦੀਵਾਰੀ ਹੈ ਤੇ ਮਹੌਲ ਘਰ ਵਰਗਾ ਹੈ। ਇਮਾਨਦਾਰ ਤੇ ਮਿਹਨਤੀ ਟਰੱਸਟੀਆਂ ਦੀ 9 ਮੈਂਬਰੀ ਟੀਮ ਅਤੇ Unique Home 'ਚ ਲੜਕੀਆਂ ਦੇ ਪਾਲਣ ਪੋਸ਼ਣ ਤੇ ਸਾਂਭ ਸੰਭਾਲ ਵਿਚ ਜੁਟੇ ਹੋਏ ਮਾਨਵਵਾਦੀ ਸਟਾਫ ਦੇ ਯਤਨਾਂ ਨਾਲ ਇਹ ਆਪਣੇ ਨਾਂਅ ਅਨੁਸਾਰ ਸੱਚੀ-ਮੁੱਚੀ ਇਕ ਅਦੁੱਤੀ, ਅਨੂਠੇ ਤੇ ਲਾਜਵਾਬ ਸਹਾਰਾ ਘਰ ਵਜੋਂ ਫੰਕਸ਼ਨ ਕਰ ਰਿਹਾ ਹੈ। ਇੱਥੇ ਲੜਕੀਆਂ ਦੇ ਪਾਲਣ ਪੋਸ਼ਣ ਤੋਂ ਇਲਾਵਾ ਉਹਨਾਂ ਨੂੰ ਪੜ੍ਹਾਇਆ ਜਾਂਦਾ ਹੈ ਤੇ ਉਹਨਾਂ ਦੇ ਵਿਆਹ ਵੀ ਕੀਤੇ ਜਾਂਦੇ ਹਨ। ਇਸ ਨੂੰ ਕੋਈ ਵੀ ਸਰਕਾਰੀ ਸਹਾਇਤਾ ਕਦੇ ਨਹੀਂ ਦਿੱਤੀ ਗਈ ਤੇ ਇਹ ਨਿਰੋਲ ਦਾਨੀਆਂ ਦੀਆਂ ਰਕਮਾਂ ਨਾਲ ਚਲ ਰਿਹਾ ਹੈ। ਇਸ ਸਮੇਂ ਇਸ ਦਾ ਕੁਲ ਅਸਾਸਾ ਜ਼ਮੀਨ, ਤੇ ਬਿਲਡਿੰਗ ਸਮੇਤ, ਲਗਭਗ 8 ਕਰੋੜ ਰੁਪਏ ਅਨੁਮਾਨਿਆ ਗਿਆ ਹੈ। ਐਪਰ ਦੁੱਖ ਦੀ ਗੱਲ ਇਹ ਹੈ ਕਿ ਅਜੇਹੀ ਨਾਮਵਰ ਸੰਸਥਾ ਦੀ ਸਹਾਇਤਾ ਕਰਨ ਦੀ ਥਾਂ 12 ਜੂਨ ਨੂੰ ਜ਼ਿਲ੍ਹਾ ਪ੍ਰਸ਼ਾਸਨ ਵਲੋਂ ਇਸ 'ਯੂਨੀਕ ਹੋਮ' 'ਤੇ ਅਚਨਚੇਤ ਧਾਵਾ ਬੋਲਿਆ ਗਿਆ ਅਤੇ ਇਸ ਵੇਲੇ ਏਥੇ ਪਲ ਰਹੀਆਂ 62 ਲੜਕੀਆਂ ਨੂੰ ਕਈ ਬਹਾਨਿਆਂ ਹੇਠ ਕਿਸੇ ਹੋਰ ਥਾਂ ਸ਼ਿਫਟ ਕਰਨ ਦਾ ਯਤਨ ਕੀਤਾ ਗਿਆ। ਐਪਰ 'ਯੂਨੀਕ ਹੋਮ' ਦੀ ਕਾਰਗੁਜ਼ਾਰੀ ਤੇ ਸ਼ੁਹਰਤ ਤੋਂ ਪ੍ਰਭਾਵਤ ਹੋਏ ਸੈਂਕੜੇ ਜਲੰਧਰ ਵਾਸੀਆਂ ਨੇ ਜ਼ਿਲ੍ਹਾ ਪ੍ਰਸ਼ਾਸਨ ਦੇ ਇਸ ਯਤਨ ਨੂੰ ਨਕਾਮ ਕਰ ਦਿੱਤਾ। ਇਹ ਹੈ ਜਨਸ਼ਕਤੀ ਦਾ ਚਮਤਕਾਰ।

ਇਹਨਾਂ ਹਾਲਤਾਂ ਵਿਚ ਜ਼ਰੂਰਤ ਇਸ ਗੱਲ ਦੀ ਹੈ ਕਿ ਹਰਿਆਣੇ ਦੇ ਸਹਾਰਾ ਘਰਾਂ 'ਚ ਬੇਨਕਾਬ ਹੋਏ ਅੱਤਿਆਚਾਰਾਂ ਨੂੰ ਪ੍ਰੈਸ ਤੇ ਇਲੈਕਟਰਾਨਿਕ ਮੀਡੀਆ ਰਾਹੀਂ ਆਮ ਪਬਲਿਕ ਤੱਕ ਪਹੁੰਚਾਇਆ ਜਾਵੇ ਤੇ ਜਨਤਕ ਦਬਾਅ ਪਾ ਕੇ ਸਾਰੇ ਦੋਸ਼ੀਆਂ ਨੂੰ ਸਖ਼ਤ ਤੋਂ ਸਖ਼ਤ ਸਜ਼ਾਵਾਂ ਦੁਆਈਆਂ ਜਾਣ। ਇਸ ਵਿਚ ਜਾਗਰੂਕ ਵਿਅਕਤੀਆਂ, ਲੋਕ ਪੱਖੀ ਜਥੇਬੰਦੀਆਂ, ਸੰਸਥਾਵਾਂ ਅਤੇ ਰਾਜਨੀਤਕ ਪਾਰਟੀਆਂ ਦਾ ਮੁੱਖ ਰੋਲ ਬਣਦਾ ਹੈ। ਦੇਸ਼ ਅੰਦਰ ਹੋ ਰਹੇ ਅੱਤਿਆਚਾਰਾਂ, ਵੱਧ ਰਹੀਆਂ ਕੁਰੀਤੀਆਂ ਅਤੇ ਭਰਿਸ਼ਟ ਤੱਤਾਂ ਦੇ ਬੋਲਬਾਲੇ ਨੂੰ ਜਥੇਬੰਦ ਤੇ ਚੇਤਨ ਜਨਸਮੂਹਾਂ ਦੇ ਸੈਲਾਬ ਰਾਹੀਂ ਹੀ ਹੁੰਝਿਆ ਜਾ ਸਕਦਾ ਹੈ। ਜੇਕਰ ਲੋੜੀਂਦਾ ਜਨਤਕ ਦਬਾਅ ਤੇ ਪ੍ਰਤੀਰੋਧ ਨਾ ਉਸਾਰਿਆ ਗਿਆ ਤਾਂ ਇਹਨਾਂ ਸਹਾਰਾ ਘਰਾਂ ਦੇ ਦਰਿੰਦੇ ਦੋਸ਼ੀਆਂ ਦਾ ਵਾਲ ਵਿੰਗਾ ਨਹੀਂ ਹੋਣਾ ਅਤੇ ਉਹ ਕੁੱਝ ਸਮੇਂ ਬਾਅਦ ਫਿਰ ਆਪਣੇ ਕੁਕਰਮਾਂ ਵਿਚ ਰੁੱਝ ਕੇ ਕੋਈ ਹੋਰ ਕਾਂਡ ਵਰਤਾ ਦੇਣਗੇ।

ਕਹਾਣੀ

# ਭੂਆ

ਪੂੰਜੀਵਾਦੀ ਸਭਿਅਤਾ ਦਾ ਵਿਕਾਸ ਅਸਲ ਵਿਚ ਮਾਨਵੀ ਰਿਸ਼ਤਿਆਂ ਦੇ ਨਿਰੰਤਰ ਪਤਨ ਦੀ ਦਾਸਤਾਨ ਹੈ। ਇਸ ਸਭਿਅਤਾ ਨੇ ਮਨੁੱਖ ਹੱਦ ਦਰਜੇ ਦਾ ਵਿਅਕਤੀਵਾਦੀ ਬਣਾ ਦਿੱਤਾ ਹੈ। ਦੂਸਰਿਆਂ ਪ੍ਰਤੀ ਮਾਨਵੀ ਮੋਹ, ਹਮਦਰਦੀ ਅਤੇ ਲਗਾਵ ਦੀਆਂ ਭਾਵਨਾਵਾਂ ਜਾਂ ਤਾਂ ਉਕਾ ਖ਼ਤਮ ਹੋ ਗਈਆਂ ਹਨ ਜਾਂ ਫਿਰ ਵਿਖਾਵਾ ਮਾਤਰ ਰਹਿ ਗਈਆਂ ਹਨ। ਹਰ ਥਾਂ ਨਿੱਜੀ ਗਰਜ਼ਾਂ ਪ੍ਰਧਾਨ ਹਨ, ਇਹ ਤਾਂ ਅਸੀਂ ਆਮ ਹੀ ਸੁਣਦੇ ਹਾਂ ਕਿ ਖ਼ੂਨ ਸਫੈਦ ਹੋ ਗਿਆ ਹੈ। ਭਾਈਚਾਰਕ ਜੀਵਨ, ਜਿਸ ਵਿਚ ਬੰਦਾ ਬੰਦੇ ਦਾ ਦਾਰੂ ਸਮਝਿਆ ਜਾਂਦਾ ਸੀ, ਦਾ ਸੰਕਲਪ ਤਿੜਕ ਗਿਆ ਹੈ। ਅਜਿਹੀਆਂ ਪ੍ਰਸਥਿਤੀਆਂ ਵਿਚ ਨਾਨਕ ਸਿੰਘ ਦੀ ਪ੍ਰਸਿੱਧ ਕਹਾਣੀ 'ਭੂਆ' ਸਾਨੂੰ ਸਾਡੇ ਸਭਿਆਚਾਰਕ ਵਿਰਸੇ ਦੀ ਅਮੀਰੀ ਦਾ ਬੋਧ ਕਰਵਾਉਂਦੀ ਹੈ। ਭੂਆ ਮੋਹ ਦੀ ਸਾਕਾਰ ਮੂਰਤ ਪ੍ਰਤੀਤ ਹੁੰਦੀ ਹੈ, ਪਰ ਭੂਆ ਦੀਆਂ ਭਾਵਨਾਵਾਂ ਦੀ ਸ਼ਿੱਦਤ ਸਾਹਮਣੇ ਹੋਰ ਸਭ ਕੁਝ ਫਿੱਕਾ ਪੈ ਜਾਂਦਾ ਹੈ। ਨਾਨਕ ਸਿੰਘ ਦੀ ਵਧੇਰੇ ਪ੍ਰਸਿੱਧੀ ਨਾਵਲਕਾਰ ਵਜੋਂ ਸੀ, ਪਰ ਉਸ ਨੂੰ ਨਿੱਕੀ ਕਹਾਣੀ ਕਹਿਣ ਵਿਚ ਕਮਾਲ ਹਾਸਲ ਸੀ, ਇਹ ਕਹਾਣੀ ਪੜ੍ਹਕੇ ਸ਼ਾਇਦ ਪਾਠਕ ਨੂੰ ਵੀ ਅਜਿਹਾ ਹੀ ਮਹਿਸੂਸ ਹੋਵੇਗਾ।

-ਸੰਪਾਦਕ



ਨਾਨਕ ਸਿੰਘ

ਸਵਾਰੀ ਦਾ ਕੋਈ ਪ੍ਰਬੰਧ ਨਾ ਹੋ ਸਕਿਆ। ਦੁਪਹਿਰਾਂ ਦਾ ਤੁਰਿਆ ਮੈਂ ਸਾਰੇ ਰਾਹ ਘੱਟਾ ਫੱਕਦਾ ਕਿਤੇ ਪੈਲੀਆਂ ਵਿਚੋਂ ਕਿਤੇ ਸੜਕੇ ਸੜਕ, ਸੱਤੇ ਪਏ ਭੂਆ ਦੇ ਪਿੰਡ ਪੁੱਜਾ। ਜਾਨ ਵਿਚ ਜਾਨ ਆਈ।

ਜਾਂਦਿਆਂ ਹੀ ਬੜੀ ਗਰਮ ਜੋਸ਼ੀ ਨਾਲ ਮੈਂ ਭੂਆ ਨੂੰ ਪੈਰੀਂ ਪੈਣਾ ਕਿਹਾ। ਉਸ ਨੇ ''ਜੀਉ ਆਇਆਂ, ਸਦਕੇ ਆਇਆਂ'' ਆਖਦਿਆਂ ਹੋਇਆ ਮੇਰੀ ਪਿੱਠ ਪਲੋਸੀ, ਪਰ ਇਸ ਵਿਚੋਂ ਮੈਨੂੰ ਭੂਆ ਦੇ ਪਿਆਰ ਦਾ ਨਿੱਘ ਨਾ ਲੱਭਿਆ। ਅਸਲ ਗੱਲ ਇਹ ਸੀ ਕਿ ਭੂਆ ਨੇ ਮੈਨੂੰ ਪਛਾਤਾ ਹੀ ਨਹੀਂ ਸੀ। ਉਸ ਨੂੰ ਅੰਧਰਾਤੇ ਦੀ ਕਸਰ ਸੀ।

ਜਦ ਉਸ ਦੇ ''ਕਾਕਾ ਕਿਥੋਂ ਏਂ ਤੂੰ?'' ਦੇ ਉਤਰ ਵਿਚ ਮੈਂ ਆਪਣਾ ਨਾਂ ਦੱਸਿਆ ਤਾਂ ਸਾਰੀ ਦੀ ਸਾਰੀ ਭੂਆ ਦੁਆਲੇ ਲਿਪਟ ਗਈ। ਚੁੰਮ ਚੁੰਮ ਕੇ ਉਸ ਨੇ ਮੇਰਾ ਮੂੰਹ ਗਿੱਲਾ ਕਰ ਛੱਡਿਆ ਤੇ ਉਹ ਉਚੀ ਉਚੀ ਪੁਕਾਰ ਉਠੀ, ''ਨੀ ਚੰਨਣ ਕੌਰੇ, ਕੁੜੇ ਆਈਂ ਨੀਂ ਭੱਜ ਕੇ, ਨੀਂ ਮੇਰਾ... ਸਿੰਘ ਆਇਆ ਈ ਸੁੱਖ ਨਾਲ। ਵੇ ਮੁੰਡਿਓ, ਕੁੜੀਓ, ਤੁਹਾਡਾ ਚਾਚਾ ਆਇਆ ਜੇ।''

ਉਸ ਦੀ ਨੂੰਹ ਭੱਜੀ ਆਈ। ਭੂਆ ਦੇ ਪੋਤਰਿਆਂ ਨੇ ਆਉਂਦਿਆਂ ਹੀ ਮੇਰੇ ਦੁਆਲੇ ਘੇਰਾ ਘੱਤ ਲਿਆ। ਬਾਲਾਂ ਵਿਚੋਂ ਭਾਵੇਂ ਕਿਸੇ ਨੇ ਵੀ, ਇਸ ਤੋਂ ਪਹਿਲਾਂ ਮੇਰੀ ਸ਼ਕਲ ਨਹੀਂ ਸੀ ਵੇਖੀ, ਪਰ ਦਾਦੀ ਦੀ ਗਵਾਹੀ ''ਤੁਹਾਡਾ ਚਾਚਾ...'' ਹੀ ਉਨ੍ਹਾਂ ਲਈ ਕਾਫੀ ਸੀ।

ਭੂਆ ਦੀ ਨੂੰਹ ਮੈਥੋਂ ਛੋਟੇ ਥਾਂ ਸੀ। ਘੁੰਡ ਚੁੱਕਣ ਤੇ ਬੋਲਣ ਚਾਲਣ ਦੀ ਦਲੇਰੀ ਉਹ ਨਾ ਕਰ ਸਕੀ।

ਮੈਂ ਪੀਹੜੀ 'ਤੇ ਬੈਠਾ ਸਾਂ। ਭੂਆ ਭੁੰਜੇ ਬੈਠੀ ਦੁਹਾਂ ਹੱਥਾਂ ਨਾਲ ਮੇਰੀ ਪਿੱਠ, ਮੇਰਾ ਸਿਰ, ਮੇਰਾ ਮੂੰਹ ਮੱਥਾ ਪਿਆਰਦੀ ਹੋਈ, ਮੇਰੇ ਬਾਲਾਂ ਦੀ, ਮੇਰੇ ਘਰ ਵਾਲੀ ਦੀ ਸੁੱਖ ਸਾਂਦ ਪੁੱਛ ਰਹੀ ਸੀ ਤੇ ਮੇਰੇ ਵੱਲੋਂ ਸਿਰਫ਼ ਇਕੋ ਉਤਰ ਘੜੀ ਮੁੜੀ ਦੁਹਰਾਇਆ ਜਾ ਰਿਹਾ ਸੀ, ''ਹਾਂ ਜੀ-ਆਹੋ ਜੀ-ਜੀ'' ਤੇ ਮੈਂ ਉਸ ਵੇਲੇ ਸੱਚਮੁੱਚ ਆਪਣੇ ਆਪ ਨੂੰ ''ਦਾਹੜੀ ਵਾਲਾ ਕਾਕਾ'' ਅਨੁਭਵ ਕਰ ਰਿਹਾ ਸਾਂ।

''ਏ ਕੁੜੇ, ਉਠ ਕੇ ਰੋਟੀ ਟੁੱਕ ਦਾ ਆਹਰ ਕਰ। ਮੁੰਡਾ ਵੱਡੇ ਵੇਲੇ ਦਾ ਭੁੱਖਾ ਭਾਣਾ ਹੋਵੇਗਾ।'' ਕਹਿ ਕੇ ਭੂਆ ਨੇ ਨੂੰਹ ਨੂੰ ਰਸੋਈ ਵੱਲ ਨਸਾਇਆ। ਮੈਂ ਬਥੇਰਾ ਉਜਰਦਾਰੀ ਕੀਤੀ, ਪਰ ਉਥੇ ਸੁਣਾਈ ਕਾਹਨੂੰ ਹੋਣੀ ਸੀ ਤੇ ਭੁੱਖ ਮੈਨੂੰ ਉਕਾ ਨਹੀਂ ਸੀ, ਸਗੋਂ ਦੁਪਹਿਰ ਜਿਹੀ ਜੰਞ ਵਿਦੈਗੀ ਵੇਲੇ ਰੋਟੀ ਤੇ ਉਸ ਤੋਂ ਬਾਅਦ ਕੁਝ ਮਠਿਆਈ ਖਾਣੀ ਪਈ ਸੀ, ਉਸ ਨਾਲ ਤਬੀਅਤ ਦਿਕ ਹੋ ਹੋ ਗਈ ਸੀ ਤੇ ਮੈਂ ਦਿਲ ਨਾਲ ਫੈਸਲਾ ਕੀਤਾ ਸੀ ਕਿ ਰਾਤੀਂ ਕੁਝ ਨਹੀਂ ਖਾਵਾਂਗਾ।

''ਓ ਮੇਰਿਆ ਰੱਬਾ!'' ਮੇਰੇ ਅੰਦਰੋਂ ਡਰ ਭਰੀ ਆਵਾਜ਼ ਨਿਕਲੀ, ਜਦ ਕੁਝ ਚਿਰ ਬਾਅਦ ਮੈਂ ਆਪਣੇ ਅੱਗੇ ਇਕ ਨੱਕੋ ਨੱਕ ਪਰੋਸਿਆ ਹੋਇਆ ਥਾਲ ਵੇਖਿਆ। ਚੌਕੀ ਦੇ ਪੁੜ ਜਿੱਡੇ ਦੋ ਪਰਾਉਂਠੇ, ਜਿਨ੍ਹਾਂ ਵਿਚੋਂ ਘਿਉ ਚੋ ਚੋ ਕੇ ਥਾਲ ਦੇ ਉਸ ਹਿੱਸੇ ਵਿਚ ਰਲ ਰਿਹਾ ਸੀ ਜਿਥੇ ਮੋਟੀਆਂ ਸੇਵੀਆਂ ਦਾ ਇਕ ਤਕੜਾ ਅੰਬਾਰ ਉਸਾਰਿਆ ਹੋਇਆ ਸੀ ਤੇ ਜਿਸ ਉਤੇ ਬੁੱਕ ਸਾਰੀ ਸ਼ੱਕਰ ਦੀ ਤਹਿ ਵਿਛੀ ਹੋਈ ਸੀ।

ਮੈਂ ਸਹਿਮੀ ਨਜ਼ਰ ਨਾਲ ਕਦੇ ਥਾਲ ਵੱਲ ਵੇਖਾਂ ਤੇ ਕਦੇ ਆਪਣੇ ਢਿੱਡ ਵੱਲ। ''ਮੂਸਾ ਮੌਤੋਂ ਭੱਜਿਆ ਤੇ ਅੱਗੇ ਮੌਤ ਖੜ੍ਹੀ'' ਵਾਲੀ ਗੱਲ ਬਣੀ।

ਭਰਜਾਈ ਨੂੰ ਤੇ ਮੈਂ ਸੰਗਦੇ ਮਾਰੇ ਕੁਝ ਆਪ ਨਹੀਂ ਸਾਂ ਸਕਦਾ ਤੇ ਭੂਆ ਨੂੰ ਏਸ ਬਾਬਤ ਕੁਝ ਕਹਿਣਾ, ਨਾ ਕਹਿਣਾ ਇਕੋ ਜਿਹਾ ਸੀ।

ਭੂਆ ਅੱਗੇ ਮੈਂ ਬਥੇਰੇ ਵਾਸਤੇ ਪਾਵਾਂ, ''ਭੂਆ ਜੀ ਮੈਨੂੰ ਇਕ ਗਰਾਹੀ ਦੀ ਵੀ ਭੁੱਖ ਨਹੀਂ, ਮੈਂ ਅੱਗੇ ਹੀ ਜੰਞ ਦੀ ਰੋਟੀ ਖਾਣ ਨਾਲ ਔਖਾਂ ਹਾਂ... ਪਰ ਬਿਨਾਂ ਮੇਰੀ ਗੱਲ ਵਲ ਧਿਆਨ ਦਿੱਤਿਆਂ ਭੂਆ ਆਪਣੀਆਂ ਹੀ ਵਾਹੀ ਜਾਵੇ, ''ਭਲਾ ਕਾਕਾ ਇਹ ਹੈ ਕੀ ਏ, ਹੌਲੇ-ਹੌਲੇ ਤੇ ਫੁਲਕੇ ਨੇ। ਖਾ ਲੈ, ਖਾ ਲੈ, ਮਾਂ ਸਦਕੇ।''

''ਤੇ ਭੂਆ ਜੀ, ਇਹ ਏਨੀਆਂ ਸੇਵੀਆਂ ਕੌਣ ਖਾਏਗਾ?'' ਮੈਂ ਇਕ ਵਾਰੀ ਫਿਰ ਕਿਹਾ। ਉਹ ਬੋਲੀ, ''ਖਾ ਲੈ, ਖਾ ਲੈ, ਬੀਬਾ ਪੁੱਤ! ਸੇਵੀਆਂ ਦਾ ਕੀ ਏ ਇਹ ਤੇ ਐਵੇਂ ਮੂੰਹ ਮਿੱਠਾ ਕਰਨ ਲਈ ਨੇ। ਵੇਖੋਂ ਨਾ, ਪੁੱਤ, ਏਥੇ ਬਾਹਰ ਥਾਵੇਂ ਕੀ ਪਿਆ ਲੱਭਦਾ ਏ। ਸ਼ਹਿਰਾਂ ਨਗਰਾਂ ਦੀ ਕੀ ਗੱਲ ਕਰਨਾ ਏਂ, ਉਥੇ ਤੇ ਜੋ ਬੱਤੀਆਂ ਦੰਦਾਂ 'ਚੋਂ ਮੰਗੋ ਹਾਜ਼ਰ ਏ। ਸੱਚ ਕਿਸੇ ਆਖਿਆ ਏ ਅਖੇ 'ਸ਼ਹਿਰ ਵਸੰਦੇ ਦੇਖਤੇ ਤੇ ਬਾਹਰ ਵਸੰਦੇ ਪਰੇਤ' ਏਥੇ ਤੇ ਵੀਰਾ ਇਹੋ ਹੌਲ ਸਾਗ ਈ ਜੁੜਦਾ ਏ। ਤੇਰਾ ਫੁੱਫੜ ਜੀਉਂਦਾ ਸੀ, ਅਸੀਂ ਇਕ ਵਾਰੀ ਅੰਬਰਸਰ ਗਏ। ਸਦਕੇ ਜਾਈਏ ਗੁਰੂ ਦੀ ਨਗਰੀ ਤੋਂ। ਸਬਬ ਨਾਲ ਮਹਾਰਾਜ ਦੇ ਦਰਸ਼ਨ ਹੋ ਗਏ। ਘਰਾਂ ਦੇ ਪੁਆੜਿਆਂ 'ਚੋਂ ਕਿਥੇ ਕਿਸੇ ਦਾ ਨਿਕਲਣ ਹੁੰਦਾ ਏ। ਉਹ ਵੀ ਮੇਰੀ ਜਠਾਣੀ ਦੇ ਫੁੱਲ ਗੰਗਾ ਜੀ ਲਿਜਾਣੇ ਸਾ ਸੂ, ਤੇ ਮੈਨੂੰ ਆਖਣ ਲੱਗਾ, ''ਸ਼ੈਂਕਰ ਦੀ ਮਾਂ, ਕੇਹੜਾ ਰੋਜ ਰੋਜ ਜਾਇਆ ਜਾਂਦਾ ਏ, ਖਸਮਾਂ ਨੂੰ ਖਾਣੀਆਂ ਲੋੜਾਂ ਤੇ ਪੂਰੀਆਂ ਹੁੰਦੀਆਂ ਨਹੀਂ, ਉਹ ਜਾਣੇ ਚਲ ਤੂੰ ਵੀ ਲਗੀ ਚਲ'' ਤੇ ਮੈਂ ਵੀ ਏਸੇ ਸਬੱਬ ਚਲੀ ਗਈ। ਦਿਲ ਤੇ ਬਥੇਰਾ ਕਰਦਾ ਏ ਪਈ ਇਕ ਵਾਰੀ ਫੇਰ ਗੰਗਾ ਮਾਈ ਦੇ ਸ਼ਨਾਨ ਕਰ ਆਵਾਂ। ਸ਼ੈਂਕਰ ਨੂੰ ਵੀ ਕਿੰਨੀ ਵੇਰਾਂ ਵਾਸਤੇ ਪਾ ਚੁੱਕੀ ਆਂ, ਪਈ ਮੁੰਡਿਆ, ਜਿਥੇ ਹੋਰ ਸੈਂਕੜੇ ਖਰਚਨਾ ਖਾਨਾ ਏਂ, ਉਥੇ ਇਹ ਵੀ ਜੱਸ ਖੱਟ ਛੱਡ, ਪਰ ਉਹ ਤੇ ਸੁਣਦੀ ਈ ਨਹੀਂ ਮੇਰੀ ਗੱਲ...''

ਭੂਆ ਬਿਨਾਂ ਰੁਕਿਆਂ ਆਪਣੀ ਵਿਆਖਿਆ ਕਰੀ ਜਾ ਰਹੀ ਸੀ ਤੇ ਏਧਰ ਮੈਂ ਸੋਚ ਰਿਹਾ ਸਾਂ, ''ਅੱਗੇ ਜਿਠਾਣੀ ਦੇ ਫੁੱਲ ਲੈ ਕੇ ਗਈ ਸੈਂ, ਹੁਣ ਭਾਵੇਂ ਭਤੀਜੇ ਦੇ ਫੁੱਲਾਂ ਦੀ ਵਾਰੀ ਹੈ।''

ਅਖੀਰ ਇਹ ਸੋਚ ਕੇ ਕਿ ਹੱਛਾ, ਉਖਲੀ ਵਿਚ ਸਿਰ ਦਿੱਤਾ ਤਾਂ ਹੁਣ ਚਾਰ ਸੱਟਾਂ ਵੱਧ ਕੀ ਤੇ ਘੱਟ ਕੀ, ਖਾਣਾ ਸ਼ੁਰੂ ਕੀਤਾ।

ਅਜੇ ਦੋ ਚਾਰ ਬੁਰਕੀਆਂ ਹੀ ਲਈਆਂ ਸਨ ਕਿ ਭਰਜਾਈ ਨੇ ਪੰਘਰੇ ਹੋਏ ਘਿਉ ਦਾ ਭਰਿਆ ਹੋਇਆ ਕੌਲ ਲਿਆ ਕੇ ਪਾ ਦਿੱਤਾ। ਉਹ ਸੇਵੀਆਂ ਵਿਚੋਂ ਫਿਰਦਾ ਸਾਰੇ ਥਾਲ ਵਿਚ ਫੈਲ ਗਿਆ ਤੇ ਇਹ ਸੇਵੀਆਂ ਦਾ ਢੇਰ, ਸਮੁੰਦਰ ਵਿਚ ਖੜੇ ਇਕ ਜਜ਼ੀਰੇ ਵਾਂਗ ਬਣ ਗਿਆ। ਮੈਂ 'ਨਾ ਨਾ ਨਾ' ਕਰਦਾ ਰਿਹਾ, ਪਰ ਮੇਰੀ ਸੁਣਦਾ ਕੌਣ ਸੀ।

'ਇਸ ਆਪ ਸਹੇੜੀ ਮੌਤ ਤੋਂ ਕੀਕਣ ਛੁਟਕਾਰਾ ਮਿਲੇ।' ਬਥੇਰਾ ਸੋਚਿਆ, ਪਰ ਕੋਈ ਰਾਹ ਨਾ ਲੱਭਾ। ਪਰੌਂਠੇ ਤਾਂ ਖੈਰ ਦੋ ਨਹੀਂ ਤਾਂ ਡੇਢ ਕੁ ਮੈਂ ਕਿਸੇ ਤਰ੍ਹਾਂ ਘੁੱਨ-ਘੁੱਨ ਕੇ ਲੰਘਾ ਲਏ, ਪਰ ਸੇਵੀਆਂ ਦਾ ਕੀ ਬਣੇ? ਸਲਾਹ ਹੋਈ ਕਿ ਭੂਆ ਨੂੰ ਤਾਂ ਦਿਸਦਾ ਨਹੀਂ, ਹੋਵੇ ਨਾ ਤਾਂ ਇਕ ਦੋ ਰੁੱਗ ਭਰ ਕੇ ਕਿਸੇ ਬੰਨੇ ਸੁੱਟ ਹੀ ਛੱਡਾਂ, ਕੁਝ ਤਾਂ ਭਾਰ ਹੌਲਾ ਹੋਵੇ, ਪਰ ਉਸ ਅੱਖਾਂ ਵਾਲੀ ਕੰਬਖ਼ਤ ਭਰਜਾਈ ਦਾ ਕੀ ਕਰਦਾ, ਜਿਹੜੀ ਘਿਉ ਦਾ ਕੌਲ ਖਾਲੀ ਕਰਨ ਤੋਂ ਬਾਅਦ ਟੋਕਰੇ ਵਰਗਾ ਮੂੰਹ ਲੁਕਾਈ ਮੇਰੇ ਸਾਹਮਣੇ ਪਥੱਲਾ ਮਾਰੀ ਬੈਠੀ ਸੀ।

ਚਿੜੀ ਚੋਗੇ ਵਾਂਗ ਮੈਂ ਇਕ ਸੇਵੀਂ ਮੂੰਹ ਵਿਚ ਪਾ ਕੇ, ਚਿੱਥ ਚਿੱਥ ਲੰਘਾਉਣ ਦੀ ਕੋਸ਼ਿਸ਼ ਕਰ ਰਿਹਾ ਸਾਂ ਕਿ ਭਰਜਾਈ ਦੇ ਦਿਲ ਉਤੇ ਖਬਰੇ ਤਰਸ ਆ ਗਿਆ, ਉਹ ਉਠ ਕੇ ਅੰਦਰ ਚਲੀ ਗਈ। ਮੈਂ ਕਾਹਲੀ ਨਾਲ ਸੱਜੇ ਖੱਬੇ ਤੱਕਿਆ ਕਿ ਕਿਹੜੇ ਪਾਸੇ ਰੁੱਗ ਭਰ ਕੇ ਸੁੱਟਾਂ। ਪਿਛਲੀ ਕੰਧ ਦੀ ਨੁੱਕਰੇ ਇਕ ਤੰਦੂਰ ਲੱਗਾ ਹੋਇਆ ਸੀ। ਮੈਂ ਸੋਚਿਆ ਇਹ ਠੀਕ ਹੈ। ਰਾਤ ਨੂੰ ਕਿਤੇ ਮੌਕਾ ਮਿਲਿਆ ਤਾਂ ਸੁਆਹ ਨੂੰ ਹੇਠਾਂ ਉਤਾਂਹ ਕਰ ਛੱਡਾਂਗਾ, ਬੱਸ।

ਤੇ ਮੈਂ ਦਿਲ ਪੀਡਾ ਕਰਕੇ ਜਿੰਨੀਆਂ ਕੁ ਮੇਰੀ ਲੱਪ ਵਿਚ ਆ ਸਕਦੀਆਂ ਸਨ, ਰੁਗ ਭਰ ਲਿਆ। ਹੱਥ ਪਿਛਾਂਹ ਲੈ ਜਾਣ ਲਈ ਥਾਲੀ ਤੋਂ ਚੁੱਕਿਆ ਹੀ ਸੀ ਕਿ ਫਿਰ ਉਹੀ ਭਾਬੀ ਸਿਰ 'ਤੇ ਆ ਧਮਕੀ ਤੇ ਬਿਨਾਂ ਪੁੱਛਿਆਂ ਇਕ ਹੋਰ ਪਰੌਂਠਾ ਥਾਲੀ ਵਿਚ ਦੇ ਮਾਰਿਆ।

ਸੇਵੀਆਂ ਮੁੜ ਥਾਲੀ ਦੇ ਹੀ ਹਵਾਲੇ ਕਰਕੇ ਮੈਂ ਹੱਥ ਪੈਰ ਛੱਡ ਬੈਠਾ, ''ਹੁਣ ਖੈਰ ਨਹੀਂ।''

ਅੱਧ ਪਚੱਧਾ ਮੁਕਾ ਕੇ ਕਿਸੇ ਤਰ੍ਹਾਂ ਇਸ ਕਾਲ ਰੂਪੀ ਥਾਲੀ ਤੋਂ ਮੇਰੀ ਖਲਾਸੀ ਹੋਈ, ਪਰ ਹੁਣ ਇਥੋਂ ਉਠ ਕੇ ਮੰਜੇ ਤੀਕ ਜਾਣ ਦੀ ਹਿੰਮਤ ਬਾਕੀ ਨਹੀਂ ਸੀ। ਪੇਟ ਪਾਟਣ ਵਾਲਾ ਹੋ ਰਿਹਾ ਸੀ। ਸਾਹ ਨਾਲ ਸਾਹ ਨਹੀਂ ਸੀ ਰਲਦਾ।

ਅਖੀਰ ਕਿਸੇ ਨਾ ਕਿਸੇ ਤਰ੍ਹਾਂ ਇਹ ਮੁਹਿੰਮ ਵੀ ਪੂਰੀ ਹੋਈ ਤੇ ਮੈਂ ਵਿਹੜੇ ਵਿਚ ਵਿਛੇ ਹੋਏ ਬਿਸਤਰੇ 'ਤੇ ਜਾ ਢੱਠਾ। ਘੜੀ ਮੁੜੀ ਆਪਣੇ ਆਪ ਨੂੰ ਫਿਟਕਾਰਦਾ ਸਾਂ ਕਿ ਮੈਂ ਜੇ ਮਰਨਾ ਹੀ ਸੀ ਤਾਂ ਘਰ ਜਾ ਕੇ ਕਿਉਂ ਨਾ ਮਰਨ ਦਾ ਇੰਤਜ਼ਾਮ ਕੀਤਾ।

ਜਾਨ ਅਕਲਕਾਂਦ ਆ ਗਈ। ਸੱਜਿਉਂ ਖੱਬੇ ਤੇ ਖਬਿਉਂ ਸੱਜੇ ਕਰਵਟਾਂ ਬਦਲਦਾ ਸਾਂ, ਪਰ ਕਿਸੇ ਪਾਸੇ ਵੀ ਚੈਨ ਨਹੀਂ ਸੀ ਆਉਂਦਾ। ਅਫਰੇਵਾਂ ਵਧਦਾ ਜਾ ਰਿਹਾ ਸੀ ਤੇ ਉਤੋਂ ਆਖਰਾਂ ਦਾ ਵੱਟ। ਮੁੜ੍ਹਕਾ ਵਗ ਵਗ ਕੇ ਵਿਛਾਈ ਭਿਉਂ ਰਿਹਾ ਸੀ। ਪੱਖੀ ਮੇਰੇ ਕੋਲ ਪਈ ਸੀ, ਪਰ ਫੜ ਕੇ ਝੱਲਣ ਦੀ ਹਿੰਮਤ ਨਹੀਂ ਸੀ।

ਅੱਧਾ ਪੌਣਾ ਘੰਟਾ ਮੱਛੀ ਵਾਂਗ ਤੜਫਦਿਆਂ ਕੱਟਿਆ, ਹੋਰ ਬਰਦਾਸ਼ਤ ਨਾ ਰਹੀ। ਉਠ ਕੇ ਬੈਠ ਗਿਆ ਤੇ ਸੋਚਣ ਲੱਗਾ, ਜੇ ਕੋਈ ਮੁੰਡਾ ਕੁੜੀ ਜਾਗਦਾ ਹੋਵੇ ਤਾਂ ਉਸ ਨੂੰ ਆਖ ਕੇ ਥੋੜੀ ਜਿਹੀ ਜਵੈਣ ਹੀ ਮੰਗ ਵੇਖਾਂ। ਤਾਹੀਂ ਖਬਰ ਕਿ ਸਾਹਮਣੇ ਭਰਜਾਈ ਦੇ ਦਰਸ਼ਨ ਹੋਏ। ਮੇਰੀ ਮੌਤ ਵਿਚ ਜਿਹੜੀ ਰਤੀ ਮਾਸਾ ਕਸਰ ਬਾਕੀ ਸੀ, ਸ਼ਾਇਦ ਇਹ ਉਸ ਨੂੰ ਪੂਰਾ ਕਰਨ ਆਈ ਸੀ।

ਉਸ ਦੇ ਹੱਥ ਵਿਚ ਕੰਢਿਆਂ ਤੀਕ ਭਰਿਆ ਦੁੱਧ ਦਾ ਛੰਨਾ ਸੀ।

ਇਕ ਵੇਰੀ ਇਨਕਾਰ, ਦੂਜੀ ਵੇਰੀ, ਤੀਜੀ ਵੇਰੀ, ਪਰ ਭਰਜਾਈ ਨੇ ਬੋਲਣਾ ਥੋੜ੍ਹਾ ਸੀ, ਹੱਥ ਵਿਚ ਕਟੋਰਾ ਲਈ ਉਹ ਜਿਉਂ ਦੀ ਤਿਉਂ ਖੜ੍ਹੀ ਰਹੀ। ਬੜੀ ਮੁਸੀਬਤ ਬਣੀ। ਜਦ ਕੋਈ ਪੇਸ਼ ਨਾ ਗਈ ਤਾਂ ਮੈਨੂੰ ਇਕ ਵਿਉਂਤ ਸੁਝੀ। ਮੈਂ ਕਟੋਰਾ ਲੈ ਕੇ ਪੈਂਦ ਵੱਲੋਂ ਖੋਸ ਚੁੱਕ ਕੇ ਉਥੇ ਟਿਕਾਂਦਿਆਂ ਹੋਇਆਂ ਕਿਹਾ, ''ਮੈਨੂੰ ਠੰਢਾ ਪੀਣ ਦੀ ਆਦਤ ਹੈ।''

ਉਹ ਸ਼ਾਇਦ ਆਪਣੇ ਜੇਠ ਨੂੰ ਏਨੀ ਖੇਚਲ ਨਹੀਂ ਸੀ ਦੇਣੀ ਚਾਹੁੰਦੀ। ਖਬਰੇ ਇਹ ਖਿਆਲ ਕਰਕੇ ਕਿ ਜੇਠ ਜੀ ਦੁੱਧ ਪੀਣ ਲਈ ਬਹੁਤ ਉਤਾਵਲੇ ਹੋਣਗੇ, ਉਹ ਭੱਜ ਕੇ ਗੜਵੀ ਚੁੱਕ ਲਿਆਈ ਤੇ ਕਟੋਰੇ ਵਾਲਾ ਦੁੱਧ ਫੈਂਟ ਫੈਂਟ ਕੇ ਠੰਢਾ ਕਰਨ ਲੱਗੀ।

ਫੇਰ ਛੰਨਾ ਮੇਰੇ ਹੱਥ ਵਿਚ ਸੀ। ਖਿਆਲ ਸੀ ਸ਼ਾਇਦ ਇਹ ਫੜਾ ਕੇ ਉਹ ਤੁਰਦੀ ਬਣੇਗੀ, ਪਰ ਸੱਸ ਨੇ ਉਹਨੂੰ ਚਿਤਾਵਨੀ ਕਰਕੇ ਭੇਜਿਆ ਸੀ ਕਿ ਖਾਲੀ ਛੰਨਾ ਲੈ ਕੇ ਮੁੜੀਂ।

ਇਸ ਵੇਲੇ ਜੇ ਕਦੇ ਉਸ ਛੰਨੇ ਦੀ ਥਾਂ ਮੈਨੂੰ ਕੋਈ ਸੰਖੀਏ ਦੀ ਗੋਲੀ ਦੇ ਦੇਂਦਾ ਤਾਂ ਨਿਸਚੇ ਹੀ ਮੈਂ ਉਸ ਨੂੰ ਇਸ ਉਤੇ ਤਰਜੀਹ ਦੇਂਦਾ।

ਇਕ ਘੁੱਟ, ਦੋ ਘੁੱਟ, ਚਾਰ ਘੁੱਟ, ਪਰ ਕੀ ਏਸ ਤਰ੍ਹਾਂ ਇਹ ਛੱਪੜ ਜਿੱਡਾ ਛੰਨਾ ਮੁੱਕਣ ਵਾਲਾ ਸੀ?

ਖਸਮਾਂ ਨੂੰ ਖਾ ਗਿਆ ਇਹੋ ਜਿਹਾ ਸੰਕੋਚ, ਮੇਰੀ ਨਹੀਂ ਸਲਾਹ ਹਾਲੇ ਮਰਨ ਦੀ। ਦਿਲ ਵਿਚ ਇਹ ਸੋਚ ਕੇ ਮੈਂ 'ਬਸ' ਕਹਿੰਦਿਆਂ ਹੋਇਆ ਛੰਨਾ ਉਸ ਵੱਲ ਵਧਾਇਆ, ਪਰ ਉਹ ਛੰਨਾ ਫੜਨ ਦੀ ਥਾਂ ਸਗੋਂ ਇਕ ਕਦਮ ਪਿਛਾਂਹ ਹਟ ਗਈ, ਮਾਨੋਂ ਇਸ ਦੀ ਛੂਤ ਨਾਲ ਭਿੱਟ ਜਾਏਗੀ। ਢੀਠਪੁਣੇ ਦੇ ਤਾਣ ਮੈਂ ਹੱਥ ਪਿਛਾਂਹ ਖਿੱਚਿਆ। ਗੁੱਸੇ ਤੇ ਤਕਲੀਫ ਨਾਲ ਮੈਂ ਪਾਗਲ ਹੋ ਰਿਹਾ ਸਾਂ। ''ਹੱਛਾ ਜ਼ਰਾ ਠਹਿਰ ਕੇ ਪੀਵਾਂਗਾ।'' ਕਹਿ ਕੇ ਮੈਂ ਛੰਨੇ ਨੂੰ ਜਾਣ ਬੁੱਝ ਕੇ ਮੰਜੇ ਦੀ ਪੈਂਦ ਵੱਲ ਦੀ ਹੀਂਹ 'ਤੇ ਰੱਖ ਦਿੱਤਾ। ਹੀਂਹ ਇਤਨੀ ਚੌੜੀ ਨਹੀਂ ਸੀ ਕਿ ਪਰਾਤ ਜਿੱਡੇ ਛੰਨੇ ਨੂੰ ਝੱਲ ਸਕਦੀ। ਟੰਨ ਕਰਦਾ ਛੰਨਾ ਭੁੰਜੇ ਜਾ ਪਿਆ। ਦੁੱਧ ਡੁੱਲ੍ਹ ਗਿਆ।

''ਉਹੋ'' ਕਹਿ ਕੇ ਮੈਂ ਛੰਨਾ ਭੁੰਜਿਉਂ ਚੁੱਕਿਆ ਤੇ ਭਰਜਾਈ ਨੇ ਝਟ ਮੇਰੇ ਹੱਥੋਂ ਫੜ ਲਿਆ।

''ਕੀ ਹੋਇਆ ਕੁੜੇ?'' ਕਹਿੰਦੀ ਹੋਈ ਭੂਆ ਆਪਣੇ ਡੰਗੋਰੀ ਖੜਕਾਂਦੀ ਮੇਰੇ ਪਾਸ ਪੁੱਜੀ।

''ਕੁਝ ਨਹੀਂ, ਦੁੱਧ ਡੁੱਲ੍ਹ ਗਿਆ ਏ,'' ਨੂੰਹ ਨੇ ਸ਼ਰਮਿੰਦਗੀ ਭਰੀ ਆਵਾਜ਼ ਵਿਚ ਕਿਹਾ।

''ਤੇ ਫੇਰ ਕੀ ਹੋਇਆ, ਦੁੱਧ ਦਾ ਕਾਲ ਏ? ਜਾਹ ਹੋਰ ਲੈ ਆ,'' ਕਹਿੰਦੀ ਹੋਈ ਭੂਆ ਮੇਰੇ ਕੋਲ ਆ ਬੈਠੀ ਤੇ ਬੋਲੀ, ''ਮੈਂ ਆਖਿਆ ਦੋ ਘੜੀਆਂ ਬਹਿ ਕੇ ਦੁੱਖ-ਸੁੱਖ ਦੀਆਂ ਗੱਲਾਂ ਕਰਾਂਗੀ, ਫੇਰ ਸੋਚਿਆ, ਥੱਕਿਆ ਹੋਵੇਗਾ, ਕਾਹਨੂੰ ਔਖਿਆਂ ਕਰਾਂ ਸੂ, ਰਮਾਣ ਕਰ ਲਵੇ ਦੋ ਘੜੀਆਂ।''

ਏਸ ਵੇਲੇ ਨੂੰਹ ਨੇ ਆ ਕੇ ਸੱਸ ਦੇ ਕੰਨ ਵਿਚ ਕੁਝ ਕਿਹਾ ਤੇ ਭੂਆ ਨੇ ਗੁੱਸੇ ਨਾਲ ਉਤਰ ਦਿੱਤਾ, ''ਕੀ ਆਖਿਆ ਈ ਜਾਗ ਲਾ ਛੱਡੀ ਏ? ਸਾਰੇ ਨੂੰ ਈ? ਹਾਏ ਰੱਬਾ, ਕੇਹੀ ਸੜ ਗਈ ਆਂ ਏਸ ਟੱਬਰ ਹੱਥੋਂ। ਸਾਰੇ ਦੁੱਧ ਨੂੰ ਕਾਹਨੂੰ ਜਾਗ ਫੂਕਣਾ ਸੀ? ਮੁੰਡਾ ਵਿਚਾਰਾ ਝਾਟਾ ਮੇਰਾ ਪੀਵੇਗਾ? ਸਵੇਰ ਦਾ ਭੁੱਖਾ ਭਾਣਾ, ਸੰਧਿਆ ਵੇਲੇ ਦੇ ਦੋ ਫੁਲਕੇ ਖਾਧੇ ਸੂ, ਉਤੋਂ ਸੌਤਾ ਪਿਆ ਏ, ਏਹਨੇ ਵਿਚਾਰੇ ਨੇ ਕੋਈ ਰੋਜ਼ ਰੋਜ਼ ਆਉਣਾ ਸੀ ਸਾਡੇ ਘਰ? ਜਾਹ ਜਾ ਕੇ ਰਾਮੇਂ ਕਿਆਂ ਦੇ ਘਰੋਂ ਦੁੱਧ ਦਾ ਛੰਨਾ ਲੈ ਆ।''

''ਨਾ ਭੂਆ ਜੀ, ਤੁਹਾਨੂੰ ਮੇਰੇ ਸਿਰ ਦੀ ਸਹੁੰ, ਜੇ ਦੁੱਧ ਨੂੰ ਭੇਜੋ।'' ਮੈਂ ਤਰਲੇ ਨਾਲ ਕਿਹਾ।

''ਲੈ ਹੋਰ ਸੁਣ'' ਭੂਆ ਪਿਆਰ ਨਾਲ ਘੁਰਕੀ ਨਾਲ ਬੋਲੀ, ''ਏਹ ਵੀ ਕੋਈ ਰਾਹ ਪਿਆ ਏ? ਸਵੇਰ ਦਾ ਭੁੱਖਣ ਭਾਣਾ। ਮਾਂ ਸਦਕੇ, ਸ਼ਰਮ ਕਿਹੜੀ ਗੱਲ ਦੀ ਕਰਨੀ ਹੋਈ, ਇਹ ਕੋਈ ਬਗਾਨਾ ਘਰ ਏ? ਜੀਓ ਜਾਗੋ ਮੈਂ ਤੇ ਸਹਿਕ ਸਹਿਕ ਕੇ ਲਿਆ ਸੀ ਤੈਨੂੰ। ਤਿਨਾਂ ਘਰਾਂ ਵਿਚੋਂ ਤੁਹੀਓਂ ਤੇ ਵੱਡਿਆਂ ਦੀ ਨਿਸ਼ਾਨੀ ਏਂ। ਪੁੱਤਰ, ਕੇਹੜੇ ਕੇਹੜੇ ਜੱਫਰ ਨੇ ਜੇਹੜੇ ਤੈਨੂੰ ਲੈਣ ਲਈ ਅਸਾਂ ਨਹੀਂ ਜਾਲੇ। ਤਿੰਨ ਭਰਾ ਸਨ ਸੁੱਖ ਨਾਲ ਤੇਰੇ ਭਾਈਏ ਹੋਣੀ। ਪਹਿਲਾਂ ਮੰਨਤਾਂ ਮੰਨ ਮੰਨ ਕੇ ਵੱਡਾ ਵਿਆਹਿਆ, ਵਿਚਾਰਾ ਖਾਰਿਉਂ ਵੀ ਨਹੀਂ ਸੀ ਲੱਥਾ, ਰੰਡਾ ਹੋ ਬੈਠਾ। ਮੁੜ ਮਰਦਾ ਮਰ ਗਿਆ, ਪਰ ਬੂਹਾ ਨਹੀਂ ਖੁੱਲ੍ਹਿਆ। ਉਦੂੰ ਨਿੱਕਾ ਸੀ ਦੌਲਤ ਸਿਹੁੰ ਤੇਰਾ ਤਾਇਆ। ਸੁਰਗਾਂ 'ਚ ਵਾਸਾ ਹੋਵੇ ਸੂ, ਧਰਤੀ ਤੇ ਲੱਤ ਦਿਤਿਆਂ ਪਾਣੀ ਆਉਂਦਾ ਸੀ। ਕੜੀ ਵਰਗਾ ਜੁਆਨ ਤੇ ਡਾਢਾ ਸੁਨੱਖਾ। ਭੈੜੀ ਮੌਤ ਨੇ ਟਹਿਕਦਾ ਫੁੱਲ ਟਾਹਣੀਓਂ ਤੋੜ ਲਿਆ।'' ਤੇ ਭੂਆ ਦੇ ਅੱਥਰੂ ਵਗ ਵਗ ਕੇ ਉਸ ਦੀਆਂ ਗੱਲ੍ਹਾਂ ਦੇ ਟੋਇਆਂ ਵਿਚ ਭਰਨ ਲੱਗੇ।

ਭਰਜਾਈ ਜਾ ਚੁੱਕੀ ਸੀ ਤੇ ਭੂਆ ਦੀ ਜੀਵਨ ਕਥਾ ਬਰਾਬਰ ਸ਼ੁਰੂ ਸੀ। ਉਸ ਦੀ ਇਹ ਕਥਾ ਬੜੀ ਦਿਲਚਸਪ ਤੇ ਕਰੁਣਾ ਭਰਪੂਰ ਸੀ, ਪਰ ਮੇਰਾ ਬਹੁਤਾ ਖਿਆਲ ਆਪਣੀ ਮੌਤ ਦੇ ਸੁਨੇਹੇ ਉਸ ਛੰਨੇ ਵੱਲ ਸੀ।

ਭੂਆ ਬੋਲਦੀ ਗਈ... ''ਵਿਆਹੇ ਨੂੰ ਵਰ੍ਹਾ ਵੀ ਨਹੀਂ ਸੀ ਬੀਤਿਆ। ਬੂਹੇ ਨਾਲ ਬੰਨ੍ਹੇ ਹੋਏ ਸ਼ਰੀਂਹ ਵੀ ਨਹੀਂ ਸੀ ਸੁੱਕੇ, ਜੁ ਮੌਤ ਭੈੜੀ ਨੇ ਨਿਗਲ ਲਿਆ। ਚੱਪੇ ਜਿੰਨੀ ਵਹੁਟੀ ਬੂਹੇ 'ਤੇ ਬਹਿ ਗਈ। ਸਭਨਾਂ ਤੋਂ ਛੋਟਾ ਸੀ ਤੇਰਾ ਪਿਉ। ਜਿਉਂ ਵਿਆਹਿਆ, ਅੱਠ ਵਰ੍ਹੇ ਬੀਤ ਗਏ ਵੇਲ ਚੂੰਆਂ ਨਾ ਪਿਆ। ਵੇ ਪੁੱਤ, ਕੋਈ ਥਾਂ ਨਾ ਛੱਡਿਆ, ਕੋਈ ਪੀਰ ਪਖੀਰ ਨਾ ਛੱਡਿਆ। ਹਨੂੰਮਾਨ ਦੇ ਜਾਗੇ ਕੀਤੇ, ਭੈਰੋਂ ਦੀਆਂ ਕੰਜਕਾਂ ਜਿਵਾਈਆਂ, ਪੀਰਾਂ ਦੀ ਸੀਰਨੀ ਚੜ੍ਹਾਈ, ਬਾਵੇ ਕੰਬਲੀ ਵਾਲੇ ਦਾ ਰੋਟ ਦਿੱਤਾ। ਇਕ ਕੀਤੀ ਸੀ ਅਸਾਂ, ਵੇ ਪੁੱਤ! ਬਾਰਾਂ ਬਾਰਾਂ ਕੋਹਾਂ ਵਿਚ ਜਿਥੇ ਕੋਈ ਕਿਸੇ ਦੱਸ ਪਾਈ, ਪਰ ਝੋਲੀ ਖੈਰ ਕਿਤੋਂ ਨਾ ਪਿਆ। ਛੇਕੜ ਦੀ ਬਾਰੀ ਪੀਰ ਦੀਨੇ ਸ਼ਾਹ ਖ਼ਾਨਗਾਹ ਤੇ ਸੁੱਖਣਾ ਸੁੱਖੀ ਤਾਂ ਕਿਤੇ ਰੱਬ ਨੇ ਸਾਡੀ ਭੁੜੀ ਕਬੂਲ ਪਾਈ ਤੇ ਮਸੇ ਮਸੇ ਤੇਰਾ ਮੂੰਹ ਵੇਖਿਆ ਪੁੱਤ! ਇਹ ਸੂਰਤਾਂ ਕੋਈ ਨਿਤ ਨਿਤ ਪਈਆਂ ਲਭਦੀਆਂ ਨੇ?'' ਤੇ ਉਹ ਫੇਰ ਮੇਰਾ ਮੂੰਹ ਚੁੰਮਣ ਲੱਗ ਪਈ।

ਮੇਰੇ ਕੰਨ ਭੂਆ ਦੀਆਂ ਗੱਲਾਂ ਵੱਲ ਸਨ, ਪਰ ਧਿਆਨ ਬੂਹੇ ਵੱਲ ਸੀ।

ਭਰਜਾਈ ਆ ਗਈ ਤੇ ਮੈਂ ਰੱਬ ਦਾ ਲੱਖ ਲੱਖ ਸ਼ੁਕਰ ਕੀਤਾ। ਖਾਲੀ ਕਟੋਰਾ ਉਸ ਦੇ ਹੱਕ ਵਿਚ ਸੀ। ਉਸ ਸੱਸ ਨੂੰ ਬੜੀ ਨਿਰਾਸ ਆਵਾਜ਼ ਵਿਚ ਕਹਿਣ ਲੱਗੀ, ''ਉਹਨਾਂ ਦੀ ਤੇ ਅੱਜ ਕੱਟੀ ਚੁੰਘ ਗਈ ਏ।''

ਸੁਣਦਿਆਂ ਸਾਰ ਭੂਆ ਬੇਵਸੀ ਬੋਲ ਉਲੀ, ''ਬੱਸ! ਲੱਗ ਗਈ ਅੱਗ ਹੁਣ ਸਾਰੇ ਪਿੰਡ ਨੂੰ। ਔਤਰਾ ਓਹੀਓ ਦੁੱਧ ਜਿਹਨੂੰ ਘਰ ਵਿਚ ਕੁੱਤੇ ਨਹੀਂ ਕਬੂਲਦੇ, ਅੱਜ ਕਾਲ ਪੈ ਗਿਆ। ਮੁੰਡਾ ਆਖੇਗਾ ਕਿਹੇ ਚੰਦਰੇ ਘਰ ਆ ਵੜਿਆ ਵਾਂ ਜੋ ਦੁੱਧ ਦੀ ਛਿੱਟ ਨਹੀਂ ਜੁੜਦੀ।''

ਤੇ ਉਹ ਸ਼ਰਮਿੰਦਗੀ ਤੇ ਰਹਿਮ ਭਰੇ ਭਾਵਾਂ ਨਾਲ ਮੇਰੀ ਪਿੱਠ ਤੇ ਹੱਥ ਫੇਰਦੀ ਹੋਈ ਬੋਲੀ, ''ਤੇ ਕਾਕਾ ਭੁੱਖਾ ਈ ਸੌਂਵੇਗਾ ਹੁਣ? ਹਾਏ ਮਾਂ ਸਦਕੇ। ਕਿਹਾ ਰਮਾਣ ਪਿਆ ਲਗਦਾ ਏ ਮੈਨੂੰ।''

ਪਰ ਮੈਂ ਭੁੰਜੇ ਡੁੱਲ੍ਹੇ ਹੋਏ ਦੁੱਧ ਵੱਲ ਤੱਕਦਾ ਹੋਇਆ ਦਿਲ ਵਿਚ ਕਹਿ ਰਿਹਾ ਸਾਂ, ''ਭਲਾ ਹੋਇਆ ਮੇਰਾ ਚਰਖਾ ਟੁੱਟਾ, ਜਿੰਦ ਅਜ਼ਾਬੋਂ ਛੁੱਟੀ।''

ਖਸਮਾਂ ਨੂੰ ਖਾ ਗਿਆ ਇਹੋ ਜਿਹਾ ਸੰਕੋਚ, ਮੇਰੀ ਨਹੀਂ ਸਲਾਹ ਹਾਲੇ ਮਰਨ ਦੀ। ਦਿਲ ਵਿਚ ਇਹ ਸੋਚ ਕੇ ਮੈਂ 'ਬਸ' ਕਹਿੰਦਿਆਂ ਹੋਇਆ ਛੰਨਾ ਉਸ ਵੱਲ ਵਧਾਇਆ, ਪਰ ਉਹ ਛੰਨਾ ਫੜਨ ਦੀ ਥਾਂ ਸਗੋਂ ਇਕ ਕਦਮ ਪਿਛਾਂਹ ਹਟ ਗਈ, ਮਾਨੋਂ ਇਸ ਦੀ ਛੂਤ ਨਾਲ ਭਿੱਟ ਜਾਏਗੀ। ਢੀਠਪੁਣੇ ਦੇ ਤਾਣ ਮੈਂ ਹੱਥ ਪਿਛਾਂਹ ਖਿੱਚਿਆ। ਗੁੱਸੇ ਤੇ ਤਕਲੀਫ ਨਾਲ ਮੈਂ ਪਾਗਲ ਹੋ ਰਿਹਾ ਸਾਂ। ''ਹੱਛਾ ਜ਼ਰਾ ਠਹਿਰ ਕੇ ਪੀਵਾਂਗਾ।'' ਕਹਿ ਕੇ ਮੈਂ ਛੰਨੇ ਨੂੰ ਜਾਣ ਬੁੱਝ ਕੇ ਮੰਜੇ ਦੀ ਪੈਂਦ ਵੱਲ ਦੀ ਹੀਂਹ 'ਤੇ ਰੱਖ ਦਿੱਤਾ। ਹੀਂਹ ਇਤਨੀ ਚੌੜੀ ਨਹੀਂ ਸੀ ਕਿ ਪਰਾਤ ਜਿੱਡੇ ਛੰਨੇ ਨੂੰ ਝੱਲ ਸਕਦੀ। ਟੰਨ ਕਰਦਾ ਛੰਨਾ ਭੁੰਜੇ ਜਾ ਪਿਆ। ਦੁੱਧ ਡੁੱਲ੍ਹ ਗਿਆ।

# ਮਨ ਮਰਜ਼ੀ ਨਾਲ ਰੋੜ੍ਹਿਆ ਜਾ ਰਿਹੈ ਲੋਕਾਂ ਦਾ ਧਨ





ਡਾ. ਤੇਜਿੰਦਰ ਵਿਰਲੀ
+91-76964-83600
virli@rediffmail.com

ਦੇਸ਼ ਅੰਦਰ ਭ੍ਰਿਸ਼ਟਾਚਾਰ, ਭੁੱਖ ਮਰੀ, ਗਰੀਬੀ, ਬੇਰੁਜ਼ਗਾਰੀ, ਲੁੱਟ, ਮਹਿੰਗਾਈ ਸਭ ਆਪਣੀ ਚਾਲੇ ਬੇਰੋਕ-ਟੋਕ ਚਲ ਰਿਹਾ ਹੈ। ਪੈਸੇ ਵਾਲੇ ਲੋਕ ਅਮੀਰ ਹੋਈ ਜਾ ਰਹੇ ਹਨ ਤੇ ਜਿਨ੍ਹਾਂ ਕੋਲ ਜ਼ਿੰਦਗੀ ਦੀਆਂ ਮੁੱਢਲੀਆਂ ਲੋੜਾਂ ਵੀ ਨਹੀਂ ਪੂਰੀਆਂ ਹੁੰਦੀਆਂ, ਉਹ ਹਰ ਰੋਜ਼ ਹੋਰ ਵੀ ਗਰੀਬ ਹੋਈ ਜਾ ਰਹੇ ਹਨ। ਇਹ ਪਾੜਾ ਹੈਰਾਨੀ ਜਨਕ ਹੱਦ ਤਕ ਵੱਧ ਚੁੱਕਾ ਹੈ, ਜਿਸ ਸੰਬੰਧੀ ਜੇ ਹੁਣ ਵੀ ਸਰਕਾਰਾਂ ਗੰਭੀਰ ਨਹੀਂ ਹੁੰਦੀਆਂ ਤਾਂ ਇਹ ਭਿਆਨਕ ਵੀ ਹੋ ਸਕਦਾ ਹੈ। ਇਸ ਵਿਚ ਸਭ ਤੋਂ ਵੱਡੀ ਜ਼ਿੰਮੇਵਾਰੀ ਸਾਡੀਆਂ ਸਰਕਾਰਾਂ ਦੀ ਬਣਦੀ ਹੈ। ਜਿਹੜੀਆਂ ਬਹੁਤ ਹੀ ਗ਼ੈਰ-ਜ਼ਿੰਮੇਵਾਰੀ ਨਾਲ ਫੈਸਲੇ ਲੈਂਦੀਆਂ ਆ ਰਹੀਆਂ ਹਨ। ਹਰ ਆਏ ਦਿਨ ਇਸ ਸੰਬੰਧੀ ਨਵੀਂ ਤੋਂ ਨਵੀਂ ਜਾਣਕਾਰੀ ਮਿਲ ਰਹੀ ਹੈ। ਇਸ ਲਈ ਰਾਈਟ ਟੂ ਇਨਫਰਮੇਸ਼ਨ ਨਾਮ ਦਾ ਕਾਨੂੰਨ ਜਾਣਕਾਰੀ ਲੈਣ ਵਾਲੇ ਲੋਕਾਂ ਦੀ ਮਦਦ ਕਰ ਰਿਹਾ ਹੈ। ਭਾਵੇਂ ਕਿ ਅਸੀਂ ਦੇਖਿਆ ਹੈ ਕਿ ਆਰ.ਟੀ.ਆਈ. ਦੇ ਬਹੁਤ ਸਾਰੇ ਕਾਰਕੁਨ ਇਸ ਦੀ ਭੇਟਾ ਵੀ ਚੜ੍ਹ ਚੁੱਕੇ ਹਨ। ਜੇਕਰ ਇਹ ਦੇਖਿਆ ਜਾਵੇ ਤਾਂ ਆਰ.ਟੀ.ਆਈ. ਕਾਨੂੰਨ ਦੀ ਉਮਰ ਬਹੁਤ ਛੋਟੀ ਹੈ ਤੇ ਇਸ ਦੇ ਸ਼ਹੀਦਾਂ ਦੀ ਕਤਾਰ ਬਹੁਤ ਲੰਮੀ ਹੈ। ਅਸੀਂ ਅੱਜ ਇਹ ਕਹਿ ਸਕਦੇ ਹਾਂ ਕਿ ਉਨ੍ਹਾਂ ਸ਼ਹੀਦਾਂ ਨੂੰ ਪ੍ਰਣਾਮ ਕਰਨਾ ਬਣਦਾ ਹੈ, ਜਿਨ੍ਹਾਂ ਨੇ ਸਮਾਜਕ ਕੋਹੜ ਨੂੰ ਨੰਗਿਆਂ ਕਰਨ ਲਈ ਆਪਣੀਆਂ ਜਾਨਾਂ ਦੀ ਆਹੂਤੀ ਦੇ ਕੇ ਆਪਣਾ ਕਾਰਜ ਪੂਰਾ ਕੀਤਾ ਜਾਂ ਜਿਹੜੇ ਅੱਜ ਵੀ ਕਰ ਰਹੇ ਹਨ।

ਹਾਲ ਹੀ ਵਿਚ ਪਟਿਆਲਾ ਦੇ ਸੂਚਨਾ ਅਧਿਕਾਰ ਮੰਚ ਦੀ ਟੀਮ ਦੇ ਉਚ ਅਧਿਕਾਰੀ ਡੀ.ਸੀ. ਗੁਪਤਾ ਅਤੇ ਲਖਵਿੰਦਰ ਕੁਮਾਰ ਨੇ ਆਰ.ਟੀ.ਆਈ. ਦੁਆਰਾ ਅਹਿਮ ਜਾਣਕਾਰੀ ਇਕੱਤਰ ਕੀਤੀ ਹੈ, ਜਿਸ ਤੋਂ ਇਹ ਪਤਾ ਲਗਦਾ ਹੈ ਕਿ ਸਾਡੀਆਂ ਸਰਕਾਰਾਂ ਕਿਸ ਹੱਦ ਤਕ ਮਨ-ਮਾਨੀ ਕਰ ਕੇ ਲੋਕਾਂ ਦੀ ਖ਼ੂਨ ਪਸੀਨੇ ਦੀ ਕਮਾਈ ਨੂੰ ਟੈਕਸਾਂ ਦੇ ਰੂਪ ਵਿਚ ਇਕੱਤਰ ਕਰਦੀਆਂ ਹਨ ਤੇ ਉਸ ਦੀ ਵਰਤੋਂ ਕਿਵੇਂ ਕਰਦੀਆਂ ਹਨ। ਜਿਨ੍ਹਾਂ ਨਾਲ ਹਾਕਮ ਧਿਰਾਂ ਦੇ ਨਿੱਜੀ ਹਿੱਤ ਜੁੜੇ ਹੁੰਦੇ ਹਨ।

ਤਾਜ਼ਾ ਜਾਣਕਾਰੀ ਅਨੁਸਾਰ ਪੰਜਾਬ ਸਰਕਾਰ ਨੇ 2011-12 ਦੇ ਵਿੱਤੀ ਸਾਲ ਵਿਚ 17 ਕਰੋੜ 34 ਲੱਖ 77 ਹਜ਼ਾਰ 980 ਰੁਪਏ ਇਸ਼ਤਿਹਾਰਾਂ ਉਪਰ ਹੀ ਖਰਚ ਦਿੱਤੇ, ਜਿਹੜੇ ਸਰਕਾਰ ਦੀਆਂ ਉਪਲਭਦੀਆਂ ਬਿਆਨ ਕਰਦੇ ਸਨ। ਇਹ ਇਸ਼ਤਿਹਾਰ ਪੰਜਾਬ ਵਿਧਾਨ ਸਭਾ ਦੀਆਂ ਚੋਣਾਂ ਨੂੰ ਧਿਆਨ ਵਿਚ ਰੱਖ ਕੇ ਦਿੱਤੇ ਗਏ। ਇਸ ਵਿਚ ਕੋਈ ਵੀ ਸ਼ੱਕ ਨਹੀਂ ਹੈ ਕਿ ਇਸ ਤੋਂ ਪਹਿਲਾਂ ਵੀ ਚੋਣਾਂ ਹੁੰਦੀਆਂ ਰਹੀਆਂ ਹਨ ਤੇ ਇਸ ਤੋਂ ਪਹਿਲਾਂ ਵੀ ਇਸ਼ਤਿਹਾਰ ਜਾਰੀ ਹੁੰਦੇ ਰਹੇ ਹਨ। ਇਸ ਤੋਂ ਤਾਂ ਬਸ ਇਹ ਹੀ ਅਨੁਮਾਨ ਲਗਾਉਣਾ ਬਣਦਾ ਹੈ ਕਿ ਸਰਕਾਰਾਂ ਕਿਸ ਤਰਾਂ ਮਨ ਮਰਜ਼ੀ ਕਰਦੀਆਂ ਹਨ। ਇਕ ਸਾਲ ਵਿਚ ਏਨੀ ਵੱਡੀ ਰਕਮ ਜੇ ਪੰਜਾਬ ਸਰਕਾਰ ਆਪਣੀਆਂ ਉਪਲਬਦੀਆਂ ਗਿਣਾਉਣ ਵਿਚ ਲਗਾ ਰਹੀ ਹੈ ਤਾਂ ਯਕੀਨਨ ਹੀ ਉਸ ਨੂੰ ਇਸ ਦਾ ਕੋਈ ਨਾ ਕੋਈ ਨਿੱਜੀ ਲਾਭ ਵੀ ਹੁੰਦਾ ਹੋਏਗਾ। ਤੇ ਇਹ ਗੱਲ ਵੀ ਸਮਝ ਆ ਰਹੀ ਹੈ ਕਿ ਇਸ ਤੋਂ ਪਹਿਲਾਂ ਵੀ ਸਰਕਾਰਾਂ ਅਜਿਹਾ ਹੀ ਕਰਦੀਆਂ ਰਹੀਆਂ ਹਨ। ਪਰ ਅਖ਼ਬਾਰਾਂ ਵਿਚ ਛਪੀਆਂ ਖ਼ਬਰਾਂ ਅਨੁਸਾਰ ਇਸ ਵਾਰ ਦੀ ਧਨ ਰਾਸ਼ੀ ਪਿੱਛਲੇ ਦਸ ਸਾਲਾਂ ਦੇ ਰਿਕਾਡ ਨੂੰ ਤੋੜਦੀ ਹੈ। ਪਿਛਲੇ ਸਾਲਾਂ ਦੀ ਮਨ-ਮਾਨੀ ਇਸ ਕਰਕੇ ਮੀਡੀਏ ਦੇ ਸਾਹਮਣੇ ਨਹੀਂ ਸੀ ਆਈ ਕਿਉਂਕਿ ਉਦੋਂ ਆਰ.ਟੀ.ਆਈ. ਦਾ ਕਾਨੂੰਨ ਨਹੀਂ ਸੀ।

ਇਹ ਵਰਤਾਰਾ ਕੇਵਲ ਪੰਜਾਬ ਸਰਕਾਰ ਦਾ ਹੀ ਨਹੀਂ ਹੈ ਸਗੋਂ ਇਹ ਭਾਰਤ ਦੀਆਂ ਬਹੁਤੀਆਂ ਸੂਬਾਈ ਸਰਕਾਰਾਂ ਦਾ ਹੈ। ਜੇਕਰ ਇਹ ਕਿਹਾ ਜਾਵੇ ਕਿ ਕੇਂਦਰ ਦੀ ਸਰਕਾਰ ਵੀ ਇਸ ਤੋਂ ਪਿੱਛੇ ਨਹੀਂ ਤਾਂ ਗਲਤ ਨਹੀਂ ਹੋਵੇਗਾ। ਬਲਕਿ ਇਹ ਕਹਿਣਾ ਜ਼ਿਆਦਾ ਠੀਕ ਹੋਵੇਗਾ ਕਿ ਕੇਂਦਰ ਸਰਕਾਰ ਇਸ ਖੇਤਰ ਵਿਚ ਵੀ ਸੂਬਾਈ ਸਰਕਾਰਾਂ ਦੀ ਅਗਵਾਈ ਹੀ ਕਰ ਰਹੀ ਹੈ। ਆਰ.ਟੀ.ਆਈ ਦੇ ਅਹੁਦੇਦਾਰਾਂ ਨੇ ਕੇਂਦਰ ਸਰਕਾਰ ਪਾਸੋਂ ਵੀ ਜਾਣਕਾਰੀ ਲਈ ਹੈ ਕਿ ਉਸ ਨੇ ਵਿੱਤੀ ਸਾਲ 2008 ਤੋਂ 2011 ਤਕ ਸਾਬਕਾ ਪ੍ਰਧਾਨ ਮੰਤਰੀ ਰਾਜੀਵ ਗਾਂਧੀ ਤੇ ਇੰਦਰਾ ਗਾਂਧੀ ਦੇ ਜਨਮ 'ਤੇ ਸ਼ਾਹਦਤ ਦਿਵਸ ਉਪਰ ਕਿੰਨੇ ਕਰੋੜ ਰੁਪਿਆ ਖਰਚ ਕੀਤਾ ਸੀ। ਇਸ ਵਿਚ ਕੋਈ ਸ਼ੱਕ ਨਹੀਂ ਕਿ ਇਹ ਦੋਵੇ ਸ਼ਖ਼ਸੀਅਤਾਂ ਦੇਸ਼ ਦੇ ਉਚ ਅਹੁਦਿਆਂ ਉਪਰ ਰਹੀਆਂ ਤੇ ਸ਼ਹੀਦ ਹੋਈਆਂ ਹਨ। ਉਨ੍ਹਾਂ ਦਾ ਮਾਣ ਸਤਿਕਾਰ ਕਰਨਾ ਬਣਦਾ ਹੈ। ਪਰ ਜਿਹੜੀ ਧਨ ਰਾਸ਼ੀ ਇਨ੍ਹਾਂ ਤਿੰਨ ਵਿੱਤੀ ਸਾਲਾਂ ਵਿਚ ਖਰਚੀ ਗਈ ਹੈ, ਉਸ ਦੇ ਅੰਕੜੇ ਇਸ ਗਰੀਬ ਦੇਸ਼ ਦੇ ਪਾਠਕ ਨੂੰ ਸੋਚਣ ਲਈ ਮਜਬੂਰ ਕਰ ਦਿੰਦੇ ਹਨ। ਇਨ੍ਹਾਂ ਤਿੰਨ ਵਿੱਤੀ ਸਾਲਾਂ ਵਿਚ 32 ਕਰੋੜ 22 ਲੱਖ 29 ਹਜ਼ਾਰ 197 ਰੁਪਏ ਦੇ ਇਸ਼ਤਿਹਾਰ ਹੀ ਦਿੱਤੇ ਗਏ। ਇਹ ਖਰਚ ਕੇਂਦਰੀ ਸੂਚਨਾ ਤੇ ਪ੍ਰਸਾਰਨ ਵਿਭਾਗ ਨੇ ਹੀ ਕੀਤਾ। ਹੋਰ ਵੱਖ ਵੱਖ ਵਿਭਾਗਾਂ ਵਲੋਂ ਕੀਤਾ ਗਿਆ ਖਰਚ ਇਸ ਤੋਂ ਵੱਖਰਾ ਹੈ। ਸ਼ਰਧਾਜਲੀ ਤੇ ਕੀਤੇ ਪ੍ਰੋਗਰਾਮ ਉਪਰ ਕੀਤਾ ਗਿਆ ਖਰਚਾ ਵੀ ਇਸ ਤੋਂ ਵੱਖਰਾ ਹੈ। ਜੇ ਇਸ ਦਾ ਅਨੁਮਾਨ ਲਾ ਲਿਆ ਜਾਵੇ ਤਾਂ ਰਾਸ਼ੀ ਸਿਰ ਚਕਰਾਉਣ ਵਾਲੀ ਬਣ ਜਾਵੇਗੀ। ਇਸ ਲਈ ਇਹ ਹੀ ਚੰਗਾ ਹੈ ਕਿ ਇਸ ਅਨੁਮਾਨ ਵਿਚ ਨਾ ਹੀ ਪਈਏ।

ਦੇਸ਼ ਅੰਦਰ 28 ਰੁਪਏ (ਪਿੰਡ ਵਿਚ) ਤੇ 32 ਰੁਪਏ (ਸ਼ਹਿਰ ਵਿਚ) ਕਮਾਉਣ ਵਾਲੇ ਨੂੰ ਗਰੀਬੀ ਰੇਖਾ ਤੋਂ ਉਪਰ ਰੱਖਿਆ ਜਾ ਰਿਹਾ ਹੈ। ਜਦ ਕਿ ਦੂਸਰੇ ਪਾਸੇ ਦੇਸ਼ ਸਬੰਧੀ ਯੋਜਨਾਵਾਂ ਬਾਉਣ ਵਾਲਾ ਵਿਭਾਗ ਆਪਣੇ ਦੋ ਟਾਇਲਟ ਰੈਨੋਵੇਟ ਕਰਨ ਲਈ 70 ਲੱਖ ਰੁਪਏ ਖਰਚ ਕਰ ਰਿਹਾ ਹੈ। ਜਿਸ ਦੀ ਵਰਤੋਂ ਵੀ ਕੇਵਲ ਗਿਣਤੀ ਦੇ 60 ਵਿਅਕਤੀਆਂ ਨੇ ਹੀ ਕਰਨੀ ਸੀ। ਇਨ੍ਹਾਂ ਅੰਕੜਿਆਂ ਨੇ ਪੂਰੇ ਭਾਰਤ ਵਿਚ ਇਸ ਵਿਭਾਗ ਦੀ ਚਰਚਾ ਛੇੜ ਦਿੱਤੀ ਹੈ ਜਿਸ ਵਿਭਾਗ ਦਾ ਡਿਪਟੀ ਚੇਅਰਮੈਨ ਹਰ ਤੀਸਰੀ ਰਾਤ ਹੋਟਲ ਵਿਚ ਬਤੀਤ ਕਰਦਾ ਹੈ ਤੇ ਜਿਸ ਬਾਰੇ ਆਰ.ਟੀ.ਆਈ. ਰਾਹੀਂ ਲਈ ਜਾਣਕਾਰੀ ਦਸਦੀ ਹੈ ਇਹ ਰਾਤ ਦੋ ਲੱਖ ਵਿਚ ਪੈਂਦੀ ਹੈ।

ਵਿਦੇਸ਼ਾਂ ਵਿਚ ਜਾ ਕੇ ਮਹਿੰਗਾਂ ਇਲਾਜ ਕਰਵਾਉਣ ਵਾਲੇ ਭਾਰਤ ਦੇ ਹਾਕਮਾਂ ਦੀ ਜੇਕਰ ਕੁੱਲ ਰਾਸ਼ੀ ਦਾ ਹਿਸਾਬ ਲਗਾਇਆ ਜਾਵੇ ਤਾਂ ਉਹ ਭਾਰਤ ਸਰਕਾਰ ਦੀ 83 ਕਰੋੜ ਲੋਕਾਂ ਨੂੰ ਦਿੱਤੀ ਜਾਂਦੀ ਧਨ ਰਾਸ਼ੀ ਤੋਂ ਵੱਧ ਬਣਦੀ ਹੈ। ਇਕ ਅਨੁਮਾਨ ਅਨੁਸਾਰ ਇਨ੍ਹਾਂ ਲੋਕਾਂ ਨੂੰ ਸਾਲ ਵਿਚ ਸਰਕਾਰੀ ਖਜ਼ਾਨੇ ਵਿਚੋਂ ਪ੍ਰਤੀ ਸਾਲ ਕੇਵਲ ਇਕ ਰੁਪਿਆ 15 ਪੈਸੇ ਹੀ ਮਿਲਦੇ ਹਨ।

ਦੇਸ਼ ਅੰਦਰ ਵੱਡੇ ਘੁਟਾਲੇ ਹੋ ਰਹੇ ਹਨ। ਦੇਸ਼ ਅੰਦਰ ਵੱਡੀ ਪੱਧਰ ਉਪਰ ਬੇਚੈਨੀ ਫੈਲੀ ਹੋਈ ਹੈ। ਕਾਲੇ ਧਨ ਦੇ ਰੂਪ ਵਿਚ ਮਣਾਂ ਮੂਹੀ ਪੈਸਾ ਵਿਦੇਸ਼ਾਂ ਨੂੰ ਜਾ ਰਿਹਾ ਹੈ। ਜਿਸ ਸਬੰਧੀ ਅੰਦੋਲਨ ਤੇ ਅੰਦੋਲਨ ਹੋ ਰਹੇ ਹਨ। ਜਨ ਲੋਕ ਪਾਲ ਬਣਾਉਣ ਦੀ ਮੰਗ ਇਸੇ ਕਰਕੇ ਜ਼ੋਰ ਫੜਦੀ ਜਾ ਰਹੀ ਹੈ। ਪਰ ਸਰਕਾਰ ਇਹ ਖ਼ਤਰਾ ਮੁੱਲ ਲੈਣ ਲਈ ਤਿਆਰ ਵੀ ਇਸੇ ਕਰਕੇ ਹੀ ਨਹੀਂ ਹੋ ਰਹੀ ਕਿਉਂਕਿ ਸਰਕਾਰ ਨੂੰ ਪਤਾ ਹੈ ਕਿ ਉਸ ਨੂੰ ਇਹ ਕਾਨੂੰਨ ਜੇਲ੍ਹ ਦੀਆਂ ਕਾਲ ਕੋਠੜੀਆਂ ਤਕ ਲੈ ਜਾਵੇਗਾ। ਯੂ.ਪੀ.ਏ.-1 ਦੀ ਸਰਕਾਰ ਨੇ ਜਦੋਂ ਆਰ.ਟੀ.ਆਈ. ਦਾ ਕਾਨੂੰਨ ਪਾਸ ਕੀਤਾ ਸੀ, ਉਦੋਂ ਭਾਰਤ ਦੀਆਂ ਖੱਬੀਆਂ ਧਿਰਾਂ ਸਰਕਾਰ ਦੀ ਮਦਦ ਕਰ ਰਹੀਆਂ ਸਨ। ਜਿਸ ਕਾਨੂੰਨ ਦੇ ਪਾਸ ਹੋ ਜਾਣ ਨਾਲ ਅੱਜ ਹੈਰਾਨੀਜਨਕ ਜਾਣਕਾਰੀ ਲੋਕਾਂ ਤਕ ਪਹੁੰਚ ਰਹੀ ਹੈ ਪਰ ਜਨ ਲੋਕ ਪਾਲ ਦੇ ਮੁੱਦੇ ਉਪਰ ਬਹੁਤੀਆਂ ਰਾਜਸੀ ਪਾਰਟੀਆਂ ਸੰਜੀਦਾ ਦਿਖਾਈ ਨਹੀਂ ਦਿੰਦੀਆਂ। ਉਹ ਸਭ ਆਪਣੀਆਂ ਰਾਜਸੀ ਰੋਟੀਆਂ ਸੇਕਣ ਦੇ ਆਹਰ ਵਿਚ ਹੀ ਲੱਗੀਆਂ ਹੋਈਆਂ ਹਨ।

ਹਰ ਕਿਸਮ ਦਾ ਤੰਤਰ ਤਾਂ ਹੀ ਚੱਲ ਸਕਦਾ ਹੈ ਜੇਕਰ ਉਸ ਅਨੁਸਾਰ ਲੋਕ ਚੱਲਣ ਪਰ ਭਾਰਤ ਦੇ ਤੰਤਰ ਦੀ ਖਾਸੀਅਤ ਇਹ ਹੈ ਕਿ ਗੁਲਾਮੀ ਦੇ ਲੰਮੇ ਦੌਰ ਨੇ ਤੇ ਆਜ਼ਾਦ ਭਾਰਤ ਦੇ ਹਾਕਮਾਂ ਨੇ ਇਥੋਂ ਦੇ ਲੋਕਾਂ ਨੂੰ ਆਪਣੇ ਅਨੁਸਾਰ ਘੜ ਲਿਆ ਹੈ। ਹੁਣ ਲੋਕ ਲੜਨ ਹੀ ਬਜਾਏ ਘੁੱਟ-ਘੁੱਟ ਕੇ ਜੀਣ ਮਰਨ ਨੂੰ ਹੀ ਤਰਜੀਹ ਦੇ ਰਹੇ ਹਨ। ਭਾਵੇਂ ਕਿ ਕੁਝ ਅਗਾਂਹ ਵਧੂ ਧਿਰਾਂ ਵੀ ਯਤਨਸ਼ੀਲ ਹਨ ਕਿ ਉਹ ਵੀ ਲੋਕਾਂ ਨੂੰ ਇਸ ਪ੍ਰਬੰਧ ਖ਼ਿਲਾਫ਼ ਉਠ ਖੜੇ ਹੋਣ ਲਈ ਤਿਆਰ ਕਰ ਰਹੀਆਂ ਹਨ।

# ਆਪਣਾ ਸਨਮਾਨ ਚਿੰਨ੍ਹ ਲੈ ਜਾਇਓ ਭਾਈ !


ਅਮਰਪਾਲ ਸਿੰਘ ਬੈਂਸ
+91-98156-21244
bainsa44@gmail.com

ਮਹੀਨਾ ਕੁ ਪਹਿਲਾ ਮੈਨੂੰ ਜਨਤਾ ਦੇ ਹਿੱਤਾਂ ਲਈ ਹਮੇਸ਼ਾ ਹੀ ਸੰਘਰਸ਼ੀਲ ਰਹਿਣ ਵਾਲੀ ਇੱਕ ਪਾਰਟੀ ਦੇ ਨੇਤਾ ਦਾ ਫੋਨ ਆਇਆ, ਉਸਨੇ ਮੈਨੂੰ ਪਾਰਟੀ ਦੇ ਇੱਕ ਸਮਾਗਮ 'ਤੇ ਪਹੁੰਚਣ ਦੀ ਬੇਨਤੀ ਕਰਦੇ ਹੋਏ ਕਿਹਾ ਕਿ ਤੁਸੀਂ ਇਸ ਸਮਾਗਮ ਵਿੱਚ ਜਰੂਰ ਆਉਣਾ ਹੈ ਕਿਉਂਕਿ ਅਸੀਂ ਤੁਹਾਡਾ ਸਨਮਾਨ ਕਰਨਾ ਹੈ ਅਤੇ ਇਸ ਲਈ ਮੈਮੈਂਟੋ ਵੀ ਬਣਾ ਰੱਖਿਆ ਹੈ। ਖੈਰ ਮੈਂ ਉਸ ਸਮਾਗਮ ਵਿੱਚ ਤਾਂ ਨਹੀਂ ਗਿਆ ਪਰ ਉਸਦਾ ਫੋਨ ਮੈਨੂੰ ਇਸ ਬਾਰੇ ਲਿਖਣ ਲਈ ਮਜਬੂਰ ਕਰ ਗਿਆ। ਫਾਨੀ ਸੰਸਾਰ ਵਿੱਚ ਹਰ ਮਨੁੱਖ ਆਪਣੀ ਹੋਂਦ ਤੇ ਸਨਮਾਨ ਬਹਾਲੀ ਲਈ ਜੱਦੋ-ਜਹਿਦ ਕਰਦਾ ਰਹਿੰਦਾ ਹੈ।

ਸਮਾਜ ਵਿੱਚ ਵਿਅਕਤੀਗਤ ਤੌਰ 'ਤੇ ਮਾਣ ਸਨਮਾਨ ਵਾਲਾ ਜੀਵਨ ਬਸਰ ਕਰਨ ਲਈ ਹੀ ਮਨੁੱਖ ਦੁਆਰਾ ਹਰ ਸੰਭਵ ਕੋਸ਼ਿਸ ਕੀਤੀ ਜਾਂਦੀ ਹੈ। ਜ਼ਿਆਦਾਤਰ ਵਿਅਕਤੀਆਂ ਦੀ ਸਨਮਾਨ ਬਹਾਲੀ ਲਈ ਸੰਘਰਸ਼ ਕਰਦਿਆਂ ਪੂਰੀ ਉਮਰ ਤੱਕ ਲੰਘ ਜਾਂਦੀ ਹੈ ਅਤੇ ਜਦੋਂ ਤੱਕ ਉਨ੍ਹਾਂ ਨੂੰ ਸਮਾਜ ਵਿੱਚ ਸਨਮਾਨ ਮਿਲਦਾ ਹੈ, ਉਦੋਂ ਤੱਕ ਉਨ੍ਹਾਂ ਨੂੰ ਇਸ ਦੀ ਇੱਛਾ ਤੱਕ ਵੀ ਨਹੀਂ ਰਹਿ ਜਾਂਦੀ। ਬਹੁਤੇ ਤਾਂ ਇਹ ਇੱਛਾ ਮਨ ਵਿੱਚ ਹੀ ਲੈ ਕੇ ਇਸ ਦੁਨੀਆ ਨੂੰ ਅਲਵਿਦਾ ਕਹਿ ਜਾਂਦੇ ਹਨ। ਰਾਜਨੀਤਕ ਅਤੇ ਹੋਰ ਸੰਸਥਾਵਾਂ ਵਿੱਚ ਅਹੁਦਿਆਂ ਦੀ ਦੌੜ ਸਨਮਾਨ ਦੀ ਇੱਛਾ ਸ਼ਕਤੀ ਦਾ ਹੀ ਰੂਪ ਹੈ। ਪਰ ਦੂਜਿਆਂ ਨੂੰ ਲਤਾੜ ਕੇ ਪ੍ਰਾਪਤ ਕੀਤੀਆਂ ਇਹ ਸਰਦਾਰੀਆਂ ਚਿੱਤ ਨੂੰ ਸਕੂਨ ਨਹੀਂ ਦੇ ਸਕਦੀਆਂ। ਧਰਤੀ 'ਤੇ ਜਦੋਂ ਦਾ ਮਨੁੱਖ ਨੇ ਪੈਰ ਪਾਇਆ ਹੈ, ਲਗਦਾ ਹੈ ਕਿ ਉਦੋਂ ਤੋਂ ਹੀ ਇਹ ਦੌੜ ਸ਼ੁਰੂ ਹੋ ਗਈ ਸੀ। ਸਮਾਜ ਵਿੱਚ ਹਰ ਰੋਜ਼ ਕਿਤੇ ਨਾ ਕਿਤੇ ਸਨਮਾਨ ਸਮਾਗਮ ਆਯੋਜਤ ਹੁੰਦੇ ਰਹਿੰਦੇ ਹਨ, ਪਰ ਬਹੁਤੀ ਵਾਰ ਦੇਖਿਆ ਗਿਆ ਕਿ ਜਿੱਤਣ ਵਾਲਿਆਂ ਦੇ ਹੀ ਸਨਮਾਨ ਹੁੰਦੇ ਹਨ ਭਾਂਵੇ ਕਿ ਉਨ੍ਹਾਂ ਇਸ ਜਿੱਤ ਲਈ ਕਿਹੋ ਜਿਹੇ ਵੀ ਹੱਥਕੰਡੇ ਵਰਤੇ ਹੋਣ, ਇਸ ਦੀ ਕਿਸੇ ਨੂੰ ਕੋਈ ਪਰਵਾਹ ਨਹੀਂ ਹੈ। ਖੇਡ ਮੇਲਿਆਂ, ਸਭਿਆਚਾਰਕ, ਰਾਜਨੀਤਕ ਅਤੇ ਹੋਰ ਸਮਾਗਮਾਂ 'ਤੇ ਸਨਮਾਨ, ਵਿਸ਼ੇਸ ਸਨਮਾਨ ਆਦਿ ਦੇਣ ਦੀ ਇੱਕ ਰੀਤ ਜੇਹੀ ਹੀ ਚਲ ਪਈ ਹੈ। ਭਾਵੇ ਕਿ ਪ੍ਰਬੰਧਕਾਂ ਨੂੰ ਕਈ ਵਾਰ ਉਸ ਵਿਅਕਤੀ ਦੇ ਬਾਰੇ ਪੂਰਾ ਗਿਆਨ ਵੀ ਨਹੀਂ ਹੁੰਦਾ। ਇਨ੍ਹਾ ਸਮਾਗਮਾਂ ਵਿੱਚ ਵਧੇਰੇ ਮਾਇਕ ਸਹਾਇਤਾ ਕਰਨ ਵਾਲਿਆਂ ਦਾ ਵੀ ਸਨਮਾਨ ਕੀਤਾ ਜਾਂਦਾ ਹੈ। ਘੜੰਮ ਚੌਧਰੀ ਅਜਿਹੇ ਸਨਮਾਨਾਂ ਦਾ ਨਿੱਜੀ ਫਾਇਦਾ ਲੈਣ ਦੀ ਹਮੇਸ਼ਾ ਤਾਕ ਵਿੱਚ ਰਹਿੰਦੇ ਹਨ। ਕਈ ਵਾਰ ਤਾਂ ਇਨ੍ਹਾਂ ਸਮਾਗਮਾਂ 'ਤੇ ਮੰਚ ਸੰਚਾਲਕ ਸੰਘ ਪਾੜ-ਪਾੜ ਕੇ ਬੋਲਦਾ ਰਹਿੰਦਾ ਹੈ ਕਿ ਆਪਣਾ ਸਨਮਾਨ ਚਿੰਨ੍ਹ ਲੈ ਜਾਇਓ ਬਈ!

ਆਖਰ ਸਨਮਾਨ ਹੁਣ ਚਿੰਨ੍ਹਾਂ ਤੱਕ ਹੀ ਸੀਮਤ ਹੋ ਕੇ ਰਹਿ ਗਿਆ ਹੈ। ਖੈਰ ਸਨਮਾਨ ਚਿੰਨ੍ਹ ਬਨਾਉਣ ਵਾਲਿਆਂ ਦਾ ਖਾਸਾ ਵਪਾਰ ਹੋ ਜਾਂਦਾ ਹੈ। ਬਤੌਰ ਪੱਤਰਕਾਰ ਕਈ ਖੇਡ ਮੇਲਿਆਂ ਅਤੇ ਹੋਰ ਸਮਾਜ ਸੇਵੀ ਸਮਾਗਮਾਂ 'ਤੇ ਮੇਰੇ ਕੋਲ ਵੀ ਕਈ ਵਾਰ ਪ੍ਰਬੰਧਕ ਆਏ ਅਤੇ ਕਹਿਣ ਲੱਗੇ ਕਿ ਅਸੀਂ ਹਰ ਸਾਲ ਕਿਸੇ ਨਾ ਕਿਸੇ ਪੱਤਰਕਾਰ ਦਾ ਸਨਮਾਨ ਕਰਦੇ ਹਾਂ, ਇਸ ਵਾਰ ਤੁਹਾਡਾ ਸਨਮਾਨ ਕਰਨਾ ਹੈ ਪਰ ਮੈਂ ਸਤਿਕਾਰ ਸਹਿਤ ਉਨ੍ਹਾਂ ਨੂੰ ਕਿਹਾ ਕਿ ਮੈਂ ਤਾਂ ਅਜੇ ਤੱਕ ਅਜਿਹਾ ਕੋਈ ਕੰਮ ਨਹੀਂ ਕੀਤਾ ਜਿਸਦੇ ਲਈ ਮੈਂ ਸਨਮਾਨ ਦਾ ਹੱਕਦਾਰ ਹੋਵਾਂ। ਇੱਕ ਵਾਰ ਤਾਂ ਇੱਕ ਸਭਿਆਚਾਰਕ ਮੇਲੇ ਵਾਲੇ ਅੜ ਹੀ ਗਏ, ਮੈਂ ਓਪਰਲੇ ਮਨੋਂ ਉਨ੍ਹਾਂ ਨੂੰ ਇਸ ਲਈ ਹਾਂ ਕਰ ਦਿੱਤੀ ਕਿ ਚਲੋ ਦੇਖਦੇ ਹਾਂ ਕਿ ਉਹ ਕੀ ਕਰਦੇ ਹਨ। ਮੈਂ ਸਮਾਗਮ ਵਿੱਚ ਚਲਾ ਗਿਆ ਅਤੇ ਜਾ ਕੇ ਸਰੋਤਿਆਂ ਵਿੱਚ ਕੁਰਸੀ 'ਤੇ ਬੈਠ ਗਿਆ, ਅਚਾਨਕ ਜਦੋਂ ਪ੍ਰਬੰਧਕਾਂ ਦੀ ਨਜ਼ਰ ਮੇਰੇ 'ਤੇ ਪਈ ਤਾਂ ਉਹ ਮੇਰੇ ਪਾਸ ਆ ਕੇ ਕਹਿਣ ਲੱਗੇ ਕਿ ਅਸੀਂ ਤਾਂ ਤੁਹਾਨੂੰ ਹਾਰ ਪਹਿਨਾਉਣੇ ਹਨ, ਤੁਸੀਂ ਉਠਕੇ ਪੰਡਾਲ ਵਿੱਚੋਂ ਬਾਹਰ ਆਓ ਫੇਰ ਮੈਨੂੰ ਤੇ ਇੱਕ ਹੋਰ ਵਿਅਕਤੀ ਜਿਹੜਾ ਕਿ ਗੀਤਕਾਰ ਸੀ, ਨੂੰ ਪੰਡਾਲ ਚੋਂ ਬਾਹਰ ਲਿਆਦਾ ਗਿਆ ਅਤੇ ਹਾਰ ਪਵਾ ਕੇ ਢੋਲ ਵਜਾ ਕੇ ਦੁਬਾਰਾ ਪੰਡਾਲ ਵਿੱਚ ਲੈ ਜਾਇਆ ਗਿਆ ਜਿੱਥੇ ਕਿ ਸਭਿਆਚਾਰਕ ਪ੍ਰੋਗਰਾਮ ਚਲ ਰਿਹਾ ਸੀ। ਸਟੇਜ ਸਕੱਤਰ ਬੋਲ ਰਿਹਾ ਸੀ ਕਿ ਸਾਡੇ ਦਰਮਿਆਨ ਫਲਾਂ-ਫਲਾਂ ਸ਼ਖਸੀਅਤਾਂ ਪਹੁੰਚ ਚੁੱਕੀਆ ਹਨ, ਜਿਨ੍ਹਾਂ ਆਪਣੀ ਕਲਮ ਦੇ ਨਾਲ..। ਪਤਾ ਨਹੀਂ ਉਹ ਸਾਡੀ ਸੋਭਾ ਵਿੱਚ ਕੀ ਕੁਝ ਕਹਿ ਗਿਆ ਕਿਉਂਕਿ ਅਸੀਂ ਤਾਂ ਆਪਣੇ ਹਾਰਾਂ ਅਤੇ ਢੋਲ ਦੇ ਡਗਿਆਂ ਵਿੱਚ ਹੀ ਉਲਝੇ ਹੋਏ ਅੱਗੇ ਨੂੰ ਤੁਰਦੇ ਜਾ ਰਹੇ ਸਾਂ। ਪ੍ਰੋਗਰਾਮ ਚਲਦਾ ਰਿਹਾ ਤੇ ਫੇਰ ਸਾਨੂੰ ਸਟੇਜ 'ਤੇ ਬੁਲਾ ਕੇ ਮੈਮੈਂਟੋ ਦਿੱਤੇ ਗਏ ਤੇ ਅਸੀਂ ਚਾਹ ਦਾ ਪਿਆਲਾ ਪੀ ਕੇ ਵਾਪਸ ਆ ਗਏ। ਰਸਤੇ ਵਿੱਚ ਵਾਪਸ ਆਉਂਦਿਆਂ ਕਦੇ ਮੈਂ ਇਹ ਸੋਚ ਰਿਹਾ ਸਾਂ ਕਿ ਆਖਰ ਇਹ ਕੀ ਹੋਇਆ ਹੈ ਅਤੇ ਕਦੇ ਮੈਂ ਉਸ ਮੈਮੈਂਟੋ ਨੂੰ ਦੇਖ ਰਿਹਾ ਸਾਂ ਜੋ ਕਿ ਪ੍ਰਬੰਧਕਾਂ ਨੇ ਦਿੱਤਾ ਸੀ ਅਤੇ ਕਦੇ ਇਸ ਸਨਮਾਨ ਦੇ ਬਾਰੇ ਸੋਚ ਰਿਹਾ ਸਾਂ। ਸਨਮਾਨ ਕਰਨ ਦੀ ਇਹ ਕੋਈ ਇੱਕ ਘਟਨਾ ਨਹੀਂ ਸਗੋਂ ਵੱਡੇ ਸਮਾਗਮਾਂ ਤੇ ਅਕਸਰ ਅਜਿਹੇ ਡਰਾਮੇ ਰਚੇ ਜਾਂਦੇ ਹਨ। ਇੱਕ ਵਾਰ ਤਾਂ ਇੱਕ ਵਿਅਕਤੀ ਨੇ ਅਜਿਹੇ ਸਮਾਗਮ 'ਤੇ ਬੋਲ ਹੀ ਦਿੱਤਾ ਕਿ ਭਰਾਵੋ ਮੈਨੂੰ ਸਨਮਾਨ ਦੀ ਲੋੜ ਨਹੀਂ, ਪਰ ਦੇਖਿਓ ਕਿਤੇ ਮੇਰਾ ਅਪਮਾਨ ਨਾ ਕਰਿਓ!

ਮਾਨਵੀਂ ਕਦਰਾਂ ਕੀਮਤਾਂ ਦੀ ਜੇਕਰ ਗੱਲ ਕਰੀਏ ਤਾਂ ਇਸਦਾ ਮੁੱਢਲਾ ਪਹਿਲੂ ਸਨਮਾਨਪੂਰਬਕ ਜੀਵਨ ਜੀਣ ਨਾਲ ਹੀ ਸ਼ੁਰੂ ਹੁੰਦਾ ਹੈ। ਸਨਮਾਨ ਦੀ ਦੌੜ ਵਿੱਚ ਆਈ ਹੈਂਕੜਬਾਜ਼ੀ ਨੇ ਗਲੋਬਲ ਤਾਣੇ-ਬਾਣੇ ਨੂੰ ਵੀ ਉਲਝਾ ਰੱਖਿਆ ਹੈ। ਸਕਿੱਲ ਅਤੇ ਜੀਵਨ ਦੋਨਾਂ ਨੂੰ ਬਰਾਬਰ ਰੱਖਕੇ ਜੀਵਨ ਜੀਣ ਵਾਲੇ ਦਾ ਜੀਵਨ ਹੀ ਸੁੱਖ-ਪੂਰਬਕ ਰਹਿ ਸਕਦਾ ਹੈ। ਗੱਲ ਸਨਮਾਨ ਦੀ ਕਰ ਰਹੇ ਹਾਂ, ਸਮਾਜ ਵਿੱਚ ਸਨਮਾਨ ਕਰਦੇ ਸਮੇਂ ਅਸੀਂ ਸਹੀ ਮੁਲਾਂਕਣ ਨਹੀਂ ਕਰਦੇ। ਸਨਮਾਨ ਕਰਦੇ ਸਮੇਂ ਲਿੰਗ ਜਾਤੀ, ਨਸਲ, ਉਮਰ, ਧਨ ਦੌਲਤ ਆਦਿ ਹੀ ਮੁੱਖ ਪੈਮਾਨੇ ਬਣਾ ਲਏ ਗਏ ਹਨ, ਜਿਹੜੇ ਕਿ ਬਹੁਤੀ ਵਾਰ ਸਨਮਾਨ ਦੀ ਬਜਾਏ ਮਾਨਵ ਜਾਤੀ ਦਾ ਅਪਮਾਨ ਲੱਗਦੇ ਹਨ। ਸੰਸਾਰਕ ਵਰਤਾਰੇ ਵਿੱਚ ਅਜਿਹੀਆਂ ਕ੍ਰਿਆਵਾਂ ਉਲਝਣਾਂ ਪੈਦਾ ਕਰਦੀਆ ਹਨ ਅਤੇ ਜੀਵਨ ਵਿੱਚ ਵਿਘਨ ਪੈਂਦਾ ਹੈ। ਲੱਖਾਂ ਕੋਸ਼ਿਸਾ ਦੇ ਬਾਵਜੂਦ ਸਮਾਜ ਵਿੱਚ ਭੈਅ ਮੁਕਤ ਤੇ ਸਨਮਾਨ ਬਹਾਲੀ ਵਾਲਾ ਮਾਹੌਲ ਪੈਦਾ ਨਹੀਂ ਹੋ ਰਿਹਾ, ਜਿਹੜਾ ਕਿ ਵਿਕਸਿਤ ਸੱਭਿਅਤਾ ਦੀ ਮੁੱਢਲੀ ਲੋੜ ਸਮਝਿਆ ਜਾਂਦਾ ਹੈ।

## ਵਰ ਦੀ ਲੋੜ

**Ramgarian Sikh Girl 24, Height 5`-8``, 3 year Nursing Diploma +4 year working Experience in Heart Institute Hospital , Looking for Suitable Match from Canada or who Lives in India but blood related/relative live in Manitoba. Girl qualified for Permanent and PNP Manitoba Immigration System. Girls Uncle and His Family Living in Canada. Only Contact Ramgarian Families.**
**Email: baljitsall62@hotmail.com**

## ਕਨਿਆ ਦੀ ਲੜ

Jat Sikh parents from U.S, seeking match for their U.S born son, handsome, 29, 6'-0'',running his own franchised business after graduating from business school. Preferably Jat Sikh girl, 5`-5`` to 5`-7``, fair complexioned, education in the medical related fields such as Nursing or any technical fields.
E-mail: rnnahal@gmail.com

# Matrimonial

## ਕਨਿਆ ਦੀ ਲੜ

Ramgarian sikh boy looking for suitable girl. Boy is 28 years old, good looking, his height is 5'7, Canadian born. He has studied and finished web design, and now has been self employed for last 2 years doing construction. We are looking for a girl in Canada who is between 25-29 years of age. We are looking for someone who is working, well educated or studying. Preferably Ramgarian but are open to different castes. Please call us at : Babu Singh, 204-694-4815/204-297-0087 or email: at kaurkapoor@hotmail.com

## ਵਰ ਦੀ ਲੋੜ

ਖ਼ੂਬਸੂਰਤ ਜੱਟ ਸਿੱਖ 5 ਫੁੱਟ 4 ਇੰਚ, 22-6-1988, ਬੀ.ਐਸ.ਸੀ. ਨਰਸਿੰਗ, ਸਟੇਟਸ ਪਰਿਵਾਰ ਦੀ ਲੜਕੀ ਲਈ ਐਨ.ਆਰ.ਆਈ. ਵਰ ਦੀ ਲੋੜ ਹੈ। ਸੰਪਰਕ ਕਰੋ : 01624-2871483, 99888-29111

------

ਰਾਮਗੜ੍ਹੀਆ ਧੀਮਾਨ 1982 ਦੀ ਜਨਮੀ, 5'-3'' M.Lib., Working as a Head Librarian in private College (Punjab, India) , ਇੱਕ ਭਰਾ ਕੈਨੇਡਾ ਪੱਕਾ, ਸੁੰਦਰ-ਸੁਸ਼ੀਲ ਲੜਕੀ ਲਈ ਯੋਗ ਵਰ ਦੀ ਲੋੜ ਹੈ। ਚਾਹਵਾਨ 780-966-8139 ਜਾਂ dhiman_ravi23@yahoo.co.in 'ਤੇ ਸੰਪਰਕ ਕਰ ਸਕਦੇ ਹਨ।

------

ਰਾਮਗੜ੍ਹੀਆ ਸਿੱਖ ਹੁਸ਼ਿਆਰਪੁਰ ਅਧਾਰਤ 22 ਸਾਲਾ ਕੰਪਿਊਟਰ ਇੰਜੀਨੀਅਰ ਲੜਕੇ ਲਈ ਸੁੰਦਰ ਯੋਗ ਲੜਕੀ ਦੀ ਲੋੜ ਹੈ। ਸੰਪਰਕ ਨੰ: 98157 41224, e-mail : engg.money@yahoo.com

------

Suitable match for two Jat Sikh Girls, 24-26, 5'-3'', 5'-3'', respectivily, +2, Diploma holder in professional courses like beautician decent marriage. Contact 0136-237337, 95014-53344

------

ਖ਼ੂਬਸੂਰਤ, ਜੱਟ ਸਿੱਖ ਗਿੱਲ 27 ਸਾਲ, 5'-3'', 10+2, ਬਿਊਟੀਸ਼ੀਅਨ ਲਈ ਵਰ ਦੀ ਲੋੜ ਹੈ। ਸੰਪਰਕ : 01636-37337, 94176-94520

------

ਖ਼ੂਬਸੂਰਤ ਜੱਟ ਸਿੱਖ ਗਿੱਲ, 25 ਸਾਲ, 5'-3'', 10+2, ਨਰਸ ਲਈ ਵਰ ਦੀ ਲੋੜ ਹੈ। ਸੰਪਰਕ : 94176-94520

------

ਖ਼ੂਬਸੂਰਤ, ਹਿੰਦੂ ਖੱਤਰੀ, ਜੇਠੀ, 26 ਸਾਲ, 5'-3'', ਐਮ.ਏ. (ਇਕਨੋਮਿਕਸ) ਬੀ.ਐਡ, ਸਟੇਟਸ ਪਰਿਵਾਰ ਲਈ ਵਰ ਦੀ ਲੋੜ ਹੈ। ਸੰਪਰਕ : 94656-85637, 0161-2880781

------

## ਵਰ ਦੀ ਲੜ

ਜੱਟ ਸਿੱਖ ਚੰਡੀਗੜ੍ਹ (ਭਾਰਤ) ਵਾਸੀ 31 ਸਾਲਾ 5'3'' ਡੈਂਟਿਸ ਤੇ ਮਾਸਟਰਜ਼ ਆਫ਼ ਪਬਲਿਕ ਹੈਲਥ, ਸੋਹਣੀ-ਸੁੱਨਖੀ ਲੜਕੀ ਲਈ ਯੋਗ ਵਰ ਦੀ ਜਰੂਰਤ ਹੈ। ਲੜਕਾ ਕਨੇਡਾ ਦਾ ਪੱਕਾ ਵਾਸੀ ਜਾਂ ਸਿਟੀਜਨ ਹੋਣਾ ਚਾਹੀਦਾ ਹੈ। 011-91-98728-92317 (ਭਾਰਤ), 780-298-1234 (ਕਨੇਡਾ) 'ਤੇ ਸੰਪਰਕ ਕੀਤਾ ਜਾ ਸਕਦਾ ਹੈ।

## ਕਨਿਆ ਦੀ ਲੜ

Seeking beautiful & compatible match for handsome professionally qualified Assistant Professor, 4.12 AM, 18-11-12, 6', Ludhiana born boy from reputed family of Mullapur (LDH.) Father Associate Professor in Govt. College, having 16 acres of agricultural land and urban properties. Only son, two sisters married. Pretty and educated girl required. contact 98785-31166, navneen.mlp@gmail.com

# Classified Plus

## Car for Sale

2005 Acura EL Touring Sport fully loaded, sunroof, leather seats 100,000km excellent condition. asking Price $ 10,250 call: Anna @ 780-893-9346 or 780-426-4410

SOLD

## HOUSE FOR RENT

3 bedroom bungalow, 2 bathroom, double attached garage on Acreage, rent including utility in Beaumont. House has a location in front of shopping mall and golf course. Call: 780 929 9504.

RENTED




**City Estates**

All Types of Property, Plots & Kothis available for Sale & Purchase in Chandigarh/Mohali/ Panchkula.

For More Info Contact: SCO 123, Phase 7, Mohali (Punjab)

011 91 98147 11263 or 011 91 98729 73304




**Fort Road Drycleaners**

Dry cleaning Elegance...through pride of Craftsmanship




* Wedding Dresses * Leather
* Suede * Drapes * Sleeping Bags
* Quilts * Featuring Deluxe Shirts Service



Weekdays : 7.30 am to 7.00 pm Saturday: 9.00 am to 5.30 pm — Call: Baljit Minhas

5521A- 137 Ave Edmonton, AB T5A 3L4 — 780-478-1811

**Laddi Padda Realtor**

ਘਰ ਛੋਟਾ ਹੋਵੇ ਜਾਂ ਵੱਡਾ, ਹਮੇਸ਼ਾਂ ਯਾਦ ਰੱਖੋ ਲਾਡੀ ਪੱਡਾ




ਕਿਸ ਵੀ ਤਰ੍ਹ ਦੀ
ਪ੍ਰ ਪਰਟੀ ਖਰੀਦਣ
ਜ ਵਚਣ ਲਈ
ਰਸਮਦ
ਰੀਅ ਟਰ ਡੀ
ਫਨ ਕਰ।

Cell: 780-909-5154



9222 51 Avenue, Edmonton, AB T6E 5L8
Phone: 780 439 9818, Fax: 780 439 1257

ਫਿਲਮਾਂ ਬਣਾਉਣ ਦੀ ਸੱਚੀ ਕਹਾਣੀ

ਲੜੀ ਨੰਬਰ : 7

# ਵੇਖਿਆ ਸ਼ਹਿਰ ਬੰਬਈ



ਗੁਰਚਰਨ ਸੱਗੂ

(ਲੜੀ ਜੋੜਨ ਲਈ ਪਿਛਲਾ ਅੰਕ ਵੇਖੋ)

ਇਸ ਮਹੂਰਤ ਸ਼ਾਟ ਤੋਂ ਬਾਅਦ ਇਸੇ ਸਟੂਡੀਓ ਵਿਚ ਬਕਾਇਦਾ ਸ਼ੂਟਿੰਗ ਸ਼ੈਡੂਅਲਡ ਰੱਖਿਆ ਗਿਆ ਸੀ। ਅੱਜ ਸਟੂਡੀਓ ਵਿਚ ਇਕ ਸਪੇਰਾ ਵੀ ਆਇਆ ਹੋਇਆ ਸੀ। ਉਸ ਦੀਆਂ ਪਟਾਰੀਆਂ ਵਿਚ ਕਿੰਨੇ ਹੀ ਸੱਪ ਸਨ, ਛੋਟੇ, ਵੱਡੇ, ਜ਼ਹਿਰੀਲੇ ਫਨੀਅਰ। ਉਹ ਅਪਣਾ ਇਹ ਤਮਾਸ਼ਾ ਵਿਖਾ ਰਿਹਾ ਸੀ, ਮੈਂ ਵੀ ਇਹ ਤਮਾਸ਼ਾ ਵੇਖਣ ਲਈ ਕੋਲ ਜਾ ਕੇ ਖੜ੍ਹਾ ਹੋ ਗਿਆ। ਉਹ ਕਹਿ ਰਿਹਾ ਸੀ, 'ਇਹ ਫਿਲਮ ਇੰਡਸਟਰੀ ਵੀ ਇਕ ਸਪੇਰੇ ਦੇ ਤਮਾਸ਼ੇ ਵਰਗੀ ਹੈ। ਕਈ ਤਰ੍ਹਾਂ ਦੇ ਸੱਪ ਇਸ ਨਗਰੀ ਵਿਚ ਰਹਿੰਦੇ ਨੇ, ਕੋਈ ਛੋਟਾ ਤੇ ਕੋਈ ਵੱਡਾ। ਇਹ ਮੇਰੀ ਪਟਾਰੀ ਪ੍ਰੋਡਿਊਸਰ ਹੈ, ਜਿਸ ਦੀ ਬੁਕਲ ਵਿਚ ਡੰਗ ਮਾਰਨ ਵਾਲੇ ਅਨੇਕਾਂ ਤਰ੍ਹਾਂ ਦੇ ਸੱਪ ਬੈਠੇ ਹੁੰਦੇ ਨੇ, ਤੇ ਇਹ ਜੋ ਮੈਂ ਹਾਂ ਇਹ ਸਪੇਰਾ ਡਾਇਰੈਕਟਰ ਹਾਂ ਜਿਸ ਦੇ ਇਸ਼ਾਰਿਆਂ 'ਤੇ ਬੁੱਕਲ ਵਿਚ ਬੈਠੇ ਸੱਪਾਂ ਨੇ ਡੰਗ ਮਾਰਨਾ ਹੁੰਦਾ ਹੈ। ਕਿਸੇ ਕੋਲੋਂ ਕਿੰਨਾ ਵੱਡਾ ਡੰਗ ਮਰਵਾਉਣਾ ਹੈ ਇਹ ਮਾੜੇ ਡਾਇਰੈਕਟਰ ਦਾ ਕੰਮ ਹੁੰਦਾ ਹੈ। ਇਸੇ ਤਰ੍ਹਾਂ ਜੇ ਸਪੇਰਾ ਵਧੀਆ ਤੇ ਤਜਰਬੇਕਾਰ ਹੋਵੇ ਤਾਂ ਉਹ ਸੱਪਾਂ ਕੋਲੋਂ ਤਮਾਸ਼ਾ ਵੀ ਵਧੀਆ ਕਰਵਾਉਂਦਾ ਹੈ, ਸੱਪ ਉਸਦੇ ਇਸ਼ਾਰਿਆਂ 'ਤੇ ਨੱਚਦੇ ਹਨ, ਲੋਕੀਂ ਤਾੜੀਆਂ ਵਜਾਉਂਦੇ ਹਨ, ਪੈਸੇ ਸੁੱਟਦੇ ਹਨ ਤੇ ਖ਼ੁਸ਼ੀ ਖ਼ੁਸ਼ੀ ਘਰਾਂ ਨੂੰ ਪਰਤਦੇ ਹਨ।

ਮੈਂ ਕਿੰਨੀ ਦੇਰ ਸਪੇਰੇ ਕੋਲ ਖੜ੍ਹਾ ਉਸਦੀ ਸੱਪਾਂ ਨਾਲ ਹੁੰਦੀ ਖੇਡ ਵੇਖਦਾ ਰਿਹਾ। ਇਕ ਲੰਬਾ ਸੱਪ ਉਸ ਮੇਰੇ ਗਲ ਵਿਚ ਪਾ ਦਿੱਤਾ, ਇਕ ਹੱਥ ਵਿਚ ਫੜਾ ਦਿੱਤਾ, ਮੈਂ ਥੋੜ੍ਹਾ ਡਰਿਆ ਤੇ ਘਬਰਾਇਆ ਪਰ ਉਹ ਕਹਿਣ ਲੱਗਾ, 'ਬਾਊ ਜੀ ਇਹਨਾਂ ਸੱਪਾਂ ਵਿਚੋਂ ਅਸਾਂ ਜ਼ਹਿਰ ਕੱਢੀ ਹੋਈ ਹੈ, ਇਹਨਾਂ ਤੋਂ ਡਰੋਂ ਨਾ, ਅਸਲੀ ਸੱਪ ਤਾਂ ਇਸ ਸਟੂਡੀਓ ਵਿਚ ਘੁੰਮ ਰਹੇ ਨੇ, ਬੱਸ ਇਸ਼ਾਰਾ ਸਮਝੋ ਮਹਾਰਾਜ ਤੇ ਜੇਬ ਵਿਚੋਂ ਕੱਢੋ ਸੌ ਰੁਪਈਆ।'

ਸੁਖਵੰਤ ਨੇ ਹੁਣ ਹੋਰ ਨਵੇਂ ਨਵੇਂ ਤਜਰਬੇ ਕਰਨੇ ਸ਼ੁਰੂ ਕਰ ਦਿੱਤੇ। ਅੰਗਰੇਜ਼ੀ ਵਿਚ ਤਿਆਰ ਕਰਵਾਈ ਸਕਰਿਪਟ ਵੱਲ ਉਸ ਮੁੜ ਕੇ ਵੇਖਿਆ ਤੱਕ ਨਾ। ਆਪ ਹੀ ਸ਼ਾਮ ਸੀਨ ਲਿਖਦਾ ਤੇ ਡਾਇਲਾਗ ਲਿਖ ਰਹੇ ਮਦਨ ਜੋਸ਼ੀ ਨੂੰ ਪਹੁੰਚਾ ਦਿੰਦਾ।

ਮਦਨ ਜੋਸ਼ੀ ਨੇ ਬਹੁਤ ਹੀ ਕਾਮਯਾਬ ਫਿਲਮਾਂ ਦੇ ਡਾਇਲਾਗ ਲਿਖੇ ਹਨ। ਬੜਾ ਹੀ ਸ਼ਰੀਫ ਤੇ ਸੁਲਝਿਆ ਹੋਇਆ ਇਨਸਾਨ। ਸਿਚੂਏਸ਼ਨ ਨੂੰ ਸਮਝ ਕੇ ਸੀਨ ਵਿਚ ਜਾਨ ਪਾ ਦੇਣ ਵਾਲਾ ਪਰ ਜੋ ਵੀ ਉਹ ਡਾਇਲਾਗ ਲਿਖ ਕੇ ਭੇਜੇ ਸੁਖਵੰਤ ਉਸ ਨੂੰ ਕੱਟ ਵੱਢ ਕੇ ਵਿਚ ਅਪਣੀ ਕਲਮ ਘੁਸੇੜ ਦੇਵੇ। ਇਸ ਤਰ੍ਹਾਂ ਡਾਇਲਾਗਾਂ ਦਾ ਸੀਨਾਂ 'ਤੇ ਜੋ ਇੰਪੈਕਟ ਪੈਣਾ ਸੀ ਉਹਨਾਂ ਨੂੰ ਖਤਮ ਕਰ ਦੇਵੇ। ਇਸ ਗੱਲ ਦੀ ਮੈਨੂੰ ਬਾਅਦ ਵਿਚ ਸਮਝ ਪਈ ਕਿ ਉਹ ਅਸਲ ਵਿਚ ਕਿਸੇ ਵੀ ਐਸੇ ਬੰਦੇ ਨੂੰ ਅਪਣੀ ਯੂਨਿਟ ਵਿਚ ਨਹੀਂ ਸੀ ਲੈਣਾ ਚਾਹੁੰਦਾ ਜਿਸਦਾ ਰੁਤਬਾ ਉਸ ਨਾਲੋਂ ਵੱਡਾ ਹੋਵੇ, ਜੋ ਉਸਦੇ ਕੀਤੇ ਜਾ ਰਹੇ ਕੰਮ 'ਤੇ ਨੁਕਤਾਚੀਨੀ ਕਰੇ। ਉਸ ਨੂੰ ਸਿਰਫ ਚਾਪਲੂਸੀ ਕਰਨ ਵਾਲੇ 'ਯਸ ਬੌਸ' ਕਹਿਣ ਵਾਲੇ ਬੰਦੇ ਹੀ ਚਾਹੀਦੇ ਸਨ। ਮੈਨੂੰ ਇਸ ਗੱਲ ਦਾ ਬੜਾ ਦੁੱਖ ਲੱਗਿਆ ਜਦ ਉਸ ਪੁਰਾਣੀ ਫਿਲਮ 'ਚੌਥੀ ਦੁਨੀਆਂ' ਨਾਲ ਜੁੜੇ ਹੋਏ ਕਈ ਤਜਰਬੇਕਾਰ ਬੰਦਿਆਂ ਨੂੰ ਵੀ ਨਵੀਂ ਯੂਨਿਟ ਵਿਚ ਨਾ ਲਿਆ। ਤੇ ਇਧਰ ਫਸ ਗਿਆ ਸੀ ਵਲੈਤੀਆ ਪ੍ਰੋਡਿਊਸਰ ਜਿਸ ਨੂੰ ਫਿਲਮਾਂ ਬਣਾਉਣ ਦਾ ਊੜਾ ਐੜਾ ਵੀ ਨਹੀਂ ਸੀ ਆਉਂਦਾ ਤੇ ਉਧਰ ਹੂੜ ਮੱਤ ਪੇਂਡੂ ਜੱਟ ਡਾਇਰੈਕਟਰ ਸੀ ਜਿਸ ਨੂੰ ਹਿੰਦੀ ਫਿਲਮਾਂ ਬਣਾਉਣ ਦਾ ਤਜਰਬਾ, ਊੜਾ ਐੜਾ ਤੋਂ ਅੱਗੇ ਈੜੀ ਨਹੀਂ ਸੀ ਟੱਪ ਸਕਦਾ। ਇਸ ਤਰ੍ਹਾਂ ਨਵੇਂ ਨਵੇਂ ਤਜਰਬੇ ਤਾਂ ਹੋਣੇ ਹੀ ਸਨ, ਪੈਸੇ ਦਾ ਘਾਣ ਤਾਂ ਹੋਣਾ ਹੀ ਸੀ। ਮੈਂ ਜਦ ਵੀ ਇਕ ਦੋ ਮਹੀਨਿਆਂ ਬਾਅਦ ਬੰਬਈ ਜਾਂਦਾ ਤਾਂ ਫਿਲਮ ਦੀ ਕੋਈ ਖਾਸ ਪ੍ਰੋਗਰੈਸ ਨਾ ਹੁੰਦੀ। ਇਹਨੀਂ ਦਿਨੀਂ ਹੀ ਦਿੱਲੀ ਰਹਿੰਦਾ ਮੇਰਾ ਇਕ ਭਾਣਜਾ ਗੁਰਿੰਦਰ ਮੈਨੂੰ ਮਿਲਣ ਲਈ ਬੰਬਈ ਆ ਗਿਆ। ਮੈਂ ਸੋਚਿਆ ਕਿ ਕਿਉਂ ਨਾ ਉਸ ਨੂੰ ਹੀ ਅਪਣੇ ਦਫਤਰ ਦੀ ਦੇਖਭਾਲ ਤੇ ਖਰਚਿਆਂ 'ਤੇ ਕੰਟਰੋਲ ਕਰਨ ਲਈ ਆਰਜ਼ੀ ਤੌਰ 'ਤੇ ਬੰਬਈ ਸੱਦ ਲਵਾਂ। ਘਰ ਦਾ ਬੰਦਾ ਹੋਵੇਗਾ, ਯੂਨਿਟ ਦੇ ਵਰਕਰਾਂ ਦਾ ਹਿਸਾਬ ਕਿਤਾਬ ਚੰਗੀ ਤਰ੍ਹਾਂ ਕਰੇਗਾ, ਤੇ ਵਾਧੂ ਪੈਸੇ ਦੀ ਹੋ ਰਹੀ ਬਰਬਾਦੀ ਨੂੰ ਰੋਕ ਸਕੇਗਾ।

ਗੁਰਿੰਦਰ ਦਿੱਲੀ ਦੀ ਇਕ ਪ੍ਰਾਈਵੇਟ ਫਰਮ ਵਿਚ ਨੌਕਰੀ ਕਰਦਾ ਸੀ। ਉਸ ਨੂੰ ਮਿਲ ਰਹੀ ਤਨਖਾਹ ਤੋਂ ਵੱਧ ਵੀ ਮੈਂ ਔਫਰ ਕਰ ਦਿੱਤੀ। ਉਸ ਜਦ ਬੰਬਈ ਦੀ ਫਿਲਮ ਨਗਰੀ ਵਿਚ ਮੇਰੇ ਆਫਿਸ ਇੰਚਾਰਜ ਦੀ ਪੇਸ਼ਕਸ਼ ਵੇਖੀ, ਤਨਖਾਹ ਵੀ ਵਧੀਆ, ਆਰਾਮ ਦਾ ਕੰਮ, ਆਫਿਸ ਦਾ ਫੁੱਲ ਬੌਸ ਤਾਂ ਉਸ ਨੂੰ ਹੋਰ ਕੀ ਚਾਹੀਦਾ ਸੀ, ਉਹ ਝਟ ਰਾਜ਼ੀ ਹੋ ਗਿਆ ਤੇ ਮੇਰੇ ਬੰਬਈ ਹੁੰਦਿਆਂ ਹੀ ਵਾਪਿਸ ਦਿੱਲੀ ਜਾ ਕੇ ਅਪਣਾ ਸਮਾਨ ਚੁੱਕ ਲਿਆਂਦਾ। ਮੈਂ ਅਪਣੀ ਯੂਨਿਟ ਨਾਲ ਉਸਦਾ ਚੰਗੀ ਤਰ੍ਹਾਂ ਤੁਆਰਫ਼ ਕਰਵਾ ਕੇ, ਸੱਗੂ ਫਿਲਮਜ਼ ਦੇ ਬੈਂਕ ਅਕਾਊਂਟਾਂ ਵਿਚ ਉਸਦੇ ਦਸਖਤਾਂ ਦੀ ਅਥਾਰਿਟੀ ਵਗੈਰਾ ਦਾ ਸਾਰਾ ਕੰਮ ਕਾਰ ਕਰਵਾ ਕੇ ਵਾਪਿਸ ਲੰਡਨ ਆ ਗਿਆ। ਹੌਲੀ ਹੌਲੀ ਭਾਣਜੇ ਗੁਰਿੰਦਰ ਸਿੰਘ ਨੇ ਅਪਣੀ ਸਲਤਨਤ ਕਾਇਮ ਕਰ ਲਈ। ਹੁਣ ਪ੍ਰੋਡਿਊਸਰ ਮੈਂ ਨਹੀਂ ਉਹ ਬਣ ਗਿਆ ਸੀ। ਮੈਂ ਪੈਸੇ ਉਸ ਨੂੰ ਭੇਜਦਾ ਤੇ ਉਹ ਹੀ ਅੱਗੇ ਸਾਰਿਆਂ ਨੂੰ ਵੰਡਦਾ। ਯੂਨਿਟ ਵਿਚ ਕੰਮ ਕਰਨ ਵਾਲਿਆਂ ਤਾਂ ਉਸਦੀ ਕਦਰ ਕਰਨੀ ਸੀ ਜੋ ਪੱਕੇ ਤੌਰ 'ਤੇ ਉਹਨਾਂ ਨਾਲ ਰਹਿੰਦਾ ਸੀ, ਖੁਆਉਂਦਾ ਪਿਆਉਂਦਾ ਸੀ ਨਾ ਕਿ ਮੇਰੀ ਜਿਹੜਾ ਦੋ ਤਿੰਨ ਮਹੀਨਿਆਂ ਬਾਅਦ ਹਫਤੇ ਦੋ ਹਫਤਿਆਂ ਲਈ ਹੀ ਗੇੜਾ ਮਾਰ ਸਕਦਾ ਸੀ।

ਮਾਮੇ ਭਾਣਜਿਆਂ ਦੀਆਂ ਕਈ ਕਹਾਣੀਆਂ ਮਸ਼ਹੂਰ ਹਨ। ਰਾਜੇ ਕੰਸ ਦੇ ਕੰਨ ਵਿਚ ਜੋਤਸ਼ੀਆਂ ਇਹ ਫੂਕ ਮਾਰ ਦਿੱਤੀ ਸੀ ਕਿ ਉਸਦੀ ਮੌਤ ਭਾਣਜੇ ਹੱਥੋਂ ਲਿਖੀ ਹੋਈ ਹੈ, ਇਸੇ ਲਈ ਉਸ ਅਪਣੀ ਭੈਣ ਯਸ਼ੋਧਾ ਨੂੰ ਕੈਦ ਕਰ ਰੱਖਿਆ ਸੀ।

ਮੈਂ ਅਪਣੀ ਭੈਣ ਪਰੀਤਮ ਕੌਰ ਨੂੰ ਕੈਦ ਤਾਂ ਕੀ ਕਰਨਾ ਸੀ, ਉਹ ਤਾਂ ਮੇਰੇ ਲਈ ਇਕ ਮਾਂ ਦਾ ਰੂਪ ਸੀ ਤੇ ਹੈ, ਮੇਰੇ ਬਚਪਨ ਦੇ ਨਿੱਕੇ ਨਿੱਕੇ ਪੈਰਾਂ ਨੂੰ ਅੱਗੇ ਤੋਰਨ ਵਾਲੀ, ਮੇਰੀ ਉਂਗਲੀ ਫੜ ਕੇ ਰਸਤਾ ਵਿਖਾਉਣ ਵਾਲੀ ਤੇ ਮੇਰੀਆਂ ਅੱਖਾਂ ਵਿਚ ਸੁਪਨੇ ਭਰਨ ਵਾਲੀ ਮੇਰੀ ਭੈਣ ਸੀ ਜੋ ਦੂਰ ਦੁਰਾਡੇ ਅਪਣੇ ਪਿੰਡ ਸ਼ਾਹਕੋਟ ਬੈਠੀ ਹੋਈ ਸੀ।

ਮੈਨੂੰ ਯਾਦ ਹੈ ਕਿ ਜਦ ਉਸਦੇ ਘਰ ਇਸ ਬੱਚੇ ਨੇ ਜਨਮ ਲਿਆ ਸੀ ਤਾਂ ਉਸ ਇਸਦਾ ਨਾਂ ਰੱਖਣ ਲਈ ਮੈਨੂੰ ਹੀ ਵਲੈਤ ਵਿਚ ਚਿੱਠੀ ਲਿਖੀ ਸੀ ਤੇ ਮੈਂ ਹੀ ਇਹ ਨਾਂ ਰੱਖਿਆ ਸੀ। ਉਸਦੇ ਹੱਸ ਰਹੇ ਚਿਹਰੇ ਦੀ ਫੋਟੋ ਮੈਂ ਅਪਣੇ ਮੈਗਜ਼ੀਨ 'ਸਵੇਰਾ' ਵਿਚ ਛਾਪੀ ਸੀ ਤੇ ਚਾਈਂ ਚਾਈਂ ਇਹ ਛਪੀ ਫੋਟੋ ਮੈਂ ਵਾਪਿਸ ਸ਼ਾਹਕੋਟ ਭੈਣ ਦੀ ਝੋਲੀ ਪਾਈ ਸੀ। ਕਿੰਨੀ ਖੁਸ਼ ਹੋਈ ਸੀ ਉਹ-ਕਿੰਨਾ ਖੁਸ਼ ਹੋਇਆ ਸੀ ਮੇਰਾ ਇਹ ਭਾਣਜਾ। ਅੱਜ ਇਹ ਹੀ ਮੇਰਾ ਭਾਣਜਾ ਮੇਰੀ ਬੰਬਈ ਦੀ ਸਲਤਨਤ ਦਾ ਬਾਦਸ਼ਾਹ ਬਣ ਗਿਆ ਸੀ। ਫਿਲਮ ਦੀ ਪ੍ਰੋਗਰੈਸ ਬਾਰੇ ਉਸਦਾ ਧਿਆਨ ਘੱਟ ਤੇ ਦਿੱਲੀ ਵੱਲ ਜ਼ਿਆਦਾ ਲੱਗਿਆ ਰਹਿੰਦਾ। ਉਹ ਹਰ ਤੀਜੇ ਚੌਥੇ ਹਫਤੇ ਦਿੱਲੀ ਜਾ ਵੜਦਾ, ਪਹਿਲੇ ਪਹਿਲੇ ਉਹ ਟਰੇਨ ਵਿਚ ਸਫਰ ਕਰਦਾ ਤੇ ਫਿਰ ਹਵਾਈ ਸਫਰ ਦਾ ਆਨੰਦ ਮਾਨਣ ਲੱਗ ਪਿਆ। ਫਿਰ ਉਸ ਇਕ ਦਿਨ ਅਪਣੇ ਬੱਚਿਆਂ ਦਾ ਦਾਖਲਾ ਹੀ ਬੰਬਈ ਦੇ ਇਕ ਵਧੀਆ ਸਕੂਲ ਵਿਚ ਪੈਸੇ ਦੇ ਕੇ ਕਰਵਾ ਲਿਆ। ਸਾਰਾ ਪਰਿਵਾਰ ਦਿੱਲੀ ਤੋਂ ਬੰਬਈ ਪਹਿਲੀ ਵਾਰ ਹਵਾਈ ਜਹਾਜ਼ ਵਿਚ ਉੱਡ ਕੇ ਆਇਆ, ਕਰਾਇਆ ਮਾਮੇ ਨੇ ਜੋ ਦੇਣਾ ਸੀ। ਹੁਣ ਭਾਣਜੇ ਨੇ ਮੇਰੇ ਖਰਚਿਆਂ ਦਾ ਕੰਟਰੋਲ ਕਰਨ ਦੀ ਬਜਾਏ ਅਪਣੇ ਪਰਿਵਾਰ ਦਾ ਬੋਝ ਵੀ ਮੇਰੇ ਉੱਪਰ ਪਾ ਦਿੱਤਾ ਸੀ। ਮੈਂ ਹੁਣ ਕੰਸ ਤੇ ਭਾਣਜਾ ਗੁਰਿੰਦਰ ਕ੍ਰਿਸ਼ਨ... ਮੇਰਾ ਅੰਤ ਤਾਂ ਹੋਣਾ ਹੀ ਸੀ। ਕਾਸ਼ ਕਿ ਮਹਾਭਾਰਤ ਮੈਂ ਦੁਬਾਰਾ ਚੰਗੀ ਤਰ੍ਹਾਂ ਪੜ੍ਹੀ ਹੁੰਦੀ। ਹੁਣ ਤੱਕ ਫਿਲਮ ਬਣਦਿਆਂ ਨੂੰ ਤਕਰੀਬਨ ਦੋ ਸਾਲ ਹੋਣ ਲੱਗੇ ਸਨ। ਇਸੇ ਦੌਰਾਨ ਜੈਕੀ ਦੀਆਂ ਇਕ ਦੋ ਫਿਲਮਾਂ ਵੀ ਹਿੱਟ ਹੋ ਗਈਆਂ ਸਨ ਤੇ ਇਸੇ ਤਰ੍ਹਾਂ ਨੀਲਮ ਦੀ ਮਾਰਕੀਟ ਵੀ ਪਹਿਲੇ ਨਾਲੋਂ ਵਧ ਗਈ ਸੀ।




ਇਸੇ ਦੌਰਾਨ ਰਲੀਜ਼ ਹੋਈ ਸੁਭਾਸ਼ ਘਈ ਦੀ ਫਿਲਮ 'ਰਾਮ ਲਖਨ' ਜਿਸ ਨੇ ਜੈਕੀ ਸਰਾਫ਼ ਨੂੰ ਰਾਤੋ ਰਾਤ ਸਟਾਰ ਬਣਾ ਦਿੱਤਾ।

ਸਫਲਤਾ ਭਾਵੇਂ ਕਿਸੇ ਖਿੱਤੇ ਵਿਚ ਵੀ ਹੋਵੇ, ਉਹ ਕਈਆਂ ਦੇ ਸਿਰ 'ਤੇ ਚੜ੍ਹ ਜਾਂਦੀ ਹੈ, ਸ਼ਾਇਦ ਬਹੁਤ ਘੱਟ ਲੋਕ ਹਨ, ਜਿਹੜੇ ਇਸ ਸਫ਼ਲਤਾ ਨੂੰ ਲੈ ਕੇ ਨਾਰਮਲ ਰਹਿ ਸਕਦੇ ਹਨ। ਫਿਰ ਫਿਲਮੀ ਦੁਨੀਆ ਤਾਂ ਜਿਉਂਦੀ ਹੀ ਗਲੈਮਰ ਉੱਤੇ ਹੈ। ਸਫਲਤਾ ਵੇਲੇ ਹਰ ਪ੍ਰੋਡਿਊਸਰ ਡਾਇਰੈਕਟਰ ਤੇ ਮੀਡੀਆ ਵਾਲੇ ਤੁਹਾਡਾ ਦਰਵਾਜ਼ਾ ਖੜਕਾਉਂਦੇ ਹਨ। ਮੈਗਜ਼ੀਨਾਂ ਦੇ ਕਵਰ 'ਤੇ ਫੋਟੋਆਂ ਲੱਗਦੀਆਂ ਹਨ, ਸੜਕਾਂ 'ਤੇ ਪੋਸਟਰ ਲੱਗਦੇ ਹਨ ਤੇ ਇਸ ਤਰ੍ਹਾਂ ਐਕਟਰਾਂ ਦੇ ਨਖਰੇ ਵੀ ਵਧਣੇ ਜ਼ਰੂਰੀ ਹਨ-ਹਰ ਪਾਸੇ ਜੈ ਜੈ ਕਾਰ ਹੁੰਦੀ ਹੈ। ਐਕਟਰ ਵੀ ਇਹ ਸੋਚਦੇ ਹਨ ਕਿ ਕੱਲ੍ਹ ਤੱਕ ਤਾਂ ਸਾਨੂੰ ਕੋਈ ਪੁੱਛਦਾ ਨਹੀਂ ਸੀ, ਘੰਟਿਆਂ ਬੱਧੀ ਸਾਨੂੰ ਇੰਤਜ਼ਾਰ ਕਰਵਾਉਂਦੇ ਸੀ, ਹੁਣ ਇਹ ਹੀ ਵੇਲਾ ਹੈ ਅਪਣੀ ਇਮੇਜ਼ ਬਣਾਉਣ ਦਾ, ਨਖਰੇ ਵਿਖਾਉਣ ਦਾ, ਮਾਰਕੀਟ ਕੀਮਤ ਵਧਾਉਣ ਦਾ ਤੇ ਵਿਚਕਾਰ ਫਸ ਜਾਂਦਾ ਹੈ, ਮੇਰੇ ਵਰਗਾ ਮਾੜਾ ਪ੍ਰੋਡਿਊਸਰ। ਇਹਨਾਂ ਦੋਹਾਂ ਐਕਟਰਾਂ ਦੀ ਸਫਲਤਾ ਦੇ ਸਿੱਟੇ ਕਰਕੇ ਉਹਨਾਂ ਮੇਰੀ ਫਿਲਮ ਨੂੰ ਪਿੱਛੇ ਸੁੱਟਣਾ ਸ਼ੁਰੂ ਕਰ ਦਿੱਤਾ। ਨਵੇਂ ਪ੍ਰੋਡਿਊਸਰਾਂ ਦੀਆਂ ਨਵੀਆਂ ਫਿਲਮਾਂ ਮਹਿੰਗੇ ਭਾਅ ਸਾਈਨ ਕਰਕੇ ਉਹ ਪੈਸਾ ਫੜੀ ਜਾ ਰਹੇ ਸਨ। ਦੋ ਸਾਲ ਪਹਿਲਾਂ ਜੇ ਜੈਕੀ ਦੀ ਕੀਮਤ ਦਸ ਲੱਖ ਸੀ ਤਾਂ ਰਾਤੋ ਰਾਤ ਵੀਹ ਪੱਝੀ ਲੱਖ ਹੋ ਗਈ ਸੀ ਤੇ ਇਸੇ ਤਰ੍ਹਾਂ ਨੀਲਮ ਵੀ ਦੋ ਲੱਖ ਤੋਂ ਉੱਠ ਕੇ ਪੰਜ-ਛੇ ਤੱਕ ਪਹੁੰਚ ਗਈ ਸੀ ਜਦਕਿ ਮੈਂ ਪਹਿਲੇ ਵਾਲੀਆਂ ਕੀਮਤਾਂ 'ਤੇ ਹੀ ਫਿਲਮ ਬਣਾ ਰਿਹਾ ਸਾਂ। ਮੇਰੀ ਫਿਲਮ ਨੂੰ ਦਿੱਤੀਆਂ 'ਡੇਟਾਂ' ਉਹਨਾਂ ਕੈਂਸਲ ਕਰਕੇ ਨਵੇਂ ਪ੍ਰੋਡਿਊਸਰਾਂ ਨੂੰ ਦੇਣੀਆਂ ਸ਼ੁਰੂ ਕਰ ਦਿੱਤੀਆਂ।

ਜੈਕੀ ਸ਼ਰਾਫ ਦਾ ਇਕ ਸੈਕਟਰੀ ਹੁੰਦਾ ਸੀ ਮੁਕਲ ਅਗਰਵਾਲ। ਪਹਿਲੇ ਉਹ ਅਨਿਲ ਕਪੂਰ ਤੇ ਮਾਧੁਰੀ ਦੀਕਸ਼ਤ ਦੇ ਸੈਕਟਰੀ ਰਿੱਕੂ ਦਾ ਅਸਿਸਟੈਂਟ ਹੁੰਦਾ ਸੀ। ਸੁਭਾਸ਼ ਘਈ ਦੀ ਫਿਲਮ 'ਰਾਮ ਲਖਨ' ਦੀ ਜ਼ਬਰਦਸਤ ਕਾਮਯਾਬੀ ਤੋਂ ਬਾਅਦ ਅਨਿਲ ਕਪੂਰ, ਜੈਕੀ ਤੇ ਮਾਧੁਰੀ ਤਿੰਨਾਂ ਦਾ ਹੀ ਕੰਮ ਬਹੁਤ ਵਧ ਗਿਆ ਸੀ। ਇਹ ਸਾਰੇ ਇਕ ਹੀ ਗਰੁੱਪ ਦੇ ਐਕਟਰ ਸਨ, ਇਕੱਠੇ ਹੀ ਬਿਜਨਿਸ਼ ਡੀਲਾਂ ਕਰਦੇ, ਕਿਸ ਨੂੰ ਸ਼ੂਟਿੰਗ ਡੇਟਾਂ ਦੇਣੀਆਂ ਹਨ, ਕਿਸ ਦੀਆਂ ਕੱਟਣੀਆਂ ਹਨ ਇਹ ਸਭ ਅਨਿਲ ਕਪੂਰ ਦੇ ਘਰ ਜਾਂ ਦਫਤਰ ਹੀ ਤੈਅ ਹੁੰਦਾ ਸੀ। ਜੈਕੀ ਨੇ ਜਦ ਅਪਣਾ ਕੰਮ ਵਧਿਆ ਵੇਖਿਆ ਤਾਂ ਉਸ ਮੁਕਲ ਅਗਰਵਾਲ ਨੂੰ ਅਪਣੇ ਵੱਲ ਖਿੱਚ ਲਿਆਂਦਾ। ਫਿਲਮ ਇੰਡਸਟਰੀ ਵਿਚ ਰਿੱਕੂ ਦਾ ਸੈਕਟਰੀ ਦੇ ਤੌਰ 'ਤੇ ਬਹੁਤ ਹੀ ਵੱਡਾ ਨਾਂ ਹੈ। ਉਹ ਕਿਸੇ ਹੀਰੋ ਤੋਂ ਘੱਟ ਨਹੀਂ ਸੀ, ਵੈਸੇ ਆਇਆ ਉਹ ਚੰਡੀਗੜ੍ਹ ਤੋਂ ਐਕਟਰ ਬਣਨ ਲਈ ਹੀ ਸੀ ਪਰ ਆਉਣ ਵਾਲੇ ਸਮੇਂ ਨੇ ਤੁਹਾਨੂੰ ਕਿੱਥੇ ਪਹੁੰਚਾ ਦੇਣਾ ਹੈ ਇਸਦਾ ਕੋਈ ਪਤਾ ਨਹੀਂ ਹੁੰਦਾ। ਹੀਰੋ ਤਾਂ ਰਿੱਕੂ ਬਣ ਨਹੀਂ ਸੀ ਸਕਿਆ ਪਰ ਪ੍ਰੋਡਿਊਸਰਾਂ ਡਾਇਰੈਕਟਰਾਂ ਦੇ ਦਫਤਰਾਂ ਵਿਚ ਚੱਕਰ ਮਾਰਦਾ ਉਹ ਇਕ ਚੰਗਾ ਸੈਕਟਰੀ ਜ਼ਰੂਰ ਬਣ ਗਿਆ ਸੀ। ਰਿੱਕੂ ਮੇਰੇ ਜਾਣਕਾਰਾਂ ਵਿਚੋਂ ਸੀ। ਮੇਰਾ ਵੈਂਬਲੇ ਲੰਡਨ ਵਾਲਾ ਸ਼ੋਅ ਉਸ ਹੀ ਬੰਬਈ ਵਿਚ ਆਰਗੇਨਾਈਜ਼ ਕੀਤਾ ਸੀ। ਰਿੱਕੂ ਨੇ ਮੁਕਲ ਨੂੰ ਇਹ ਤਾਕੀਦ ਕੀਤੀ ਕਿ ਉਹ ਮੇਰੀ ਫਿਲਮ ਦੀਆਂ ਡੇਟਾਂ ਵਿਚ ਕੋਈ ਗੜਬੜ ਨਾ ਕਰੇ ਤੇ ਵੱਧ ਤੋਂ ਵੱਧ ਮੈਨੂੰ ਡੇਟਾਂ ਦੇ ਕੇ ਜੈਕੀ ਦਾ ਕੰਮ ਖਤਮ ਕਰਾਵੇ।

ਇੱਧਰ ਜਦ ਜੈਕੀ ਨੂੰ ਸਫਲਤਾ ਮਿਲ ਗਈ ਤਾਂ ਮੁਕਲ ਅਗਰਵਾਲ ਵੀ ਅਪਣੇ ਪਹਿਲੇ ਬੌਸ ਵਾਂਗ ਜ਼ੀਰੋ ਤੋਂ ਹੀਰੋ ਬਣ ਗਿਆ, ਉਹ ਅਪਣੇ ਆਪ ਨੂੰ ਜੈਕੀ ਤੋਂ ਵੀ ਵੱਡਾ ਸਮਝਣ ਲੱਗ ਪਿਆ ਸੀ। ਅਸਲ ਵਿਚ ਇਕ ਹਿੱਟ ਚੱਲ ਰਿਹਾ ਹੀਰੋ ਇਕੋ ਵੇਲੇ ਕਈ ਫਿਲਮਾਂ ਵਿਚ ਕੰਮ ਕਰ ਰਿਹਾ ਹੁੰਦਾ ਹੈ। ਅਲੱਗ ਅਲੱਗ ਫਿਲਮਾਂ ਵਿਚ ਵੱਖੋ ਵੱਖਰੇ ਐਕਟਰ ਹੁੰਦੇ ਹਨ, ਇਕ ਫਿਲਮ ਵਿਚ ਜੇ ਚਾਰ ਐਕਟਰਾਂ ਦਾ ਕੰਬੀਨੇਸ਼ਨ ਹੈ ਤਾਂ ਕਿਧਰੇ ਦੋ ਦਾ ਹੁੰਦਾ ਜਾਂ ਕਈ ਵਾਰੀ ਇਕੱਲੇ ਦੀ ਵੀ ਸ਼ੂਟਿੰਗ ਹੁੰਦੀ ਹੈ। ਇਹ ਸਾਰਾ ਨਿਰਭਰ ਹੁੰਦਾ ਹੈ ਕਿ ਕਹਾਣੀ ਦੇ ਕਿਸ ਹਿੱਸੇ ਦੇ ਸੀਨ ਦੀ ਸ਼ੂਟਿੰਗ ਹੋ ਰਹੀ ਹੈ।

ਇਸ ਤਰ੍ਹਾਂ ਜੇ ਕਿਸੇ ਫਿਲਮ ਦੀ ਸ਼ੂਟਿੰਗ ਵੇਲੇ, ਹੀਰੋਇਨ ਦੀ ਡੇਟ ਪ੍ਰੋਡਿਊਸਰ ਕੋਲ ਹੈ, ਬਾਕੀ ਦੇ ਐਕਟਰਾਂ ਦੀਆਂ ਵੀ ਉਸ ਕੋਲ ਡੇਟਸ ਹਨ ਪਰ ਹੀਰੋ ਦੀ ਡੇਟ ਨਹੀਂ ਹੈ ਤਾਂ ਫਿਰ ਸੈਕਟਰੀ ਮੇਰੇ ਵਰਗੇ ਪ੍ਰੋਡਿਊਸਰ ਦੀਆਂ ਡੇਟਸ ਝਟਕਾ ਕੇ ਉਸ ਨੂੰ ਦੇ ਦਿੰਦਾ ਹੈ, ਅੰਦਰੋਂ ਅੰਦਰੀ ਮਾਲ ਖਾ ਲੈਂਦਾ ਹੈ ਤੇ ਨਵਾਂ ਪ੍ਰੋਡਿਊਸਰ ਮੱਥੇ 'ਤੇ ਹੱਥ ਮਾਰ ਕੇ ਸ਼ੂਟਿੰਗ ਕੈਂਸਲ ਕਰਨ ਲਈ ਮਜਬੂਰ ਹੋ ਜਾਂਦਾ ਹੈ, ਨਵੀਆਂ ਡੇਟਸ ਲੈਣ ਲਈ ਸੈਕਟਰੀ ਦੇ ਤਰਲੇ ਕੱਢਦਾ ਹੈ, ਬੜਾ ਅਜੀਬੋ ਗਰੀਬ ਹੈ ਫਿਲਮ ਇੰਡਸਟਰੀ ਦਾ ਇਹ ਸਿਲਸਿਲਾ। ਏਨੇ ਸਾਲਾਂ ਬਾਅਦ ਜਦ ਮੈਂ ਪਿੱਛੇ ਮੁੜਕੇ ਵੇਖਦਾ ਹਾਂ, ਉਸ ਬੁਰੇ ਵਕਤ ਨੂੰ ਯਾਦ ਕਰਦਾ ਹਾਂ ਤਾਂ ਦਿਲ ਵਿਚ ਇਕ ਚੀਸ ਉੱਠਦੀ ਹੈ, ਕਿੰਨੇ ਦੁੱਖ ਦਿੱਤੇ ਸਨ ਇਸ ਸੈਕਟਰੀ ਮੁਕਲ ਅਗਰਵਾਲ ਨੇ ਮੈਨੂੰ।

ਲੰਡਨ ਤੋਂ ਬੰਬਈ ਜਾ ਕੇ ਮੈਂ ਘੱਟ ਤੋਂ ਘੱਟ ਦੋ ਹਫਤੇ ਤੇ ਕਈ ਵਾਰੀ ਪੰਜ ਛੇ ਹਫਤੇ ਵੀ ਰਹਿ ਆਂਦਾ ਸਾਂ। ਜੈਕੀ ਦੀਆਂ ਡੇਟਸ ਮੁਕਲ ਦੇ ਨਹੀਂ ਸੀ ਰਿਹਾ। ਕਿਸ ਤਰ੍ਹਾਂ ਉਹ ਮੈਨੂੰ 'ਟਾਰਚਰ' ਕਰ ਰਿਹਾ ਸੀ, ਕਿਸ ਤਰ੍ਹਾਂ ਉਸ ਮੈਨੂੰ ਪ੍ਰੋਡਿਊਸਰ ਤੋਂ ਭਿਖਾਰੀ ਬਣਾ ਦਿੱਤਾ ਸੀ, ਉਸਦੇ ਦਰ 'ਤੇ ਮੱਥਾ ਰਗੜਨ ਵਾਲਾ।

ਜਦੋਂ ਵੀ ਮੈਂ ਬੰਬਈ ਜਾ ਕੇ ਜੈਕੀ ਦੀਆਂ ਡੇਟਸ ਲੈਣ ਲਈ ਉਸ ਨੂੰ ਫੂਨ ਕਰਨਾ ਤਾਂ ਉਸ ਕੁਝ ਇਸ ਤਰ੍ਹਾਂ ਕਹਿਣਾ, ਮੈਂ ਅੱਜ ਤੇ ਕੱਲ੍ਹ ਬਿਜ਼ੀ ਹਾਂ, ਤੁਸੀਂ ਪਰਸੋਂ ਸ਼ਾਮ ਨੂੰ ਸੱਤ ਵਜੇ ਹਲੀਡੇ ਇਨ ਹੋਟਲ ਦੀ ਬਾਰ ਵਿਚ ਆ ਜਾਵੋ। ਅਸੀਂ ਛੇ ਵਜੇ ਜਾ ਕੇ ਹੀ ਬਾਰ ਵਿਚ ਬੈਠ ਜਾਣਾ ਤਾਂ ਕਿ ਉਹ ਸਾਨੂੰ ਨਾ ਵੇਖ ਕੇ ਪਹਿਲੇ ਹੀ ਨਾ ਨਿਕਲ ਜਾਵੇ। ਉਸ ਤਕਰੀਬਨ ਅੱਠ ਵਜੇ ਗਲ ਵਿਚ ਐਕਸਰਸਾਈਜ਼ ਵਾਲਾ ਬੈਗ ਲਟਕਾਈ ਜਿੱਮ ਵਿਚੋਂ ਨਿਕਲਣਾ, ਉਸ ਨੂੰ ਵੇਖ ਕੇ ਸਾਡੇ ਚਿਹਰੇ 'ਤੇ ਰੌਣਕ ਆ ਜਾਣੀ ਕਿ ਲਓ ਅੱਜ ਤੇ ਉਹ ਮਿਹਰਬਾਨੀ ਕਰਕੇ ਡੇਟਸ ਦੇ ਹੀ ਦੇਵੇਗਾ। ਉਸ ਅੰਦਰ ਆਉਣਾ, ਅਸੀਂ ਕੁਰਸੀਆਂ ਤੋਂ ਉੱਠ ਕੇ ਖੜ੍ਹੇ ਹੋ ਜਾਣਾ, ਡੇਟਸ ਵਾਲੀ ਡਾਇਰੀ ਦੀ ਇੰਤਜ਼ਾਰ ਵਿਚ ਪਰ ਉਸ ਕਾਹਲੀ ਕਾਹਲੀ ਦੋ ਮਿੰਟ ਵਿਚ ਹੀ ਇਹ ਕਹਿ ਕੇ ਤੁਰ ਜਾਣਾ, 'ਮੈਨੂੰ ਜ਼ਰੂਰੀ ਕੰਮ ਆ ਗਿਆ ਹੈ, ਯਸ਼ ਚੋਪੜਾ ਨੇ ਅਪਣੇ ਦਫਤਰ ਅੱਠ ਵਜੇ ਬੁਲਾਇਆ ਹੈ, ਉਸ ਤੋਂ ਬਾਅਦ ਕੱਲ੍ਹ ਨੂੰ ਸੁਭਾਸ਼ ਘਈ ਨਾਲ ਮੀਟਿੰਗ ਹੈ... ਤੁਸੀਂ ਇਸ ਤਰ੍ਹਾਂ ਕਰੋ ਕਿ ਪਰਸੋਂ ਸਵੇਰੇ ਦਸ ਵਜੇ ਮੇਰੇ ਦਫਤਰ ਵਿਚ ਆ ਜਾਵੋ।'

ਇਸ ਤਰ੍ਹਾਂ ਘਰ, ਦਫਤਰ, ਹੋਟਲ ਤੇ ਫਿਲਮ ਸਟੂਡੀਓ ਵਿਚ ਮਿਲਣ ਲਈ ਅਸੀਂ ਉਸਦੇ ਤਰਲੇ ਕੱਢਦੇ ਰਹਿਣਾ। ਫਿਲਮੀ ਦੁਨੀਆ ਦਾ ਇਹ ਰਿਵਾਜ਼ ਹੈ ਕਿ ਉੱਥੇ ਕਦੇ ਕਿਸੇ ਨੂੰ ਸਿੱਧੀ ਨਾਂਹ ਨਹੀਂ ਕੀਤੀ ਜਾਂਦੀ, ਜਿਸ ਦਾ ਕੰਮ ਨਾ ਕਰਨਾ ਹੋਵੇ ਬਸ ਉਸ ਨੂੰ ਟਰਕਾਇਆ ਜਾਂਦਾ ਹੈ, ਟਾਰਚਰ ਕੀਤਾ ਜਾਂਦਾ ਹੈ-ਏਨਾ ਟਾਰਚਰ ਕਿ ਇਕ ਦਿਨ ਬੰਦਾ ਕੰਧਾਂ ਵਿਚ ਸਿਰ ਮਾਰ ਕੇ ਅਪਣੀ ਜ਼ਮੀਰ ਦਾ ਖ਼ੂਨ ਕਰਵਾ ਕੇ ਆਪ ਹੀ ਪਿੱਛੇ ਹਟ ਜਾਂਦਾ ਹੈ।

ਮੁਕਲ ਕੋਲੋਂ ਡੇਟਸ ਲੈਣ ਲਈ ਮੈਂ ਕਈ ਦੂਸਰੇ ਲੋਕਾਂ ਦੀ ਉਸ ਕੋਲ ਸਿਫਾਰਸ਼ ਕਰਵਾਈ, ਉਸ ਹੂੰ ਹਾਂ ਕਰ ਦੇਣੀ। ਇਸ ਡੇਟਸ ਦੇ ਚੱਕਰ ਵਿਚ ਮੈਂ ਕਿਵੇਂ ਕਿਵੇਂ ਬੇਇਜ਼ਤ ਹੁੰਦਾ ਰਿਹਾ। ਇਹ ਯਾਦ ਕਰਕੇ ਮੇਰਾ ਖ਼ੂਨ ਉਬਾਲੇ ਖਾਣ ਲੱਗ ਜਾਣਾ, ਕਈ ਵਾਰੀ ਸੋਚਣਾ ਇਸਦੇ ਸਿਰ ਵਿਚ ਜਾ ਕੇ ਪੱਥਰ ਮਾਰਾਂ... ਇਸ ਦੀਆਂ ਜਾ ਕੇ ਲੱਤਾਂ ਵੱਢ ਆਵਾਂ।

ਇਕ ਵਾਰ ਮੈਂ ਲੰਡਨ ਵਿਚ ਸਾਂ, ਅਚਾਨਕ ਉਸਦਾ ਟੈਲੀਫੋਨ ਆਇਆ, ਮੈਂ ਸਮਝਿਆ ਕਿ ਸ਼ਾਇਦ ਕਿਸੇ ਹੋਰ ਫਿਲਮ ਦੀਆਂ ਡੇਟਸ ਕੈਂਸਲ ਹੋ ਗਈਆਂ ਹੋਣ ਤਾਂ ਉਸ ਮੈਨੂੰ ਇਹ ਡੇਟਸ ਵਰਤ ਲੈਣ ਲਈ ਫੂਨ ਕੀਤਾ ਹੋਵੇ, ਪਰ ਉਹ ਕਹਿਣ ਲੱਗਾ, 'ਸੱਗੂ ਸਾਹਿਬ ਪਰਸੋਂ ਸ਼ਾਮ ਦੇ ਛੇ ਵਜੇ ਬ੍ਰਿਟਿਸ਼ ਏਅਰਵੇਅਜ਼ ਦੀ ਫਲਾਈਟ ਰਾਹੀਂ ਜੈਕੀ ਦੀ ਵਾਈਫ ਆਇਸ਼ਾ ਤੇ ਡਿੰਪਲ ਕਪਾਡੀਆ ਦੀ ਭੈਣ ਸਿੰਪਲ ਕਪਾਡੀਆ ਪਹੁੰਚ ਰਹੀਆਂ ਹਨ। ਉਹਨਾਂ ਨੂੰ ਏਅਰਪੋਰਟ ਤੋਂ ਲੈ ਕੇ ਦਿੱਤੇ ਐਡਰੈਸ 'ਤੇ ਛੱਡ ਆਉਣਾ ਤੇ ਹਾਂ ਜੇ ਉਹਨਾਂ ਨੂੰ ਦੋ ਤਿੰਨ ਦਿਨਾਂ ਲਈ ਸ਼ਾਪਿੰਗ ਕਰਨ ਵਾਸਤੇ ਕਾਰ ਦੀ ਜ਼ਰੂਰਤ ਹੋਵੇ ਤਾਂ ਇੰਤਜ਼ਾਮ ਕਰ ਦੇਣਾ। ਹਾਂ ਸੱਚ ਸ਼ੂਟਿੰਗ ਦੀਆਂ ਡੇਟਸ ਮੈਂ ਕੱਲ੍ਹ ਨੂੰ ਗੁਰਿੰਦਰ ਨੂੰ ਦੇ ਰਿਹਾ ਹਾਂ, ਤੁਸੀਂ ਆਹ ਜ਼ਰਾ ਖ਼ਿਆਲ ਕਰ ਲੈਣਾ।

ਹੁਕਮ ਅਦੂਲੀ ਕਰਦਾ ਹੋਇਆ ਮੈਂ ਦੂਸਰੇ ਦਿਨ ਅਪਣੀ ਮਰਸਡੀਜ਼ ਕਾਰ ਧੋ ਧੋ ਕੇ ਪਾਲਿਸ਼ ਕੀਤੀ, ਚਮਕਾਈ ਤੇ ਤੀਸਰੇ ਦਿਨ ਫਲਾਈਟ ਦੇ ਪਹੁੰਚਣ ਤੋਂ ਅੱਧਾ ਘੰਟਾ ਪਹਿਲਾਂ ਹੀ ਏਅਰਪੋਰਟ 'ਤੇ ਪਹੁੰਚ ਗਿਆ।

ਇੰਤਜ਼ਾਰ ਕਰਦਿਆਂ ਸੱਤ ਵੱਜ ਗਏ, ਫਿਰ ਅੱਠ ਤੇ ਫਿਰ ਜਦ ਨੌਂ ਵੱਜਣ ਵਾਲੇ ਹੋ ਗਏ ਤਾਂ ਮੈਂ ਬੜਾ ਬੇਚੈਨ ਹੋ ਗਿਆ ਸਾਂ, ਕਿਧਰੇ ਮੇਰੇ ਬਾਥਰੂਮ ਵਿਚ ਜਾਣ ਵੇਲੇ ਉਹ ਨਿਕਲ ਹੀ ਗਈਆਂ ਹੋਣ ਜਾਂ ਅੰਦਰ ਕਿਧਰੇ ਕੋਈ ਹੋਰ ਪ੍ਰੌਬਲਮ ਨਾ ਪੈ ਗਈ ਹੋਵੇ। ਪ੍ਰੇਸ਼ਾਨ ਹੋਇਆ ਮੈਂ ਕਿਸੇ ਤਰ੍ਹਾਂ ਉਸ ਨਾਲ ਬੰਬਈ ਟੈਲੀਫੂਨ ਮਿਲਾਇਆ ਤਾਂ ਕਿ ਪਤਾ ਕਰ ਸਕਾਂ ਕਿ ਕੀ ਗੱਲ ਹੋਈ ਹੈ। ਉਹ ਨੀਂਦ ਦੇ ਨਸ਼ੇ ਵਿਚੋਂ ਉੱਠ ਕੇ ਕਹਿਣ ਲੱਗਾ, ''ਉਹ ਸੌਰੀ ਸੱਗੂ ਸਾਹਿਬ, ਮੈਂ ਤੁਹਾਨੂੰ ਦੱਸਣਾ ਭੁੱਲ ਗਿਆ ਕਿ ਉਹਨਾਂ ਦੇ ਆਉਣ ਦਾ ਪ੍ਰੋਗਰਾਮ ਕੈਂਸਲ ਹੋ ਗਿਆ ਸੀ... ਅੱਛਾ ਫਿਰ ਸਵੇਰ ਨੂੰ ਗੱਲ ਕਰਾਂਗੇ।'' ਇਹ ਕਹਿ ਕੇ ਉਸ ਫੂਨ ਬੰਦ ਕਰ ਦਿੱਤਾ, ਮੇਰਾ ਸਿਰ ਚਕਰਾ ਗਿਆ ਕਿ ਇਸ ਬੰਦੇ ਨੂੰ ਏਨੀ ਅਕਲ ਨਹੀਂ ਕਿ ਵਕਤ ਸਿਰ ਮੈਨੂੰ ਇਹ ਦੱਸ ਸਕੇ, ਦੋ ਘੰਟੇ ਮੈਨੂੰ ਘਰੋਂ ਆਉਣ ਨੂੰ ਲੱਗੇ ਸਨ, ਤਿੰਨ ਘੰਟੇ ਮੈਂ ਏਅਰਪੋਰਟ 'ਤੇ ਇੰਤਜ਼ਾਰ ਕੀਤੀ ਸੀ ਤੇ ਇਹ ਹਰਾਮੀ ਆਰਾਮ ਨਾਲ ਸੌਂ ਰਿਹਾ ਸੀ... ਬਾਸਟਡ

ਮੇਰੀ ਖਾਲੀ ਚਮਕ ਰਹੀ ਠੰਡੀ ਮਰਸਡੀਜ਼ ਕਾਰ ਮੋਟਰਵੇਅ ਰਾਹੀਂ ਵਾਪਿਸ ਘਰ ਆ ਰਹੀ ਸੀ... ਸੌ ਮੀਲ ਘੰਟੇ ਦੀ ਰਫਤਾਰ ਨਾਲ ਉਸਦੇ ਟਾਇਰ ਘੁੰਮ ਰਹੇ ਸਨ... ਗਰਮ ਅੱਗ ਵਾਂਗ ਤਪਦੇ ਟਾਇਰ ਤੇ ਇਧਰੋਂ ਮੇਰੇ ਅੰਦਰ ਅੱਗ ਦੇ ਭਾਂਬੜ ਮਚ ਰਹੇ ਸਨ। ਮੈਂ ਕਾਰ ਦੇ ਚਾਰੇ ਸ਼ੀਸ਼ੇ ਥੱਲੇ ਕਰ ਲੈਂਦਾ ਹਾਂ, ਬਾਹਰੋਂ ਠੰਡੀ ਹਵਾ ਆ ਕੇ ਅੰਦਰ ਘੁੰਮਣ ਲੱਗਦੀ ਹੈ... ਮੈਂ ਅਪਣੇ ਆਪ ਨੂੰ ਇਸ ਠੰਡੀ ਹਵਾ ਵਾਂਗ ਸ਼ਾਂਤ ਕਰਨ ਦੀ ਕੋਸ਼ਿਸ਼ ਕਰਦਾ ਹਾਂ... ਰੇਡੀਓ 'ਤੇ ਚੱਲ ਰਹੇ ਗਾਣੇ ਦਾ ਵਾਲੀਅਮ ਫੁੱਲ ਸਪੀਡ 'ਤੇ ਕਰਦਾ ਹਾਂ... ਗਾਣਾ ਚੱਲ ਰਿਹਾ ਹੈ....

ਕਬੂਤਰ ਜਾ ਜਾ ਜਾ ਜਾ... ਕਬੂਤਰ ਜਾ....

(ਚਲਦਾ)

# ਹਿੰਦ ਉਪਮਹਾਂਦੀਪ ਦੇ ਮਹਾਨ ਗਾਇਕ ਦਾ ਚਲਾਣਾ

ਭਾਰਤੀ ਉਪਮਹਾਂਦੀਪ ਦੇ ਮਹਾਨ ਗਾਇਕ ਮਹਿਦੀ ਹਸਨ ਦੇ ਸਦੀਵੀਂ ਵਿਛੋੜੇ ਦੀ ਖ਼ਬਰ ਨਾਲ ਦੁਨੀਆ ਭਰ ਦੇ ਗੀਤ-ਸੰਗੀਤ ਪ੍ਰੇਮੀਆਂ ਵਿਚ ਸੋਗ ਦੀ ਲਹਿਰ ਦੌੜ ਗਈ। ਅਜਿਹਾ ਸੋਗ ਜਿਹੜਾ ਕਿਸੇ ਵੱਡੀ ਸਖਸ਼ੀਅਤ ਦੇ ਤੁਰ ਜਾਣ ’ਤੇ ਧੁਰ ਦਿਲ ਦੀਆਂ ਗਹਿਰਾਈਆਂ ਵਿਚ ਮਹਿਸੂਸ ਹੁੰਦਾ ਹੈ। ਮਹਿਦੀ ਹਸਨ ਦੀ ਆਵਾਜ਼ ਵਿਚ ਜਾਦੂ ਹੈ। ਸੁਣਨ ਵਾਲਾ ਉਸ ਨੂੰ ਆਪਣੇ ਕੰਨਾਂ ਨਾਲ ਨਹੀਂ ਸਗੋਂ ਪੂਰੇ ਵਜੂਦ ਨਾਲ ਸੁਣਦਾ ਹੈ। ਉਰਦੂ ਗ਼ਜ਼ਲ ਦੀ ਸੁਹੱਪਣ ਨੂੰ ਆਪਣੀ ਮਿਕਨਾਤੀਸੀ ਆਵਾਜ਼ ਨਾਲ ਮਹਿਦੀ ਹਸਨ ਨੇ ਕੇਵਲ ਸਾਕਾਰ ਹੀ ਨਹੀਂ ਕੀਤਾ ਸਗੋਂ ਬੁਲੰਦੀ ’ਤੇ ਪਹੁੰਚਾ ਦਿੱਤਾ, ਜਿਸ ਨੂੰ ਅਸੀਂ ਲੋਕ ਮੁਹਾਵਰੇ ਵਿਚ ਚਾਰ ਚੰਨ ਲਗਾ ਦਿੱਤੇ ਵੀ ਕਹਿ ਸਕਦੇ ਹਾਂ। ਉਸ ਦੀ ਗਾਈ ਹਰ ਗ਼ਜ਼ਲ ਮੀਲ ਦਾ ਪੱਥਰ ਸਾਬਤ ਹੋਈ। ਹਰ ਗ਼ਜ਼ਲ ਸੁਣ ਕੇ ਇੰਝ ਪ੍ਰਤੀਤ ਹੁੰਦਾ ਰਿਹਾ ਹੈ ਕਿ ਇਸ ਨੂੰ ਮਹਿਦੀ ਹਸਨ ਤੋਂ ਜ਼ਿਆਦਾ ਖੂਬਸੂਰਤੀ ਨਾਲ ਹੋਰ ਕੋਈ ਫ਼ਨਕਾਰ ਗਾ ਹੀ ਨਹੀਂ ਸਕਦਾ ਸੀ। ਮਹਿਦੀ ਹਸਨ ਦੀ ਆਵਾਜ਼ ਦਾ ਪ੍ਰਭਾਵ ਵੀ ਵੱਖਰਾ ਹੀ ਤਰ੍ਹਾਂ ਦਾ ਹੈ, ਉਸ ਦੀ ਆਵਾਜ਼ ਇੰਝ ਜਾਪਦੀ ਹੈ ਜਿਵੇਂ ਕੋਈ ਗ਼ੈਬੀ ਆਵਾਜ਼ ਹੋਵੇ, ਕਿਸੇ ਫਰਿਸ਼ਤੇ ਦੀ ਆਵਾਜ਼, ਸ਼ਾਇਦ ਇਸੇ ਪ੍ਰਭਾਵ ਕਾਰਨ ਹੀ ਲਤਾ ਮੰਗੇਸ਼ਕਰ ਨੇ ਮਹਿਦੀ ਹਸਨ ਦੀ ਆਵਾਜ਼ ਨੂੰ ‘ਰੱਬ ਦੀ ਆਵਾਜ਼’ ਕਹਿ ਕੇ ਨਿਵਾਜਿਆ ਸੀ। ਮਨ ਦੀ ਗਹਿਰਾਈ ਵਿਚੋਂ ਨਿਕਲੀ ਆਵਾਜ਼ ਸ਼ਾਇਦ ਰੱਬ ਦੀ ਆਵਾਜ਼ ਹੀ ਹੁੰਦੀ ਹੈ। ਮਹਿਦੀ ਹਸਨ ਨੇ ਤਮਾਮ ਉਮਰ ਇਸੇ ਆਵਾਜ਼ ਨਾਲ ਹੀ ਗਾਇਆ ਤੇ ਜਿਹੜੇ ਅਲਫਾਜ਼ ਉਸ ਦੀ ਆਵਾਜ਼ ਨੇ ਛੋਹੇ ਉਹ ਅਮਰ ਹੋ ਗਏ।

ਨਿਰਸੰਦੇਹ ਮਹਿਦੀ ਹਸਨ ਨੇ ਉਰਦੂ ਗ਼ਜ਼ਲ ਨੂੰ ਹਰਮਨ ਪਿਆਰਾ ਬਣਾਉਣ ਵਿਚ ਬਹੁਤ ਵੱਡੀ ਭੂਮਿਕਾ ਨਿਭਾਈ, ਪਰ ਉਸ ਨੇ ਹਲਕੀ ਉਰਦੂ ਸ਼ਾਇਰੀ ਗਾਉਣ ਤੋਂ ਹਮੇਸ਼ਾ ਗੁਰੇਜ਼ ਕੀਤਾ। ਉਸ ਨੇ ਉਰਦੂ ਦੇ ਉਨ੍ਹਾਂ ਸ਼ਾਇਰਾਂ ਦੀ ਸ਼ਾਇਰੀ ਚੁਣੀ ਜਿਹੜੀ ਰਵਾਇਤੀ ਤੇ ਆਧੁਨਿਕ ਕਲਾਸਿਕ ਸ਼ਾਇਰੀ ਦਾ ਦਰਜਾ ਰੱਖਦੀ ਹੈ, ਅਰਥਾਤ ਉਸ ਨੇ ਸ਼ਾਇਰੀ ਦੇ ਉਚੇ ਮਿਆਰ ਨੂੰ ਸਦਾ ਤਰਜੀਹ ਦਿੱਤੀ, ਵਕਤੀ ਵਾਹ-ਵਾਹ ਲਈ ਉਸ ਨੇ ਉਹ ਸ਼ਾਇਰੀ ਕਦੇ ਨਹੀਂ ਚੁਣੀ ਜਿਹੜੀ ਹਕਲੇ ਸੁਹਜ ਸੁਆਦ ਦਾ ਪ੍ਰਭਾਵ ਦਿੰਦੀ ਹੋਵੇ। ਇਸੇ ਕਰਕੇ ਜਿਥੇ ਉਸ ਨੇ ਉਰਦੂ ਗ਼ਜ਼ਲ ਦੀਆਂ ਮੁਢਲੀਆਂ ਪੀੜ੍ਹੀਆਂ ਦੀ ਸ਼ਾਇਰੀ ਨੂੰ ਬਹੁਤ ਡੁੱਬ ਕੇ ਗਾਇਆ ਉਥੇ ਆਧੁਨਿਕ ਸ਼ਾਇਰਾਂ ਦਾ ਕਲਾਮ ਵੀ ਬੜੀ ਸ਼ਿੱਦਤ ਨਾਲ ਸੁਰਬੱਧ ਕੀਤਾ। ਫ਼ੈਜ਼ ਅਹਿਮਦ ਫ਼ੈਜ਼ ਤੇ ਅਹਿਮਦ ਫਰਾਜ਼ ਦੇ ਪੱਧਰ ਦੀ ਸ਼ਾਇਰੀ ਦਾ ਮਹਿਦੀ ਹਸਨ ਦੀ ਆਵਾਜ਼ ਨਾਲ ਅਜਿਹਾ ਜੋੜ ਬੈਠਿਆ ਕਿ ਇਸ ਜੋੜ ਦਾ ਜਾਦੂ ਪੰਜ ਦਹਾਕਿਆਂ ਤੋਂ ਵੀ ਵੱਧ ਸਮੇਂ ਤੋਂ ਸੰਗੀਤ ਪ੍ਰੇਮੀਆਂ ਦੇ ਸਿਰ ਚੜ੍ਹ ਕੇ ਬੋਲ ਰਿਹਾ ਹੈ। ਉਰਦੂ ਸ਼ਾਇਰੀ ਦੇ ਇਹ ਨਾਮ ਮਹਿਦੀ ਹਸਨ ਦੀ ਗਾਇਦੀ ਦਾ ਅਨਿੱਖੜ ਅੰਗ ਬਣੇ ਹੋਏ ਹਨ ਤੇ ਆਲਮ ਇਹ ਹੈ ਕਿ ਸਰੋਤਾ ਇਕੋ ਸਮੇਂ ਗਾਇਕੀ ਨੂੰ ਵੀ ਮਾਣਦਾ ਹੈ ਤੇ ਸ਼ਾਇਰ ਦੀ ਪ੍ਰਤਿਭਾ ਉਪਰ ਵੀ ਅਸ਼-ਅਸ਼ ਕਰ ਉਠਦਾ ਹੈ।



ਮਹਿਦੀ ਹਸਨ ਦਾ ਜਨਮ 18 ਅਗਸਤ 1927 ਵਿਚ ਰਾਜਸਥਾਨ ਸੂਬੇ ਦੇ ਝੁਨਝੁੰਨੂ ਜ਼ਿਲ੍ਹੇ ਦੇ ਲੂਣਾ ਪਿੰਡ ਵਿਚ ਹੋਇਆ। ਇਸ ਰੇਤਲੇ ਵਾਤਾਵਰਣ ਨੇ ਜਿਪਸੀ ਲੋਕ ਸਭਿਆਚਾਰ ਨੂੰ ਵਿਕਸਿਤ ਕੀਤਾ ਹੈ। ਗੀਤ-ਸੰਗੀਤ ਇਸ ਸਭਿਆਚਾਰ ਦਾ ਅਭਿੰਨ ਅੰਗ ਹੈ। ਦੇਸ਼ ਵੰਡ ਸਮੇਂ ਮਹਿਦੀ ਹਸਨ ਦਾ ਪਰਿਵਾਰ ਪਾਕਿਸਤਾਨ ਚਲਾ ਗਿਆ। ਇਨ੍ਹਾਂ ਦਾ ਪਰਿਵਾਰ ਪੀੜ੍ਹੀਆਂ ਤੋਂ ਸੰਗੀਤ ਨਾਲ ਤਅਲੁਕ ਰੱਖਦਾ ਸੀ ਤੇ ਪੱਕੇ ਰਾਗਾਂ ਵਿਚ ਮੁਹਾਰਤ ਰੱਖਦਾ ਸੀ। ਮਹਿਦੀ ਹਸਨ ਨੇ ਆਪਣੀ ਪਰਿਵਾਰਕ ਸੰਗੀਤ ਪ੍ਰਥਾ ਤੋਂ ਥੋੜ੍ਹਾ ਵਿਥ ਸਥਾਪਤ ਕਰ ਲਈ ਤੇ ਗ਼ਜ਼ਲ ਗਾਇਨ ਵੱਲ ਮੂੰਹ ਕਰ ਲਿਆ। ਮਹਿਦੀ ਹਸਨ ਨੇ ਆਪਣੇ ਪਿਤਾ ਅੰਜੀਮ ਖਾਨ, ਚਾਚਾ ਇਸਮਾਇਲ ਖਾਨ ਅਤੇ ਉਸਤਾਦ ਬਰਕਤ ਅਲੀ ਖਾਨ ਪਾਸੋਂ ਸੰਗੀਤ ਦੀ ਬਕਾਇਦਾ ਤਾਲੀਮ ਹਾਸਲ ਕੀਤੀ। ਮਹਿਦੀ ਹਸਨ ਨੇ ਆਪਣੀ ਗਾਇਕੀ ਦੇ ਸਫ਼ਰ ਦਾ ਆਗਾਜ਼ 1957 ਵਿਚ ਰੇਡੀਓ ਪਾਕਿਸਤਾਨ ਤੋਂ ਠੁਮਰੀ ਪੇਸ਼ ਕਰ ਕੇ ਕੀਤਾ। ਉਸ ਤੋਂ ਮਗਰੋਂ ਜੈਡ.ਏ ਬੁਖਾਰੀ ਤੇ ਰਫੀਕ ਅਨਵਰ ਦੀ ਪ੍ਰੇਰਣਾ ਨਾਲ ਗ਼ਜ਼ਲ ਛੇੜ ਲਈ ਤੇ ਇਹ ਸਿਲਸਿਲਾ ਕੁਝ ਇਸ ਪ੍ਰਕਾਰ ਚੱਲਿਆ ਕਿ ਛੇਤੀ ਹੀ ਗ਼ਜ਼ਲ ਗਾਇਨ ਦਾ ਬੇਤਾਜ਼ ਬਾਦਸ਼ਾਹ ਹੋ ਨਿਬੜਿਆ। ਸੁਰਾਂ ਦਾ ਇਹ ਬੇਜੋੜ ਜਾਦੂਗਰ ਜੀਵਨ ਦੇ ਕਠੋਰ ਸੰਘਰਸ਼ ਵਿਚੋਂ ਵੀ ਗੁਜ਼ਰਿਆ। ਦੇਸ਼ ਵੰਡ ਸਮੇਂ ਉਸ ਨੂੰ ਆਪਣੀ ਗੁਜ਼ਰ ਬਸਰ ਲਈ ਸਾਈਕਲਾਂ ਦੀ ਦੁਕਾਨ ’ਤੇ ਮਕੈਨਿਕ ਦਾ ਕੰਮ ਵੀ ਕਰਨਾ ਪਿਆ। ਸੰਘਰਸ਼ ਹੀ ਸ਼ਾਇਦ ਮਨੁੱਖ ਨੂੰ ਜ਼ਿੰਦਗੀ ਨਾਲ ਪ੍ਰੇਮ ਕਰਨਾ ਸਿਖਾਉਂਦਾ ਹੈ। ਮਹਿਦੀ ਹਸਨ ਵੀ ਜ਼ਿੰਦਗੀ ਦਾ ਆਸ਼ਕ ਸੀ। ਫ਼ੈਜ਼ ਤੇ ਫਰਾਜ਼ ਦੀ ਸ਼ਾਇਰੀ ਦਾ ਦੀਵਾਨਾ। ਫ਼ੈਜ਼ ਦੀ ਗ਼ਜ਼ਲ ‘ਗੁਲੋਂ ਮੇਂ ਰੰਗ ਭਰੇ, ਬਾਗੋ ਨੌ-ਬਾਹਾਰ ਚਲੇ/ਚਲੇ ਭੀ ਆਓ ਕਿ ਗੁਲਸ਼ਨ ਕਾ ਕਾਰੋਬਾਰ ਚਲੇ’ ਨੂੰ ਜਿਸ ਪੁਰਸੋਜ਼ ਆਵਾਜ਼ ਤੇ ਪੁਰਕਸ਼ਿਸ਼ ਅੰਦਾਜ਼ ਵਿਚ ਮਹਿਦੀ ਹਸਨ ਨੇ ਗਾਇਆ, ਸ਼ਾਇਦ ਹੀ ਕੋਈ ਗਾਇਕ ਇਸ ਤਰ੍ਹਾਂ ਗਾ ਸਕਿਆ ਹੋਵੇ।

ਵੱਡੇ ਸ਼ਾਇਰਾਂ ਦੀ ਮਸ਼ਹੂਰ ਸ਼ਾਇਰੀ ਮਹਿਦੀ ਹਸਨ ਦੇ ਨਾਂ ਨਾਲ ਇਸ ਤਰ੍ਹਾਂ ਜੁੜ ਗਈ ਸੀ ਕਿ ਫ਼ੈਜ਼ ਅਹਿਮਦ ਫ਼ੈਜ਼ ਨੇ ਕਿਹਾ ਕਿ ਇਕ ਵਾਰ ਇਕ ਮਹਿਫ਼ਲ ਵਿਚ ਸਰੋਤਿਆਂ ਨੇ ਉਸ ਨੂੰ ‘ਮਹਿਦੀ ਹਸਨ ਦੀ ਗ਼ਜ਼ਲ’ ਸੁਣਾਉਣ ਦੀ ਫਰਮਾਇਸ਼ ਕੀਤੀ। ਮਹਿਦੀ ਹਸਨ ਦੀ ਗਾਇਕੀ ਦੀ ਫ਼ੈਜ਼ ਦੀ ਸ਼ਾਇਰੀ ਉਪਰ ਇਸ ਕਦਰ ਛਾਪ ਪਈ ਕਿ ਸ਼ਾਇਰ ਦੀ ਗ਼ਜ਼ਲ ਗਾਇਕ ਦੀ ਗ਼ਜ਼ਲ ਵਜੋਂ ਪਛਾਣੀ ਜਾਣ ਲੱਗੀ। ਅਜਿਹਾ ਸੀ ਮਹਿਦੀ ਹਸਨ ਦੀ ਆਵਾਜ਼ ਦਾ ਜਾਦੂ।

ਮਹਿਦੀ ਹਸਨ ਦੀ ਗ਼ਜ਼ਲ ਗਾਇਨ ਦੇ ਖੇਤਰ ਵਿਚ ਨਿਵੇਕਲੀ ਪਛਾਣ ਉਸ ਦੀ ਮੁਲਾਇਮ ਆਵਾਜ਼ ਨੇ ਵੀ ਬਣਾਈ ਤੇ ਸ਼ਾਇਰੀ ਵਿਚ ਆਪਣੇ ਆਪ ਨੂੰ ਅਭੇਦ ਕਰ ਲੈਣ ਦੀ ਉਸ ਦੀ ਬਿਰਤੀ ਨੇ ਵੀ। ਉਂਝ ਤਾਂ ਗ਼ਜ਼ਲ ਨੂੰ ਹੋਰ ਵੀ ਬਹੁਤ ਸਾਰੇ ਗਾਇਕ ਖੂਬਸੂਰਤੀ ਨਾਲ ਗਾਉਂਦੇ ਹਨ, ਪਰ ਮਹਿਦੀ ਹਸਨ ਦਾ ਗ਼ਜ਼ਲ ਲਈ ਜਨੂੰਨ ਜ਼ਰਾ ਵੱਖਰਾ ਹੀ ਸੀ, ਜਿਵੇਂ ਉਸ ਦੀ ਇਕ ਮਸ਼ਹੂਰ ਪੇਸ਼ਕਾਰੀ ਹੈ, ‘ਜ਼ਿੰਦਗੀ ਮੇਂ ਤੋ ਸਭੀ ਪਿਆਰ ਕੀਆ ਕਰਤੇ ਹੈਂ, ਮੈਂ ਤੋ ਮਰ ਕਰ ਭੀ ਮੇਰੀ ਜਾਨ ਤੁਝੇ ਚਾਹੂੰਗਾ।’ ਇਵੇਂ ਗ਼ਜ਼ਲ ਪ੍ਰਤੀ ਵੀ ਮਹਿਦੀ ਹਸਨ ਦੀ ਪਹੁੰਚ ਜ਼ਰਾ ਵੱਖਰੀ ਹੀ ਸੀ। ਉਸ ਦੇ ਆਪਣੇ ਸ਼ਬਦਾਂ ਵਿਚ ਉਸ ਨੇ ਫ਼ੈਜ਼ ਤੇ ਫਰਾਜ਼ ਨੂੰ ‘ਮਨ’ ਨਾਲ ਗਾਇਆ ਹੈ, ਮਨ ਨਾਲ ਗਾਉਣਾ ਆਵਾਜ਼ ਨੂੰ ਵੱਖਰਾ ਹੀ ਪ੍ਰਭਾਵ ਬਖਸ਼ ਦਿੰਦਾ ਹੈ।

- ਅਬ ਕੇ ਹਮ ਬਿਛੜੇ ਤੋ ਸ਼ਾਇਦ ਖੁਆਬੋਂ ਮੇਂ ਮਿਲੇਂ
ਜਿਸ ਤਰਹ ਸੂਖੇ ਹੂਏ ਫੂਲ ਕਿਤਾਬੋਂ ਮੇਂ ਮਿਲੇਂ
- ਰੰਜਿਸ਼ੇ ਹੀ ਸਹੀ ਦਿਲ ਹੀ ਦੁਖਾਨੇ ਕੇ ਲੀਏ ਆ।
ਆ, ਫਿਰ ਸੇ ਮੁਝੇ ਛੋੜ ਕਰ ਜਾਨੇ ਕੇ ਲੀਏ ਆ।

ਦਿਲੋ ਦਿਮਾਗ ’ਤੇ ਛਾ ਜਾਣ ਵਾਲੀ ਸ਼ਾਇਰੀ ਤੇ ਮਹਿਦੀ ਹਸਨ ਦੀ ਲਰਜ਼ਦੀ ਆਵਾਜ਼ ਦਾ ਅਨੂਠਾ ਸੰਗਮ ਵਿਪਰੀਤ ਪ੍ਰਸਥਿਤੀਆਂ ਵਿਚ ਵੀ ਗ਼ਜ਼ਲ ਦੀ ਮਕਬੂਲੀਅਤ ਦਾ ਸਬੱਬ ਬਣ ਗਿਆ। ਗ਼ਜ਼ਲ ਵਰਗੀ ਸਿਨਫ਼ ਦੇ ਗਾਇਕ ਦਾ ਇਸ ਪੱਖੋਂ ਚਿੰਤਤ ਹੋਣਾ ਸੁਭਾਵਿਕ ਹੈ ਕਿ ਵਰਤਮਾਨ ਪੌਪ ਮਿਊਜ਼ਕ-ਕਲਚਰ ਸੰਜੀਦਾ ਗਾਇਕੀ ਦੇ ਪੱਖ ਵਿਚ ਨਹੀਂ ਫਿਰ ਵੀ ਉਸ ਨੇ ਗ਼ਜ਼ਲ ਨੂੰ ਆਮ ਸਰੋਤੇ ਤੱਕ ਪਹੁੰਚਾਇਆ ਤੇ ਲੋਕਾਂ ਨੇ ਵੀ ਉਸ ਨੂੰ ਉਸ ਦੀ ਗਾਇਕੀ ਤੇ ਸਖਸ਼ੀਅਤ ਲਈ ਰੱਜਵਾਂ ਪਿਆਰ ਸਤਿਕਾਰ ਦਿੱਤਾ। ਪੌਪ ਦੌਰ ਵਿਚ ਵੀ ਮਹਿਦੀ ਹਸਨ ਨੇ ਗ਼ਜ਼ਲ ਦੇ ਦਮਖ਼ਮ ਨੂੰ ਕਾਇਮ ਰੱਖਿਆ। ਫਿਲਮਾਂ ਲਈ ਕੀਤਾ ਮਹਿਦੀ ਹਸਨ ਦਾ ਗਾਇਨ ਵੀ ਉਸ ਦੇ ਗ਼ਜ਼ਲ ਗਾਇਨ ਤੋਂ ਵੱਖਰਾ ਨਹੀਂ। ਇਸ ਦੀ ਆਪਣੀ ਨਿਵੇਕਲੀ ਪਛਾਣ ਹੈ, ਇਸ ਦਾ ਹੁਸਨ ਵੀ ਬਸ ਦੇਖਣਾ ਹੀ ਬਣਦਾ ਹੈ। ਦਰਅਸਲ ਮਹਿਦੀ ਹਸਨ ਦਾ ਕੋਈ ਤੋੜ ਹੀ ਨਹੀਂ ਹੈ। ਉਸ ਦਾ ਇਹ ਕਥਨ ਕਿ ਫ਼ੈਜ਼ ਤੇ ਫਰਾਜ਼ ਨਿੱਤ-ਨਿੱਤ ਨਹੀਂ ਜੰਮਦੇ, ਖੁਦ ਉਸ ਦੇ ਆਪਣੇ ਉਪਰ ਵੀ ਲਾਗੂ ਹੁੰਦਾ ਹੈ, ਮਹਿਦੀ ਹਸਨ ਜਿਹਾ ਕੋਈ ਹੋਰ ਨਹੀਂ ਹੋਣਾ।



ਪ੍ਰੋ. ਨਵੀਨ ਰਮਨ
+91-98785-31166
naveen.mlp@gmail.com

ਹਿੰਦ ਉਪਮਹਾਂਦੀਪ ਦੀ ਗਾਇਕੀ ਨੂੰ ਬੁਲੰਦੀਆਂ ’ਤੇ ਪਹੁੰਚਾਉਣ ਵਾਲਾ ਮਹਿਦੀ ਹਸਨ ਪਿਛਲੇ ਬਾਰਾਂ ਵਰ੍ਹਿਆਂ ਤੋਂ ਗਲੇ ਦੇ ਕੈਂਸਰ ਨਾਲ ਜੂਝ ਰਿਹਾ ਸੀ। ਕਰਾਚੀ ਦੇ ਹਸਪਤਾਲ ਵਿਚੋਂ ਉਸ ਦੇ ਆਖਰੀ ਸਾਹ ਲੈਣ ਦੀ ਖ਼ਬਰ ਆਈ ਤਾਂ ਸੰਗੀਤ ਪ੍ਰੇਮੀਆਂ ਦਾ ਸਿਰ ਇਸ ਮਹਾਨ ਫ਼ਨਕਾਰ ਦੀ ਯਾਦ ਵਿਚ ਝੁਕ ਗਿਆ। ਮਹਿਦੀ ਹਸਨ ਨੂੰ ਦੁਨੀਆ ਭਰ ਵਿਚ ਸ਼ਰਧਾਂਜਲੀਆਂ ਭੇਂਟ ਕੀਤੀਆਂ ਗਈਆਂ। ਭਾਰਤੀ ਉਪਮਹਾਂਦੀਪ ਦੇ ਸਾਰੇ ਪ੍ਰਮੁੱਖ ਦੇਸ਼ਾਂ ਵੱਲੋਂ ਮਹਿਦੀ ਹਸਨ ਨੂੰ ਆਪਣੇ ਰਾਸ਼ਟਰੀ ਪੁਰਸਕਾਰਾਂ ਨਾਲ ਨਿਵਾਜਿਆ ਜਾ ਚੁੱਕਾ ਹੈ। ਮਹਿਦੀ ਹਸਨ ਸਹੀ ਅਰਥਾਂ ਵਿਚ ਮੁਹੱਬਤ, ਭਾਈਚਾਰੇ ਅਤੇ ਦੋਸਤੀ ਦਾ ਪੈਗ਼ਾਮ ਦੇਣ ਵਾਲਾ ਅਮਰ ਗਾਇਕ ਸੀ। ਉਸ ਦੀ ਗਾਇਕੀ ਦੇ ਸਨਮੁੱਖ ਸਰਹੱਦਾਂ ਬੌਣੀਆਂ ਹੋ ਗਈਆਂ। ਉਸ ਦੀ ਸੁਰੀਲੀ ਗਾਇਕੀ ਦੀ ਸੁਗੰਧ ਰਹਿੰਦੀ ਦੁਨੀਆ ਤੱਕ ਸਾਡੇ ਖਿੱਤੇ ਦੀਆਂ ਹਵਾਵਾਂ ਵਿਚ ਮਹਿਕਦੀ ਰਹੇਗੀ। ਮਹਿਦੀ ਹਸਨ ਦੀਆਂ ਗਾਈਆਂ ਇਹ ਗ਼ਜ਼ਲਾਂ ਤਾਂ ਇਉਂ ਜਾਪਦਾ ਹੈ ਜਿਵੇਂ ਵਿਰਾਸਤੀ ਦਰਜਾ ਹੀ ਹਾਸਲ ਕਰ ਗਈਆਂ ਹੋਣ। ਇਨ੍ਹਾਂ ਗ਼ਜ਼ਲਾਂ ਦੇ ਗਾਇਨ ਵਿਚ ਉਸ ਦੀ ਪੁਰਖਲੂਸ ਆਵਾਜ਼ ਨੇ ਇਕ ਵਿਸ਼ੇਸ਼ ਖਿੱਚ ਪੈਦਾ ਕਰ ਦਿੱਤੀ ਹੈ:

- ਯੇ ਧੂਆਂ ਕਹਾਂ ਸੇ ਉਠਤਾ ਹੈ...
- ਮੁਹੱਬਤ ਕਰਨੇ ਵਾਲੇ ਕਮ ਨਾ ਹੋਂਗੇ...
- ਜਬ ਉਸ ਜ਼ੁਲਫ਼ ਕੀ ਬਾਤ ਚਲੀ...
- ਜਬ ਤੇਰੇ ਨੈਨ ਮੁਸਕਰਾਤੇ ਹੈਂ...

ਸੰਗੀਤ ਪ੍ਰੇਮੀਆਂ ਨੇ ਜਿਸ ਭਰੇ ਮਨ ਅਤੇ ਨਮ ਅੱਖਾਂ ਨਾਲ ਆਪਣੇ ਇਸ ਮਹਿਬੂਬ ਫ਼ਨਕਾਰ ਨੂੰ ਰੁਖ਼ਸਤ ਕੀਤਾ ਉਸ ਤੋਂ ਸਹਿਜੇ ਹੀ ਮਹਿਦੀ ਹਸਨ ਦੀ ਮਹੱਤਤਾ, ਮਹਾਨਤਾ ਅਤੇ ਮਕਬੂਲੀਅਤ ਦਾ ਅਨੁਮਾਨ ਲਾਇਆ ਜਾ ਸਕਦਾ ਹੈ।

# ਅਪਾਹਜਾਂ ਪ੍ਰਤੀ ਮਾਨਵੀ ਪਹੁੰਚ ਲਾਜ਼ਮੀ

ਅਮੀਰ ਖਾਨ ਦਾ ਪ੍ਰੋਗਰਾਮ ‘ਸੱਤਿਯਮੇਵ ਜਯਤੇ’ ਅੱਜ ਕੱਲ੍ਹ ਕਾਫੀ ਚਰਚਾ ਦਾ ਵਿਸ਼ਾ ਬਣਿਆ ਹੋਇਆ ਹੈ। ਇਹ ਅੱਜ ਕੱਲ੍ਹ ਦੀਆਂ ਬੁਰਾਈਆਂ ਨੂੰ ਉਧੇੜ ਕੇ ਪੇਸ਼ ਕਰਨ ਦਾ ਚੰਗਾ ਯਤਨ ਹੈ। ਪ੍ਰੋਗਰਾਮ ਦੀ 5ਵੀਂ ਲੜੀ ਅਪਾਹਜ ਲੋਕਾਂ ਦੀ ਸਮੱਸਿਆ ’ਤੇ ਅਧਾਰਤ ਸੀ, ਜਿਸ ਨੇ ਸਾਡੇ ਸਮਾਜ ਦੇ ਅੰਧ ਵਿਸ਼ਵਾਸ ਨੂੰ ਉਜਾਗਰ ਕੀਤਾ। ਇਸ ਪ੍ਰੋਗਰਾਮ ਵਿਚ ਕਈ ਕੜੀਆਂ ਸਾਹਮਣੇ ਆਈਆਂ, ਜਿਸ ਵਿਚ ਅਪਾਹਜ ਲੋਕਾਂ ਦਾ ਸਾਹਸ, ਹਿੰਮਤ, ਹੌਸਲਾ ਅਤੇ ਆਤਮ ਵਿਸ਼ਵਾਸ ਦਿਖਾਇਆ ਅਤੇ ਦੂਸਰੇ ਪਾਸੇ ਉਹ ਲੋਕ ਵੀ ਸਾਹਮਣੇ ਆਏ ਜੋ ਸਹੂਲਤਾਂ ਨਾ ਮਿਲਣ ਕਾਰਨ ਘਰ ਰੂਪੀ ਜੇਲ੍ਹ ਵਿਚ ਬੰਦ ਹਨ। ਜਿੱਥੇ ਸਾਡਾ ਸਮਾਜ ਅਪਾਹਜ ਨੂੰ ਆਪਣਾ ਅਹਿਮ ਅੰਗ ਨਹੀਂ ਮੰਨਦਾ, ਉਥੇ ਮਿਸਟਰ ਬਰਾੜ ਵਲੋਂ ਚਲਾਈ ਜਾ ਰਹੀ 170 ਅਪਾਹਜ ਵਿਅਕਤੀਆਂ ਵਲੋਂ ਚਲਾਈ ਜਾ ਰਹੀ ਕੰਪਨੀ ਨੇ ਅਹਿਮ ਸਥਾਨ ਹਾਸਲ ਕੀਤਾ ਹੋਇਆ ਹੈ ਜਿਸ ਨੂੰ ਦੇਖ ਕੇ ਖੁਸ਼ੀ ਹੁੰਦੀ ਹੈ ਅਤੇ ਸਾਡੇ ਸਮਾਜ ਦੀ ਉਸ ਸੋਚ ਤੇ ਸਮਝ ਨੂੰ ਕਰਾਰੀ ਚਪੇੜ ਹੈ ਜੋ ਅਪਾਹਜ ਨੂੰ ਨਕਾਰਾ ਸਮਝਦੇ ਹਨ। ਇਹ ਭਾਰਤ ਲਈ ਕਿੰਨੀ ਸ਼ਰਮ ਦੀ ਗੱਲ ਹੈ ਕਿ 2001 ਵਿਚ ਕੀਤੀ ਗਈ ਜਨਗਣਨਾ ਵਿਚ ਪਹਿਲੀ ਵਾਰ ਅਪਾਹਜ ਨਾਮ ਦਰਜ ਕੀਤਾ ਗਿਆ। ਇਸ ਦਾ ਮਤਲਬ ਹੈ ਕਿ 2001 ਤੋਂ ਪਹਿਲਾਂ ਅਪਾਹਜ ਇਨਸਾਨ ਨਹੀਂ ਸੀ ਜਾਂ ਸਾਡਾ ਦੇਸ਼ ਉਸ ਨੂੰ ਆਪਣਾ ਹਿੱਸਾ ਨਹੀਂ ਸਮਝਦਾ ਸੀ।

ਅਮਰੀਕਾ ਇਹ ਗੱਲ ਸਾਫ ਸਵੀਕਾਰ ਕਰਦਾ ਹੈ ਕਿ ਉਸ ਦੇ ਦੇਸ਼ ਵਿਚ ਆਬਾਦੀ ਦੇ 12 ਫੀਸਦੀ ਲੋਕ ਅਪਾਹਜ ਹਨ। ਇੰਗਲੈਂਡ ਦੇ 9 ਫੀਸਦੀ ਲੋਕ ਅਪਾਹਜ ਹਨ। ਜਦਕਿ ਭਾਰਤ ਵਰਗਾ ਦੇਸ਼ ਇਨ੍ਹਾਂ ਤੋਂ ਕਾਫੀ ਪੱਛੜਿਆ ਹੋਇਆ ਦੇਸ਼ ਹੈ ਤੇ ਉਹ ਸਿਰਫ਼ 2 ਫੀਸਦੀ ਆਬਾਦੀ ਦਾ ਹਿੱਸਾ ਅਪਾਹਜ ਮੰਨਦਾ ਹੈ। ਸਾਡੇ ਦੇਸ਼ ਵਿਚ ਉਨ੍ਹਾਂ ਦੇਸ਼ਾਂ ਦੇ ਮੁਕਾਬਲੇ ਗਿਣਤੀ ਘੱਟ ਹੋ ਗਈ ਹੈ ਜਾਂ ਅਸੀਂ ਉਨ੍ਹਾਂ ਤੋਂ ਵਧੀਆ ਖੁਰਾਕ ਅਤੇ ਦਵਾਈਆਂ ਹਰ ਨਾਗਰਿਕ ਨੂੰ ਮੁਹੱਈਆ ਕਰਵਾ ਰਹੇ ਹਾਂ। ਇਹ ਗੱਲ ਸਾਡੀ ਸਮਝ ਤੋਂ ਬਾਹਰ ਹੈ? ਭਾਰਤ ਵਰਗੇ ਦੇਸ਼ ਤੋਂ ਅਪਾਹਜਾਂ ਦੀ ਭਲਾਈ ਲਈ ਕੀ ਆਸ ਕੀਤੀ ਜਾ ਸਕਦੀ ਹੈ, ਜਿਸ ਨੇ ਪਹਿਲੀਆਂ 10 ਪੰਜ ਸਾਲਾਂ ਯੋਜਨਾਵਾਂ ਵਿਚ ਅਪਾਹਜ ਲਈ ਕੋਈ ਸਹੂਲਤਾਂ ਨਹੀਂ ਦਿੱਤੀਆਂ ਸਨ। ਇਨ੍ਹਾਂ ਦਾ ਨਾਮ ਤਕ ਵੀ ਦਰਜ ਨਹੀਂ ਸੀ। ਪਰ 11ਵੀਂ ਪੰਜ ਸਾਲਾ ਯੋਜਨਾ ਵਿਚ ਇਨ੍ਹਾਂ ਦਾ ਨਾਮ ਦਰਜ ਕੀਤਾ ਗਿਆ। ਅਸੀਂ ਉਸ ਮਾਤਾ-ਪਿਤਾ ਦੀ ਮਾਨਸਿਕ ਅਵਸਥਾ ਬਿਆਨ ਵੀ ਨਹੀਂ ਕਰ ਸਕਦੇ ਜਿਨ੍ਹਾਂ ਦਾ ਬੱਚਾ ਕਿਸੇ ਕਾਰਨ ਵੀ ਅਪਾਹਜ ਹੋਇਆ ਹੋਵੇ। ਕੀ ਅਪਾਹਜ ਦੀ ਦੇਖਭਾਲ ਦੀ ਜ਼ਿੰਮੇਵਾਰੀ ਸਿਰਫ਼ ਉਸ ਦੇ ਮਾਤਾ-ਪਿਤਾ ਦੀ ਹੀ ਹੈ ਅਤੇ ਸਮਾਜ ਅਤੇ ਸਰਕਾਰ ਦੀ ਉਸ ਪ੍ਰਤੀ ਕੋਈ ਜ਼ਿੰਮੇਵਾਰੀ ਨਹੀਂ? ਜੇ ਇਸੇ ਸਰਕਾਰ ਦੀ ਇਸ ਅਮਾਨਵੀ ਪਹੁੰਚ ਨੂੰ ਇਕ ਪਾਸੇ ਵੀ ਰੱਖ ਦੇਈਏ ਤਾਂ ਸਾਡੀ ਆਪਣੀ ਸੋਚ ਕਿਸ ਪਾਸੇ ਜਾ ਰਹੀ ਹੈ। ਇਹ ਵੀ ਦੁਖਦਾਈ ਪਹਿਲੂ ਹੈ ਕਿ ਪੜ੍ਹੇ ਲਿਖੇ ਹੋਣ ਦੇ ਬਾਵਜੂਦ ਸਾਡੀ ਸੋਚ ਅਪਾਹਜ ਹੈ ਜੋ ਅਸੀਂ ਅਪਾਹਜ ਨੂੰ ਉਸ ਦੇ ਪੁਰਾਣੇ ਜਨਮਾਂ ਦੇ ਕਰਮਾਂ ਦਾ ਫਲ ਦੱਸਦੇ ਹਾਂ।



ਬਹੁਤ ਸਾਰੇ ਸਕੂਲ ਇਸ ਤਰ੍ਹਾਂ ਦੇ ਹਨ ਜੋ ਅਪਾਹਜ ਬੱਚਿਆਂ ਨੂੰ ਆਪਣੇ ਸਕੂਲ ਵਿਚ ਦਾਖ਼ਲਾ ਨਹੀਂ ਦਿੰਦੇ ਕਿਉਂਕਿ ਉਨ੍ਹਾਂ ਦਾ ਇਹ ਕਹਿਣਾ ਹੈ ਕਿ ਦੂਸਰੇ ਬੱਚਿਆਂ ਦੇ ਮਾਤਾ-ਪਿਤਾ ਆਪਣੇ ਬੱਚਿਆਂ ਨੂੰ ਅਪਾਹਜ ਦੇ ਨਾਲ ਪੜ੍ਹਾਉਣਾ ਨਹੀਂ ਚਾਹੁੰਦੇ। ਕੀ ਅਪਾਹਜ ਬੱਚੇ ਨੂੰ ਵੀ ਆਮ ਬੱਚਿਆਂ ਨਾਲ ਸਿੱਖਿਆ ਲੈਣ ਦਾ ਅਧਿਕਾਰ ਵੀ ਨਹੀਂ ਹੈ? ਹਰ ਬੱਚੇ ਦੇ ਸਰਵਪੱਖੀ ਵਿਕਾਸ ਲਈ ਸਕੂਲ ਜਾ ਕੇ ਸਿੱਖਿਆ ਪ੍ਰਾਪਤੀ ਜ਼ਰੂਰੀ ਹੈ। ਚਾਹੇ ਉਹ ਅਪਾਹਜ ਹੋਵੇ ਜਾਂ ਕੋਈ ਹੋਰ।

ਅਪਾਹਜ ਵੀ ਆਮ ਬੱਚਿਆਂ ਵਰਗਾ ਹੀ ਬੱਚਾ ਹੁੰਦਾ ਹੈ। ਜਿਸ ਦੀਆਂ ਆਮ ਬੱਚੇ ਵਰਗੀਆਂ ਹੀ ਖੁਸ਼ੀਆਂ ਰੀਝਾਂ ਤੇ ਸੁਪਨੇ ਹੁੰਦੇ ਹਨ। ਇਸ ਪ੍ਰੋਗਰਾਮ ਵਿਚ ਮੈਨੂੰ ਇਕ ਘਟਨਾ ਅਜੀਬ ਲੱਗੀ, ਜਿਸ ਵਿਚ ਇਕ ਦ੍ਰਿਸ਼ਟੀਹੀਣ ਵਿਅਕਤੀ ਨੇ ਦੱਸਿਆ ਕਿ ਉਹ ਆਪਣੀ ਪ੍ਰੇਮਿਕਾ ਨਾਲ ਘੁੰਮਦੇ ਫਿਰਦੇ ਕਈ ਲੋਕਾਂ ਨੂੰ ਬੋਲਦੇ ਸੁਣਦਾ ਹੈ ਕਿ ਇਹ ਵੀ ਪ੍ਰੇਮ ਕਰ ਸਕਦੇ ਹਨ? ਸਮਾਜ ਦੀ ਇਸ ਸੋਚ ਨੂੰ ਦੇਖ ਕੇ ਬਹੁਤ ਅਫਸੋਸ ਹੁੰਦਾ ਹੈ। ਇਹ ਗੱਲ ਠੀਕ ਹੈ ਕਿ ਉਸ ਦੇ ਸਰੀਰ ਦੇ ਕਿਸੇ ਅੰਗ ਵਿਚ ਖਰਾਬੀ ਹੈ ਪਰ ਉਸ ਦੇ ਮਨ ਵਿਚ ਉਹ ਸਾਰੀਆਂ ਇਛਾਵਾਂ ਹਨ ਜੋ ਕਿ ਇਕ ਆਮ ਵਿਅਕਤੀ ਦੇ ਮਨ ਵਿਚ ਹੁੰਦੀਆਂ ਹਨ। ਇਸ ਪ੍ਰੋਗਰਾਮ ਵਿਚ ਦੇਖਿਆ ਕਿ ਦਿੱਲੀ ਵਰਗੇ ਮਹਾਂਨਗਰ ਵਿਚ ਵੀ ਕਈ ਅਪਾਹਜਾਂ ਦੇ ਮਾਤਾ-ਪਿਤਾ ਆਪਣੇ ਬੱਚੇ ਨੂੰ ਪੜ੍ਹਾਉਣਾ ਚਾਹੁੰਦੇ ਹਨ ਪਰ ਸਕੂਲ ਉਨ੍ਹਾਂ ਨੂੰ ਦਾਖ਼ਲਾ ਨਹੀਂ ਦੇ ਰਿਹਾ। ਜੇ ਸਾਡੀ ਰਾਜਧਾਨੀ ਦਿੱਲੀ ਵਰਗੇ ਮਹਾਂਨਗਰ ਦਾ ਇਹ ਹਾਲ ਹੈ ਤਾਂ ਆਮ ਪਿੰਡਾਂ ਤੇ ਸ਼ਹਿਰਾਂ ਵਿਚ ਅਪਾਹਜਾਂ ਦੀ ਕੀ ਹਾਲਤ ਹੋਵੇਗੀ? ਹਰ ਅਪਾਹਜ ਨੂੰ ਉਸ ਤਰ੍ਹਾਂ ਹੀ ਜੀਣ ਦਾ ਹੱਕ ਹੈ ਜਿਸ ਤਰ੍ਹਾਂ ਕਿ ਆਮ ਵਿਅਕਤੀ ਨੂੰ ਹੈ ਕਿਉਂਕਿ ਦਿਲ ਅਤੇ ਦਿਮਾਗ ਇਕੋ ਜਿਹੇ ਹਨ, ਇਸ ਵਿਚ ਕੋਈ ਅਪਾਹਜਤਾ ਨਹੀਂ ਹੈ। ਅਪਾਹਜ ਨੂੰ ਵੀ ਘੁੰਮਣ ਫਿਰਨ ਦਾ, ਬਾਜ਼ਾਰ ਜਾਣ ਦਾ, ਨੌਕਰੀ ਕਰਨ ਦਾ, ਪੜ੍ਹਨ ਦਾ, ਫਿਲਮ ਦੇਖਣ ਦਾ ਅਤੇ ਪਰਿਵਾਰਕ ਜੀਵਨ ਜਿਊਣ ਦਾ ਪੂਰਾ ਪੂਰਾ ਹੱਕ ਹੈ। ਵਿਕਲਾਂਗਾ ਲਈ ਮੁੱਢਲੀਆਂ ਸਹੂਲਤਾਂ ਨਾ ਹੋਣ ਕਾਰਨ ਸਾਡਾ ਸਮਾਜ ਉਨ੍ਹਾਂ ਨੂੰ ਇਹ ਹੱਕ ਨਹੀਂ ਦੇ ਪਾ ਰਿਹਾ।



ਪਾਵੇਲ ਪਾਸਲਾ
Pavel_pasla26@yahoo.com

ਅਪਾਹਜ ਨੂੰ ਤਰਸ ਦਾ ਪਾਤਰ ਸਮਝਣ ਦੀ ਬਜਾਏ ਉਸ ਨੂੰ ਅੱਗੇ ਵੱਧਣ ਦੇ ਮੌਕੇ ਦੇਣੇ ਚਾਹੀਦੇ ਹਨ ਤਾਂ ਜੋ ਉਹ ਆਪਣਾ ਜੀਵਨ ਸੁਧਾਰ ਸਕੇ। ਲੋੜ ਹੈ ਸਾਡੇ ਸਮਾਜ ਨੂੰ ਆਪਣੀ ਸੋਚ ਬਦਲਣ ਦੀ। ਸਰਕਾਰ ਤੇ ਸਮਾਜ ਨੂੰ ਇਸ ਵਿਚ ਆਪਣੀ ਬਣਦੀ ਭੂਮਿਕਾ ਨਿਭਾਉਣੀ ਲਾਜ਼ਮੀ ਹੈ। ਸਾਡੀ ਸੋਚ ਅਪਾਹਜ ਹੈ ਨਾ ਕਿ ਵਿਅਕਤੀ।

# Royal Executive Homes

# Town Houses in Wildwood




Available from **1232 sq** ft. to **1589 sq** ft. with attached Single and Double Garage. Starting price: **$ 309,900**

- Excellent Location
- Close to All Amenities.
- Transit Excess
- Affordable Prices
- Future Rec Center
- Close to White Mud
- Anthony Henday




SHOW HOME OPEN NOW

**For Show Home Hours: Contact 780-965-7390**

Wild Wood TOWN HOUSES
1820, 34th Ave
Edmonton.

**780-965-7390**
**780-906-4497**
royalexecutivehomes@hotmail.com





Jessy Parihar Ranjit Deol

**Sales Contact :**
**Kul Bhatia @ 780-266-5500**






Happy Canada Day! With another beautiful Alberta summer on our doorsteps, it is time to get outside and explore all our great province has to offer. The Capital Region has an abundance of activities to attend throughout the next few months. From our internationally renowned festivals to our bustling farmers' markets, there is something for everyone! Whatever your activity of choice is this summer, I hope to see you out and about enjoying the constituency that I am so proud to call home.

## We are excited to announce:

- Alberta Health Services (AHS) is now posting real-time estimated wait times on its website for emergency departments in the Edmonton Zone.
- Alberta's Minimum Wage will increase in September 2012
- The opportunity for Albertans to participate in creating a Social Policy Framework impacting Economy, Communities and Cultural Life. Please visit www.socialpolicy.alberta.ca to have your voice heard.

## Edmonton Millwoods Updates

With your support I, Sohail Quadri, was elected MLA of Edmonton Millwoods on April 23rd 2012. After MLA orientation and The Swearing in Ceremony, I made my first speech in the house as a reply to Speech from The Throne during the Spring Session which commenced on May 23, 2012 and adjourned on May 31, 2012.

I am presently serving on five different committees:

- Private Members Business Committee
- Montana-Alberta Bilateral Advisory Council
- Standing Committee on Alberta's Economic Future
- Standing Committee on Public Accounts
- Standing Committee on Legislative Offices

**We also provide Notary and Commissioner of Oaths Services (By Appointments Only).**

I am accessible anytime at

**edmonton.millwoods@assembly.ab.ca**

**(780) 414-1000**
**(780) 850-4080**

*Thank you! - Sohail Quadri, MLA*
*Edmonton Millwoods*





BRIDGEPORT HOMES LTD.

**BEST PRICES IN TOWN**
**WE ASSURE BEATING MARKET PRICE**

**Now Lots available for big houses**
**in Wildwood Crescent (Silverberry) one house available in Tamarack**

ਵਧੀਆ ਰੇਟ ਅਤੇ ਭਰੋਸੇਮੰਦ ਸੇਵਾਵਾਂ ਲਈ
ਅੱਜ ਹੀ **ਡੌਲੀ ਚੌਹਾਨ** ਨਾਲ ਗੱਲਬਾਤ ਕਰੋ

**780-935-7718**



**Lots available for bi-Level homes in Silverberry Area**



**For more information call: Dolly Chauhan @ 780-935-7718**